**ਬੀ.ਏ.ਭਾਗ ਪਹਿਲਾ (ਸਮੈਸਟਰ ਪਹਿਲਾ) ਅਰਥ-ਸ਼ਾਸਤਰ : ਮਾਈਕਰੋ ਇਕਨਾਮਿਕਸ ਅਤੇ ਭਾਰਤੀ ਅਰਥ ਵਿਵਸਥਾ-1**

PUNJABI UNIVERSITY PATIALA

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

## ਸੈਕਸ਼ਨ-ਬੀ

**ਪਾਠ ਨੰ.:**

(ਭਾਰਤੀ ਅਰਥ ਵਿਵਸਥਾ)

2.1 : ਸੁਤੰਤਰਤਾ ਪ੍ਰਾਪਤੀ ਦੇ ਪੂਰਵ ਦਿਵਸ ਤੇ ਭਾਰਤੀ ਅਰਥ ਵਿਵਸਥਾ ਦੇ ਲੱਛਣ

2.2(ੳ): ਖੇਤੀਬਾੜੀ ਦੀ ਨਵੀਂ ਤਰਤੀਬ : ਹਰੀ ਕ੍ਰਾਂਤੀ

2.2(ਅ): ਭੂਮੀ ਪੱਟਾ ਪ੍ਰਣਾਲੀਆਂ ਅਤੇ ਭੂਮੀ ਸੁਧਾਰ

2.3 : ਭਾਰਤ ਦੀ ਉਦਯੋਗਿਕ ਨੀਤੀ (1947 ਤੋਂ)

2.4 : ਛੋਟੇ ਅਤੇ ਵੱਡੇ ਪੈਮਾਨੇ ਦੇ ਉਦਯੋਗਾਂ ਦਾ ਯੋਗਦਾਨ ਅਤੇ ਸਮੱਸਿਆਵਾਂ

2.5(ੳ): ਭਾਰਤ ਵਿਚ ਸਰਵਜਨਕ ਖੇਤਰ ਦਾ ਵਿਕਾਸ ਅਤੇ ਯੋਗਦਾਨ

2.5(ਅ): ਭਾਰਤ ਵਿਚ ਨਿਜੀ ਖੇਤਰ ਦਾ ਵਿਕਾਸ ਅਤੇ ਯੋਗਦਾਨ

**ਨੋਟ :ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ** www.pbidde.org **ਤੋਂ ਡਾਊਨਲੋਡ ਕਰਨ।**

**ਪਾਠ ਨੰ. 2.1** **ਲੇਖਕ — ਅਨੀਤਾ ਗਿੱਲ**

## ਸੁਤੰਤਰਤਾ ਪ੍ਰਾਪਤੀ ਦੇ ਪੂਰਵ ਦਿਵਸ ਤੇ ਭਾਰਤੀ ਅਰਥ ਵਿਵਸਥਾ ਦੇ ਲੱਛਣ

**ਪਾਠ ਦੀ ਰੂਪ–ਰੇਖਾ**

2.1.1 ਭੂਮਿਕਾ
2.1.2 ਪਾਠ ਦਾ ਉਦੇਸ਼

**ਭਾਗ (I)**

2.1.3 ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਰਤੀ ਅਰਥ ਵਿਵਸਥਾ ਦੇ ਲੱਛਣ:
- 2.1.3.1 ਉਪਨਿਵੇਸ਼ਕ ਅਰਥ ਵਿਵਸਥਾ
- 2.1.3.2 ਅਲਪਵਿਕਸਤ ਅਰਥ ਵਿਵਸਥਾ —
  - (i) ਖੇਤੀਬਾੜੀ ਦੀ ਦਸ਼ਾ
  - (ii) ਉਦਯੋਗਿਕ ਸਥਿਤੀ
  - (iii) ਵਸੋਂ ਦੀ ਸਮੱਸਿਆ
  - (iv) ਘੱਟ ਪ੍ਰਤੀ ਵਿਅਕਤੀ ਆਮਦਨ
  - (v) ਅਸੰਤੁਲਤ ਵਿਦੇਸ਼ੀ ਵਪਾਰ ਅਤੇ ਵਪਾਰ ਬਾਕੀ
  - (vi) ਅਰਧ ਸੰਰਚਨਾ ਦੀ ਸਥਿਤੀ
- 2.1.3.3 ਗਤੀਹੀਨ ਅਰਥਵਿਵਸਥਾ
- 2.1.3.4 ਖੰਡਿਤ ਅਰਥਵਿਵਸਥਾ

**ਭਾਗ (II)**

2.1.4. ਭਾਰਤੀ ਅਰਥਵਿਵਸਥਾ ਦਾ ਵਰਤਮਾਨ ਸਰੂਪ
- 2.1.4.1 ਭਾਰਤੀ ਅਰਥਵਿਵਸਥਾ ਵਿਕਾਸਸ਼ੀਲ ਹੈ।
- 2.1.4.2 ਭਾਰਤੀ ਅਰਥਵਿਵਸਥਾ ਇਕ ਮਿਸ਼ਰਤ ਅਰਥ ਵਿਵਸਥਾ ਹੈ
- 2.1.4.3 ਭਾਰਤੀ ਅਰਥਵਿਵਸਥਾ ਦਵੈਤਵਾਦੀ ਹੈ

2.1.5 ਸਾਰ–ਅੰਸ਼
2.1.6 ਪੁਸਤਕ ਸੂਚੀ

### 2.1.1 ਭੂਮਿਕਾ

ਭਾਰਤ ਇੱਕ ਲੰਮੇ ਸਮੇਂ ਤੋਂ ਵਿਦੇਸ਼ੀ ਰਾਜ ਦੇ ਅਧੀਨ ਰਿਹਾ ਹੈ। ਬਰਤਾਨਵੀ ਰਾਜ ਇਸ ਕਰਕੇ ਵੱਖਰਾ ਸੀ, ਕਿਉਂਕਿ ਇਸ ਰਾਜ ਦੇ ਕਾਰਨ ਇੱਕ ਨਵਾਂ ਆਰਥਕ ਤੇ ਰਾਜਨੀਤਿਕ ਢਾਂਚਾ ਹੋਂਦ ਵਿਚ ਆਇਆ, ਜਿਸ ਦਾ ਮਕਸਦ ਅੰਗਰੇਜ਼ਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਕੰਮ ਕਰਨਾ ਸੀ। ਭਾਰਤ ਦੇ ਪਹਿਲੇ ਸ਼ਾਸਕਾਂ ਵਾਂਗ ਬਰਤਾਨਵੀਆਂ ਨੇ ਆਪਣੇ ਆਪ ਨੂੰ ਕਦੇ ਵੀ ਭਾਰਤੀ ਨਹੀਂ ਮੰਨਿਆ। ਉਹ ਵਿਦੇਸ਼ੀ ਸ਼ਾਸਕ ਦੇ ਰੂਪ ਵਿਚ ਹੀ ਭਾਰਤ ਦੇ ਲੋਕਾਂ ਤੇ ਰਾਜ ਕਰਦੇ ਰਹੇ। ਬਰਤਾਨਵੀ ਰਾਜ ਦੇ ਦੌਰਾਨ ਭਾਰਤੀ ਅਰਥ ਵਿਵਸਥਾ ਵਿਚ ਬਹੁਤ ਤਬਦੀਲੀਆਂ ਆਈਆਂ। ਇਸ ਰਾਜ ਨੇ ਭਾਰਤ ਨੂੰ

ਰੇਲਾਂ ਦਾ ਅਤਿ ਉੱਤਮ ਸੰਗਠਨ ਦਿੱਤਾ, ਭਾਰਤੀ ਅਰਥ ਵਿਵਸਥਾ ਨੂੰ ਆਧੁਨਿਕ ਬਣਾਉਣ ਵਿਚ ਸਹਾਇਤਾ ਕੀਤੀ, ਅਤੇ ਵੀਹਵੀਂ ਸਦੀ ਦੀ ਪੱਖਪਾਤੀ ਸੁਰੱਖਿਆ ਨੀਤੀ (discriminating protection policy) ਦੇ ਅਧੀਨ ਭਾਰਤ ਦੇ ਉਦਯੋਗੀਕਰਨ ਵਿਚ ਵੀ ਕੁਝ ਹੱਦ ਤੱਕ ਸਹਾਇਤਾ ਦਿੱਤੀ। ਪਰ ਉਸ ਸ਼ਾਸਨ ਦੇ ਉਪਕਾਰਾਂ ਤੋਂ ਕਿੱਧਰੇ ਵੱਧ ਲੰਮੀ ਸੂਚੀ ਉਸਦੇ ਅਪਕਾਰਾਂ ਦੀ ਹੈ। ਬ੍ਰਿਟਿਸ਼ ਸਰਕਾਰ ਦੀਆਂ ਸਾਰੀਆਂ ਨੀਤੀਆਂ ਦਾ ਮੂਲ ਉਦੇਸ਼ ਭਾਰਤ ਦਾ ਸ਼ੋਸ਼ਣ ਕਰਕੇ ਇੰਗਲੈਂਡ ਦੇ ਹਿੱਤਾਂ ਨੂੰ ਲਾਭ ਪਹੁੰਚਾਉਣਾ ਸੀ। ਇਸ ਤਰ੍ਹਾਂ 1947 ਵਿਚ ਰਾਜਸੱਤਾ ਪ੍ਰਾਪਤ ਹੋਣ ਦੇ ਨਾਲ ਜਿਹੜੀ ਅਰਥ ਵਿਵਸਥਾ ਸਾਨੂੰ ਪ੍ਰਾਪਤ ਹੋਈ ਉਹ ਯਕੀਨੀ ਤੌਰ ਤੇ ਅਲਪ ਵਿਕਸਿਤ, ਗਤੀਹੀਨ, ਅਰਧ ਸਾਮੰਤੀ ਸੀ। ਭਾਰਤ ਦੀ ਵੰਡ ਨੇ ਇਸ ਨੂੰ ਹੋਰ ਨੁਕਸਾਨ ਪਹੁੰਚਾਇਆ।

ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਆਰਥਿਕ ਯੋਜਨਾਬੰਦੀ ਦੁਆਰਾ ਭਾਰਤੀ ਅਰਥਵਿਵਸਥਾ ਨੂੰ ਖੜੋਤ ਦੀ ਅਵਸਥਾ ਤੋਂ ਕੱਢਣ ਲਈ ਇਸ ਦੇ ਸਰੂਪ ਬਾਰੇ ਵਿਚਾਰ ਕੀਤਾ ਗਿਆ ਅਤੇ ਮਿਸ਼ਰਤ ਅਰਥ ਵਿਵਸਥਾ ਦਾ ਰਾਹ ਅਪਨਾਉਣ ਦਾ ਫੈਸਲਾ ਕੀਤਾ ਗਿਆ। ਇਸ ਸਿਸਟਮ ਵਿਚ ਸਰਵਜਨਕ ਖੇਤਰ ਦਾ ਵਿਸਥਾਰ ਨਿਜੀ ਖੇਤਰ ਦੇ ਪੂਰਕ ਦੇ ਰੂਪ ਵਿਚ ਕਰਨ ਦਾ ਫੈਸਲਾ ਕੀਤਾ ਗਿਆ। 1947 ਤੋਂ ਲੈ ਕੇ ਹੁਣ ਤੱਕ ਭਾਰਤੀ ਅਰਥ ਵਿਵਸਥਾ ਦੇ ਇਸ ਸਰੂਪ ਵਿਚ ਕੀ ਤਬਦੀਲੀਆਂ ਆਈਆਂ ਹਨ, ਇਹ ਵੀ ਅਸੀਂ ਇਸ ਪਾਠ ਵਿਚ ਪੜ੍ਹਾਂਗੇ।

### 2.1.2 ਪਾਠ ਦਾ ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਭਾਰਤੀ ਅਰਥ ਵਿਵਸਥਾ ਨਾਲ ਜਾਣੂ ਕਰਵਾਉਣਾ ਹੈ। ਇਹ ਜਾਣ-ਪਹਿਚਾਣ ਅਸੀਂ ਉਸ ਸਮੇਂ ਤੋਂ ਆਰੰਭ ਕਰਾਂਗੇ ਜਦੋਂ ਕਿ ਭਾਰਤ ਨੇ ਸੁਤੰਤਰਤਾ ਪ੍ਰਾਪਤ ਕੀਤੀ ਸੀ। 1947 ਵਿਚ ਭਾਰਤੀ ਅਰਥ ਵਿਵਸਥਾ ਦੀ ਕੀ ਦਸ਼ਾ ਸੀ (ਪਾਠ ਦਾ ਭਾਗ I), ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਭਾਰਤੀ ਅਰਥਵਿਵਸਥਾ ਲਈ ਕਿਹੋ ਜਿਹਾ ਸਰੂਪ ਸੋਚਿਆ ਗਿਆ, ਅਤੇ ਕੀ ਭਾਰਤ ਹਾਲੇ ਵੀ ਉਸ ਸਰੂਪ ਦਾ ਪ੍ਰਤੀਨਿੱਧ ਕਰਦਾ ਹੈ ਜਾਂ ਫੇਰ ਇਸ ਵਿਚ ਵੀ ਤਬਦੀਲੀ ਆਈ ਹੈ (ਪਾਠ ਦਾ ਭਾਗ II), ਇਹੋ ਸਭ ਦੀ ਜਾਣਕਾਰੀ ਦੇਣਾ ਇਸ ਪਾਠ ਦਾ ਉਦੇਸ਼ ਹੈ।

## ਭਾਗ (I)

### 2.1.3 ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਰਤੀ ਅਰਥ ਵਿਵਸਥਾ ਦੇ ਲੱਛਣ :

ਸੁਤੰਤਰਤਾ ਪ੍ਰਾਪਤੀ ਦੇ ਪੂਰਵ ਦਿਵਸ ਤੇ ਭਾਰਤ ਨੂੰ ਜਿਸ ਪ੍ਰਕਾਰ ਦੀ ਅਰਥ ਵਿਵਸਥਾ ਬਰਤਾਨਵੀਆਂ ਕੋਲੋਂ ਵਿਰਾਸਤ ਵਿਚ ਮਿਲੀ, ਉਸ ਨੂੰ ਹੇਠ ਲਿਖੇ ਲੱਛਣਾਂ ਦੁਆਰਾ ਬਿਆਨ ਕੀਤਾ ਜਾ ਸਕਦਾ ਹੈ :

#### 2.1.3.1 ਉਪਨਿਵੇਸ਼ਕ ਅਰਥ ਵਿਵਸਥਾ

1947 ਵਿਚ ਸੁਤੰਤਰਤਾ ਪ੍ਰਾਪਤੀ ਸਮੇਂ ਭਾਰਤੀ ਅਰਥ ਵਿਵਸਥਾ ਉਪਨਿਵੇਸ਼ਕ ਸੀ, ਇਸਦਾ ਪਤਾ ਭਾਰਤ ਦਾ ਬ੍ਰਿਟੇਨ ਅਤੇ ਦੂਜੇ ਉਦਯੋਗਿਕ ਦੇਸ਼ਾਂ ਨਾਲ ਅਸੰਤੁਲਿਤ ਵਪਾਰ ਦੁਆਰਾ ਦੇਖਿਆ ਜਾ ਸਕਦਾ ਹੈ। ਭਾਰਤ ਦੂਜੇ ਦੇਸ਼ਾਂ ਲਈ ਕੱਚੇ ਮਾਲ ਦਾ ਸਰੋਤ ਸੀ, ਅਤੇ ਉਨ੍ਹਾਂ ਦੀਆਂ ਮਸ਼ੀਨਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦਾ ਖਰੀਦਾਰ ਸੀ। ਇੰਗਲੈਂਡ ਵਿਚ ਉਦਯੋਗਿਕ ਕ੍ਰਾਂਤੀ ਦੇ ਆਉਣ ਨਾਲ ਉਤਪਾਦਨ ਵਿਚ ਬਹੁਤ ਵਾਧਾ ਹੋਇਆ ਅਤੇ ਵਸਤਾਂ ਦੀ ਕੀਮਤ ਵਿਚ ਗਿਰਾਵਟ ਵੀ ਆਈ। ਇਨ੍ਹਾਂ ਵਸਤਾਂ ਨੂੰ ਵੇਚਣ ਲਈ ਭਾਰਤੀ ਮੰਡੀਆਂ ਦਾ ਪ੍ਰਯੋਗ ਅਤੇ ਇਨ੍ਹਾਂ ਵਸਤਾਂ ਦੇ ਉਤਪਾਦਨ ਲਈ ਕੱਚਾ ਮਾਲ ਭਾਰਤ ਤੋਂ ਲਿਆਉਣਾ ਅੰਗਰੇਜ਼ੀ ਸ਼ਾਸਨ ਦਾ ਮੁੱਖ ਉਦੇਸ਼ ਸੀ। ਇਸ ਤਰ੍ਹਾਂ ਭਾਰਤ ਇੱਕ ਉਪ ਨਿਵੇਸ਼ਕ ਅਰਥ ਵਿਵਸਥਾ ਦਾ ਉਦਾਹਰਣ ਬਣ ਗਿਆ, ਜੋ ਕਿ ਆਪਣੇ ਉਪਰ ਰਾਜ ਕਰਨ ਵਾਲੇ ਦੇਸ਼ ਨੂੰ ਕੱਚਾ ਮਾਲ ਵੇਚਦਾ ਸੀ ਅਤੇ ਉਨ੍ਹਾਂ ਦੀਆਂ ਮਸ਼ੀਨਾਂ ਦੁਆਰਾ ਤਿਆਰ ਵਸਤਾਂ ਨੂੰ ਖਰੀਦਦਾ ਸੀ।

ਭਾਰਤ ਦੀ ਉਪ ਨਿਵੇਸ਼ਕ ਅਰਥ ਵਿਵਸਥਾ ਦਾ ਇਸ ਗੱਲ ਤੋਂ ਵੀ ਪਤਾ ਲੱਗਦਾ ਹੈ ਕਿ ਅਰਥ ਵਿਵਸਥਾ ਦੇ ਕਈ ਖੇਤਰਾਂ ਵਿਚ ਵਿਦੇਸ਼ੀ ਪੂੰਜੀ ਲੱਗੀ ਹੋਈ ਸੀ। ਸੁਤੰਤਰਤਾ ਪ੍ਰਾਪਤ ਕਰਨ ਤੱਕ ਭਾਰਤ ਆਪਣੇ ਆਪ ਨੂੰ ਵਿਦੇਸ਼ੀ ਪੂੰਜੀ ਦੇ ਸ਼ਿਕੰਜੇ ਤੋਂ ਮੁਕਤ ਨਹੀਂ ਸੀ ਕਰ ਸਕਿਆ।

#### 2.1.3.2 ਅਲਪ ਵਿਕਸਤ ਅਰਥ ਵਿਵਸਥਾ

ਇਕ ਅਲਪ ਵਿਕਸਤ ਅਰਥ ਵਿਵਸਥਾ ਵਿਚ ਗਰੀਬੀ, ਘੱਟ ਪ੍ਰਤੀ ਵਿਅਕਤੀ ਆਮਦਨ, ਰਹਿਣ-ਸਹਿਣ ਦਾ ਨੀਵਾਂ

ਪੱਧਰ, ਪਛੜੀ ਹੋਈ ਖੇਤੀਬਾੜੀ, ਉਦਯੋਗਾਂ ਦੀ ਘਾਟ ਆਦਿ ਲੱਛਣ ਪਾਏ ਜਾਂਦੇ ਹਨ। ਇਸ ਲਿਹਾਜ਼ ਨਾਲ 1947 ਵਿਚ ਭਾਰਤੀ ਅਰਥ ਵਿਵਸਥਾ ਵੀ ਅਲਪ ਵਿਕਸਤ ਸੀ। ਅਰਥ ਵਿਵਸਥਾ ਦੇ ਇਸ ਪਛੜੇਪਨ ਨੂੰ ਅਸੀਂ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਵੇਖ ਸਕਦੇ ਹਾਂ:

**(i) ਖੇਤੀਬਾੜੀ ਦੀ ਦਸ਼ਾ**

ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਰਤੀ ਖੇਤੀਬਾੜੀ ਪਛੜੀ ਹੋਈ ਅਵਸਥਾ ਵਿਚ ਸੀ, ਜਿਸ ਦਾ ਪਤਾ ਹੇਠ ਲਿਖੀਆਂ ਗੱਲਾਂ ਤੋਂ ਚੱਲਦਾ ਹੈ।

**(ੳ) ਭੂਮੀ ਤੇ ਵਸੋਂ ਦਾ ਭਾਰ –** ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਕੁਲ ਆਬਾਦੀ ਦਾ ਲੱਗਭਗ 70 ਪ੍ਰਤੀਸ਼ਤ ਭਾਗ ਖੇਤੀਬਾੜੀ ਵਿਚ ਲੱਗਿਆ ਹੋਇਆ ਸੀ, ਜਿਸ ਵਿਚੋਂ 20 ਪ੍ਰਤੀਸ਼ਤ ਭਾਗ ਭੂਮੀਹੀਨ ਮਜ਼ਦੂਰਾਂ ਦਾ ਸੀ। ਇਸ ਵੱਧ ਭਾਰ ਦਾ ਮੁੱਖ ਕਾਰਣ ਸੀ ਅੰਗ੍ਰੇਜ਼ੀ ਰਾਜ ਦੀਆਂ ਨੀਤੀਆਂ, ਜਿਸ ਕਰਕੇ ਘਰਾਂ ਵਿਚ ਲਗਾਏ ਜਾਣ ਵਾਲੇ ਉਦਯੋਗਾਂ ਦਾ ਪਤਨ ਹੋ ਗਿਆ ਅਤੇ ਹੋਰ ਕਿਸੇ ਤਰ੍ਹਾਂ ਦਾ ਰੁਜ਼ਗਾਰ ਨਾ ਹੋਣ ਕਰਕੇ ਲੋਕ ਖੇਤੀਬਾੜੀ ਵਿਚ ਹੀ ਲੱਗ ਗਏ। ਪਰੰਤੂ ਫੇਰ ਵੀ ਰਾਸ਼ਟਰੀ ਆਮਦਨ ਦਾ ਕੁਲ 50 ਪ੍ਰਤੀਸ਼ਤ ਭਾਗ ਹੀ ਖੇਤੀਬਾੜੀ ਤੋਂ ਪ੍ਰਾਪਤ ਹੁੰਦਾ ਸੀ।

**(ਅ) ਘੱਟ ਉਤਪਾਦਨ ਅਤੇ ਉਤਪਾਦਕਤਾ –** ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਵੇਂ ਖੇਤੀਬਾੜੀ ਵਿਚ ਜਨ-ਸੰਖਿਆ ਦਾ 70 ਪ੍ਰਤੀਸ਼ਤ ਭਾਗ ਲੱਗਿਆ ਹੋਇਆ ਸੀ, ਫੇਰ ਵੀ ਖੇਤੀਬਾੜੀ ਦੀ ਉਤਪਾਦਿਕਤਾ ਬਹੁਤ ਘੱਟ ਸੀ। ਭੂਮੀ ਅਤੇ ਕਿਰਤ ਦੋਵਾਂ ਦੀ ਉਤਪਾਦਿਕਤਾ ਘੱਟ ਸੀ। 1947 ਵਿਚ ਭਾਰਤ ਦੀ ਕੇਵਲ 13 ਕਰੋੜ ਹੈਕਟੇਅਰ ਭੂਮੀ ਤੇ ਖੇਤੀ ਹੁੰਦੀ ਸੀ। ਲੋਕਾਂ ਦੀ ਅਨਾਜ ਦੀ ਲੋੜਾਂ ਵੀ ਪੂਰੀਆਂ ਨਹੀਂ ਸੀ ਹੁੰਦੀਆਂ।

**(ੲ) ਖੇਤੀ ਦਾ ਵਪਾਰੀਕਰਣ –** ਖੇਤੀ ਦਾ ਵਪਾਰੀਕਰਣ 1947 ਤੋਂ ਪਹਿਲਾਂ ਹੀ ਆਰੰਭ ਹੋ ਗਿਆ ਸੀ। ਇਸ ਦਾ ਭਾਵ ਇਹ ਹੈ ਕਿ ਖੇਤੀ ਵਿਚ ਉਤਪਾਦਨ ਜੀਵਨ ਨਿਰਬਾਹ ਦੇ ਲਈ ਘੱਟ, ਅਤੇ ਬਜ਼ਾਰ ਵਿਚ ਵਿਕਰੀ ਲਈ ਵੱਧ ਕੀਤਾ ਜਾਣ ਲੱਗਾ। ਇਹ ਅੰਗਰੇਜ਼ੀ ਸਰਕਾਰ ਦੀ ਹੀ ਨੀਤੀ ਸੀ ਕਿ ਭਾਰਤੀ ਕਿਸਾਨ ਖੁਰਾਕ ਫਸਲਾਂ (food crops) ਦੀ ਥਾਂ ਤੇ ਵਪਾਰਕ ਫਸਲਾਂ (commercial crops) ਦਾ ਉਤਪਾਦਨ ਕਰਨ ਤਾਂ ਜੋ ਇਹ ਉਤਪਾਦਨ ਬਰਤਾਨਵੀ ਉਦਯੋਗਾਂ ਲਈ ਕੱਚੇ ਮਾਲ ਦੀ ਪੂਰਤੀ ਕਰੇ।

**(ਸ) ਭੂਮੀ ਪੱਟਾ ਪ੍ਰਣਾਲੀ –** ਸੁਤੰਤਰਤਾ ਪ੍ਰਾਪਤੀ ਦੇ ਵੇਲੇ ਭਾਰਤ ਦੀ ਅਰਥ ਵਿਵਸਥਾ ਅਰਧ ਸਾਮੰਤਵਾਦੀ ਸੀ। ਅੰਗਰੇਜ਼ਾਂ ਨੇ ਜ਼ਿੰਮੀਂਦਾਰੀ ਪ੍ਰਥਾ ਲਾਗੂ ਕਰਕੇ ਭੂਮੀ ਦੀ ਮਲਕੀਅਤ ਜ਼ਿੰਮੀਂਦਾਰਾਂ ਨੂੰ ਦੇ ਦਿੱਤੀ। ਅਸਲ ਕਾਸ਼ਤਕਾਰ ਦਾ ਭੂਮੀ ਤੇ ਕੋਈ ਅਧਿਕਾਰ ਨਹੀਂ ਰਹਿ ਗਿਆ। ਜਿਨ੍ਹਾਂ ਇਲਾਕਿਆਂ ਵਿਚ ਰਈਅਤਵਾੜੀ ਪ੍ਰਣਾਲੀ ਸੀ ਉਥੇ ਖੇਤੀ ਕਰਨ ਵਾਲੇ ਨੂੰ ਭੂਮੀ ਦੀ ਮਲਕੀਅਤ ਦੇ ਦਿੱਤੀ ਗਈ ਸੀ, ਪਰ ਇਥੇ ਵੀ ਜਲਦੀ ਹੀ ਜਿੰਮੀਂਦਾਰ-ਕਾਸ਼ਤਕਾਰ ਦਾ ਰਿਸ਼ਤਾ ਵਿਆਪਕ ਤੌਰ ਤੇ ਲਾਗੂ ਹੋ ਗਿਆ।

ਪਰ ਇਹ ਕਹਿਣਾ ਸਹੀ ਨਹੀਂ ਹੈ ਕਿ ਸਾਰੀ ਅਰਥ ਵਿਵਸਥਾ ਜਿੰਮੀਂਦਾਰੀ ਪ੍ਰਥਾ ਦੇ ਹੇਠ ਸੀ। ਵਿਦੇਸ਼ੀ ਪੂੰਜੀ ਨੇ ਇੱਥੇ ਪੂੰਜੀਵਾਦੀ ਖੰਡ ਨੂੰ ਵੀ ਜਨਮ ਦਿੱਤਾ। ਬਰਤਾਨਵੀ ਰਾਜ ਦੇ ਅੰਤ ਤੱਕ ਇੱਕ ਪੂੰਜੀਵਾਦੀ ਖੰਡ ਪੂਰੀ ਤਰ੍ਹਾਂ ਸਥਾਪਿਤ ਹੋ ਗਿਆ ਸੀ। ਬਾਗਬਾਨੀ (Plantations) ਵਿਚ ਪੂੰਜੀਵਾਦੀ ਪ੍ਰਣਾਲੀ ਸਥਾਪਿਤ ਸੀ। ਆਮ ਖੇਤੀ ਵਿਚ ਵੀ ਇਹ ਪ੍ਰਥਾ ਤੇਜ਼ੀ ਨਾਲ ਲਾਗੂ ਹੋ ਰਹੀ ਸੀ। ਇਹ ਇਸ ਗੱਲ ਤੋਂ ਸਪੱਸ਼ਟ ਹੁੰਦਾ ਹੈ ਕਿ ਖੇਤੀ ਮਜ਼ਦੂਰਾਂ ਦੁਆਰਾ ਕਰਵਾਈ ਜਾਂਦੀ ਸੀ। ਉਨ੍ਹਾਂ ਖੇਤ ਮਜ਼ਦੂਰਾਂ ਦੀ ਗਿਣਤੀ ਵੱਧ ਰਹੀ ਸੀ ਜੋ ਕਿ ਮਜ਼ਦੂਰੀ ਲੈ ਕੇ ਖੇਤੀ ਕਰਦੇ ਸੀ।

**(ਹ) ਪੇਂਡੂ ਕਰਜ਼ਦਾਰੀ –** ਸੁਤੰਤਰਤਾ ਪ੍ਰਾਪਤੀ ਸਮੇਂ ਬਹੁਤ ਸਾਰੇ ਕਿਸਾਨ ਮਹਾਜਨਾਂ ਅਤੇ ਸ਼ਾਹੂਕਾਰਾਂ ਦੇ ਕਰਜ਼ਾਈ ਸਨ। ਕਿਸਾਨਾਂ ਤੇ ਲਗਾਨ ਦਾ ਭਾਰ ਵੱਧ ਸੀ ਜਦ ਕਿ ਉਤਪਾਦਨ ਅਤੇ ਉਤਪਾਦਿਕਤਾ ਦੋਵੇਂ ਹੀ ਘੱਟ ਸਨ। ਦੇਸ਼ ਵਿਚ ਬੈਂਕਿੰਗ ਸਹੂਲਤਾਂ ਦੀ ਘਾਟ ਸੀ; ਜਿੰਨੇ ਬੈਂਕ ਸੀ ਵੀ, ਉਹ ਵੀ ਖੇਤੀ ਬਾੜੀ ਨੂੰ ਕਰਜ਼ਾ ਨਹੀਂ ਸੀ ਦਿੰਦੇ। ਇਸ ਕਰਕੇ ਕਿਸਾਨਾਂ ਨੂੰ ਆੜ੍ਹਤੀਆਂ, ਸ਼ਾਹੂਕਾਰਾਂ ਆਦਿ ਤੋਂ ਕਰਜ਼ਾ ਲੈਣਾ ਪੈਂਦਾ ਸੀ, ਜੋ ਕਿ ਵਿਆਜ

ਦੀ ਉੱਚੀ ਦਰ ਵਸੂਲ ਕਰਕੇ ਕਿਸਾਨਾਂ ਦਾ ਸ਼ੋਸ਼ਣ ਕਰਦੇ ਸੀ। ਬਹੁਤ ਵਾਰੀ ਤਾਂ ਕਿਸਾਨਾਂ ਨੂੰ ਆਪਣੀ ਜ਼ਮੀਨ ਵੀ ਸਾਹੂਕਾਰਾਂ ਨੂੰ ਦੇਣੀ ਪੈਂਦੀ ਸੀ। ਸਾਲ ਦਰ ਸਾਲ ਅਤੇ ਪੁਸ਼ਤ ਦਰ ਪੁਸ਼ਤ ਕਿਸਾਨ ਕਰਜ਼ੇ ਵਿਚ ਹੀ ਡੁੱਬੇ ਰਹਿੰਦੇ ਸੀ। ਤਾਂ ਹੀ ਕਿਹਾ ਜਾਂਦਾ ਸੀ ਕਿ ਭਾਰਤੀ ਕਿਸਾਨ ਕਰਜ਼ੇ ਵਿਚ ਜੰਮਦਾ ਹੈ, ਕਰਜ਼ੇ ਵਿਚ ਪੱਲਦਾ ਹੈ ਅਤੇ ਕਰਜ਼ੇ ਵਿਚ ਹੀ ਮਰ ਜਾਂਦਾ ਹੈ।

**(ਕ) ਨਵੇਂ ਸਾਧਨਾਂ ਅਤੇ ਤਕਨੀਕ ਦੀ ਘਾਟ –** ਸੁਤੰਤਰਤਾ ਪ੍ਰਾਪਤੀ ਸਮੇਂ ਕਿਸਾਨਾਂ ਨੂੰ ਚੰਗੇ ਔਜਾਰਾਂ, ਬੀਜਾਂ, ਰਸਾਇਣਿਕ ਖਾਦਾਂ ਅਤੇ ਤਕਨੀਕ ਦਾ ਗਿਆਨ ਨਹੀਂ ਸੀ, ਨਾ ਹੀ ਉਨ੍ਹਾਂ ਕੋਲ ਵਧੀਆ ਤਕਨੀਕ ਪ੍ਰਯੋਗ ਕਰਨ ਲਈ ਲੋੜੀਂਦਾ ਧਨ ਸੀ। ਕੁਝ ਇਲਾਕਿਆਂ ਨੂੰ ਛੱਡ ਕੇ ਉਹ ਸਿੰਚਾਈ ਲਈ ਮੀਂਹ ਤੇ ਹੀ ਨਿਰਭਰ ਕਰਦੇ ਸੀ। ਮੌਸਮ ਦੀ ਅਨਿਸ਼ਚਿਤਤਾ ਦੇ ਕਾਰਣ ਉਨ੍ਹਾਂ ਦੀ ਆਮਦਨ ਵੀ ਨਿਸ਼ਚਿਤ ਨਹੀਂ ਸੀ।

ਉੱਪਰ ਦੱਸੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਭਾਵੇਂ ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਰਤ ਵਿਚ ਖੇਤੀਬਾੜੀ ਦੀ ਪ੍ਰਧਾਨਤਾ ਸੀ, ਪਰ ਇਹ ਖੇਤੀਬਾੜੀ ਪਛੜੀ ਹੋਈ ਸੀ। 1947 ਵਿਚ ਦੇਸ਼ ਦੀ ਵੰਡ ਨੇ ਖੇਤੀ ਤੇ ਹੋਰ ਵੀ ਭੈੜਾ ਅਸਰ ਪਾਇਆ। ਭਾਰਤ ਨੂੰ ਅਵੰਡੇ ਦੇਸ਼ ਦੀ ਜਨਸੰਖਿਆ ਦਾ 82 ਪ੍ਰਤੀਸ਼ਤ ਮਿਲਿਆ ਪਰ ਚੌਲ ਅਤੇ ਕਣਕ ਦੇ ਖੇਤਰ ਦਾ 65 ਪ੍ਰਤੀਸ਼ਤ ਅਤੇ 75 ਪ੍ਰਤੀਸ਼ਤ ਹਿੱਸਾ ਮਿਲਿਆ। ਵਿਭਾਜਨ ਕਰਕੇ ਭਾਰਤ ਵਿਚ ਪ੍ਰਤੀ ਵਿਅਕਤੀ ਭੂਮੀ ਘੱਟ ਹੋ ਗਈ। ਪਾਕਿਸਤਾਨ ਵਿਚ ਸ਼ੁੱਧ ਬੀਜੇ ਹੋਏ ਖੇਤਰਫਲ ਦਾ 45 ਪ੍ਰਤੀਸ਼ਤ ਭਾਗ ਸਿੰਜਾਈ ਦੀ ਵਿਵਸਥਾ ਵਾਲਾ ਸੀ, ਜਦ ਕਿ ਭਾਰਤ ਵਿਚ ਇਹ ਕੇਵਲ 19 ਪ੍ਰਤੀਸ਼ਤ ਸੀ। ਵਿਭਾਜਨ ਦੇ ਕਾਰਣ ਕਪਾਹ ਅਤੇ ਜੂਟ ਪੈਦਾ ਕਰਨ ਵਾਲੀ ਅਧਿਕਤਰ ਭੂਮੀ ਪਾਕਿਸਤਾਨ ਨੂੰ ਚਲੀ ਗਈ ਜਦ ਕਿ ਇਸ ਦੇ ਉਦਯੋਗ ਭਾਰਤ ਵਿਚ ਰਹਿ ਗਏ।

**(ii) ਉਦਯੋਗਿਕ ਸਥਿਤੀ**

ਸੁਤੰਤਰਤਾ ਪ੍ਰਾਪਤੀ ਸਮੇਂ ਭਾਰਤੀ ਅਰਥ ਵਿਵਸਥਾ ਅਲਪ ਵਿਕਸਤ ਸੀ, ਇਸ ਦਾ ਪਤਾ ਨਾ ਸਿਰਫ਼ ਖੇਤੀਬਾੜੀ ਦੀ ਦਸ਼ਾ ਤੋਂ, ਸਗੋਂ ਉਦਯੋਗਿਕ ਸਥਿਤੀ ਤੋਂ ਵੀ ਚੱਲਦਾ ਹੈ। ਉਸ ਸਮੇਂ ਉਦਯੋਗਾਂ ਦਾ ਵਿਕਾਸ ਬਹੁਤ ਘੱਟ ਹੋਇਆ ਸੀ।

ਆਧੁਨਿਕ ਉਦਯੋਗੀਕਰਣ ਤੋਂ ਪਹਿਲਾਂ ਭਾਰਤੀ ਵਸਤਾਂ ਦੀ ਦੇਸ਼-ਵਿਦੇਸ਼ ਵਿਚ ਬਹੁਤ ਮੰਗ ਸੀ। ਬਰਤਾਨਵੀ ਰਾਜ ਦੀ ਨੀਤੀਆਂ ਅਤੇ ਇੰਗਲੈਂਡ ਵਿਚ ਹੋਈ ਉਦਯੋਗਿਕ ਕ੍ਰਾਂਤੀ ਨੇ ਭਾਰਤ ਦੀਆਂ ਉਦਯੋਗਿਕ ਵਸਤਾਂ ਤੇ ਬਹੁਤ ਮਾੜਾ ਅਸਰ ਪਾਇਆ। ਬਰਤਾਨਵੀ ਰਾਜ ਵਿਚ ਭਾਰਤ ਤੋਂ ਕੱਚੇ ਮਾਲ ਦਾ ਨਿਰਯਾਤ ਅਤੇ ਤਿਆਰ ਵਿਦੇਸ਼ੀ ਵਸਤਾਂ ਦਾ ਆਯਾਤ ਕੀਤਾ ਜਾਂਦਾ ਸੀ। ਇਸ ਦੇ ਬਾਵਜੂਦ ਕੁਝ ਉਦਯੋਗ ਜਿਵੇਂ ਕਿ ਸੂਤੀ ਕਪੜਾ, ਚੀਨੀ, ਕਾਗਜ਼ ਅਤੇ ਕੁਝ ਹੱਦ ਤੱਕ ਲੋਹਾ ਅਤੇ ਇਸਪਾਤ ਉਦਯੋਗ ਨੇ ਤਰੱਕੀ ਕੀਤੀ। ਭਾਰੀ ਅਤੇ ਬੁਨਿਆਦੀ ਉਦਯੋਗਾਂ ਦੀ ਬਹੁਤ ਘਾਟ ਸੀ।

ਸੁਤੰਤਰਤਾ ਪ੍ਰਾਪਤੀ ਸਮੇਂ ਉਦਯੋਗਿਕ ਸਥਿਤੀ ਦੀ ਕੁਝ ਹੋਰ ਖਾਸਿਅਤਾਂ ਇਸ ਪ੍ਰਕਾਰ ਸਨ:-

**(ੳ) ਉਪਭੋਗਤਾ ਉਦਯੋਗਾਂ ਦਾ ਵਿਕਾਸ –** ਜਿਵੇਂ ਕਿ ਉੱਪਰ ਵੀ ਦੱਸਿਆ ਜਾ ਚੁਕਿਆ ਹੈ, ਸੁਤੰਤਰਤਾ ਪ੍ਰਾਪਤੀ ਸਮੇਂ ਭਾਰਤ ਵਿਚ ਕੁਝ ਉਪਭੋਗੀ ਵਸਤਾਂ ਵਾਲੇ ਉਦਯੋਗ ਹੋਂਦ ਵਿਚ ਸੀ, ਜਿਵੇਂ ਕਿ ਚੀਨੀ, ਕਪੜਾ, ਕਾਗਜ਼ ਆਦਿ। ਪਰੰਤੂ ਇਨ੍ਹਾਂ ਉਦਯੋਗਾਂ ਵਿਚ ਮੁੱਖ ਤੌਰ ਤੇ ਵਿਦੇਸ਼ੀ ਪੂੰਜੀ ਲੱਗੀ ਹੋਈ ਸੀ ਜਿਸ ਕਰਕੇ ਇਨ੍ਹਾਂ ਉਦਯੋਗਾਂ ਦੇ ਉਤਪਾਦਨ ਤੋਂ ਹੋਣ ਵਾਲੇ ਲਾਭ ਦਾ ਮੁੱਖ ਹਿੱਸਾ ਭਾਰਤੀਆਂ ਨੂੰ ਨਾ ਮਿਲ ਕੇ ਵਿਦੇਸ਼ੀਆਂ ਨੂੰ ਹੀ ਮਿਲਦਾ ਸੀ।

**(ਅ) ਪ੍ਰਬੰਧ ਏਜੰਸੀ ਪ੍ਰਣਾਲੀ –** ਉਦਯੋਗਾਂ ਦੀ ਸਥਾਪਨਾ ਅਤੇ ਪ੍ਰਬੰਧ ਲਈ ਅੰਗਰੇਜ਼ਾਂ ਨੇ ਭਾਰਤ ਵਿਚ ਪ੍ਰਬੰਧ ਏਜੰਸੀ ਪ੍ਰਣਾਲੀ ਨੂੰ ਅਪਣਾਇਆ। ਇਸ ਪ੍ਰਣਾਲੀ ਅਧੀਨ ਫਰਮਾਂ ਦਾ ਸਾਰਾ ਕੰਮ ਪ੍ਰਬੰਧ ਏਜੰਟ (managing agents) ਵੇਖਦੇ ਸਨ। ਕਿਉਂਕਿ ਇਹ ਏਜੰਟ ਫਰਮਾਂ ਨੂੰ ਵਿੱਤ ਪ੍ਰਦਾਨ ਕਰਦੇ ਸੀ, ਇਸ ਕਰਕੇ ਫਰਮ ਬਾਰੇ ਹਰ ਫੈਸਲਾ ਲੈਣਾ ਇਨ੍ਹਾਂ ਦੇ ਹੱਥ ਵਿਚ ਹੁੰਦਾ ਸੀ। ਭਾਰਤੀ ਉਦਯੋਗਾਂ ਲਈ ਪ੍ਰਬੰਧ ਏਜੰਟ ਮੁੱਖ ਤੌਰ ਤੇ ਵਿਦੇਸ਼ੀ ਹੀ ਸਨ, ਇਸ ਕਰਕੇ ਉਹ ਉਦਯੋਗਾਂ ਬਾਰੇ ਸਾਰੇ ਅਹਿਮ ਫੈਸਲੇ ਲੈਂਦੇ ਸਨ ਅਤੇ ਕਹਿਣ ਦੀ ਲੋੜ ਨਹੀਂ ਕਿ ਉਹ ਫੈਸਲੇ ਭਾਰਤ ਦੇ ਹੱਕ ਵਿਚ ਨਾ ਹੋ ਕੇ ਬ੍ਰਿਟੇਨ ਦੇ ਹੱਕ ਵਿਚ ਹੁੰਦੇ ਸਨ। ਲਾਭ ਦਾ ਮੁੱਖ ਅੰਸ਼ ਵੀ ਇਨ੍ਹਾਂ ਏਜੰਟਾਂ ਨੂੰ ਹੀ ਮਿਲਦਾ ਸੀ।

**(ੲ) ਪੂੰਜੀ ਦੀ ਘਾਟ –** ਭਾਰਤੀ ਉਦਯੋਗਿਕ ਸਥਿਤੀ ਦੀ ਇੱਕ ਹੋਰ ਖਾਸੀਅਤ ਇਹ ਸੀ ਕਿ ਪੂੰਜੀ ਦੀ ਮਾਤਰਾ ਬਹੁਤ ਘੱਟ ਸੀ। ਇਸ ਦਾ ਕਾਰਣ ਇਹ ਸੀ ਕਿ ਮਜ਼ਦੂਰੀ ਦੀ ਦਰ ਬਹੁਤ ਘੱਟ ਸੀ ਅਤੇ ਪੂੰਜੀ ਦੀ ਥਾਂ ਮਨੁੱਖੀ ਸ਼ਕਤੀ ਦੀ ਵਰਤੋਂ ਲਾਹੇਵੰਦ ਸੀ। ਦੂਜੇ, ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਘੱਟ ਸੀ, ਜਿਸ ਕਰਕੇ ਵਸਤਾਂ ਦੀ

ਮੰਗ ਘੱਟ ਸੀ ਅਤੇ ਵੱਡੇ ਪੱਧਰ ਤੇ ਉਤਪਾਦਨ ਨਹੀਂ ਸੀ ਹੁੰਦਾ।

(ਸ) **ਕੁਟੀਰ ਅਤੇ ਲਘੂ ਉਦਯੋਗਾਂ ਦੀਆਂ ਸਮੱਸਿਆਵਾਂ –** ਸੁਤੰਤਰਤਾ ਦੇ ਸਮੇਂ ਭਾਰਤ ਦੇ ਲਘੂ ਅਤੇ ਕੁਟੀਰ ਉਦਯੋਗ ਅਧਿਕ ਵਿਕਸਤ ਨਹੀਂ ਸਨ। ਬਰਤਾਨਵੀ ਸਰਕਾਰ ਦੀ ਦੋਸ਼ਪੂਰਣ ਨੀਤੀ ਕਰਕੇ ਭਾਰਤ ਦੇ ਲਘੂ ਉਦਯੋਗ, ਜਿਹੜੇ ਕਿ ਪਹਿਲਾਂ ਸਿਖਰ ਤੇ ਸੀ, ਤਬਾਹ ਹੋ ਗਏ ਸੀ। ਜਿਹੜੇ ਲਘੂ ਉਦਯੋਗ ਬਚੇ ਵੀ ਸਨ, ਉਹ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਜਿਵੇਂ ਕਿ ਪੂੰਜੀ ਦੀ ਘਾਟ, ਕੁਸ਼ਲ ਕਿਰਤੀਆਂ ਦੀ ਕਮੀ, ਵਸਤਾਂ ਦੀ ਵਿਕਰੀ, ਕੱਚੇ ਮਾਲ ਦੀ ਕਮੀ ਆਦਿ ਤੋਂ ਪੀੜਤ ਸਨ।

(ਹ) **ਟੈਰਿਫ ਨੀਤੀ –** ਬਰਤਾਨਵੀ ਸਰਕਾਰ ਦੀ ਕਰ ਨੀਤੀ ਭਾਰਤੀ ਉਦਯੋਗਾਂ ਦੇ ਹੱਕ ਵਿਚ ਨਹੀਂ ਸੀ। ਘਰੇਲੂ ਉਤਪਾਦਨ ਤੇ ਵੱਧ ਕਰ ਅਤੇ ਇੰਗਲੈਂਡ ਤੋਂ ਆਯਾਤ ਕੀਤੀਆਂ ਵਸਤਾਂ ਤੇ ਘੱਟ ਕਰ ਲਗਾਇਆ ਜਾਂਦਾ ਸੀ ਜਿਸ ਕਰਕੇ ਭਾਰਤੀ ਉਦਯੋਗਕ ਵਿਕਾਸ ਤੇ ਬੁਰਾ ਪ੍ਰਭਾਵ ਪਿਆ।

ਇਸ ਤਰ੍ਹਾਂ ਸਾਨੂੰ ਪਤਾ ਲੱਗਦਾ ਹੈ ਕਿ ਸੁਤੰਤਰਤਾ ਪ੍ਰਾਪਤੀ ਦੇ ਸਮੇਂ ਉਦਯੋਗਿਕ ਦ੍ਰਿਸ਼ਟੀਕੋਣ ਤੋਂ ਭਾਰਤੀ ਅਰਥ ਵਿਵਸਥਾ ਬਹੁਤ ਪਛੜੀ ਹੋਈ ਸੀ। ਦੇਸ਼ ਦੀ ਵੰਡ ਨੇ ਉਦਯੋਗਾਂ ਨੂੰ ਹੋਰ ਨੁਕਸਾਨ ਪਹੁੰਚਾਇਆ ਕਿਉਂਕਿ ਉਦਯੋਗਾਂ ਲਈ ਕੱਚਾ ਮਾਲ ਪੈਦਾ ਕਰਨ ਵਾਲੇ ਇਲਾਕੇ ਕਾਫੀ ਹੱਦ ਤਕ ਪਾਕਿਸਤਾਨ ਨੂੰ ਚਲੇ ਗਏ।

**(iii) ਵਸੋਂ ਦੀ ਸਮੱਸਿਆ –** ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਰਤ ਦੀ ਵਸੋਂ 36 ਕਰੋੜ ਦੇ ਲੱਗਭਗ ਸੀ। ਉਸ ਸਮੇਂ ਜਨਮ ਅਤੇ ਮੌਤ ਦਰ ਵੀ ਬਹੁਤ ਜ਼ਿਆਦਾ ਸੀ। ਔਸਤ ਜੀਵਨ ਉਸ ਸਮੇਂ 32 ਸਾਲ ਸੀ ਜਦੋਂ ਕਿ ਪੱਛਮੀ ਦੇਸ਼ਾਂ ਵਿਚ ਇਹ 50 ਸਾਲ ਤੋਂ ਵੀ ਉੱਪਰ ਸੀ। ਮੌਤ ਦੀ ਦਰ ਦਾ ਵੱਧ ਹੋਣਾ ਦੇਸ਼ ਦੀ ਗਰੀਬੀ ਅਤੇ ਪਿਛੜੇਪਨ ਦੀ ਨਿਸ਼ਾਨੀ ਹੈ।

ਇਸ ਤੋਂ ਇਲਾਵਾ ਉਸ ਸਮੇਂ ਭਾਰਤ ਵਿਚ ਸ਼ਹਿਰੀਕਰਨ ਦੀ ਦਰ ਵੀ ਬਹੁਤ ਨੀਵੀਂ ਸੀ। 1941 ਵਿਚ ਸ਼ਹਿਰਾਂ ਵਿਚ ਕੁਲ ਆਬਾਦੀ ਦਾ 14 ਪ੍ਰਤੀਸ਼ਤ ਹਿੱਸਾ ਹੀ ਰਹਿੰਦਾ ਸੀ। ਇਸ ਦਾ ਮਤਲਬ ਇਹ ਹੋਇਆ ਕਿ ਹਰ 7 ਵਿਅਕਤੀਆਂ ਵਿਚੋਂ 6 ਵਿਅਕਤੀ ਪਿੰਡਾਂ ਵਿਚ ਰਹਿੰਦੇ ਸੀ। ਭਾਰਤ ਦੀ ਸਾਖਰਤਾ ਦੀ ਦਰ ਕੁਲ ਆਬਾਦੀ ਦਾ ਕੇਵਲ 17 ਪ੍ਰਤੀਸ਼ਤ ਸੀ। ਮੈਟ੍ਰਿਕ ਤੋਂ ਉਪਰ ਪੜ੍ਹੇ ਲਿਖੇ ਲੋਕ ਤਾਂ ਕੇਵਲ 1 ਪ੍ਰਤੀਸ਼ਤ ਹੀ ਸਨ। ਇਸ ਦਾ ਇੱਕ ਕਾਰਣ ਸਿੱਖਿਆ ਸਹੂਲਤਾਂ ਦੀ ਘਾਟ ਸੀ। ਅਨਪੜ੍ਹ ਹੋਣ ਕਰਕੇ ਲੋਕ ਭਰਮਾਂ-ਵਹਿਮਾਂ ਦਾ ਵੀ ਸ਼ਿਕਾਰ ਸੀ। ਡਾਕਟਰੀ ਸਹੂਲਤਾਂ ਦੀ ਵੀ ਘਾਟ ਸੀ।

**(iv) ਘੱਟ ਪ੍ਰਤੀ ਵਿਅਕਤੀ ਆਮਦਨ**

ਸੁਤੰਤਰਤਾ ਸਮੇਂ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਘੱਟ ਸੀ - ਲੱਗਭਗ 250 ਰੁਪਏ (ਜੋ ਕਿ 1970-71 ਦੀ ਕੀਮਤਾਂ ਤੇ 466.8 ਰੁਪਏ ਬਣਦੀ ਹੈ)। ਘੱਟ ਆਮਦਨ ਉਨ੍ਹਾਂ ਦੀ ਗਰੀਬੀ ਦਾ ਕਾਰਨ ਅਤੇ ਨਤੀਜਾ ਦੋਵੇਂ ਹੀ ਸੀ। ਇਹੋ ਨਹੀਂ, ਆਮਦਨ ਦੀ ਵੰਡ ਵੀ ਬਰਾਬਰ ਨਹੀਂ ਸੀ ਜਿਸ ਕਰਕੇ ਕੁਝ ਲੋਕ ਬਹੁਤ ਅਮੀਰ, ਪਰ ਬਹੁਤੇ ਲੋਕ ਬਹੁਤ ਗਰੀਬੀ ਦੀ ਹਾਲਤ ਵਿਚ ਰਹਿ ਰਹੇ ਸਨ। ਰਹਿਣ-ਸਹਿਣ ਦਾ ਪੱਧਰ ਬਹੁਤ ਨੀਂਵਾਂ ਸੀ। ਆਮਦਨ ਘੱਟ ਹੋਣ ਦੇ ਕਾਰਣ ਬੱਚਤ ਅਤੇ ਪੂੰਜੀ ਨਿਰਮਾਣ ਵੀ ਬਹੁਤ ਘੱਟ ਹੁੰਦਾ ਸੀ। ਦੇਸ਼ ਗਰੀਬੀ ਦੇ ਕੁਚੱਕਰ ਵਿਚ ਫੱਸਿਆ ਹੋਇਆ ਸੀ।

**(v) ਅਸੰਤੁਲਤ ਵਿਦੇਸ਼ੀ ਵਪਾਰ ਅਤੇ ਵਪਾਰ ਬਾਕੀ**

ਭਾਰਤ ਦੀ ਅਰਥ ਵਿਵਸਥਾ ਦਾ ਪਛੜਾਪਨ ਇਸ ਗੱਲ ਤੋਂ ਵੀ ਸਿੱਧ ਹੁੰਦਾ ਹੈ ਕਿ ਉਸਦੇ ਵਿਦੇਸ਼ੀ ਵਪਾਰ ਦਾ ਢਾਂਚਾ ਇੱਕ ਪ੍ਰਕਾਰ ਦਾ ਉਪਨਿਵੇਸ਼ਕ ਢਾਂਚਾ ਹੀ ਸੀ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਭਾਰਤ ਦਾ ਨਿਰਯਾਤ ਵੱਧ ਅਤੇ ਆਯਾਤ ਘੱਟ ਸੀ। ਦੇਸ਼ ਨੂੰ ਮਸ਼ੀਨਰੀ ਅਤੇ ਉਤਪਾਦਨ ਦੇ ਜ਼ਰੂਰੀ ਸੰਦਾਂ ਲਈ ਆਯਾਤ ਤੇ ਨਿਰਭਰ ਰਹਿਣਾ ਪੈਂਦਾ ਸੀ। ਦੇਸ਼ ਦੀ ਸੁਰੱਖਿਆ ਸੰਬੰਧੀ ਜ਼ਰੂਰੀ ਸਮੱਗਰੀ ਵੀ ਆਯਾਤ ਹੀ ਕੀਤੀ ਜਾਂਦੀ ਸੀ। ਬਹੁਤ ਸਾਰੀ ਉਪਭੋਗ ਦੀਆਂ ਵਸਤਾਂ ਵੀ ਆਯਾਤ ਹੀ ਕੀਤੀਆਂ ਜਾਂਦੀਆਂ ਸਨ। ਭਾਰਤ ਦੇ ਨਿਰਯਾਤਾਂ ਵਿਚ ਮੁੱਖ ਸਥਾਨ ਕਪੜਾ, ਕਪਾਹ, ਜੂਟ, ਚਾਹ ਅਤੇ ਤਿਲਾਂ ਦਾ ਸੀ।

ਭਾਰਤ ਦਾ ਜ਼ਿਆਦਾ ਵਪਾਰ ਇੰਗਲੈਂਡ ਅਤੇ ਸਟੱਰਲਿੰਗ* ਖੇਤਰ ਵਾਲੇ ਦੇਸ਼ਾਂ ਨਾਲ ਹੁੰਦਾ ਸੀ ਕਿਉਂਕਿ ਅੰਗਰੇਜ਼ੀ ਸਰਕਾਰ

ਨੇ ਵਪਾਰ ਨੀਤੀ ਹੀ ਇਹੋ ਜਿਹੀ ਬਣਾਈ ਕਿ ਭਾਰਤ ਆਪਣਾ ਕੱਚਾ ਮਾਲ ਇੰਗਲੈਂਡ ਨੂੰ ਹੀ ਵੇਚ ਸਕੇ ਅਤੇ ਤਿਆਰ ਮਾਲ ਵੀ ਇੰਗਲੈਂਡ ਤੋਂ ਹੀ ਖਰੀਦੇ।

ਦੇਸ਼ ਦੇ ਵਿਭਾਜਨ ਦਾ ਵਿਦੇਸ਼ੀ ਵਪਾਰ ਤੇ ਮਾੜਾ ਅਸਰ ਪਿਆ ਕਿਉਂਕਿ ਵੰਡ ਤੋਂ ਪਹਿਲਾਂ ਭਾਰਤ ਜਿਨ੍ਹਾਂ ਵਸਤਾਂ ਦਾ ਨਿਰਯਾਤ ਕਰਦਾ ਸੀ, ਹੁਣ ਉਹੀ ਵਸਤਾਂ ਦਾ ਆਯਾਤ ਕਰਨ ਲੱਗ ਪਿਆ। ਦੇਸ਼ ਦੀ ਵੰਡ ਕਾਰਣ ਭਾਰਤ ਵਿਚ ਅਨਾਜ ਅਤੇ ਪਟਸਨ ਦੀ ਬਹੁਤ ਜ਼ਿਆਦਾ ਘਾਟ ਹੋ ਗਈ ਸੀ। ਇਸ ਦੇ ਨਾਲ ਹੀ ਆਰਥਿਕ ਵਿਕਾਸ ਦਾ ਯੋਜਨਾਬੱਧ ਪ੍ਰੋਗਰਾਮ ਆਰੰਭ ਹੋ ਗਿਆ। ਭਾਰਤ ਨੂੰ ਭਾਰੀ ਮਾਤਰਾ ਵਿਚ ਅਨਾਜ ਆਯਾਤ ਕਰਨ ਦੇ ਨਾਲ ਪਟਸਨ (ਜੂਟ), ਸੂਤ ਅਤੇ ਪੂੰਜੀਗਤ ਵਸਤਾਂ ਦਾ ਵੀ ਆਯਾਤ ਕਰਨਾ ਪਿਆ। ਇਸ ਦਾ ਨਤੀਜਾ ਇਹ ਹੋਇਆ ਕਿ ਸੁਤੰਤਰਤਾ ਪ੍ਰਾਪਤੀ ਸਮੇਂ ਭਾਰਤ ਦਾ ਵਪਾਰ ਸੰਤੁਲਨ ਅਨੁਕੂਲ ਸੀ, ਪਰ ਫੇਰ ਇਹ ਪ੍ਰਤੀਕੂਲ ਹੋਣਾ ਆਰੰਭ ਹੋ ਗਿਆ।

**(vi) ਅਰਧ ਸੰਚਰਨਾ (Infrastructure) ਦੀ ਸਥਿਤੀ**

ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਰਤੀ ਅਰਥ ਵਿਵਸਥਾ ਵਿਚ ਅਰਧ ਸੰਰਚਨਾ ਦੀ ਸਹੂਲਤਾਂ ਬਹੁਤ ਘੱਟ ਸਨ। ਭਾਵੇਂ ਬਰਤਾਨਵੀ ਸਰਕਾਰ ਨੇ ਭਾਰਤ ਵਿਚ ਰੇਲਾਂ ਦਾ ਵਿਕਾਸ ਕੀਤਾ, ਪਰ ਇਹ ਵਿਕਾਸ ਕੇਵਲ ਉਤਨਾ ਅਤੇ ਉੱਥੇ ਹੀ ਸੀ, ਜਿਹੜਾ ਕਿ ਭਾਰਤ ਤੋਂ ਕੱਚਾ ਮਾਲ ਯੂ.ਕੇ. ਆਯਾਤ ਕਰਨ ਵਿਚ ਸਹਾਈ ਹੋਵੇ। ਰੇਲਾਂ ਰਾਹੀਂ ਵੱਡੇ ਅਤੇ ਵਪਾਰਕ ਸ਼ਹਿਰਾਂ ਨੂੰ ਬੰਦਰਗਾਹਾਂ ਨਾਲ ਮਿਲਾਇਆ ਗਿਆ। ਦੇਸ਼ ਦੇ ਅੰਦਰੂਨੀ ਭਾਗਾਂ ਵਿਚ ਸੜਕਾਂ ਅਤੇ ਰੇਲਾਂ ਦਾ ਵਿਕਾਸ ਨਹੀਂ ਕੀਤਾ ਗਿਆ। ਆਵਾਜਾਈ ਦੇ ਸਾਧਨਾਂ ਦੇ ਘੱਟ ਵਿਕਾਸ ਕਰਕੇ ਖੇਤੀਬਾੜੀ ਪੱਛੜੀ ਹੋਈ ਰਹੀ ਅਤੇ ਲੋਕਾਂ ਦੀ ਗਤੀਸ਼ੀਲਤਾ ਵੀ ਬਹੁਤ ਘੱਟ ਸੀ।

ਆਵਾਜਾਈ ਤੋਂ ਇਲਾਵਾ ਬਿਜਲੀ ਦਾ ਉਤਪਾਦਨ ਵੀ ਬਹੁਤ ਘੱਟ ਸੀ। ਬੈਂਕਿੰਗ ਅਤੇ ਕਰਜ਼ੇ ਦੀ ਸਹੂਲਤਾਂ ਵੀ ਬਹੁਤ ਘੱਟ ਸਨ। ਬੈਂਕ ਮੁੱਖ ਤੌਰ ਤੇ ਵਪਾਰ ਨੂੰ ਕਰਜ਼ਾ ਦਿੰਦੇ ਸਨ, ਖੇਤੀਬਾੜੀ ਜਾਂ ਉਦਯੋਗਾਂ ਨੂੰ ਨਹੀਂ। ਸਾਹੂਕਾਰ, ਮਹਾਜਨ ਆਦਿ ਦਾ ਬੋਲਬਾਲਾ ਸੀ ਜਿਹੜੇ ਕਿ ਉੱਚੀ ਵਿਆਜ਼ ਦੀ ਦਰ ਤੇ ਕਰਜ਼ਾ ਦੇ ਕੇ ਲੋਕਾਂ ਦਾ, ਖਾਸ ਕਰ ਕਿਸਾਨਾਂ ਦਾ, ਸ਼ੋਸ਼ਣ ਕਰਦੇ ਸੀ। ਪੇਂਡੂ ਸਾਖ ਦਾ 70 ਪ੍ਰਤੀਸ਼ਤ ਹਿੱਸਾ ਸਾਹੂਕਾਰਾਂ ਅਤੇ ਮਹਾਜਨਾਂ ਦੁਆਰਾ ਦਿੱਤਾ ਜਾਂਦਾ ਸੀ, ਜਦੋਂ ਕਿ ਸਹਿਕਾਰੀ ਸੰਸਥਾਵਾਂ ਦਾ ਹਿੱਸਾ 3 ਪ੍ਰਤੀਸ਼ਤ ਅਤੇ ਬੈਂਕਾ ਦਾ ਕੇਵਲ 1 ਪ੍ਰਤੀਸ਼ਤ ਹਿੱਸਾ ਸੀ।

ਉੱਪਰ ਦਿੱਤੇ ਗਏ ਸਾਰੇ ਲੱਛਣ ਇੱਕ ਅਲਪ ਵਿਕਸਤ ਅਰਥਵਿਵਸਥਾ ਨੂੰ ਹੀ ਦਰਸਾਉਂਦੇ ਹਨ। ਇਸ ਕਰਕੇ ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਰਤੀ ਅਰਥਵਿਵਸਥਾ ਅਲਪ ਵਿਕਸਤ ਵੀ ਸੀ।

### 2.1.3.3 ਗਤੀਹੀਨ ਅਰਥਵਿਵਸਥਾ

ਸੁਤੰਤਰਤਾ ਪ੍ਰਾਪਤੀ ਦੇ ਸਮੇਂ ਦੀ ਭਾਰਤੀ ਅਰਥਵਿਵਸਥਾ ਨੂੰ ਨਾ ਕੇਵਲ ਉਪਨਿਵੇਸ਼ਕ ਅਤੇ ਅਲਪਵਿਕਸਤ ਕਿਹਾ ਜਾ ਸਕਦਾ ਹੈ, ਇਸ ਨੂੰ ਇੱਕ ਗਤੀਹੀਨ ਅਰਥ ਵਿਵਸਥਾ ਵੀ ਕਿਹਾ ਜਾ ਸਕਦਾ ਹੈ। ਇੱਕ ਅਜਿਹੀ ਅਰਥ ਵਿਵਸਥਾ ਜਿਸ ਦੀ ਵਿਕਾਸ ਦੀ ਦਰ ਬਹੁਤ ਘੱਟ ਜਾਂ ਰਿਣਾਤਮਕ ਹੁੰਦੀ ਹੈ, ਉਸ ਨੂੰ ਗਤੀਹੀਨ ਅਰਥ ਵਿਵਸਥਾ ਕਿਹਾ ਜਾਂਦਾ ਹੈ। ਸੁਤੰਤਰਤਾ ਪ੍ਰਾਪਤੀ ਸਮੇਂ ਭਾਰਤੀ ਅਰਥ ਵਿਵਸਥਾ ਵੀ ਗਤੀਹੀਨ ਸੀ ਕਿਉਂਕਿ ਇਸ ਦੀ ਵਿਕਾਸ ਦੀ ਦਰ ਬਹੁਤ ਘੱਟ ਸੀ। 1860 ਤੋਂ 1945 ਤੱਕ ਦੀ ਭਾਰਤੀ ਅਰਥ ਵਿਵਸਥਾ ਦੀ ਵਾਧਾ ਦਰ ਕੇਵਲ 0.5 ਪ੍ਰਤੀਸ਼ਤ ਸੀ। ਇਸ ਗਤੀਹੀਣਤਾ ਕਰਕੇ ਭਾਰਤੀ ਲੋਕ ਬਹੁਤ ਗਰੀਬ ਸਨ ਅਤੇ ਉਨ੍ਹਾਂ ਦਾ ਜੀਵਨ ਪੱਧਰ ਬਹੁਤ ਨੀਂਵਾ ਸੀ। ਬੱਚਤ ਅਤੇ ਪੂੰਜੀ ਨਿਰਮਾਣ ਬਹੁਤ ਘੱਟ ਸੀ। ਉਤਪਾਦਨ ਮੁੱਖ ਤੌਰ ਤੇ ਉਪਭੋਗ ਲਈ ਸੀ, ਜਿਸ ਕਰਕੇ ਪੂੰਜੀ ਨਿਰਮਾਣ ਘੱਟ ਸੀ। ਖੇਤੀਬਾੜੀ ਅਤੇ ਉਦਯੋਗ ਪਿੱਛੜੇ ਹੋਏ ਸਨ, ਤਕਨੀਕ ਪੁਰਾਣੀ ਅਤੇ ਲੋਕ ਅਨਪੜ੍ਹ ਅਤੇ ਵਹਿਮਾਂ ਦਾ ਸ਼ਿਕਾਰ ਸਨ। ਮੰਡੀ ਦੇ ਸੀਮਤ ਵਿਸਤਾਰ ਅਤੇ ਵਿਦੇਸ਼ੀ ਰਾਜ ਕਰਕੇ ਉਦਯੋਗਪਤੀਆਂ ਨੂੰ ਨਿਵੇਸ਼ ਲਈ ਕੋਈ ਉਤਸ਼ਾਹ ਨਹੀਂ ਸੀ।

### 2.1.3.4 ਖੰਡਿਤ ਅਰਥ ਵਿਵਸਥਾ

ਸੁਤੰਤਰਤਾ ਪ੍ਰਾਪਤੀ ਦੇ ਸਮੇਂ ਤਾਂ ਦੇਸ਼ ਦੀ ਵੰਡ ਹੋਈ ਹੀ ਸੀ, ਪਰੰਤੂ ਉਸ ਤੋਂ ਪਹਿਲਾਂ ਵੀ ਭਾਰਤੀ ਅਰਥਵਿਵਸਥਾ ਖੰਡਿਤ

* ਯੂ.ਕੇ. (ਅਰਥਾਤ ਇੰਗਲੈਂਡ, ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ) ਦੀ ਕਰੰਸੀ ਨੂੰ ਪਾਉਂਡ ਸਟੱਰਲਿੰਗ ਕਿਹਾ ਜਾਂਦਾ ਹੈ। ਕੁਝ ਹੋਰ ਦੇਸ਼ਾਂ ਦੀ ਕਰੰਸੀ ਵੀ ਪਾਉਂਡ ਹੀ ਹੈ, ਪਰ ਪਾਉਂਡ ਸਟੱਰਲਿੰਗ ਨਹੀਂ ਹੈ।

ਹੀ ਸੀ। ਇਹ ਇਸ ਕਰਕੇ ਸੀ ਕਿਉਂਕਿ ਦੇਸ਼ ਛੋਟੀ-ਛੋਟੀ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਜਿਨ੍ਹਾਂ ਦਾ ਰਾਜ ਪ੍ਰਬੰਧ ਰਾਜਿਆਂ, ਨਵਾਬਾਂ ਕੋਲ ਸੀ। ਇਹ ਰਿਆਸਤਾਂ ਭਾਵੇਂ ਬਰਤਾਨਵੀ ਸਰਕਾਰ ਦੇ ਅਧੀਨ ਸਨ, ਫੇਰ ਵੀ ਅੰਦਰੂਨੀ ਮਸਲਿਆਂ ਦੇ ਸੰਬੰਧ ਵਿਚ ਸੁਤੰਤਰ ਸਨ। ਰਿਆਸਤਾਂ ਦੇ ਮਾਲਕ ਆਪਣੇ ਖੇਤਰ ਦੇ ਵਿਕਾਸ ਵੱਲ ਵੱਧ ਧਿਆਨ ਨਾ ਦੇ ਕੇ ਵਿਲਾਸ ਦਾ ਜੀਵਨ ਭੋਗ ਰਹੇ ਸਨ।

1947 ਵਿਚ ਸੁਤੰਤਰਤਾ ਪ੍ਰਾਪਤੀ ਦੇ ਨਾਲ ਹੀ ਦੇਸ਼ ਦੀ ਵੰਡ ਹੋ ਗਈ। ਇਸ ਵੰਡ ਕਰਕੇ ਦੇਸ਼ ਦੀ ਅਰਥ ਵਿਵਸਥਾ ਉਥਲ-ਪੁਥਲ ਹੋ ਗਈ। ਭਾਰਤ ਦੇ ਹਿੱਸੇ ਜਨ-ਸੰਖਿਆ ਦਾ 82 ਪ੍ਰਤੀਸ਼ਤ, ਪਰੰਤੂ ਖੇਤਰਫਲ ਦਾ ਕੇਵਲ 77 ਪ੍ਰਤੀਸ਼ਤ ਭਾਗ ਵੀ ਆਇਆ। ਸਿੰਜਾਈ ਵਾਲੇ ਖੇਤਰ ਪਾਕਿਸਤਾਨ ਨੂੰ ਜਾਣ ਕਰਕੇ ਦੇਸ਼ ਵਿਚ ਕਪਾਹ ਅਤੇ ਕਣਕ ਦੀ ਪੈਦਾਵਾਰ ਘੱਟ ਗਈ, ਅਤੇ ਇਨ੍ਹਾਂ ਦਾ ਆਯਾਤ ਆਰੰਭ ਕਰਨਾ ਪਿਆ। ਘਰੇਲੂ ਉਦਯੋਗਾਂ ਵਿਚ ਕੰਮ ਕਰਨ ਵਾਲੇ ਕੁਸ਼ਲ ਕਾਰੀਗਰ, ਜੋ ਕਿ ਬਹੁਤੇ ਮੁਸਲਮਾਨ ਸੀ, ਪਾਕਿਸਤਾਨ ਚਲੇ ਗਏ।

ਦੇਸ਼ ਦੀ ਵੰਡ ਕਰਕੇ ਨਾ ਕੇਵਲ ਭਿਆਨਕ ਖੂਨ ਖਰਾਬਾ ਹੋਇਆ, ਸਗੋਂ ਲੱਖਾਂ ਲੋਕ ਬੇਘਰ ਹੋ ਗਏ। ਇਨ੍ਹਾਂ ਲੋਕਾਂ ਨੂੰ ਮੁੜ ਵਸਾਉਣ ਲਈ ਭਾਰਤ ਨੂੰ ਵਧੇਰਾ ਧਨ ਖਰਚ ਕਰਨਾ ਪਿਆ ਜਿਸਦਾ ਪ੍ਰਭਾਵ ਦੇਸ਼ ਦੀ ਪਹਿਲਾਂ ਤੋਂ ਖਰਾਬ ਚਲੀ ਆ ਰਹੀ ਆਰਥਿਕ ਸਥਿਤੀ ਤੇ ਵੀ ਪਿਆ।

ਉੱਪਰ ਦਿੱਤੇ ਗਏ ਸਾਰੇ ਤੱਥ ਸੁਤੰਤਰਤਾ ਪ੍ਰਾਪਤੀ ਸਮੇਂ ਭਾਰਤੀ ਅਰਥਵਿਵਸਥਾ ਦੀ ਮਾੜੀ ਹਾਲਤ ਨੂੰ ਬਿਆਨ ਕਰਦੇ ਹਨ। ਉਸ ਸਮੇਂ ਭਾਰਤੀ ਅਰਥ ਵਿਵਸਥਾ ਲੱਗਭੱਗ ਖੜੋਤ ਦੀ ਸਥਿਤੀ ਵਿਚ ਸੀ।

ਇਹ ਤਾਂ ਹੋਈ ਸੁਤੰਤਰਤਾ ਪ੍ਰਾਪਤੀ ਦੇ ਸਮੇਂ, ਅਰਥਾਤ 1947 ਦੀ ਗੱਲ। ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਭਾਰਤੀ ਅਰਥ ਵਿਵਸਥਾ ਦਾ ਕੀ ਸਰੂਪ ਰਿਹਾ ਹੈ, ਕੀ ਇਸ ਸਰੂਪ ਵਿਚ ਕੋਈ ਬਦਲਾਅ ਆਇਆ ਹੈ, ਇਸ ਸਭ ਬਾਰੇ ਚਰਚਾ ਇਸ ਪਾਠ ਦੇ ਦੂਜੇ ਭਾਗ ਵਿਚ ਅਸੀਂ ਕਰਾਂਗੇ। ਪਰ ਅੱਗੇ ਵੱਧਣ ਤੋਂ ਪਹਿਲਾਂ ਹੁਣ ਤੱਕ ਅਸੀਂ ਜੋ ਜਾਣਕਾਰੀ ਪ੍ਰਾਪਤ ਕੀਤੀ ਹੈ, ਉਸ ਦੀ ਪਰਖ ਕਰ ਲਈਏ। ਇਸ ਦੇ ਲਈ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲੱਭਣ/ਲਿਖਣ ਦਾ ਯਤਨ ਕੀਤਾ ਜਾਵੇ:

**ਸਵੈ ਅਭਿਆਸ ਲਈ ਪ੍ਰਸ਼ਨ**

**(ੳ) ਸੁਤੰਤਰਤਾ ਪ੍ਰਾਪਤੀ ਦੇ ਸਮੇਂ ਭਾਰਤੀ ਖੇਤੀਬਾੜੀ ਦੀ ਕੀ ਦਸ਼ਾ ਸੀ?**

**(ਅ) ਗਤੀਹੀਣ ਅਰਥਵਿਵਸਥਾ ਕਿਸ ਨੂੰ ਕਹਿੰਦੇ ਹਨ? ਕੀ ਸੁਤੰਤਰਤਾ ਪ੍ਰਾਪਤੀ ਸਮੇਂ ਭਾਰਤੀ ਅਰਥਵਿਵਸਥਾ ਗਤੀਹੀਣ ਸੀ?**

**ਭਾਗ ਦੂਜਾ**

## 2.1.4 ਭਾਰਤੀ ਅਰਥਵਿਵਸਥਾ ਦਾ ਵਰਤਮਾਨ ਸਰੂਪ

ਅਸੀਂ ਹੁਣ ਤੱਕ ਇਹ ਜਾਣ ਸਕੇ ਹਾਂ ਕਿ ਆਜ਼ਾਦੀ ਮਿਲਣ ਦੇ ਸਮੇਂ ਭਾਰਤ ਦੀ ਅਰਥਵਿਵਸਥਾ ਪਛੜੀ ਹੋਈ, ਖੇਤੀ ਪ੍ਰਧਾਨ, ਅਲਪ ਵਿਕਸਤ ਸੀ। ਪ੍ਰਤੀ ਜੀਅ ਆਮਦਨ ਨਾ ਸਿਰਫ ਘੱਟ ਸੀ, ਸਗੋਂ ਆਮਦਨ ਦੀ ਵੰਡ ਵੀ ਅਸਮਾਨ ਸੀ। ਅੰਗਰੇਜ਼ੀ ਸਰਕਾਰ ਅਰਥ ਵਿਵਸਥਾ ਨੂੰ ਉਸੇ ਤਰ੍ਹਾਂ ਚਲਾ ਰਹੀ ਸੀ ਜਿਸ ਨਾਲ ਸਿਰਫ ਬਰਤਾਨਵੀ ਅਰਥ ਵਿਵਸਥਾ ਨੂੰ ਲਾਭ ਪਹੁੰਚੇ।

ਆਜ਼ਾਦੀ ਤੋਂ ਬਾਅਦ ਯੋਜਨਾਬੰਦੀ ਆਰੰਭ ਕਰਕੇ ਭਾਰਤੀ ਅਰਥ ਵਿਵਸਥਾ ਨੂੰ ਖੜੋਤ ਅਤੇ ਪਛੜੇਪਨ ਦੀ ਅਵਸਥਾ ਤੋਂ ਕੱਢਣ ਲਈ ਕੋਸ਼ਿਸ਼ ਕੀਤੀ ਗਈ। ਨਾਲ ਹੀ ਇਹ ਬਹਿਸ ਵੀ ਸ਼ੁਰੂ ਹੋ ਗਈ ਕਿ ਆਪਣੇ ਤੌਰ ਤੇ ਵਿਕਾਸ ਕਰਨ ਲਈ ਭਾਰਤ ਨੂੰ ਕਿਹੋ ਜਿਹੀਆਂ ਲੀਹਾਂ ਉੱਪਰ ਚਲਣਾ ਹੈ, ਉਸ ਦੇ ਅਨੁਕੂਲ ਸਿਸਟਮ ਦਾ ਸਰੂਪ ਕਿਹੋ ਜਿਹਾ ਹੋਵੇ ਤਾਂ ਜੋ ਇਸ ਦਾ ਵਿਕਾਸ ਹੋ ਸਕੇ। ਇਨ੍ਹਾਂ ਸਾਰੀ ਕੋਸ਼ਿਸ਼ਾਂ ਦਾ ਜੋ ਨਤੀਜਾ ਰਿਹਾ, ਉਸ ਨੂੰ ਅਸੀਂ ਭਾਰਤੀ ਆਰਥਿਕ ਸਿਸਟਮ ਦਾ ਵਰਤਮਾਨ ਸਰੂਪ ਕਹਿ ਸਕਦੇ ਹਾਂ। ਇਹ ਸਰੂਪ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਤੋਂ ਸਪੱਸ਼ਟ ਹੋ ਜਾਂਦਾ ਹੈ :

1.4.1 ਭਾਰਤੀ ਅਰਥ ਵਿਵਸਥਾ ਵਿਕਾਸਸ਼ੀਲ* ਹੈ;

1.4.2 ਭਾਰਤੀ ਅਰਥ ਵਿਵਸਥਾ ਇੱਕ ਮਿਸ਼ਰਤ ਅਰਥ ਵਿਵਸਥਾ ਹੈ;

1.4.3 ਭਾਰਤੀ ਅਰਥ ਵਿਵਸਥਾ ਦਵੈਤਵਾਦੀ (dualistic) ਅਰਥ ਵਿਵਸਥਾ ਹੈ।

ਆਓ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਵਿਸਥਾਰਪੂਰਵਕ ਪੜ੍ਹੀਏ।

### 2.1.4.1 ਭਾਰਤੀ ਅਰਥ ਵਿਵਸਥਾ ਵਿਕਾਸਸ਼ੀਲ ਹੈ

ਘੱਟ ਵਿਕਸਿਤ ਦੇਸ਼ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਪ੍ਰਤੀ ਜੀਅ ਆਮਦਨ ਵਿਕਸਿਤ ਦੇਸ਼ਾਂ (ਅਮਰੀਕਾ, ਯੂ. ਕੇ., ਕੈਨੇਡਾ ਆਦਿ) ਦੇ ਮੁਕਾਬਲੇ ਬਹੁਤ ਘੱਟ ਹੈ, ਪਰ ਜਿਨ੍ਹਾਂ ਵਿਚ ਲੋੜੀਂਦਾ ਸੁਧਾਰ ਕਰ ਸਕਣ ਦੀ ਸਮੱਰਥਾ ਰਹਿੰਦੀ ਹੈ। ਘੱਟ ਵਿਕਸਤ ਹੋਣ ਦੇ ਕੁਝ ਖਾਸ ਲੱਛਣ ਹੁੰਦੇ ਹਨ। ਜੇਕਰ ਇਨ੍ਹਾਂ ਲੱਛਣਾਂ ਦਾ ਭਾਰਤੀ ਅਰਥ ਵਿਵਸਥਾ ਦੇ ਸੰਦਰਭ ਵਿਚ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਭਾਰਤੀ ਅਰਥ ਵਿਵਸਥਾ ਅਜ਼ਾਦੀ ਪ੍ਰਾਪਤ ਕਰਨ ਤੋਂ ਐਨੇ ਸਾਲ ਬਾਅਦ ਵੀ ਪੱਛੜੀ ਹੋਈ ਤਾਂ ਹੈ, ਐਪਰ ਇਹ ਵਿਕਾਸਸ਼ੀਲ ਹੈ ਅਰਥਾਤ ਇਸ ਦੇ ਸਰੂਪ ਵਿਚ ਤੇਜ਼ੀ ਨਾਲ ਪਰਿਵਰਤਨ ਤਾਂ ਆਏ ਹਨ, ਪਰ ਵਿਕਸਤ ਦੇਸ਼ਾਂ ਤੋਂ ਇਹ ਹਾਲੇ ਵੀ ਬਹੁਤ ਪਿੱਛੇ ਹੈ। ਇਹ ਲੱਛਣ ਹਨ:

### (i) ਘੱਟ ਪ੍ਰਤੀ ਜੀਅ ਆਮਦਨ

ਵਿਕਸਤ ਦੇਸ਼ਾਂ ਦੇ ਮੁਕਾਬਲੇ ਭਾਰਤ ਦੀ ਪ੍ਰਤੀ ਜੀਅ ਆਮਦਨ ਬਹੁਤ ਘੱਟ ਹੈ। 1951 ਵਿਚ ਇਸ ਦੀ ਪ੍ਰਤੀ ਜੀਅ ਆਮਦਨ 255 ਰੁਪਏ (1950-51 ਦੀ ਕੀਮਤਾਂ ਤੇ) ਸੀ। ਇਹ ਆਮਦਨ 1993-94 ਦੀ ਕੀਮਤਾਂ ਤੇ 3687 ਰੁਪਏ ਬਣਦੀ ਹੈ। ਇਨ੍ਹਾਂ ਕੀਮਤਾਂ ਤੇ ਹੀ 2003-2004 ਵਿਚ ਪ੍ਰਤੀ ਜੀਅ ਆਮਦਨ ਲੱਗਭੱਗ 11 ਹਜ਼ਾਰ ਰੁਪਏ ਹੋ ਗਈ, ਜਾਂ ਕਹਿ ਲਵੋ ਕਿ 54 ਸਾਲਾਂ ਵਿਚ ਪ੍ਰਤੀ ਜੀਅ ਆਮਦਨ ਵਿਚ ਤਿੰਨ ਗੁਣਾਂ ਵਾਧਾ ਹੋਇਆ।

ਜੇਕਰ ਵਿਕਸਤ ਦੇਸ਼ਾਂ ਦੀ ਪ੍ਰਤੀ ਜੀਅ ਆਮਦਨ ਨਾਲ ਮੁਕਾਬਲਾ ਕੀਤਾ ਜਾਵੇ ਤਾਂ (World Development Indicators 2010 ਦੇ ਅਨੁਸਾਰ) 2009 ਵਿਚ ਭਾਰਤ ਦੀ ਪ੍ਰਤੀ ਜੀਅ ਆਮਦਨ 1180 ਡਾਲਰ ਸੀ, ਜਦ ਕਿ ਯੂ.ਐਸ.ਏ. ਦੀ 47240 ਡਾਲਰ, ਜਾਪਾਨ ਦੀ 37870 ਡਾਲਰ, ਯੂ.ਕੇ. ਦੀ 41520 ਡਾਲਰ ਸੀ। ਇਹ ਤੁਲਨਾ ਜੇਕਰ ਅਸੀਂ ਪਰਚੇਜਿੰਗ ਪਾਵਰ ਪੈਰਿਟੀ* ਦੇ ਅਧਾਰ ਤੇ ਕਰੀਏ ਤਾਂ ਵੀ ਅਮਰੀਕਾ ਦੀ ਪ੍ਰਤੀ ਜੀਅ ਆਮਦਨ ਭਾਰਤ ਨਾਲੋਂ 14 ਗੁਣਾ ਜ਼ਿਆਦਾ ਬੈਠਦੀ ਹੈ (ਸਾਲ 2009 ਲਈ)।

ਇਸ ਕਰਕੇ ਹਾਲਾਂਕਿ ਭਾਰਤ ਦੀ ਪ੍ਰਤੀ ਜੀਅ ਆਮਦਨ 1947 ਦੇ ਮੁਕਾਬਲੇ ਵਧੀ ਹੈ, ਪਰ ਇਹ ਵਿਕਸਤ ਦੇਸ਼ਾਂ ਦੇ ਮੁਕਾਬਲੇ ਹਾਲੇ ਵੀ ਬਹੁਤ ਘੱਟ ਹੈ।

### (ii) ਖੇਤੀਬਾੜੀ ਤੇ ਨਿਰਭਰਤਾ

ਭਾਰਤ ਦੀ ਜਨਸੰਖਿਆ ਦਾ ਮੁੱਖ ਭਾਗ (ਲੱਗਭਗ 60 ਪ੍ਰਤੀਸ਼ਤ) ਹਾਲੇ ਵੀ ਖੇਤੀਬਾੜੀ ਤੇ ਨਿਰਭਰ ਹੈ। ਇਸਦੇ ਬਾਵਜੂਦ ਖੇਤੀਬਾੜੀ ਦਾ ਰਾਸ਼ਟਰੀ ਆਮਦਨ ਵਿਚ ਹਿੱਸਾ 28 ਪ੍ਰਤੀਸ਼ਤ ਦੇ ਆਸਪਾਸ ਹੀ ਹੈ। ਇਹ ਠੀਕ ਹੈ ਕਿ 1947 ਦੇ

* ਬਹੁਤੇ ਅਰਥ ਸ਼ਾਸਤਰੀ ਤਾਂ ਭਾਰਤ ਨੂੰ ਹਾਲੇ ਵੀ ਘੱਟ ਵਿਕਸਤ ਦੇਸ਼ ਦਾ ਨਾਂ ਦਿੰਦੇ ਹਨ, ਪਰ ਵਰਤਮਾਨ ਅਰਥ ਵਿਗਿਆਨ ਵਿਚ ਭਾਰਤ ਵਰਗੇ ਦੇਸ਼ਾਂ ਨੂੰ ਵਿਕਾਸਸ਼ੀਲ ਕਿਹਾ ਜਾਂਦਾ ਹੈ, ਕਿਉਂਕਿ ਇਹ ਵਿਕਾਸ ਕਰ ਰਿਹਾ ਹੈ, ਭਾਵੇਂ ਇਸ ਦੀ ਵਿਕਾਸ ਦਰ ਧੀਮੀ ਹੀ ਹੈ।

ਮੁਕਾਬਲੇ ਜਨਸੰਖਿਆ ਦੀ ਖੇਤੀਬਾੜੀ ਤੇ ਨਿਰਭਰਤਾ ਘਟੀ ਹੈ, ਪਰ ਵਿਕਸਤ ਦੇਸ਼ਾਂ ਦੇ ਅੰਕੜਿਆਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇਸ਼ਾਂ ਦੀ ਸਿਰਫ਼ 2-3 ਪ੍ਰਤੀਸ਼ਤ ਜਨਸੰਖਿਆ ਹੀ ਖੇਤੀਬਾੜੀ ਤੇ ਨਿਰਭਰ ਹੈ, ਅਤੇ ਉਤਨਾ ਹੀ ਯੋਗਦਾਨ ਉਹ ਰਾਸ਼ਟਰੀ ਆਮਦਨ ਵਿਚ ਪਾ ਰਹੀ ਹੈ।

ਭਾਵੇਂ ਹਰੀ ਕ੍ਰਾਂਤੀ ਦੇ ਆਉਣ ਨਾਲ ਭਾਰਤੀ ਖੇਤੀਬਾੜੀ ਦੇ ਵਿਚ ਗਤੀਹੀਨਤਾ ਖਤਮ ਹੋਈ ਹੈ ਅਤੇ ਅਸੀਂ ਅਨਾਜ ਦੀ ਪੂਰਤੀ ਵਿਚ ਆਤਮਨਿਰਭਰਤਾ ਵੱਲ ਵੱਧ ਗਏ ਹਾਂ, ਪਰ ਅੱਜ ਵੀ ਖੇਤੀਬਾੜੀ ਵਿਚ ਉਤਪਾਦਨ ਅਤੇ ਉਤਪਾਦਿਕਤਾ ਬਹੁਤ ਘੱਟ ਹੈ, ਇਸ ਕਰਕੇ ਭਾਰਤ ਨੂੰ ਵਿਕਸਤ ਦੇਸ਼ਾਂ ਦੇ ਨਾਲ ਨਹੀਂ ਰੱਖਿਆ ਜਾ ਸਕਦਾ।

### (iii) ਜਨਸੰਖਿਆ ਦੀ ਅਧਿਕਤਾ

ਭਾਰਤ ਦੀ ਵਸੋਂ ਤੇਜ਼ੀ ਨਾਲ ਵੱਧ ਰਹੀ ਹੈ। ਇਸ ਦਾ ਦੇਸ਼ ਦੇ ਆਰਥਿਕ ਵਿਕਾਸ ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਵਸੋਂ ਦੀ ਵਾਧਾ ਦਰ, ਜਿਹੜੀ ਕਿ 1941-50 ਵਿਚ 1.3 ਪ੍ਰਤੀਸ਼ਤ ਸੀ, 1991-2001 ਦੌਰਾਨ ਵੱਧ ਕੇ ਲੱਗਭੱਗ 2 ਪ੍ਰਤੀਸ਼ਤ ਹੋ ਗਈ। ਇਸ ਦਾ ਮੁੱਖ ਕਾਰਣ ਸੀ ਮੌਤ ਦਰ ਵਿਚ ਗਿਰਾਵਟ ਆਉਣਾ, ਹਾਲਾਂਕਿ ਜਨਮ ਦਰ ਵਿਚ ਵੀ ਕੁਝ ਗਿਰਾਵਟ ਆਈ ਹੈ।

ਵੱਧ ਰਹੀ ਵਸੋਂ ਦੇ ਕਾਰਨ ਸਰਕਾਰ ਨੂੰ ਜ਼ਿਆਦਾ ਵਿੱਤੀ ਸਾਧਨ ਭਲਾਈ ਦੇ ਕੰਮਾਂ ਲਈ ਖਰਚ ਕਰਨੇ ਪੈਂਦੇ ਹਨ। ਇਸ ਕਰਕੇ ਵਿਕਾਸ ਕੰਮਾਂ ਲਈ ਪੂੰਜੀ ਸਾਧਨਾਂ ਦੀ ਥੁੜ੍ਹ ਹੋ ਜਾਂਦੀ ਹੈ। ਵਸੋਂ ਦੇ ਵੱਧ ਹੋਣ ਨਾਲ ਕਿਰਤ ਵਿਚ ਵੀ ਵਾਧਾ ਹੁੰਦਾ ਹੈ, ਅਤੇ ਸਭ ਨੂੰ ਰੁਜ਼ਗਾਰ ਪ੍ਰਾਪਤ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਫੇਰ ਜਨਸੰਖਿਆ ਦੀ ਨਿਰਭਰਤਾ ਖੇਤੀਬਾੜੀ ਤੇ ਵੱਧਦੀ ਹੈ ਅਤੇ ਛੁਪੀ ਹੋਈ ਬੇਰੁਜ਼ਗਾਰੀ ਦੀ ਸਮੱਸਿਆ ਪੈਦਾ ਹੁੰਦੀ ਹੈ। ਇਨ੍ਹਾਂ ਹਾਲਤਾਂ ਵਿਚ ਆਰਥਿਕ ਵਿਕਾਸ ਨਹੀਂ ਹੁੰਦਾ।

### (iv) ਪੂੰਜੀ ਦੀ ਘਾਟ

ਭਾਰਤ ਵਿਚ ਅਧਿਕ ਜਨਸੰਖਿਆ ਹੋਣ ਕਰਕੇ ਕਿਰਤ ਸ਼ਕਤੀ ਤਾਂ ਬਹੁਤ ਹੈ, ਪਰ ਇੱਥੇ ਪੂੰਜੀ ਦੀ ਘਾਟ ਹੈ। ਪੂੰਜੀ ਨਿਰਮਾਣ ਦੀ ਦਰ ਇਥੇ ਬਹੁਤ ਘੱਟ ਹੈ। ਇਸ ਘਾਟ ਕਰਕੇ ਉਦਯੋਗਾਂ ਦੀ ਸਥਾਪਨਾ ਅਤੇ ਪੁਰਾਣੇ ਉਦਯੋਗਾਂ ਦੇ ਆਧੁਨਿਕੀਕਰਨ ਵਿਚ ਮੁਸ਼ਕਲ ਆਉਂਦੀ ਹੈ। ਚਾਲੂ ਪ੍ਰਾਜੈਕਟਾਂ ਨੂੰ ਸਮੇਂ ਸਿਰ ਪੂਰਾ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਪੂੰਜੀ ਨਿਰਮਾਣ ਦੀ ਦਰ, ਜਿਹੜੀ ਕਿ 1950-51 ਵਿਚ 8.7 ਪ੍ਰਤੀਸ਼ਤ ਸੀ, 39.7 ਪ੍ਰਤੀਸ਼ਤ ਦੇ ਆਸ ਪਾਸ ਹੋ ਗਈ ਹੈ, (2008 ਵਿਚ) ਪਰ ਦੇਸ਼ ਦੀ ਲੋੜਾਂ ਅਨੁਸਾਰ, ਅਤੇ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਲਈ ਇਹ ਹਾਲੇ ਵੀ ਘੱਟ ਹੈ।

### (v) ਆਮਦਨ ਅਤੇ ਸੰਪਤੀ ਦੀ ਅਸਮਾਨ ਵੰਡ

ਆਮਦਨ ਅਤੇ ਸੰਪਤੀ ਦੀ ਵੰਡ ਵਿਚ ਕੁੱਝ ਅਸਮਾਨਤਾ ਹਰ ਦੇਸ਼ ਵਿਚ ਪਾਈ ਜਾਂਦੀ ਹੈ, ਪਰ ਭਾਰਤ ਵਿਚ ਤਾਂ ਇਹ ਬਹੁਤ ਹੀ ਜ਼ਿਆਦਾ ਹੈ। ਮਾਹਿਰਾਂ ਦੇ ਅਨੁਸਾਰ ਭਾਰਤ ਵਿਚ ਉਪਰਲੇ ਵਰਗ ਦੇ 10 ਪ੍ਰਤੀਸ਼ਤ ਵਿਅਕਤੀਆਂ ਨੂੰ ਰਾਸ਼ਟਰੀ ਆਮਦਨ ਦਾ ਲਗਭੱਗ 45 ਪ੍ਰਤੀਸ਼ਤ ਅਤੇ ਹੇਠਲੇ ਵਰਗ ਦੇ 51 ਪ੍ਰਤੀਸ਼ਤ ਵਿਅਕਤੀਆਂ ਨੂੰ ਰਾਸ਼ਟਰੀ ਆਮਦਨ ਦਾ ਕੇਵਲ 10 ਪ੍ਰਤੀਸ਼ਤ ਭਾਗ ਪ੍ਰਾਪਤ ਹੁੰਦਾ ਹੈ। ਪੇਂਡੂ ਇਲਾਕਿਆਂ ਵਿਚ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੈ।

ਇਸ ਅਸਮਾਨ ਵੰਡ ਕਰਕੇ ਉਤਪਾਦਨ ਦੇ ਸਾਧਨ ਅਮੀਰਾਂ ਦੇ ਹੱਥ ਵਿਚ ਹਨ; ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋਈ ਜਾ ਰਹੇ ਹਨ।

### (vi) ਰਹਿਣ-ਸਹਿਣ ਦਾ ਨੀਵਾਂ ਪੱਧਰ

ਭਾਰਤ ਵਿਚ ਲੋਕਾਂ ਦਾ ਰਹਿਣ-ਸਹਿਣ ਦਾ ਪੱਧਰ ਬਹੁਤ ਨੀਵਾਂ ਹੈ। ਅਧਿਕ ਜਨਸੰਖਿਆਂ ਅਤੇ ਪ੍ਰਤੀ ਜੀਅ ਆਮਦਨ ਘੱਟ ਹੋਣ ਕਰਕੇ ਇਥੇ ਦੇ ਬਹੁਤੇ ਲੋਕਾਂ ਨੂੰ ਰੋਟੀ, ਕਪੜਾ ਅਤੇ ਮਕਾਨ ਦੀ ਸਹੂਲਤ ਵੀ ਨਸੀਬ ਨਹੀਂ ਹੁੰਦੀ। ਇਕ ਆਮ ਭਾਰਤੀ ਦੀ ਕੈਲੋਰੀ (Calorie) ਦੀ ਖਪਤ ਵਿਕਸਤ ਦੇਸ਼ਾਂ ਦੇ ਮੁਕਾਬਲੇ ਬਹੁਤ ਘੱਟ ਹੈ — 2496 ਕੈਲੋਰੀਜ਼। — ਜਦ ਕਿ ਵਿਕਸਤ ਦੇਸ਼ਾਂ ਵਿਚ ਇਹ 3000 ਤੋਂ 3700 ਦੇ ਲੱਗਭਗ ਹੈ (1999 ਦੇ ਅੰਕੜਿਆਂ ਅਨੁਸਾਰ)। ਇਸ ਕਰਕੇ ਇਥੇ ਦੀ ਜਨਤਾ ਕੁਪੋਸ਼ਨ

---

* ਕਿਸੇ ਵੀ ਦੇਸ਼ ਦੀ ਕਰੰਸੀ ਦੇ ਕਿੰਨੇ ਯੂਨਿਟ ਉਨ੍ਹੀ ਅਤੇ ਉਹੀ ਵਸਤਾਂ ਖਰੀਦਣ ਲਈ ਚਾਹੀਦੇ ਹਨ ਜਿਨ੍ਹਾਂ ਕਿ ਅਮਰੀਕਾ ਦਾ ਇੱਕ ਡਾਲਰ ਅਮਰੀਕਾ ਵਿਚ ਹੀ ਖਰੀਦ ਸਕਦਾ ਹੈ, ਇਸ ਨੂੰ ਪਰਚੇਜ਼ਿੰਗ ਪਾਵਰ ਪੈਰਿਟੀ ਕਹਿੰਦੇ ਹਨ। (Purchasing Power Parity (PPP) is defined as the number of units of a foreign country's currency required to purchase the identical quantity of goods and services in the local market as $1 would buy in the US.)

(malnutrition) ਦੀ ਸ਼ਿਕਾਰ ਹੈ। ਇਨ੍ਹਾਂ ਦੀ ਉਤਪਾਦਿਕਤਾ ਵੀ ਇਸੇ ਕਰਕੇ ਬਹੁਤ ਘੱਟ ਹੈ।

**(vii) ਨੀਂਵੇ ਪੱਧਰ ਦੀ ਤਕਨੀਕ**

ਭਾਰਤੀ ਅਰਥ ਵਿਵਸਥਾ ਵਿਚ ਵਧੇਰੇ ਉਤਪਾਦਕ ਯੂਨਿਟਾਂ ਵਿਚ ਨੀਵੇਂ ਪੱਧਰ ਦੀ ਤਕਨੀਕ ਦਾ ਪ੍ਰਯੋਗ ਹੁੰਦਾ ਹੈ, ਹਾਲਾਂਕਿ ਕਈ ਖੇਤਰਾਂ ਵਿਚ ਆਧੁਨਿਕ ਤਕਨੀਕ ਵੀ ਪ੍ਰਯੋਗ ਹੁੰਦੀ ਹੈ। ਪੁਰਾਣੀ ਤਕਨੀਕ ਦੀ ਵਰਤੋਂ ਕਰਕੇ ਉਤਪਾਦਨ ਲਾਗਤ ਵੱਧ ਹੁੰਦੀ ਹੈ ਜਦ ਕਿ ਉਤਪਾਦਨ ਘੱਟ। ਪੁਰਾਣੀ ਤਕਨੀਕ ਦੀ ਵਰਤੋਂ ਦਾ ਕਾਰਣ ਨਾ ਕੇਵਲ ਪੂੰਜੀ ਦੀ ਘਾਟ ਹੈ, ਸਗੋਂ ਤਕਨੀਕਾਂ ਬਾਰੇ ਜਾਣਕਾਰੀ ਨਾ ਹੋਣਾ ਵੀ ਹੈ। ਖੇਤੀਬਾੜੀ ਵਿਚ ਵੀ ਬਹੁਤ ਪੁਰਾਣੀ ਤਕਨੀਕਾਂ ਦੀ ਵਰਤੋਂ ਹੁੰਦੀ ਹੈ, ਹਾਲਾਂਕਿ ਦੇਸ਼ ਦੇ ਕੁਝ ਭਾਗਾਂ ਵਿਚ ਹਰੀ ਕ੍ਰਾਂਤੀ ਦੇ ਨਾਲ ਨਵੀਂ ਅਤੇ ਵਧਿਆਂ ਤਕਨੀਕ ਦੀ ਵਰਤੋਂ ਵੀ ਹੁੰਦੀ ਹੈ।

ਉੱਪਰ ਦਿੱਤੇ ਤੱਥਾਂ ਤੋਂ ਇਲਾਵਾ ਵੀ ਹੋਰ ਬਹੁਤ ਇਹੋ ਜਿਹੇ ਲੱਛਣ ਹਨ, ਜਿਹੜੇ ਕਿ ਇਸ ਗੱਲ ਵੱਲ ਸੰਕੇਤ ਦਿੰਦੇ ਹਨ ਕਿ ਭਾਰਤ ਦੀ ਅਰਥ ਵਿਵਸਥਾ ਅਲਪ ਵਿਕਸਤ ਹੈ, ਪਰੰਤੂ ਇਸ ਵਿਚ ਵਿਕਾਸ ਹੋ ਰਿਹਾ ਹੈ, ਭਾਵੇਂ ਵਿਕਾਸ ਦੀ ਦਰ ਘੱਟ ਹੈ। ਇਹ ਲੱਛਣ ਹਨ — ਘੱਟ ਵਿਕਸਤ ਕੁਦਰਤੀ ਸਾਧਨ, ਬੇਰੁਜ਼ਗਾਰੀ, ਗਰੀਬੀ, ਸਮਾਜਕ ਅਰਧ ਸੰਰਚਨਾ ਦੀ ਘਾਟ, ਘਟੀਆ ਮਨੁੱਖੀ ਪੂੰਜੀ ਆਦਿ। ਇਹ ਸੂਚੀ ਤਾਂ ਬਹੁਤ ਲੰਮੀ ਹੈ। ਪਰੰਤੂ ਕਿਉਂਕਿ ਸਥਿਤੀ ਵਿਚ ਹੌਲੀ-ਹੌਲੀ ਸੁਧਾਰ ਹੋ ਰਿਹਾ ਹੈ, ਅਤੇ 1947 ਦੇ ਮੁਕਾਬਲੇ ਹੁਣ ਭਾਰਤ ਦੀ ਵਿਕਾਸ ਦਰ ਵੱਧ ਹੈ, ਇਸ ਕਰਕੇ ਅਸੀਂ ਭਾਰਤੀ ਅਰਥ ਵਿਵਸਥਾ ਨੂੰ ਘੱਟ ਵਿਕਸਤ ਨਾ ਕਹਿ ਕੇ ਵਿਕਸਾਸ਼ੀਲ ਹੀ ਕਹਾਂਗੇ।

ਭਾਰਤੀ ਅਰਥ ਵਿਵਸਥਾ ਦੇ ਸਰੂਪ ਦਾ ਦੂਜਾ ਪੱਖ ਹੈ ਕਿ ਇਹ ਇੱਕ ਮਿਸ਼ਰਤ ਅਰਥ ਵਿਵਸਥਾ ਹੈ। ਇਸ ਸਰੂਪ ਨੂੰ ਹੁਣ ਅਸੀਂ ਵਿਸਥਾਰ ਪੂਰਵਕ ਪੜ੍ਹਾਂਗੇ।

**2.1.4.2 ਭਾਰਤੀ ਅਰਥ ਵਿਵਸਥਾ ਇੱਕ ਮਿਸ਼ਰਤ ਅਰਥ ਵਿਵਸਥਾ ਹੈ**

ਮਿਸ਼ਰਤ ਅਰਥ ਵਿਵਸਥਾ ਤੋਂ ਭਾਵ ਹੈ ਸਰਵਜਨਕ ਅਤੇ ਨਿਜੀ ਖੇਤਰ ਦੀ ਸਾਂਝੀ ਹੋਂਦ। ਪਰੰਤੂ ਇਨ੍ਹਾਂ ਦੀ ਸਾਂਝੀ ਹੋਂਦ ਤੋਂ ਇਲਾਵਾ ਇੱਕ ਮਿਸ਼ਰਤ ਅਰਥ ਵਿਵਸਥਾ ਵਿਚ ਸਟੇਟ (ਸਰਕਾਰ) ਦੀ ਅਹਿਮ ਸਕਾਰਾਤਮਕ (positive) ਭੂਮਿਕਾ ਹੁੰਦੀ ਹੈ, ਅਤੇ ਪੂੰਜੀਵਾਦ ਅਤੇ ਸਮਾਜਵਾਦ, ਦੋਵਾਂ ਦੇ ਲੱਛਣ ਪਾਏ ਜਾਂਦੇ ਹਨ।

ਭਾਰਤ ਵਿਚ ਮਿਸ਼ਰਤ ਅਰਥ ਵਿਵਸਥਾ ਦੀ ਨੀਂਹ 1948 ਦੀ ਉਦਯੋਗਿਕ ਨੀਤੀ ਵਿਚ ਰੱਖੀ ਗਈ। ਕਿਉਂਕਿ ਭਾਰਤ ਵਿਚ ਜਮਹੂਰੀ ਰਾਜ ਹੈ, ਇਸ ਕਰਕੇ ਇਹ ਕਠੋਰਤਾ ਨਾਲ ਸਰਕਾਰ ਦਾ ਕੰਟਰੋਲ ਸਮੁੱਚੀ ਅਰਥ ਵਿਵਸਥਾ ਤੇ ਲਾਗੂ ਨਹੀਂ ਸੀ ਕਰ ਸਕਦਾ। ਦੂਜੇ ਪਾਸੇ ਆਰਥਿਕ ਵਿਕਾਸ ਦੀ ਮੰਗ ਸੀ ਕਿ ਸਰਕਾਰ ਆਰਥਿਕ ਕ੍ਰਿਆਵਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਵੇ। ਇਸ ਕਰਕੇ ਜਦੋਂ ਆਰਥਿਕ ਯੋਜਨਾਬੰਦੀ ਅਪਨਾਈ ਗਈ, ਤਾਂ ਸਰਕਾਰ ਸਰਵਜਨਕ ਖੇਤਰ ਰਾਹੀਂ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਲੱਗੀ, ਪਰ ਦੂਜੇ ਪਾਸੇ ਨਿਜੀ ਖੇਤਰ ਦੇ ਵਿਕਾਸ ਵੱਲ ਵੀ ਧਿਆਨ ਦਿੱਤਾ ਗਿਆ।

ਭਾਰਤ ਦੀ ਮਿਸ਼ਰਤ ਅਰਥ ਵਿਵਸਥਾ ਦੀਆਂ ਮੁੱਖ ਵਿਸ਼ੇਸ਼ਤਾਈਆਂ ਹੇਠ ਲਿਖੀਆਂ ਹਨ:

**(i) ਸਰਵਜਨਕ ਅਤੇ ਨਿਜੀ ਖੇਤਰ ਦੀ ਸਹਿ-ਹੋਂਦ** - ਉਹ ਖੇਤਰ ਜਿਨ੍ਹਾਂ ਵਿਚ ਉਤਪਾਦਨ ਅਤੇ ਵੰਡ ਦੇ ਕਾਰਜ ਨੂੰ ਕੰਟਰੋਲ ਕਰਨ ਅਤੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸਿਰਫ ਸਟੇਟ ਦੀ ਹੈ, ਉਸ ਨੂੰ ਸਰਵਜਨਕ ਖੇਤਰ ਕਿਹਾ ਜਾਂਦਾ ਹੈ। ਅਜਿਹਾ ਖੇਤਰ ਜਿਸ ਵਿਚ ਨਿਜੀ ਪੂੰਜੀਪਤੀਆਂ ਨੂੰ ਉਦਯੋਗ ਸਥਾਪਿਤ ਕਰਨ ਦੀ ਪੂਰਨ ਆਜ਼ਾਦੀ ਹੁੰਦੀ ਹੈ, ਉਸ ਨੂੰ ਨਿਜੀ ਖੇਤਰ ਕਿਹਾ ਜਾਂਦਾ ਹੈ।

ਭਾਰਤ ਵਿਚ ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਲਈ ਮੁੱਢਲੇ ਅਤੇ ਭਾਰੀ ਉਦਯੋਗ ਸਰਵਜਨਕ ਖੇਤਰ ਵਿਚ ਸਥਾਪਿਤ ਕੀਤੇ ਗਏ ਹਨ। ਦੂਜੇ ਪਾਸੇ ਨਿਜੀ ਖੇਤਰ ਦੇ ਵਿਕਾਸ ਲਈ ਸਰਕਾਰ ਵਲੋਂ ਢਾਂਚਾਗਤ ਸਹੂਲਤਾਂ ਦਾ ਵਿਕਾਸ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਅਜਿਹਾ ਖੇਤਰ ਜਿਸ ਵਿਚ ਸਰਕਾਰ ਅਤੇ ਨਿਜੀ ਖੇਤਰ ਦੇ ਉਦਯੋਗਪਤੀਆਂ ਨੂੰ ਉਦਯੋਗ ਸਥਾਪਿਤ ਕਰਨ ਦੀ ਖੁੱਲ੍ਹ ਹੁੰਦੀ ਹੈ, ਉਸ ਨੂੰ ਸੰਯੁਕਤ ਖੇਤਰ ਕਿਹਾ ਜਾਂਦਾ ਹੈ। ਭਾਰਤ ਵਿਚ ਇਸ ਖੇਤਰ ਦੇ ਵਿਕਾਸ ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਪੂੰਜੀ ਦੀ ਘਾਟ ਹੋਣ ਦੇ ਕਾਰਣ ਉਦਯੋਗਪਤੀ ਵੱਡੇ ਉਦਯੋਗ ਸਥਾਪਿਤ ਕਰਨ ਦੇ ਯੋਗ

ਨਹੀਂ ਸਨ। ਅਜਿਹੀ ਸਥਿਤੀ ਵਿਚ ਸਰਕਾਰ ਉਦਯੋਗਪਤੀਆਂ ਨਾਲ ਭਾਈਵਾਲੀ ਦੇ ਆਧਾਰ ਦੇ ਉਦਯੋਗ ਸਥਾਪਿਤ ਕਰਦੀ ਹੈ।

**(ii) ਆਰਥਿਕ ਯੋਜਨਾਬੰਦੀ –** ਮਿਸ਼ਰਤ ਅਰਥ ਵਿਵਸਥਾ ਦੀ ਮੁੱਖ ਵਿਸ਼ੇਸ਼ਤਾਈ ਕੇਂਦਰੀ ਯੋਜਨਾ ਸੰਸਥਾ ਦੀ ਹੋਂਦ ਹੈ, ਜਿਸ ਦਾ ਮੁੱਖ ਕੰਮ ਦੇਸ਼ ਦੇ ਆਰਥਿਕ ਵਿਕਾਸ ਲਈ ਯੋਜਨਾ ਤਿਆਰ ਕਰਨਾ ਹੈ। ਭਾਰਤ ਵਿਚ ਯੋਜਨਾ ਕਮਿਸ਼ਨ ਸਥਾਪਿਤ ਕੀਤਾ ਗਿਆ ਹੈ ਅਤੇ ਇਸ ਦੀ ਸਹਾਇਤਾ ਲਈ ਰਾਜ ਯੋਜਨਾ ਬੋਰਡ ਸਥਾਪਿਤ ਕੀਤੇ ਗਏ ਹਨ ਜੋ ਸੰਬੰਧਿਤ ਰਾਜ ਦੇ ਵਿਕਾਸ ਬਾਰੇ ਯੋਜਨਾ ਤਿਆਰ ਕਰਦੇ ਹਨ।

ਯੋਜਨਾ ਕਮਿਸ਼ਨ ਦਾ ਕੰਮ ਯੋਜਨਾ ਦੇ ਉਦੇਸ਼ਾਂ ਨੂੰ ਮਿੱਥਣਾ ਹੈ। ਉਨ੍ਹਾਂ ਉਦੇਸ਼ਾਂ ਨੂੰ ਪੂਰਿਆਂ ਕਰਨ ਲਈ ਸਰਵਜਨਕ ਖੇਤਰ ਉਸੇ ਤਰ੍ਹਾਂ ਹੀ ਨਿਵੇਸ਼ ਕਰਦਾ ਹੈ। ਨਿੱਜੀ ਖੇਤਰ ਨੂੰ ਵੀ ਨਿਵੇਸ਼ ਕਰਨ ਲਈ ਕੁਝ ਖਾਸ ਹਦਾਇਤਾਂ ਦੀ ਪਾਲਣਾ ਕਰਨੀ ਹੁੰਦੀ ਹੈ। ਭਾਰਤ ਵਿਚ ਆਰਥਿਕ ਯੋਜਨਾਬੰਦੀ ਦਾ ਮੁੱਖ ਉਦੇਸ਼ ਸਮਾਜਿਕ ਨਿਆਂ ਪ੍ਰਦਾਨ ਕਰਦੇ ਹੋਏ ਆਰਥਿਕ ਵਿਕਾਸ ਕਰਨਾ ਹੈ। ਪੂੰਜੀਵਾਦੀ ਸਿਸਟਮ ਵਿਚ ਵੀ ਯੋਜਨਾਬੰਦੀ ਹੁੰਦੀ ਹੈ, ਪਰੰਤੂ ਇਸ ਦੇ ਉਦੇਸ਼ ਅਤੇ ਟੀਚੇ ਵੱਖਰੇ ਹੁੰਦੇ ਹਨ।

**(iii) ਕੰਟਰੋਲ ਅਤੇ ਨਿਯੰਤ੍ਰਣ –** ਮਿਸ਼ਰਤ ਅਰਥ ਵਿਵਸਥਾ ਦੀ ਇੱਕ ਹੋਰ ਵਿਸ਼ੇਸ਼ਤਾਈ ਅਰਥ ਵਿਵਸਥਾ ਦੀਆਂ ਆਰਥਿਕ ਕ੍ਰਿਆਵਾਂ ਤੇ ਕੰਟਰੋਲ ਅਤੇ ਨਿਯੰਤ੍ਰਣ ਕਰਨਾ ਹੈ। ਭਾਰਤ ਨੇ ਵੀ ਇਸ ਵਿਧੀ ਨੂੰ ਅਪਨਾਇਆ ਹੈ। ਕਮਜ਼ੋਰ ਵਰਗ ਦੀ ਹਿਫਾਜ਼ਤ ਲਈ, ਉਨ੍ਹਾਂ ਨੂੰ ਉੱਪਰ ਚੁੱਕਣ, ਗਰੀਬੀ ਦੀ ਰੇਖਾ ਤੋਂ ਥੱਲੇ ਰਹਿਣ ਵਾਲੇ ਲੋਕਾਂ ਦੇ ਅਨੁਪਾਤ ਨੂੰ ਘੱਟ ਕਰਨ ਲਈ ਨਿਯਮ ਕਾਨੂੰਨ ਬਣਾਏ ਗਏ ਹਨ। ਗਰੀਬ ਵਰਗ ਨਾਲ ਸੰਬੰਧਤ ਲੋਕਾਂ ਨੂੰ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਉਣ ਲਈ ਵਾਜਬ-ਕੀਮਤ ਦੁਕਾਨਾਂ ਖੋਲ੍ਹੀਆਂ ਗਈਆਂ ਹਨ। ਉਦਯੋਗਾਂ ਤੇ ਕੰਟਰੋਲ ਕਰਨ ਲਈ ਉਦਯੋਗਿਕ ਨਿਯੰਤਰਣ ਕਾਨੂੰਨ 1951 ਵਿਚ ਪਾਸ ਕੀਤਾ ਗਿਆ ਸੀ, ਹਾਲਾਂਕਿ ਹੁਣ ਇਸ ਵਿੱਚ ਬਹੁਤ ਸੋਧ ਕਰ ਦਿੱਤੀ ਗਈ ਹੈ। ਕਿਰਤੀਆਂ ਦੀ ਸੁਰੱਖਿਆ ਲਈ ਪ੍ਰਬੰਧ ਕੀਤੇ ਗਏ ਹਨ।

**(iv) ਸਰਕਾਰ ਦੀ ਸਕਾਰਾਤਮਕ ਭੂਮਿਕਾ –** ਮਿਸ਼ਰਤ ਅਰਥ ਵਿਵਸਥਾ ਵਿਚ ਸਰਕਾਰ ਦੀ ਸਕਾਰਾਤਮਕ ਭੂਮਿਕਾ ਹੁੰਦੀ ਹੈ, ਖ਼ਾਸਕਰ ਸਾਧਨਾਂ ਦੀ ਮਲਕੀਅਤ ਅਤੇ ਕੰਟਰੋਲ ਦੀ ਵੰਡ ਦੇ ਖੇਤਰ ਵਿਚ। ਇਹ ਉਦੋਂ ਹੀ ਸੰਭਵ ਹੈ ਜਦੋਂ ਸਰਕਾਰ ਆਪ ਉਤਪਾਦਨ ਅਤੇ ਵੰਡ ਦੇ ਖੇਤਰ ਵਿਚ ਯੋਗਦਾਨ ਪਾਵੇ। ਇਸੇ ਕਰਕੇ ਭਾਰਤ ਵਿਚ ਵੀ ਸਰਵਜਨਕ ਖੇਤਰ ਦੇ ਵਿਕਾਸ ਵੱਲ ਧਿਆਨ ਦਿੱਤਾ ਗਿਆ ਸੀ।

ਇਸੇ ਤਰ੍ਹਾਂ ਵਿੱਤੀ ਪ੍ਰਣਾਲੀ – ਖਾਸਕਰ ਬੈਂਕਿੰਗ ਅਤੇ ਬੀਮਾ ਦੇ ਖੇਤਰ – ਉੱਤੇ ਸਰਕਾਰ ਦਾ ਕੰਟਰੋਲ ਵੀ ਸਮਾਜਿਕ ਵਿਕਾਸ ਦੇ ਪੱਖ ਤੋਂ ਜ਼ਰੂਰੀ ਹੈ। ਇਸੇ ਤਰ੍ਹਾਂ ਢਾਂਚਾਗਤ ਸਹੂਲਤਾਂ ਪ੍ਰਦਾਨ ਕਰਨ ਵਿਚ ਸਰਕਾਰ ਦੀ ਅਹਿਮ ਭੂਮਿਕਾ ਹੁੰਦੀ ਹੈ।

**(v) ਪੂੰਜੀਵਾਦ ਅਤੇ ਸਮਾਜਵਾਦ ਦੇ ਲੱਛਣਾਂ ਦੀ ਸਹਿ-ਹੋਂਦ –** ਮਿਸ਼ਰਤ ਅਰਥ ਵਿਵਸਥਾ ਵਿਚ ਪੂੰਜੀਵਾਦ ਅਤੇ ਸਮਾਜਵਾਦ ਦੋਹਾਂ ਦੇ ਲੱਛਣਾਂ ਦੀ ਸਹਿਹੋਂਦ ਹੁੰਦੀ ਹੈ, ਜੋ ਕਿ ਭਾਰਤ ਵਿਚ ਵੀ ਹੈ। ਨਿਜੀ ਖੇਤਰ ਦੇ ਉਦਯੋਗ ਲਾਭ ਕਮਾਉਣ ਦੇ ਉਦੇਸ਼ ਨਾਲ ਕੰਮ ਕਰਦੇ ਹਨ। ਨਿਜੀ ਪੂੰਜੀ ਅਤੇ ਸੰਪਤੀ ਦਾ ਵੀ ਹੱਕ ਦਿੱਤਾ ਗਿਆ ਹੈ। ਪਰ ਇਹ ਸਾਰੇ ਲੱਛਣ ਇੱਕ ਨਿਸ਼ਚਿਤ ਸੀਮਾ ਦੇ ਅੰਦਰ ਹੀ ਹੋਂਦ ਵਿਚ ਹੋ ਸਕਦੇ ਹਨ। ਸਮਾਜਿਕ ਭਲਾਈ ਨੂੰ ਇਨ੍ਹਾਂ ਤੋਂ ਉੱਪਰ ਹੀ ਰੱਖਿਆ ਗਿਆ ਹੈ। ਸਰਵਜਨਕ ਖੇਤਰ ਦੇ ਉਦਯੋਗ ਲੋਕ ਭਲਾਈ ਨੂੰ ਮੁੱਖ ਰੱਖ ਕੇ ਕੰਮ ਕਰਦੇ ਹਨ।

ਇਹ ਸਾਰੀ ਵਿਆਖਿਆ ਸਾਨੂੰ ਦੱਸਦੀ ਹੈ ਕਿ ਭਾਰਤੀ ਅਰਥ ਵਿਵਸਥਾ ਦੇ ਢਾਂਚੇ ਦਾ ਖਾਸਾ ਮਿਸ਼ਰਤ ਅਰਥ ਵਿਵਸਥਾ ਦਾ ਹੈ। ਪਰ ਸਰਕਾਰੀ ਨੀਤੀਆਂ ਵਿਚ ਕੁਝ ਊਣਤਾਈਆਂ ਕਰਕੇ, ਅਤੇ ਖ਼ਾਸ ਕਰ 1991 ਤੋਂ ਬਾਅਦ ਲਾਗੂ ਕੀਤੀ ਗਈ ਉਦਾਰਵਾਦੀ ਆਰਥਿਕ ਨੀਤੀ ਦੇ ਸਿੱਟੇ ਵਜੋਂ ਨਿਜੀ ਖੇਤਰ ਦਾ ਮਹੱਤਵ ਬਹੁਤ ਵੱਧ ਗਿਆ ਹੈ, ਜਿਹੜਾ ਕਿ ਇਜ਼ਾਰੇਦਾਰੀ (monopoly) ਨੂੰ ਜਨਮ ਦੇ ਰਿਹਾ ਹੈ। ਇਨ੍ਹਾਂ ਨੀਤੀਆਂ ਨਾਲ ਸਰਕਾਰ ਦੇਸ਼ ਦੀ ਆਰਥਿਕਤਾ ਨੂੰ ਸਮਾਜਵਾਦੀ ਢਾਂਚੇ ਦੀ ਥਾਂ ਪੂੰਜੀਵਾਦੀ ਢਾਂਚੇ ਵਲ ਲਿਜਾ ਰਹੀ ਹੈ। ਕੇ.ਐਨ. ਰਾਜ ਦੇ ਸ਼ਬਦਾਂ ਵਿਚ, 'ਭਾਵੇਂ ਭਾਰਤੀ ਅਰਥ ਵਿਵਸਥਾ ਮਿਸ਼ਰਤ ਬਣੀ ਹੋਈ ਹੈ ਪਰ ਮਿਸ਼ਰਤ ਦੇ ਤੱਤ ਇਸਨੂੰ ਪੂੰਜੀਵਾਦੀ ਅਰਥ ਵਿਵਸਥਾ ਦੇ ਸਮਾਨ ਬਣਾ ਰਹੇ ਹਨ ਨਾ ਕਿ ਸਮਾਜਵਾਦੀ ਅਰਥ ਵਿਵਸਥਾ ਦੇ ਸਮਾਨ।

### 2.1.4.3 ਭਾਰਤੀ ਅਰਥ ਵਿਵਸਥਾ ਦਵੈਤਵਾਦੀ (dualistic) ਅਰਥ ਵਿਵਸਥਾ ਹੈ

ਭਾਰਤੀ ਅਰਥ ਵਿਵਸਥਾ ਦਾ ਇੱਕ ਇਹ ਵੀ ਸਰੂਪ ਹੈ ਕਿ ਇਹ ਦਵੈਤਵਾਦੀ ਹੈ, ਅਰਥਾਤ ਇਸ ਅਰਥ ਵਿਵਸਥਾ ਵਿਚ

ਪਰੰਪਰਿਕ (traditional) ਅਤੇ ਆਧੁਨਿਕ (modern), ਦੋਵੇਂ ਖੇਤਰਾਂ ਦੀ ਹੋਂਦ ਹੈ। ਇਨ੍ਹਾਂ ਦੋਵਾਂ ਹੀ ਖੇਤਰਾਂ ਦੇ ਆਪੋ-ਆਪਣੇ ਲੱਛਣ ਅਤੇ ਸੰਕ੍ਰਿਆਈ ਢਾਂਚੇ ਹਨ।

ਉਦਾਹਰਣ ਦੇ ਤੌਰ ਤੇ, ਭਾਰਤੀ ਖੇਤੀਬਾੜੀ ਖੇਤਰ ਇੱਕ ਪਾਸੇ ਤਾਂ ਅਸੰਗਠਿਤ ਹੈ ਜਿੱਥੇ ਖੇਤੀ ਵੀ ਪਰੰਪਰਿਕ ਢੰਗਾਂ ਨਾਲ ਕੀਤੀ ਜਾਂਦੀ ਹੈ ਅਤੇ ਸਿੰਜਾਈ ਵੀ ਪੁਰਾਣੇ ਢੰਗਾਂ ਨਾਲ ਕੀਤੀ ਜਾਂਦੀ ਹੈ। ਦੂਜੇ ਪਾਸੇ ਖੇਤੀਬਾੜੀ ਵਿਚ ਹਰੀ ਕ੍ਰਾਂਤੀ ਵੀ ਆ ਚੁੱਕੀ ਹੈ, ਜਿਥੇ HYV ਬੀਜ, ਰਸਾਇਣਿਕ ਖਾਦਾਂ, ਸਿੰਚਾਈ ਦੇ ਉੱਤਮ ਪ੍ਰਬੰਧ, ਕੀਟਨਾਸ਼ਕ ਦਵਾਈਆਂ ਆਦਿ ਦੇ ਉਪਯੋਗ ਨਾਲ ਝਾੜ ਵਿਚ ਬਹੁਤ ਵਾਧਾ ਹੋਇਆ ਹੈ। ਖੇਤੀ ਦਾ ਹਰ ਕੰਮ ਵੀ ਆਧੁਨਿਕ ਤਰੀਕਿਆਂ ਰਾਹੀਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਭਾਰਤੀ ਖੇਤੀਬਾੜੀ ਦਾ ਖੇਤਰ ਦਵੈਤਵਾਦੀ ਹੈ।

ਇਹੋ ਹਾਲ ਭਾਰਤੀ ਉਦਯੋਗਾਂ ਦਾ ਵੀ ਹੈ। ਇੱਕ ਪਾਸੇ ਤਾਂ ਅਤਿ-ਆਧੁਨਿਕ ਤਕਨੀਕਾਂ ਰਾਹੀਂ ਉਤਪਾਦਨ ਕੀਤਾ ਜਾਂਦਾ ਹੈ - ਵਧਿਆ ਤਕਨੀਕ ਅਪਨਾਈ ਜਾਂਦੀ ਹੈ ਅਤੇ ਵਿਗਿਆਨ ਦੀਆਂ ਕਾਢਾਂ ਦਾ ਪ੍ਰਯੋਗ ਉਤਪਾਦਨ ਵਿਚ ਕੀਤਾ ਜਾਂਦਾ ਹੈ। ਦੂਜੇ ਪਾਸੇ ਪਰੰਪਰਿਕ ਖੇਤਰ ਹੈ ਜਿਥੇ ਹਸਤਕਲਾ ਦਾ ਪ੍ਰਯੋਗ ਹੁੰਦਾ ਹੈ। ਦਸਤਕਾਰੀ ਅਤੇ ਕੁਟੀਰ ਉਦਯੋਗਾਂ ਦੀ ਹੋਂਦ ਹੈ ਜਿਥੇ ਕਿਸੇ ਵੀ ਤਰ੍ਹਾਂ ਦੀ ਆਧੁਨਿਕ ਤਕਨੀਕ ਨਹੀਂ ਅਪਨਾਈ ਜਾਂਦੀ। ਇਹ ਖੇਤਰ ਵੀ ਅਸੰਗਠਿਤ ਹੈ।

ਇਸੇ ਤਰ੍ਹਾਂ ਜੇਕਰ ਭਾਰਤੀ ਵਿੱਤੀ ਪ੍ਰਣਾਲੀ ਤੇ ਨਜ਼ਰ ਮਾਰੀਏ, ਤਾਂ ਇੱਕ ਪਾਸੇ ਸੰਗਠਿਤ ਬੈਂਕਿੰਗ ਖੇਤਰ ਹੈ, ਕੰਪਊਟਰਾਂ ਦਾ ਪ੍ਰਯੋਗ ਬੈਂਕਿੰਗ ਦੇ ਕੰਮਾਂ ਲਈ ਕੀਤਾ ਜਾਂਦਾ ਹੈ, ਪਲਾਸਟਿਕ ਮਨੀ (ਜਾਂ ਕਰੈਡਿਟ ਕਾਰਡ) ਦਾ ਪ੍ਰਯੋਗ ਹੁੰਦਾ ਹੈ। ਪੂੰਜੀ ਮੰਡੀ ਦਾ ਵਿਕਾਸ ਵੀ ਹੁੰਦਾ ਹੈ ਜਿਸ ਰਾਹੀਂ ਉਦਯੋਗਾਂ ਨੂੰ ਵਿੱਤੀ ਸਹਾਇਤਾ ਮਿਲਦੀ ਹੈ। ਹਿੱਸੇਦਾਰੀਆਂ ਖਰੀਦਿਆਂ - ਵੇਚਿਆਂ ਜਾਂਦੀਆਂ ਹਨ। ਦੂਜੇ ਪਾਸੇ ਵਿੱਤੀ ਪ੍ਰਣਾਲੀ ਦਾ ਅਸੰਗਠਿਤ ਖੇਤਰ ਹੈ ਜਿਸ ਵਿਚ ਨਿਜੀ ਸ਼ਾਹੂਕਾਰ, ਦੇਸੀ ਬੈਂਕਰ, ਅਤੇ ਛੋਟੀ-ਛੋਟੀ ਵਿੱਤੀ ਕੰਪਨੀਆਂ ਕੰਮ ਕਰਦੀਆਂ ਹਨ। ਇਹ ਹਾਲੇ ਵੀ ਵਿੱਤ ਦੀ ਲੈਣ-ਦੇਣ ਲਈ ਪੁਰਾਣੇ ਢੰਗਾਂ ਅਤੇ ਹੁੰਡੀਆਂ ਆਦਿ ਦਾ ਪ੍ਰਯੋਗ ਕਰਦੇ ਹਨ। ਇੱਥੇ ਵਿਆਜ ਦੀ ਦਰ ਵੀ ਸੰਗਠਿਤ ਖੇਤਰ ਨਾਲੋਂ ਬਹੁਤ ਫਰਕ ਹੁੰਦੀ ਹੈ ਅਤੇ ਹਿਸਾਬ ਕਿਤਾਬ ਰੱਖਣ ਦਾ ਢੰਗ ਵੀ।

ਕਿਰਤ ਮੰਡੀ ਵਿਚ ਵੀ ਦੁਹਰਾਪਨ ਪਾਇਆ ਜਾਂਦਾ ਹੈ। ਵੱਡੇ ਉਦਯੋਗਾਂ ਵਿਚ ਕਿਰਤੀ ਹੁਨਰਵੰਦ ਹੈ, ਅਤੇ ਸੰਗਠਿਤ ਵੀ, ਜੋ ਕਿ ਆਪਣੇ ਹੱਕਾਂ ਲਈ ਇਕ ਜੁੱਟ ਹੋ ਕੇ ਲੜ੍ਹਨ ਦੀ ਸਮਰੱਥਾ ਵੀ ਰੱਖਦੇ ਹਨ। ਦੂਜੇ ਪਾਸੇ ਛੋਟੇ ਅਤੇ ਕੁਟੀਰ ਉਦਯੋਗਾਂ ਵਿਚ ਕਿਰਤੀ ਅਸੰਗਠਿਤ ਹੁੰਦੇ ਹਨ, ਹੁਨਰਵੰਦ ਨਹੀਂ ਹੁੰਦੇ, ਅਤੇ ਇਸ ਕਰਕੇ ਉਨ੍ਹਾਂ ਨੂੰ ਮਜ਼ਦੂਰੀ ਵੀ ਸੰਗਠਿਤ ਖੇਤਰ ਨਾਲੋਂ ਘੱਟ ਹੀ ਮਿਲਦੀ ਹੈ।

ਇਸ ਤਰ੍ਹਾਂ ਲੱਗਭੱਗ ਹਰੇਕ ਖੇਤਰ ਵਿਚ ਭਾਰਤੀ ਵਿਵਸਥਾ ਵਿਚ ਦੁਹਰਾਪਨ ਹੈ। ਇਹ ਨਾ ਕੇਵਲ ਆਰਥਿਕ ਹੈ, ਸਗੋਂ ਸਮਾਜਿਕ ਵੀ ਹੈ — ਲੋਕਾਂ ਦੇ ਸੋਚਣ ਦਾ ਢੰਗ, ਉਨ੍ਹਾਂ ਦਾ ਰਹਿਣ - ਸਹਿਣ, ਉਨ੍ਹਾਂ ਦੇ ਵਿਸ਼ਵਾਸ, ਉਦੇਸ਼ ਆਦਿ, ਸਭ ਵਿਚ ਦੁਹਰਾਪਣ ਹੈ।

ਉੱਪਰ ਦਿੱਤੀਆਂ ਦਲੀਲਾਂ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਭਾਰਤੀ ਅਰਥ ਵਿਵਸਥਾ ਦੇ ਵਰਤਮਾਨ ਸਰੂਪ ਦੀਆਂ ਵਿਸ਼ੇਸ਼ਤਾਈਆਂ ਹਨ ਕਿ ਇਹ ਵਿਕਾਸਸ਼ੀਲ, ਮਿਸ਼ਰਤ ਅਤੇ ਦਵੈਤਵਾਦੀ ਹੈ। ਇਨ੍ਹਾਂ ਵਿਸ਼ੇਸ਼ਤਾਈਆਂ ਨੂੰ ਧਿਆਨਪੂਰਵਕ ਪੜ੍ਹ ਕੇ ਅਤੇ ਸਮਝ ਕੇ ਤੁਸੀਂ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੇ ਸਕੋਗੇ।

**ਸਵੈ ਅਭਿਆਸ ਲਈ ਪ੍ਰਸ਼ਨ**

**(ੳ) ਮਿਸ਼ਰਤ ਅਰਥ ਵਿਵਸਥਾ ਤੋਂ ਤੁਹਾਡਾ ਕੀ ਭਾਵ ਹੈ?**

________________________________________

________________________________________

________________________________________

________________________________________

**(ਅ) ਵਰਤਮਾਨ ਸਮੇਂ ਵਿਚ ਭਾਰਤੀ ਖੇਤੀਬਾੜੀ ਦੀ ਕੀ ਦਸ਼ਾ ਹੈ?**

________________________________________

________________________________________

________________________________________

________________________________________

### 2.1.5 ਸਾਰ ਅੰਸ਼

ਭਾਰਤ ਇੱਕ ਲੰਮੇ ਸਮੇਂ ਤੋਂ ਵਿਦੇਸ਼ੀ ਰਾਜ ਦੇ ਅਧੀਨ ਰਿਹਾ। ਬਰਤਾਨਵੀਆਂ ਨੇ ਤਾਂ ਇਸ ਤੇ ਬਹੁਤ ਸਾਲਾਂ ਤੱਕ ਰਾਜ ਕੀਤਾ। ਇਨ੍ਹਾਂ ਦੇ ਰਾਜ ਦਾ ਭਾਰਤ ਨੂੰ ਲਾਭ ਤਾਂ ਬਹੁਤ ਘੱਟ ਹੋਇਆ, ਪਰੰਤੂ ਨੁਕਸਾਨ ਬਹੁਤ ਜ਼ਿਆਦਾ। ਭਾਰਤੀ ਵਿਵਸਥਾ ਪੂਰੀ ਤਰ੍ਹਾਂ ਡਗਮਗਾ ਗਈ — ਇਸ ਦੇ ਸਾਧਨ ਨਸ਼ਟ ਹੋ ਗਏ, ਖੇਤੀਬਾੜੀ ਅਤੇ ਉਦਯੋਗ ਪਛੜੇ ਹੀ ਰਹਿ ਗਏ, ਜਦਕਿ ਜਨਸੰਖਿਆ ਗਰੀਬੀ ਅਤੇ ਭੁੱਖਮਰੀ ਦੇ ਹੇਠ ਹੋ ਗਈ। 1947 ਵਿਚ ਜਦੋਂ ਭਾਰਤ ਨੇ ਸੁਤੰਤਰਤਾ ਪ੍ਰਾਪਤ ਕੀਤੀ ਤਾਂ ਅਰਥ ਵਿਵਸਥਾ ਦੇ ਪਛੜੇਪਨ ਅਤੇ ਸਾਧਨਾਂ ਦੀ ਘਾਟ ਨੂੰ ਵੇਖਦੇ ਹੋਏ ਇਹ ਫੈਸਲਾ ਲਿਆ ਗਿਆ ਕਿ ਭਾਰਤੀ ਅਰਥ ਵਿਵਸਥਾ ਦਾ ਸਰੂਪ ਮਿਸ਼ਰਤ ਅਰਥ ਵਿਵਸਥਾ ਵਾਲਾ ਹੋਵੇਗਾ, ਅਰਥਾਤ ਇਸ ਦੇ ਵਿਕਾਸ ਵਿਚ ਸਰਕਾਰ ਦੀ ਸਕਾਰਾਤਮਕ ਭੂਮਿਕਾ ਹੋਵੇਗੀ, ਇਸ ਵਿਚ ਸਮਾਜਵਾਦ ਅਤੇ ਪੂੰਜੀਵਾਦ ਦੋਵਾਂ ਦੇ ਲੱਛਣ ਹੋਣਗੇ, ਅਤੇ ਸਰਵਜਨਕ ਖੇਤਰ ਦੇ ਨਾਲ-ਨਾਲ ਨਿਜੀ ਖੇਤਰ ਦੀ ਵੀ ਹੋਂਦ ਹੋਵੇਗੀ। ਯੋਜਨਾਬੰਦੀ ਦੇ ਰਾਹੀਂ ਭਾਰਤੀ ਅਰਥ ਵਿਵਸਥਾ ਵਿਕਾਸ ਦੇ ਰਾਹ ਤੇ ਤੁਰ ਪਈ, ਪਰੰਤੂ ਹਾਲੇ ਵੀ ਇਹ ਵਿਕਸਿਤ ਨਾ ਹੋ ਕੇ ਵਿਕਾਸਸ਼ੀਲ ਹੀ ਹੈ, ਅਤੇ ਇਸ ਦੀ ਮਿਸ਼ਰਤ ਅਰਥ ਵਿਵਸਥਾ ਦੇ ਸਰੂਪ ਵਿਚ ਹੁਣ ਪੂੰਜੀਵਾਦ ਦੇ ਲੱਛਣ ਬਹੁਤ ਵੱਧ, ਅਤੇ ਸਮਾਜਵਾਦ ਦੇ ਲੱਛਣ ਬਹੁਤ ਘੱਟ ਹਨ।

### 2.1.6 ਪੁਸਤਕ ਸੂਚੀ


1. ਗੌਰਵ ਦੱਤ ਅਤੇ ਅਸ਼ਵਨੀ ਮਹਾਜਨ : ਦੱਤ ਐਂਡ ਸੁੰਦਰਮ ਇੰਡੀਅਨ ਇਕੋਨੋਮੀ
2. ਪੀ.ਐਸ. ਗਰੇਵਾਲ : ਭਾਰਤੀ ਅਰਥਵਿਵਸਥਾ
3. ਮਿਸ਼ਰਾ ਐਂਡ ਪੁਰੀ : ਇੰਡੀਅਨ ਇਕੋਨੋਮੀ


(**ਨੋਟ** : ਉੱਪਰ ਦੱਸੀਆਂ ਸਾਰੀਆਂ ਪੁਸਤਕਾਂ ਦੇ ਨਵੇਂ ਐਡੀਸ਼ਨ ਹੀ ਵਰਤੇ ਜਾਣ ਜੀ)

ਇਹ ਪਾਠ DEC ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

**ਪਾਠ ਨੰ. 2.2 (ੳ)** **ਲੇਖਕ — ਅਨੀਤਾ ਗਿੱਲ**

# ਖੇਤੀਬਾੜੀ ਦੀ ਨਵੀਂ ਤਰਤੀਬ : ਹਰੀ ਕ੍ਰਾਂਤੀ

**ਪਾਠ ਦੀ ਰੂਪ-ਰੇਖਾ**

2.2.1 ਭੂਮਿਕਾ
2.2.2 ਪਾਠ ਦਾ ਉਦੇਸ਼
2.2.3 ਹਰੀ ਕ੍ਰਾਂਤੀ :
2.2.3.1 ਹਰੀ ਕ੍ਰਾਂਤੀ ਦੇ ਕਾਰਨ
2.2.3.2 ਹਰੀ ਕ੍ਰਾਂਤੀ ਦੇ ਲਾਭ
2.2.3.3 ਹਰੀ ਕ੍ਰਾਂਤੀ ਦੀਆਂ ਮੁੱਖ ਘਾਟਾਂ
2.2.3.4 ਹਰੀ ਕ੍ਰਾਂਤੀ ਦਾ ਵਾਤਾਵਰਣ ਤੇ ਪ੍ਰਭਾਵ
2.2.3.5 ਹਰੀ ਕ੍ਰਾਂਤੀ ਦੀ ਸਥਿਰਤਾ ਅਤੇ ਸਫਲਤਾ ਲਈ ਸੁਝਾਅ
2.2.4 ਸਾਰ-ਅੰਸ਼
2.2.5 ਅਭਿਆਸ ਲਈ ਪ੍ਰਸ਼ਨ
2.2.6 ਪ੍ਰਮੁੱਖ ਸੰਕਲਪ
2.2.7 ਪੜ੍ਹਨ ਯੋਗ ਪੁਸਤਕਾਂ

## 2.2.1 ਭੂਮਿਕਾ

ਭਾਰਤੀ ਅਰਥਵਿਵਸਥਾ ਵਿਚ ਖੇਤੀ ਦੀ ਬਹੁਤ ਜ਼ਿਆਦਾ ਮਹੱਤਤਾ ਹੈ। ਦੇਸ਼ ਦੀ ਜਨਸੰਖਿਆ ਦਾ ਇੱਕ ਵੱਡਾ ਹਿੱਸਾ ਰੁਜ਼ਗਾਰ ਲਈ ਖੇਤੀਬਾੜੀ ਤੇ ਨਿਰਭਰ ਹੈ, ਅਤੇ ਖੇਤੀਬਾੜੀ ਦਾ ਰਾਸ਼ਟਰੀ ਆਮਦਨ ਵਿਚ ਵੀ ਵੱਡਾ ਯੋਗਦਾਨ ਹੈ। ਪਰੰਤੂ ਇਹ ਗੱਲ ਵੀ ਸੱਚ ਹੈ ਕਿ ਭਾਰਤੀ ਖੇਤੀ ਪੱਛੜੀ ਹੋਈ ਹੈ ਅਤੇ ਇਸ ਦੀ ਉਤਪਾਦਿਕਤਾ ਦੂਜੇ ਦੇਸ਼ਾਂ ਦੇ ਮੁਕਾਬਲੇ ਕਾਫ਼ੀ ਘੱਟ ਹੈ। ਖੇਤੀ ਉਤਪਾਦਨ ਵਿਚ ਵਾਧਾ ਕਰਨ ਅਤੇ ਆਤਮ ਨਿਰਭਰਤਾ ਪ੍ਰਾਪਤ ਕਰਨ ਲਈ ਸਰਕਾਰ ਨੇ ਖੇਤੀ ਵਿਕਾਸ ਨੀਤੀ ਅਪਨਾਈ ਜਿਸ ਅਧੀਨ ਕਈ ਯੋਜਨਾਵਾਂ ਚਾਲੂ ਕੀਤੀਆਂ ਗਈਆਂ। ਉਦਾਹਰਣ ਦੇ ਤੌਰ ਤੇ, 1947 ਤੋਂ 1961 ਤੱਕ ਜਿਹੜੀਆਂ ਨੀਤੀਆਂ ਅਪਨਾਈ ਗਈਆਂ ਉਨ੍ਹਾਂ ਵਿਚ ਸੰਸਥਾਗਤ ਸੁਧਾਰਾਂ ਤੇ ਵੱਧ ਜ਼ੋਰ ਦਿੱਤਾ ਗਿਆ। ਭੂਮੀ ਸੁਧਾਰਾਂ ਦੇ ਤਹਿਤ ਜ਼ਿੰਮੀਂਦਾਰੀ ਪ੍ਰਥਾ ਦਾ ਖਾਤਮਾ, ਪੱਟੇਦਾਰੀ ਸੁਧਾਰ, ਭੂਮੀ ਦੀ ਚੱਕਬੰਦੀ ਆਦਿ ਬਾਰੇ ਨੀਤੀਆਂ ਬਣਾਈ ਗਈਆਂ। ਇਸ ਦੇ ਨਾਲ ਹੀ ਸੜਕਾਂ ਦਾ ਨਿਰਮਾਣ, ਬਹੁ-ਉਦੇਸ਼ ਪ੍ਰਾਜੈਕਟਾਂ ਰਾਹੀਂ ਸਿੰਜਾਈ ਸੁਵਿਧਾਵਾਂ ਉਪਲੱਬਧ ਕਰਵਾਉਣੀ, ਕਰਜ਼ੇ ਦੀਆਂ ਸਹੂਲਤਾਂ ਆਦਿ ਦਾ ਕੰਮ ਵੀ ਆਰੰਭ ਕੀਤਾ ਗਿਆ।

ਇਸ ਦੇ ਬਾਵਜੂਦ ਵੀ ਜਦੋਂ ਭਾਰਤ ਦੀ ਖਾਧ ਸਮੱਸਿਆ ਦਾ ਹੱਲ ਨਾ ਹੋਇਆ ਤਾਂ ਭਾਰਤੀ ਸਰਕਾਰ ਨੇ ਫੋਰਡ ਫਾਊਂਡੇਸ਼ਨ ਤੋਂ ਖੇਤੀ ਮਾਹਿਰਾਂ ਦੀ ਸਲਾਹ ਲਈ। ਇਨ੍ਹਾਂ ਖੇਤੀ ਮਾਹਿਰਾਂ ਨੇ 1959 ਵਿਚ ਆਪਣੀ ਰਿਪੋਰਟ 'India's Crisis of Food and Steps to Meet It' ਪੇਸ਼ ਕੀਤੀ। ਇਸ ਰਿਪੋਰਟ ਦੇ ਆਧਾਰ ਤੇ ਸਰਕਾਰ ਨੇ 1961-65 ਦੌਰਾਣ Intensive Agricultural District Programme (IADP) ਆਰੰਭ ਕੀਤਾ। ਇਹ ਕਾਰਜਕ੍ਰਮ ਪਹਿਲਾਂ ਕੁਝ ਜ਼ਿਲ੍ਹਿਆਂ ਵਿਚ ਹੀ ਲਾਗੂ ਕੀਤਾ ਗਿਆ। ਚੌਣਵੀਆਂ ਫਸਲਾਂ ਦੇ ਉਤਪਾਦਨ ਵਿਚ ਵਾਧਾ ਕਰਨ ਤੇ ਜ਼ੋਰ ਦਿੱਤਾ ਗਿਆ ਅਤੇ ਇਸ ਦੇ ਲਈ ਕਿਸਾਨਾਂ ਨੂੰ ਸੋਧੇ ਬੀਜ, ਖਾਦ ਦਾ ਸੰਤੁਲਿਤ ਪ੍ਰਯੋਗ, ਕੀਟ-ਨਾਸ਼ਕ ਦਵਾਈਆਂ ਦੀ ਵਰਤੋਂ, ਨਵੇਂ ਸੰਦਾਂ ਦੀ ਵਰਤੋਂ, ਕਰਜ਼ਾ ਸਹੂਲਤਾਂ,ਉਪਜ ਵਿਕਰੀ ਸਹੂਲਤਾਂ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਇਸ ਯੋਜਨਾ ਅਧੀਨ ਖੇਤੀ

ਉਤਪਾਦਨ ਵਿਚ ਸ਼ਲਾਘਾਯੋਗ ਵਾਧਾ ਹੋਇਆ।

1964-65 ਦੇ ਦੌਰਾਨ IADP ਦਾ ਵਿਸਥਾਰ ਦੇਸ਼ ਦੇ ਹੋਰ ਭਾਗਾਂ ਵਿਚ ਵੀ ਕੀਤਾ ਗਿਆ ਅਤੇ ਇਸ ਨੂੰ Intensive Agricultural Area Programme (IAAP) ਦਾ ਨਾਂ ਦਿੱਤਾ ਗਿਆ। ਇਸ ਪ੍ਰੋਗਰਾਮ ਦਾ ਸਭ ਤੋਂ ਮਹੱਤਵਪੂਰਨ ਤੱਤ ਸੀ 1964 ਵਿਚ Agricultural Prices Commission ਦੀ ਸਥਾਪਨਾ ਜਿਸ ਦਾ ਕੰਮ ਖੇਤੀ ਫਸਲਾਂ ਦੀ ਉਚਿਤ ਕੀਮਤ ਦੇ ਸੰਬੰਧ ਵਿਚ ਸਰਕਾਰ ਨੂੰ ਸਲਾਹ ਦੇਣਾ ਸੀ।

1965 ਤੋਂ ਬਾਅਦ ਅਪਣਾਈ ਗਈ ਨੀਤੀ ਨੂੰ ਖੇਤੀਬਾੜੀ ਦੀ ਨਵੀਂ ਤਰਤੀਬ (New Agricultural Strategy) ਦਾ ਨਾਂ ਦਿੱਤਾ ਗਿਆ ਹੈ ਜਿਸ ਤਹਿਤ ਨਾ ਸਿਰਫ ਵਧੇਰੇ ਉਤਪਾਦਨ ਅਤੇ ਉਤਪਾਦਿਕਤਾ ਸਗੋਂ ਸੰਘਣੀ ਖੇਤੀ ਲਈ ਵੀ ਜ਼ੋਰ ਲਾਇਆ ਗਿਆ। ਇਸ ਪ੍ਰੋਗਰਾਮ ਨੇ ਦੇਸ਼ ਵਿਚ ਹਰੇ ਇਨਕਲਾਬ (Green Revolution) ਦੀ ਨੀਂਹ ਰੱਖੀ। ਖੇਤੀਬਾੜੀ ਦੀ ਇਸ ਨਵੀਂ ਤਰਤੀਬ ਹੇਠ ਕਣਕ ਅਤੇ ਝੋਨੇ ਦੀ ਫਸਲ ਵਿਚ ਉਤਪਾਦਨ ਐਨਾ ਵੱਧਿਆ ਕਿ 1968 ਵਿਚ ਅਮਰੀਕਾ ਦੇ ਵਿਲਿਅਮ ਗਾਦ ਨੇ ਇਸ ਨੂੰ ਹਰੀ ਕ੍ਰਾਂਤੀ ਦਾ ਨਾਂ ਦਿੱਤਾ।

ਹੱਥਲੇ ਪਾਠ ਵਿਚ ਅਸੀਂ ਇਸੇ ਨਵੀਂ ਤਰਤੀਬ ਬਾਰੇ ਵਿਸਥਾਰ ਨਾਲ ਪੜ੍ਹਨਾ ਹੈ।

### 2.2.2 ਪਾਠ ਦਾ ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਖੇਤੀਬਾੜੀ ਵਿਚ ਹੋਈ ਉਸ ਤਰਤੀਬ ਬਾਰੇ ਜਾਣਕਾਰੀ ਦੇਣਾ ਹੈ ਜਿਸ ਨੂੰ ਹਰੇ ਇੰਕਲਾਬ ਦਾ ਨਾਂ ਦਿੱਤਾ ਗਿਆ ਹੈ। 1965 ਤੋਂ ਖੇਤੀਬਾੜੀ ਵਿਚ ਉਤਪਾਦਨ ਸੰਬੰਧੀ ਜੋ ਪਰਿਵਰਤਨ ਹੋਏ, ਉਹ ਯੋਜਨਾਕਾਲ ਦੇ ਪਹਿਲੇ 16 ਸਾਲਾਂ ਵਿਚ ਹੋਏ ਪਰਿਵਰਤਨ ਨਾਲੋਂ ਕਿਤੇ ਵੱਧ ਤੇਜ਼ੀ ਨਾਲ, ਜ਼ਿਆਦਾ ਅਤੇ ਹੈਰਾਨੀਜਨਕ ਹਨ। ਇਹ ਪਰਿਵਰਤਨ ਖੇਤੀਬਾੜੀ ਵਿਚ ਕਿਨ੍ਹਾਂ ਤੱਤਾਂ ਕਰਕੇ ਆਏ, ਇਨ੍ਹਾਂ ਦਾ ਕਿਸਾਨਾਂ ਨੂੰ ਅਤੇ ਦੇਸ਼ ਦੀ ਅਰਥਵਿਵਸਥਾ ਨੂੰ ਕੀ ਲਾਭ ਹੋਏ, ਇਨ੍ਹਾਂ ਦੇ ਮਾੜੇ ਪ੍ਰਭਾਵ ਕੀ ਹਨ, ਅਤੇ ਕੀ ਅਸੀਂ ਇਸ ਪਰਿਵਰਤਨ, ਜਿਸ ਨੂੰ ਅਸੀਂ ਹਰੀ ਕ੍ਰਾਂਤੀ ਕਹਿੰਦੇ ਹਾਂ, ਬਰਕਰਾਰ ਰੱਖ ਸਕਦੇ ਹਾਂ, ਇਨ੍ਹਾਂ ਸਭ ਪ੍ਰਸ਼ਨਾਂ ਦੇ ਉੱਤਰ ਦੇਣਾ ਇਸ ਪਾਠ ਦਾ ਉਦੇਸ਼ ਹੈ।

### 2.2.3 ਹਰੀ ਕ੍ਰਾਂਤੀ

ਜਿਵੇਂ ਕਿ ਉੱਪਰ ਵੀ ਦੱਸਿਆ ਜਾ ਚੁੱਕਿਆ ਹੈ, ਹਰੀ ਕ੍ਰਾਂਤੀ ਤੋਂ ਮਤਲਬ ਖੇਤੀ ਉਤਪਾਦਨ ਵਿਚ ਹੋਣ ਵਾਲੇ ਉਸ ਵਾਧੇ ਤੋਂ ਹੈ ਜੋ ਕਿ ਖੇਤੀ ਦੀ ਨਵੀਂ ਨੀਤੀ ਅਪਨਾਉਣ ਕਾਰਣ ਹੋਏ। ਭਾਰਤ ਵਿਚ ਅਪਨਾਏ ਗਏ ਖੇਤੀ ਸੁਧਾਰ ਸੰਬੰਧੀ ਉਪਾਆਂ ਦੇ ਫਲਸਰੂਪ ਸੰਨ 1967-68 ਵਿਚ ਅਨਾਜ ਦੇ ਉਤਪਾਦਨ ਵਿਚ 1966-67 ਦੇ ਮੁਕਾਬਲੇ ਲੱਗਭੱਗ 25 ਪ੍ਰਤੀਸ਼ਤ ਦਾ ਵਾਧਾ ਹੋਇਆ ਜੋ ਕਿ ਇੱਕ ਕਿਸਮ ਦੀ ਕ੍ਰਾਂਤੀ ਹੀ ਸੀ। ਇਸੇ ਲਈ ਇਸ ਵਾਧੇ ਨੂੰ ਹਰੀ ਕ੍ਰਾਂਤੀ ਦਾ ਨਾਂ ਦਿੱਤਾ ਗਿਆ।

ਇਹ ਹਰੀ ਕ੍ਰਾਂਤੀ ਸਿਰਫ ਅਨਾਜ ਉਤਪਾਦਨ ਵਿਚ ਹੀ ਨਹੀਂ ਆਈ ਸਗੋਂ ਕੁਝ ਹੋਰ ਫਸਲਾਂ ਜਿਵੇਂ ਕਮਾਦ, ਝੋਨਾ, ਕਪਾਹ, ਆਲੂ ਆਦਿ ਤੇ ਵੀ ਚੰਗੇ ਪ੍ਰਭਾਵ ਵਾਲੀ ਰਹੀ। ਇਨ੍ਹਾਂ ਫਸਲਾਂ ਦੀ ਪੈਦਾਵਾਰ ਵਿਚ ਵਾਧਾ ਹੋਣ ਨਾਲ ਵਿਦੇਸ਼ਾਂ ਤੇ ਸਾਡੀ ਨਿਰਭਰਤਾ ਘੱਟ ਗਈ ਹੈ।

ਭਾਰਤ ਵਿਚ ਖੇਤੀ ਦੇ ਖੇਤਰ ਵਿਚ ਹੋਣ ਵਾਲੀ ਇਸ ਕ੍ਰਾਂਤੀ ਦੇ ਬਹੁਤ ਸਾਰੇ ਕਾਰਨ ਹਨ, ਜੋ ਕਿ ਹੇਠ ਦਿੱਤੇ ਗਏ ਹਨ:-

#### 2.2.3.1 ਹਰੀ ਕ੍ਰਾਂਤੀ ਦੇ ਕਾਰਨ

**(i) ਨਵੇਂ ਆਦਾਨਾਂ ਦੀ ਪੂਰਤੀ :** ਹਰੀ ਕ੍ਰਾਂਤੀ ਦਾ ਇੱਕ ਮੁੱਖ ਕਾਰਣ ਨਵੇਂ ਅਦਾਨਾਂ ਦੀ ਪੂਰਤੀ ਸੀ, ਜਿਸ ਕਰਕੇ ਉਤਪਾਦਨ ਵਿਚ ਬਹੁਤ ਵਾਧਾ ਹੋਇਆ। ਇਹ ਆਦਾਨ (inputs) ਸਨ :

**(ੳ) ਉੱਨਤ ਬੀਜ (High Yielding Varieties of Seeds) :** ਭਾਰਤ ਵਿਚ 1966 ਤੋਂ ਆਰੰਭ ਕੀਤਾ ਗਿਆ ਉੱਨਤ ਬੀਜਾਂ ਦਾ ਪ੍ਰਯੋਗ ਹਰੀ ਕ੍ਰਾਂਤੀ ਦਾ ਇੱਕ ਮੁੱਖ ਕਾਰਨ ਸੀ। ਇਨ੍ਹਾਂ ਬੀਜਾਂ ਦੇ ਦੇਣਕਾਰ ਮੈਕਸੀਕੋ ਦੇ ਪ੍ਰੋ. ਨੌਰਮਨ ਬਰਲੌਗ ਸੀ। ਇਨ੍ਹਾਂ ਬੀਜਾਂ ਦਾ ਪ੍ਰਯੋਗ ਸਭ ਤੋਂ ਪਹਿਲਾਂ IADP ਤਹਿਤ ਕੀਤਾ ਗਿਆ ਸੀ। ਇਹ ਵਿਸ਼ੇਸ਼ ਰੂਪ ਨਾਲ ਪੰਜ ਫਸਲਾਂ - ਕਣਕ, ਚਾਵਲ, ਬਾਜਰਾ, ਮੱਕਾ ਅਤੇ ਜਵਾਰ — ਦੇ ਲਈ ਅਪਨਾਏ ਗਏ ਸਨ। ਇਨ੍ਹਾਂ ਬੀਜਾਂ ਦੀ ਪੂਰਤੀ ਲਈ ਕਈ ਸੰਸਥਾਵਾਂ ਜਿਵੇਂ ਕਿ ਰਾਸ਼ਟਰੀ ਬੀਜ ਨਿਗਮ ਅਤੇ ਕਈ ਰਾਜ ਬੀਜ ਨਿਗਮ ਸਥਾਪਿਤ ਕੀਤੀਆਂ ਗਈਆਂ। ਸੋਧੇ ਹੋਏ ਬੀਜਾਂ ਦੇ ਅਧੀਨ ਖੇਤਰ 1970-71 ਵਿਚ 15.4 ਮਿਲਿਅਨ ਹੈਕਟੇਅਰ ਸੀ ਜੋ ਕਿ 1998-99 ਵਿਚ 76 ਮਿਲਿਅਨ ਹੈਕਟੇਅਰ ਹੋ ਗਿਆ।

**(ਅ) ਰਸਾਇਣਿਕ ਖਾਦਾਂ ਦੀ ਪੂਰਤੀ :** ਹਰੀ ਕ੍ਰਾਂਤੀ ਲਿਆਉਣ ਵਿਚ ਰਸਾਇਣਕ ਖਾਦਾਂ ਦਾ ਵੀ ਮਹੱਤਵਪੂਰਨ ਯੋਗਦਾਨ ਹੈ। ਸੋਧੇ ਹੋਏ ਬੀਜ ਉਦੋਂ ਤੱਕ ਵੱਧ ਝਾੜ ਨਹੀਂ ਦੇ ਸਕਦੇ ਜਦੋਂ ਤੱਕ ਕਿ ਉਨ੍ਹਾਂ ਤੇ ਰਸਾਇਣਿਕ ਖਾਦਾਂ ਦਾ ਪ੍ਰਯੋਗ ਨਾ ਹੋਵੇ। ਰਸਾਇਣਿਕ ਖਾਦ ਦੀ ਪੂਰਤੀ ਵਿਚ ਵਾਧਾ ਕਰਨ ਲਈ ਸਰਕਾਰੀ ਅਤੇ ਨਿਜੀ ਖੇਤਰ ਵਿਚ ਕਾਰਖਾਨੇ ਲਗਾਏ ਗਏ। ਵਿਦੇਸ਼ਾਂ ਤੋਂ ਵੀ ਖਾਦ ਆਯਾਤ ਕੀਤੀ ਗਈ। ਖਾਦ ਡਿਪੂ ਵੀ ਖੋਲੇ ਗਏ ਅਤੇ ਖਾਦ ਦੀ ਕੀਮਤ ਵੀ ਨਿਰਧਾਰਿਤ ਕਰ ਦਿੱਤੀ ਗਈ। ਭਾਰਤ ਵਿਚ ਰਸਾਇਣਿਕ ਖਾਦ ਦੀ ਖਪਤ, ਜੋ ਕਿ 1960-61 ਵਿਚ 292 ਹਜ਼ਾਰ ਟਨ ਸੀ, 2001-02 ਵਿਚ ਵੱਧ ਕੇ 17400 ਹਜ਼ਾਰ ਟਨ ਹੋ ਗਈ। ਪੰਜਾਬ, ਜੋ ਕਿ ਹਰੀ ਕ੍ਰਾਂਤੀ ਦਾ ਆਗੂ ਰਾਜ ਹੈ, ਵਿਚ ਖਾਦ ਦੀ ਖਪਤ 5 ਗੁਣਾਂ ਵੱਧ ਗਈ।

**(ੲ) ਸਿੰਜਾਈ ਸਹੂਲਤਾਂ ਵਿਚ ਵਾਧਾ :** ਹਰੀ ਕ੍ਰਾਂਤੀ ਲਿਆਉਣ ਲਈ ਜ਼ਿੰਮੇਵਾਰ HYV ਬੀਜਾਂ ਲਈ ਰਸਾਇਣਿਕ ਖਾਦਾਂ ਆਵੱਸ਼ਕ ਹਨ, ਅਤੇ ਜਿੰਨੀ ਖਾਦ ਦੀ ਖਪਤ ਹੈ, ਉਨੀ ਹੀ ਲੋੜ ਪਾਣੀ ਦੀ ਪੈਂਦੀ ਹੈ। ਇਸ ਦੇ ਲਈ ਵਰਖਾ ਤੇ ਨਿਰਭਰ ਨਹੀਂ ਰਿਹਾ ਜਾ ਸਕਦਾ। ਇਸ ਕਰਕੇ ਸਿੰਜਾਈ ਦੇ ਖੇਤਰ ਵਿਚ ਵਾਧਾ ਵੀ ਆਵਸ਼ਕ ਹੈ। ਸਿੰਚਾਈ ਦੇ ਖੇਤਰ ਵਿਚ ਨਾ ਕੇਵਲ ਨਹਿਰਾਂ, ਸਗੋਂ ਟਿਊਬਵੈਲ, ਪੰਪ ਸੈਟ ਆਦਿ ਦੀ ਵੀ ਵਰਤੋਂ ਵਿਚ ਬਹੁਤ ਵਾਧਾ ਹੋਇਆ। ਸਿੰਜਾਈ ਸੁਵਿਧਾਵਾਂ ਵਿਚ ਵਾਧਾ ਹੋਣ ਨਾਲ ਕਿਸਾਨਾਂ ਨੂੰ ਨਾ ਕੇਵਲ HYV ਬੀਜ ਅਤੇ ਰਸਾਇਣਿਕ ਖਾਦ ਵਰਤਨ ਦਾ ਮੌਕਾ ਮਿਲਿਆ ਸਗੋਂ ਉਨ੍ਹਾਂ ਨੇ ਬਹੁ-ਫਸਲ ਚੱਕਰ ਨੂੰ ਅਪਨਾ ਲਿਆ। ਇਸ ਲਈ ਹਰੀ ਕ੍ਰਾਂਤੀ ਨੂੰ 'ਪੰਪਸੈਟ ਤਕਨੀਕ ਦਾ ਬੱਚਾ' (Child of pumpset technology) ਵੀ ਕਿਹਾ ਜਾਂਦਾ ਹੈ। ਸਿੰਜਾਈ ਸਹੂਲਤਾਂ ਨਾਲ ਫਸਲ ਬਰਬਾਦ ਹੋਣ ਦਾ ਵੀ ਖਤਰਾ ਘੱਟ ਜਾਂਦਾ ਹੈ ਜਿਸ ਕਰਕੇ ਕਿਸਾਨਾਂ ਨੂੰ ਨਵੇਂ ਬੀਜ ਅਪਨਾਉਣ ਦਾ ਵਧੇਰੇ ਉਤਸਾਹ ਮਿਲਿਆ। ਸਿੰਜਾਈ ਸਹੂਲਤਾਂ ਮੁਹੱਈਆ ਕਰਵਾਉਣ ਵੇਲੇ ਰੁਜ਼ਗਾਰ ਵਿਚ ਵੀ ਵਾਧਾ ਹੋਇਆ।

**(ਸ) ਪੌਦਿਆਂ ਦੀ ਸੁਰੱਖਿਆ ਅਤੇ ਕੀੜਿਆਂ ਤੋਂ ਬਚਾਅ :** ਸੋਧੇ ਹੋਏ ਬੀਜਾਂ ਨੂੰ ਜਿਹੜੇ ਕਿ ਹਰੀ ਕ੍ਰਾਂਤੀ ਲਿਆਉਣ ਵਿਚ ਮਹੱਤਵਪੂਰਨ ਹਨ, ਬੀਮਾਰੀਆਂ ਵੀ ਵੱਧ ਲੱਗਣ ਦਾ ਖਤਰਾ ਸੀ, ਜਿਹੜਾ ਕਿ ਰਸਾਇਣਿਕ ਖਾਦਾਂ ਦੀ ਵਰਤੋਂ ਨਾਲ ਹੋਰ ਵੀ ਵੱਧ ਜਾਂਦਾ ਹੈ। ਇਸ ਕਰਕੇ ਬੀਮਾਰਿਆਂ ਅਤੇ ਕੀੜਿਆਂ ਦੇ ਹਮਲੇ ਤੋਂ ਬਚਾਉਣ ਲਈ ਕੀਟ-ਨਾਸ਼ਕ ਦਵਾਈਆਂ ਦੀ ਵੀ ਪੂਰਤੀ ਕੀਤੀ ਗਈ ਜਿਸ ਦੇ ਫਲਸਰੂਪ ਪੌਦੇ ਵੱਧ ਝਾੜ ਦਿੰਦੇ ਹਨ। ਫਸਲਾਂ ਨੂੰ ਬਚਾਉਣ ਲਈ Integrated Pest Management, Locus Surveillance and Control ਵਰਗੀ ਸਕੀਮਾਂ ਆਰੰਭ ਕੀਤੀਆਂ ਗਈਆਂ। Directorate of Plant Protection ਵਿਭਾਗ ਵੀ ਸਥਾਪਿਤ ਕੀਤਾ ਗਿਆ। ਸਰਕਾਰ ਨੇ ਕਿਸਾਨਾਂ ਨੂੰ ਵੀ ਪੌਦਿਆਂ ਦੀ ਸੁਰੱਖਿਆ ਸੰਬੰਧੀ ਟਰੇਨਿੰਗ ਦੇਣ ਦਾ ਪ੍ਰਬੰਧ ਕੀਤਾ।

**(ਹ) ਆਧੁਨਿਕ ਖੇਤੀ ਯੰਤਰ :** ਹਰੀ ਕ੍ਰਾਂਤੀ ਦਾ ਇੱਕ ਹੋਰ ਕਾਰਨ ਸੀ ਆਧੁਨਿਕ ਖੇਤੀ ਯੰਤਰਾਂ ਦੀ ਵਰਤੋਂ ਜਿਵੇਂ ਕਿ ਟਰੈਕਟਰ, ਪੰਪ ਸੈਟ, ਕ੍ਰਸ਼ਰ, ਹਾਰਵੈਸਟਰ ਆਦਿ। ਇਨ੍ਹਾਂ ਦਾ ਪ੍ਰਯੋਗ ਕਰਕੇ ਸਾਲ ਵਿਚ ਕਈ ਵਾਰੀ ਖੇਤੀ ਸੰਭਵ ਹੋ ਸਕੀ ਹੈ। ਕਿਸਾਨਾਂ ਨੂੰ ਮਸ਼ੀਨਰੀ ਉਪਲੱਭਧ ਕਰਵਾਉਣ ਲਈ Agro Industries Corporation ਸਥਾਪਿਤ ਕੀਤੇ ਗਏ ਹਨ। ਮਸ਼ੀਨਾਂ ਨੂੰ ਕਿਰਾਏ ਤੇ ਵੀ ਕਿਸਾਨਾਂ ਨੂੰ ਉਪਲੱਭਧ ਕਰਵਾਇਆ ਜਾਂਦਾ ਹੈ।

**(ii) ਸਾਖ ਸਹੂਲਤਾਂ :** ਪੂੰਜੀ ਖੇਤੀ ਵਿਕਾਸ ਲਈ ਮਹੱਤਵਪੂਰਨ ਹੈ। ਸਰਕਾਰ ਨੇ ਕਿਸਾਨਾਂ ਨੂੰ ਖੇਤੀ ਦੇ ਨਵੇਂ ਢੰਗ ਅਪਨਾਉਣ ਲਈ ਵਿੱਤੀ ਸਹੂਲਤਾਂ ਵਿਚ ਵਾਧਾ ਕੀਤਾ। ਸਹਿਕਾਰੀ ਬੈਂਕ, ਖੇਤੀ ਵਿਕਾਸ ਬੈਂਕ ਅਤੇ ਸਰਕਾਰੀ ਖੇਤਰ ਦੇ ਵਪਾਰਕ ਬੈਂਕ ਕਿਸਾਨਾਂ ਨੂੰ ਕਰਜ਼ਾ ਦਿੰਦੇ ਹਨ। 1967-68ਵਿਚ ਸਹਿਕਾਰੀ ਸੰਮਤੀਆਂ ਨੇ 400 ਕਰੋੜ ਰੁਪਏ ਦੀ ਸਾਖ ਪ੍ਰਦਾਨ ਕੀਤੀ। 2002-2003 ਵਿਚ ਇਹ ਵੱਧ ਕੇ ਲੱਗਭੱਗ 35000 ਕਰੋੜ ਰੁਪਏ ਹੋ ਗਈ ਸੀ। ਸਾਖ ਮਿਲਣ ਦੇ ਕਾਰਣ ਕਿਸਾਨ ਵੱਧ ਉੱਨਤ ਬੀਜ, ਖਾਦ, ਮਸ਼ੀਨਾਂ ਆਦਿ ਖਰੀਦ ਸਕੇ ਅਤੇ ਸਿੰਜਾਈ ਦਾ ਵੀ ਪ੍ਰਬੰਧ ਕਰ ਸਕੇ। ਕਾਫੀ ਹੱਦ ਤੱਕ ਉਹ ਆੜ੍ਹਤੀਆਂ ਅਤੇ ਸਾਹੂਕਾਰਾਂ ਦੇ ਸ਼ਿੰਕਜੇ ਅਤੇ ਸ਼ੋਸ਼ਣ ਤੋਂ ਵੀ ਬੱਚ ਸਕੇ।

**(iii) ਬਹੁਫਸਲੀ ਪ੍ਰੋਗਰਾਮ :** ਸਿੰਚਾਈ ਸਹੂਲਤਾਂ ਵਿਚ ਵਾਧਾ ਅਤੇ ਘੱਟ ਸਮੇਂ ਵਿਚ ਤਿਆਰ ਹੋਣ ਵਾਲੇ ਬੀਜਾਂ ਦੇ ਕਾਰਣ ਇੱਕੋ ਖੇਤ ਵਿਚ ਇਕ ਸਾਲ ਵਿਚ ਕਈ ਫਸਲਾਂ ਬੀਜਿਆਂ ਜਾਣ ਲੱਗੀਆਂ। ਇਸ ਦੇ ਫਲਸਰੂਪ ਅਨਾਜ ਦੇ ਉਤਪਾਦਨ ਵਿਚ ਕਈ ਗੁਣਾਂ ਵਾਧਾ ਹੋਇਆ। 1950-51 ਵਿਚ ਇੱਕ ਤੋਂ ਵੱਧ ਬਾਰ ਬੀਜਣ ਜਾਣ ਵਾਲਾ ਖੇਤਰ 1.3 ਕਰੋੜ ਹੈਕਟੇਅਰ ਸੀ, ਜੋ ਕਿ 1970-71 ਵਿਚ 2.5 ਕਰੋੜ ਹੈਕਟੇਅਰ ਅਤੇ 1998-99 ਵਿਚ ਵੱਧ ਕੇ ਪੰਜ ਕਰੋੜ ਹੈਕਟੇਅਰ ਹੋ ਗਿਆ। ਜ਼ਾਹਿਰ

ਹੈ ਕਿ ਉਤਪਾਦਨ ਵਿਚ ਕ੍ਰਾਂਤੀਕਾਰੀ ਵਾਧਾ ਤਾਂ ਹੋਣਾ ਹੀ ਸੀ।

**(iv) ਫਸਲਾਂ ਦੀ ਕੀਮਤ ਮਿਥਣਾ :** 1965 ਤੋਂ ਪਹਿਲਾਂ ਸਾਡੇ ਦੇਸ਼ ਵਿਚ ਖੇਤੀ ਫਸਲਾਂ ਦੀ ਕੀਮਤ ਕਟਾਈ ਤੋਂ ਤੁਰੰਤ ਬਾਅਦ ਘੱਟ ਜਾਂਦੀਆਂ ਸਨ ਅਤੇ ਕਿਸਾਨਾਂ ਨੂੰ ਬਹੁਤ ਨੁਕਸਾਨ ਹੁੰਦਾ ਸੀ। ਇਸ ਕਰਕੇ ਸਰਕਾਰ ਨੇ Agricultural Price Commission (ਹੁਣ ਇਸ ਦਾ ਨਾਂ Commission for Agricultural Costs and Prices - CACP – ਹੈ) ਦੀ ਸਥਾਪਨਾ ਕੀਤੀ ਜਿਸ ਦਾ ਕੰਮ ਸਰਕਾਰ ਨੂੰ ਫਸਲਾਂ ਦੀ ਕੀਮਤ ਬਾਰੇ ਸਲਾਹ ਦੇਣਾ ਹੈ। ਇਹ ਆਯੋਗ ਫਸਲਾਂ ਦੀਆਂ ਨਿਊਨਤਮ ਕੀਮਤਾਂ ਨਿਸ਼ਚਿਤ ਕਰਦਾ ਹੈ, ਜਿਨ੍ਹਾਂ ਤੇ ਸਰਕਾਰ ਇਨ੍ਹਾਂ ਫਸਲਾਂ ਦੀ ਖਰੀਦ ਕਰਦੀ ਹੈ। ਇਸਦੇ ਲਈ ਭਾਰਤੀ ਖਾਧ ਨਿਗਮ (Food Corporation of India — FCI) ਸਥਾਪਤ ਕੀਤਾ ਗਿਆ ਹੈ। ਹਰ ਸਾਲ ਚੋਣਵੀਆਂ ਫਸਲਾਂ ਦੀਆਂ ਕੀਮਤਾਂ ਵਿਚ ਲੋੜੀਂਦਾ ਵਾਧਾ ਕੀਤਾ ਜਾਂਦਾ ਹੈ ਜਿਸ ਕਰਕੇ ਕਿਸਾਨਾਂ ਨੂੰ ਉਤਪਾਦਨ ਵਿਚ ਵਾਧਾ ਕਰਨ ਲਈ ਨਵੇਂ ਬੀਜ, ਖਾਦ ਅਤੇ ਤਕਨੀਕ ਦੀ ਵਰਤੋਂ ਲਈ ਉਤਸ਼ਾਹ ਮਿਲਦਾ ਰਹਿੰਦਾ ਹੈ।

**(v) ਖੇਤੀ ਉਪਜ ਨੂੰ ਸਟੋਰ ਕਰਨ ਦੀਆਂ ਸਹੂਲਤਾਂ :** ਖੇਤੀ ਉਪਜ ਦੀ ਸੰਭਾਲ ਲਈ ਸਰਕਾਰ ਨੇ ਗੋਦਾਮਾਂ ਦੀ ਸਹੂਲਤ ਵੀ ਪ੍ਰਦਾਨ ਕੀਤੀ। ਫਲ ਅਤੇ ਸਬਜ਼ੀਆਂ ਨੂੰ ਸਟੋਰ ਕਰਨ ਲਈ ਕੋਲਡ ਸਟੋਰੇਜ ਦੀਆਂ ਸੁਵਿਧਾਵਾਂ ਵੀ ਪ੍ਰਦਾਨ ਕੀਤੀਆਂ ਗਈਆਂ ਜਿਨ੍ਹਾਂ ਕਰਕੇ ਕਿਸਾਨਾਂ ਨੂੰ ਖੇਤੀ ਵਿਚ ਆਧਨਿਕ ਢੰਗਾਂ ਦੀ ਵਰਤੋਂ ਕਰਨ ਲਈ ਪ੍ਰੇਰਣਾ ਮਿਲੀ ਅਤੇ ਖੇਤੀ ਉਪਜ ਵਿਚ ਤੇਜ਼ੀ ਨਾਲ ਵਾਧਾ ਹੋਇਆ।

**(vi) ਬਿਜਲੀ ਦੀ ਪੂਰਤੀ :** ਹਰੀ ਕ੍ਰਾਂਤੀ ਲਿਆਉਣ ਵਿਚ ਸਿੰਜਾਈ ਸੁਵਿਧਾਵਾਂ ਦਾ ਬੜਾ ਮਹੱਤਵਪੂਰਨ ਰੋਲ ਸੀ, ਅਤੇ ਸਿੰਜਾਈ ਸੁਵਿਧਾਵਾਂ ਲਈ ਬਿਜਲੀ ਦੀ ਪੂਰਤੀ ਨੇ ਵੀ ਮਹੱਤਵਪੂਰਨ ਰੋਲ ਅਦਾ ਕੀਤਾ। ਪੇਂਡੂ ਬਿਜਲੀਕਰਣ ਨਿਗਮ (Rural Electrification Corporation-REC) ਦੀ ਸਥਾਪਨਾ ਕੀਤੀ ਗਈ। ਬਿਜਲੀ ਮਿਲਣ ਨਾਲ ਕਿਸਾਨ ਸਿੰਜਾਈ ਦੀ ਵਧੇਰੇ ਵਿਵਸਥਾ ਕਰ ਸਕੇ ਅਤੇ ਇਸ ਨਾਲ ਉਪਜ ਵਿਚ – ਖਾਸਕਰ ਝੋਨੇ ਦੀ ਉਪਜ ਵਿਚ – ਸ਼ਲਾਘਾਯੋਗ ਵਾਧਾ ਹੋਇਆ।

**(vii) ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਵਿਕਾਸ ਪ੍ਰੋਗਰਾਮ :** ਹਰੀ ਕ੍ਰਾਂਤੀ ਦਾ ਇੱਕ ਹੋਰ ਕਾਰਣ ਸੀ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਨਵੀਂ ਤਕਨੀਕ ਅਪਨਾਉਣ ਵਿਚ ਸਹਾਇਤਾ ਕਰਨ ਲਈ ਵਿਸ਼ੇਸ਼ ਏਜੰਸੀਆਂ ਦੀ ਸਥਾਪਨਾ ਜਿਵੇਂ ਕਿ Small Farmers' Development Agency (SFDA), Marginal Farmers' and Agricultural Labourers' Agency (MFALA). ਇਨ੍ਹਾਂ ਦਾ ਮੁੱਖ ਕੰਮ ਕਿਸਾਨਾਂ ਨੂੰ ਖੇਤੀ ਦੇ ਨਵੇਂ ਢੰਗਾਂ ਬਾਰੇ ਜਾਣਕਾਰੀ, ਕਰਜ਼ਾ ਅਤੇ ਸਬਸਿਡੀ ਦੇਣਾ ਸੀ। ਬਾਅਦ ਵਿਚ ਇਨ੍ਹਾਂ ਏਜੰਸੀਆਂ ਨੂੰ ਮਿਲਾ (merge) ਕੇ District Rural Development Agency (DRDA) ਦੀ ਸਥਾਪਨਾ ਕਰ ਦਿੱਤੀ ਗਈ। ਇਸ ਏਜੰਸੀ ਦਾ ਮੁੱਖ ਕੰਮ ਛੋਟੇ ਅਤੇ ਸੀਮਾਂਤ ਕਿਸਾਨਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣਾ ਅਤੇ ਉਨ੍ਹਾਂ ਨੂੰ ਘੱਟ ਕੀਮਤ ਤੇ ਖੇਤੀ ਆਦਾਨ ਮੁਹੱਇਆ ਕਰਵਾਣਾ ਸੀ। ਇਸ ਦੇ ਕਾਰਣ ਛੋਟੇ ਅਤੇ ਸੀਮਾਂਤ ਕਿਸਾਨ ਵੀ ਆਧੁਨਿਕ ਖੇਤੀ ਅਪਨਾ ਕੇ ਹਰੀ ਕ੍ਰਾਂਤੀ ਵਿਚ ਆਪਣਾ ਯੋਗਦਾਨ ਪਾ ਸਕੇ।

**(viii) ਖੇਤੀ ਖੋਜ :** ਖੇਤੀ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ, ਕ੍ਰਿਆਵਾਂ ਅਤੇ ਸਮੱਸਿਆਵਾਂ ਤੇ ਖੋਜ ਕਰਨ ਲਈ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਜਿਵੇਂ ਕਿ Indian Council of Agricultural Research (ICAR) ਅਤੇ ਖੇਤੀਬਾੜੀ ਯੂਨੀਵਰਸਿਟੀਆਂ। ਇਨ੍ਹਾਂ ਸੰਸਥਾਵਾਂ ਦੇ ਖੋਜ ਕਾਰਜ – ਨਵੇਂ ਬੀਜ, ਖੇਤੀ ਦੇ ਨਵੇਂ ਢੰਗ, ਕੀੜਿਆਂ ਤੋਂ ਪੌਦਿਆਂ ਨੂੰ ਬਚਾਅ – ਕਰਕੇ ਖੇਤੀ ਉਤਪਾਦਨ ਵਿਚ ਬਹੁਤ ਵਾਧਾ ਹੋਇਆ।

ਉੱਪਰ ਦਿੱਤੇ ਤੱਥਾਂ ਕਰਕੇ ਹੀ ਭਾਰਤ ਵਿਚ ਹਰੀ ਕ੍ਰਾਂਤੀ ਸੰਭਵ ਹੋ ਸਕੀ ਹੈ। ਹਰੀ ਕ੍ਰਾਂਤੀ ਦਾ ਸਾਡੀ ਅਰਥਵਿਵਸਥਾ ਤੇ ਬਹੁਤ ਪ੍ਰਭਾਵ ਪਿਆ। ਇਹ ਪ੍ਰਭਾਵ ਸਿਰਫ਼ ਲਾਭਕਾਰੀ ਹੀ ਨਹੀਂ ਸਨ, ਇਸ ਕ੍ਰਾਂਤੀ ਦੇ ਕੁਝ ਮਾੜੇ ਪ੍ਰਭਾਵ ਵੀ ਸਨ। ਇਨ੍ਹਾਂ ਪ੍ਰਭਾਵਾਂ — ਚੰਗੇ ਵੀ ਅਤੇ ਮਾੜੇ ਵੀ — ਦਾ ਜ਼ਿਕਰ ਹੁਣ ਅਸੀਂ ਵਿਸਥਾਰ ਨਾਲ ਕਰਾਂਗੇ।

### 2.2.3.2 ਹਰੀ ਕ੍ਰਾਂਤੀ ਦੇ ਲਾਭ

ਹਰੀ ਕ੍ਰਾਂਤੀ ਕਰਕੇ ਸਾਡੀ ਅਰਥਵਿਵਸਥਾ ਨੂੰ ਇੱਕ ਨਵਾਂ ਆਧਾਰ ਪ੍ਰਾਪਤ ਹੋਇਆ। ਇਸ ਕ੍ਰਾਂਤੀ ਤੋਂ ਸਾਡੇ ਦੇਸ਼ ਦੀ ਅਰਥ ਵਿਵਸਥਾ ਨੂੰ ਜੋ ਲਾਭ ਪਹੁੰਚੇ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

**(i) ਖੇਤੀ ਉਤਪਾਦਨ ਵਿਚ ਵਾਧਾ :** ਖੇਤੀ ਦੀ ਨਵੀਂ ਤਰਤੀਬ ਦਾ ਸਭ ਤੋਂ ਵੱਡਾ ਲਾਭ ਸੀ ਉਤਪਾਦਨ ਵਿਚ

ਹੈਰਾਨੀਜਨਕ ਵਾਧਾ। ਇਹ ਵਾਧਾ ਸਭ ਤੋਂ ਵੱਧ ਅਨਾਜ ਵਿਚ ਹੋਇਆ। ਅਨਾਜ ਦਾ ਉਤਪਾਦਨ, ਜਿਹੜਾ ਕਿ 1950-51 ਵਿਚ 55 ਮਿਲਿਅਨ ਟਨ ਸੀ, 2001-2002 ਵਿਚ ਵੱਧ ਕੇ 212 ਮਿਲਿਅਨ ਟਨ ਹੋ ਗਿਆ। ਇਸ ਵਾਧੇ ਕਰਕੇ ਸਾਡੇ ਦੇਸ਼ ਦੀ ਅਨਾਜ ਦੇ ਆਯਾਤ ਤੇ ਨਿਰਭਰਤਾ ਬਹੁਤ ਘੱਟ ਗਈ — ਸਾਨੂੰ ਸਿਰਫ ਕੁਝ ਸਾਲ ਵਿਚ ਹੀ ਅਨਾਜ ਦਾ ਆਯਾਤ ਕਰਵਾਉਣਾ ਪਿਆ। ਇਹ ਉਪਲੱਬਧੀ ਹੋਰ ਵੀ ਵੱਡੀ ਹੋ ਜਾਂਦੀ ਹੈ ਜੇਕਰ ਅਸੀਂ ਇਸ ਤੱਥ ਨੂੰ ਯਾਦ ਰੱਖੀਏ ਕਿ ਸਾਡੇ ਦੇਸ਼ ਦੀ ਜਨਸੰਖਿਆ ਵਿਚ ਵਾਧਾ ਲਗਾਤਾਰ ਹੀ ਹੁੰਦਾ ਰਿਹਾ ਹੈ, ਪਰੰਤੂ ਹਰੀ ਕ੍ਰਾਂਤੀ ਸਦਕੇ ਸਾਨੂੰ ਅਨਾਜ ਦੇ ਆਯਾਤ ਵਿਚ ਵਾਧਾ ਨਹੀਂ ਕਰਨਾ ਪਿਆ — ਅਨਾਜ ਦਾ ਆਯਾਤ, ਜੋ ਕਿ 1965-66 ਵਿਚ ਲਗਭੱਗ 10 ਮਿਲਿਅਨ ਟਨ ਸੀ, 1971-72 ਵਿਚ 0.50 ਮਿਲਿਅਨ ਟਨ ਰਹਿ ਗਿਆ।

**(ii)** **ਮੰਡੀਕ੍ਰਿਤ ਬੇਸ਼ੀ ਵਿਚ ਵਾਧਾ :** ਉਤਪਾਦਨ ਵਿਚ ਵਾਧੇ ਕਰਕੇ ਕਿਸਾਨਾਂ ਕੋਲ ਵੇਚਣ ਲਈ ਵੀ ਵੱਧ ਅਨਾਜ ਹੋਇਆ। ਮੰਡੀ ਵਿਚ ਵੱਧ ਅਨਾਜ ਵੇਚਣ ਕਰਕੇ ਉਨ੍ਹਾਂ ਦੀ ਆਮਦਨ ਵਿਚ ਵੀ ਵਾਧਾ ਹੋਇਆ। ਇਹ ਦੇਸ਼ ਦੀ ਵੱਧਦੀ ਜਨਸੰਖਿਆ ਲਈ ਵੀ ਚੰਗਾ ਸੀ। ਉਤਪਾਦਨ ਵਿਚ ਵਾਧੇ ਤੋਂ ਕਿਤੇ ਵੱਧ ਅਨੁਪਾਤ ਵਿਚ ਉਸ ਦਾ ਮੰਡੀਕਰਣ ਵਧਿਆ।

**(iii)** **ਰੁਜ਼ਗਾਰ ਵਿਚ ਵਾਧਾ :** ਹਰੀ ਕ੍ਰਾਂਤੀ ਦੇ ਫਲਸਰੂਪ ਨਾ ਸਿਰਫ ਖੇਤੀ ਖੇਤਰ ਵਿਚ, ਸਗੋਂ ਦੂਜੇ ਖੇਤਰਾਂ ਵਿਚ ਵੀ ਉਤਪਾਦਨ ਵਿਚ ਬਹੁਤ ਵਾਧਾ ਹੋਇਆ। ਸਾਲ ਵਿਚ ਇੱਕ ਤੋਂ ਵੱਧ ਫਸਲ ਉਗਾਉਣ ਕਰਕੇ ਕੰਮ ਤੇਜ਼ੀ ਨਾਲ ਅਤੇ ਸਮੇਂ ਸਿਰ ਕਰਨਾ ਜ਼ਰੂਰੀ ਹੋ ਗਿਆ ਜਿਸ ਕਰਕੇ ਕਿਰਤ ਦੀ ਮੰਗ ਵਿਚ ਵੀ ਵਾਧਾ ਹੋਇਆ। ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੇ ਪ੍ਰਯੋਗ ਲਈ ਵੀ ਕਿਰਤ ਦੀ ਮੰਗ ਵਧੀ ਅਤੇ ਫਸਲ ਕੱਟਣ ਲਈ ਵੀ। ਕਿਸਾਨਾਂ ਦੀ ਆਮਦਨ ਵਿਚ ਹੋਏ ਵਾਧੇ ਕਰਕੇ ਉਨ੍ਹਾਂ ਨੇ ਆਪ ਕੰਮ ਨਾ ਕਰਕੇ ਖੇਤ ਮਜ਼ਦੂਰਾਂ ਰਾਹੀਂ ਕੰਮ ਲੈਣਾ ਆਰੰਭ ਕਰ ਦਿੱਤਾ।

ਉਦਯੋਗਿਕ ਅਤੇ ਵਪਾਰਕ ਖੇਤਰਾਂ ਵਿਚ ਵੀ — ਮਸ਼ੀਨਾਂ, ਕੀਟ ਨਾਸ਼ਕ ਦਵਾਈਆਂ, ਰਸਾਇਣਿਕ ਖਾਦ ਦੇ ਉਤਪਾਦਨ ਅਤੇ ਵਿਕਰੀ ਲਈ — ਰੁਜ਼ਗਾਰ ਦੇ ਨਵੇਂ ਅਵਸਰ ਪੈਦਾ ਹੋ ਗਏ। ਖੇਤੀ ਉਤਪਾਦਨ ਦੀ ਵਿਕਰੀ ਅਤੇ ਢੋਆ-ਢੁਆਈ ਲਈ ਵੀ ਬਹੁਤ ਲੋਕਾਂ ਨੂੰ ਰੁਜ਼ਗਾਰ ਮਿਲਣਾ ਸ਼ੁਰੂ ਹੋ ਗਿਆ। ਖੇਤੀ ਦੀ ਮਸ਼ੀਨਾਂ ਦੀ ਮੁਰੰਮਤ ਦਾ ਕੰਮ ਵੀ ਮਿਸਤਰੀਆਂ - ਮਕੈਨਿਕਾਂ ਲਈ ਰੁਜ਼ਗਾਰ ਦਾ ਸਾਧਨ ਬਣ ਗਿਆ। ਖੇਤੀ ਉਪਜ ਵਿਚ ਵਾਧਾ ਹੋਣ ਨਾਲ ਖੇਤੀ ਆਧਾਰਿਤ ਉਦਯੋਗਾਂ ਵਿਚ ਰੁਜ਼ਗਾਰ ਸਹੂਲਤਾਂ ਵੱਧ ਗਈਆਂ।

**(iv)** **ਆਮਦਨ ਵਿਚ ਵਾਧਾ :** ਹਰੀ ਕ੍ਰਾਂਤੀ ਦੇ ਫਲਸਰੂਪ ਕਿਸਾਨਾਂ ਦੀ ਆਰਥਿਕ ਹਾਲਤ ਵਿਚ ਕਾਫੀ ਸੁਧਾਰ ਹੋਇਆ। ਉਨ੍ਹਾਂ ਦੀ ਆਮਦਨ ਵੀ ਵਧੇਰੇ ਉਤਪਾਦਨ ਵੇਚਣ ਕਰਕੇ ਵੱਧ ਗਈ। ਕਿਸਾਨਾਂ ਦਾ ਰਹਿਣ-ਸਹਿਣ ਦਾ ਪੱਧਰ ਵੀ ਵੱਧਿਆ ਜਿਸ ਕਰਕੇ ਉਪਭੋਗ ਵਸਤਾਂ ਦੀ ਮੰਗ ਵਿਚ ਵਾਧਾ ਹੋਇਆ। ਇਸ ਦੇ ਨਾਲ ਹੀ ਭੂਮੀਹੀਣ ਮਜ਼ਦੂਰਾਂ ਨੂੰ ਵੀ ਲਾਭ ਪਹੁੰਚਿਆ ਕਿਉਂਕਿ ਉਨ੍ਹਾਂ ਦੀ ਮਜਦੂਰੀ ਦਰ ਵਿਚ ਵਾਧਾ ਹੋਇਆ।

**(v)** **ਉਦਯੋਗਿਕ ਵਿਕਾਸ ਤੇ ਚੰਗਾ ਪ੍ਰਭਾਵ :** ਹਰੀ ਕ੍ਰਾਂਤੀ ਨੇ ਉਦਯੋਗੀਕਰਣ ਨੂੰ ਵੀ ਪ੍ਰੋਤਸ਼ਾਹਤ ਕੀਤਾ। ਤਿੰਨ ਪ੍ਰਕਾਰ ਦੇ ਉਦਯੋਗਾਂ ਨੂੰ ਵਧੇਰੇ ਉਤਪਦਾਨ ਕਰਨ ਅਤੇ ਵਿਕਸਿਤ ਹੋਣ ਦਾ ਮੌਕਾ ਮਿਲਿਆ। ਇਹ ਉਦਯੋਗ ਸਨ : ਖੇਤੀਬਾੜੀ ਲਈ ਸਾਧਨ ਪੈਦਾ ਕਰਨ ਵਾਲੇ ਉਦਯੋਗ ਜਿਵੇਂ ਕਿ ਟਰੈਕਟਰ, ਕੀਟਨਾਸ਼ਕ ਦਵਾਈਆਂ, ਖਾਦ, ਡੀਜਲ ਇੰਜਣ ਵਰਗੇ ਉਦਯੋਗ। ਖੇਤੀਬਾੜੀ ਤੋਂ ਪ੍ਰਾਪਤ ਕੱਚੇ ਮਾਲ ਤੇ ਨਿਰਭਰ ਉਦਯੋਗ ਜਿਵੇਂ ਖੰਡ, ਸੂਤੀ ਕਪੜਾ, ਪਟਸਨ, ਚਾਵਲ, ਵਨਸਪਤੀ ਤੇਲ ਆਦਿ ਵੀ ਵਿਕਸਤ ਹੋਏ। ਇਸੇ ਤਰ੍ਹਾਂ ਉਪਭੋਗੀ ਵਸਤਾਂ ਦੇ ਉਦਯੋਗਾਂ ਨੂੰ ਵੀ ਲਾਭ ਪਹੁੰਚਿਆ ਕਿਉਂਕਿ ਆਮਦਨ ਵਿਚ ਵਾਧਾ ਹੋਣ ਕਰਕੇ ਕਿਸਾਨਾਂ ਦਾ ਜੀਵਨ ਪੱਧਰ ਉੱਚਾ ਹੋਇਆ ਅਤੇ ਉਨ੍ਹਾਂ ਨੇ ਟੀ.ਵੀ., ਫਰਿਜ, ਪੰਖੇ, ਫਰਨੀਚਰ ਆਦਿ ਉਪਭੋਗੀ ਵਸਤਾਂ ਦਾ ਵੀ ਪ੍ਰਯੋਗ ਕਰਨਾ ਆਰੰਭ ਕਰ ਦਿੱਤਾ। ਖੇਤੀਬਾੜੀ ਵਿਚ ਵੱਧ ਮਸ਼ੀਨਰੀ ਦੇ ਪ੍ਰਯੋਗ ਹੋਣ ਕਰਕੇ ਇਨ੍ਹਾਂ ਮਸ਼ੀਨਾਂ ਦੀ ਮੁਰੰਮਤ ਅਤੇ ਕਲਪੁਰਜ਼ੇ ਬਣਾਉਣ ਵਾਲੇ

ਉਦਯੋਗਾਂ ਨੂੰ ਵੀ ਲਾਭ ਪਹੁੰਚਿਆ।

**(vi)** **ਪੇਂਡੂ ਵਿਕਾਸ :** ਹਰੀ ਕ੍ਰਾਂਤੀ ਪੇਂਡੂ ਵਿਕਾਸ ਲਈ ਵੀ ਸਹਾਇਕ ਸਿੱਧ ਹੋਈ ਹੈ। ਆਮਦਨ ਵਿਚ ਵਾਧਾ ਹੋਣ ਨਾਲ ਪੇਂਡੂ ਲੋਕ ਵੀ ਚੰਗਾ ਜੀਵਨ ਬਤੀਤ ਕਰਨਾ ਚਾਹੁਣ ਲੱਗੇ ਅਤੇ ਉਨ੍ਹਾਂ ਨੇ ਨਾ ਸਿਰਫ਼ ਸਰਕਾਰ ਪਾਸੋਂ ਵਿਕਾਸ ਸਹੂਲਤਾਂ ਜਿਵੇਂ ਕਿ ਪੱਕੀਆਂ ਸੜਕਾਂ, ਸਕੂਲ, ਸਿਹਤ ਕੇਂਦਰ ਆਦਿ ਦੀ ਮੰਗ ਕੀਤੀ, ਸਗੋਂ ਬਹੁਤ ਵਾਰੀ ਤਾਂ ਆਪ ਹੀ ਉਪਰਾਲਾ ਕਰਕੇ ਇਨ੍ਹਾਂ ਸਹੂਲਤਾਂ ਦਾ ਵਿਕਾਸ ਕੀਤਾ। ਪੇਂਡੂ ਲੋਕਾਂ ਦੀ ਬੱਚਤਾਂ ਨੂੰ ਇੱਕਠਾ ਕਰਨ ਲਈ ਪਿੰਡਾਂ ਵਿਚ ਬੈਂਕਿੰਗ ਸਹੂਲਤਾਂ ਵਿਚ ਵੀ ਵਾਧਾ ਹੋਇਆ। ਦੇਸ਼ ਦੇ ਜਿਹੜੇ ਭਾਗਾਂ ਵਿਚ ਹਰੀ ਕ੍ਰਾਂਤੀ ਆਈ, ਉਨ੍ਹਾਂ ਭਾਗਾਂ ਦੇ ਪਿੰਡਾਂ ਦਾ ਵਿਕਾਸ ਵੀ ਵੱਧ ਹੋਇਆ ਹੈ।

**(vii)** **ਖੇਤੀ ਨਿਵੇਸ਼ ਵਿਚ ਵਾਧਾ :** ਹਰੀ ਕ੍ਰਾਂਤੀ ਨਾਲ ਕਿਸਾਨਾਂ ਦੀ ਆਮਦਨ ਵਿਚ ਤਾਂ ਵਾਧਾ ਹੋਇਆ ਹੀ, ਨਾਲ ਹੀ ਉਨ੍ਹਾਂ ਨੂੰ ਇਹ ਵੀ ਅਹਿਸਾਸ ਹੋ ਗਿਆ ਕਿ ਖੇਤੀ ਵਿਚ ਵਧਿਆ ਆਦਾਨਾਂ ਤੇ ਨਿਵੇਸ਼ ਕਰਨ ਨਾਲ ਆਰਥਿਕ ਲਾਭ ਵੱਧਦਾ ਹੈ। ਕਿਸਾਨ ਆਪਣੀ ਵੱਧੀ ਆਮਦਨ ਨੂੰ ਮੁੜ ਖੇਤੀ ਵਿਚ ਨਿਵੇਸ਼ ਕਰਨ ਲੱਗੇ — ਹੁਣ ਉਹ ਆਪਣੀ ਆਮਦਨ ਦਾ ਇੱਕ ਵੱਡਾ ਹਿੱਸਾ ਚੰਗੇ ਬੀਜ, ਖਾਦ, ਮਸ਼ੀਨਰੀ, ਭੂਮੀ ਸੁਧਾਰ ਅਤੇ ਸਿੰਜਾਈ ਸਹੂਲਤਾਂ ਤੇ ਖਰਚਣ ਲੱਗ ਪਏ ਹਨ। ਇਸ ਤਰ੍ਹਾਂ ਖੇਤੀ ਖੇਤਰ ਵਿਚ ਪੂੰਜੀ ਨਿਰਮਾਣ ਵਿਚ ਵਾਧਾ ਹੋਇਆ ਹੈ ਅਤੇ ਖੇਤੀ ਉਤਪਾਦਨ ਵਿਚ ਹੋਰ ਜ਼ਿਆਦਾ ਵਾਧਾ ਹੋਇਆ ਹੈ।

**(viii)** **ਵਿਚਾਰਧਾਰਾ ਵਿਚ ਪਰਿਵਰਤਨ :** ਹਰੀ ਕ੍ਰਾਂਤੀ ਆਉਣ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਵਿਚ ਤਾਂ ਸੁਧਾਰ ਹੋਇਆ ਹੀ, ਉਨ੍ਹਾਂ ਦੀ ਵਿਚਾਰਧਾਰਾ ਵਿਚ ਵੀ ਪਰਿਵਰਤਨ ਆਇਆ। ਉਹ ਲੋਕ, ਜਿਹੜੇ ਕਿ ਅਨਪੜ੍ਹ, ਅੰਧਵਿਸ਼ਵਾਸੀ ਸੀ ਅਤੇ ਆਪਣੀ ਗਰੀਬੀ ਨੂੰ ਪਰਮਾਤਮਾ ਦੀ ਦੇਣ ਮੰਨ ਲੈਂਦੇ ਸੀ, ਉਨ੍ਹਾਂ ਨੂੰ ਪਤਾ ਲੱਗ ਪਿਆ ਕਿ ਉਹ ਆਪਣੀ ਬਦਹਾਲੀ ਨੂੰ ਆਪਣੀ ਮਿਹਨਤ ਨਾਲ ਖੁਸ਼ਹਾਲੀ ਵਿਚ ਬਦਲ ਸਕਦੇ ਹਨ। ਕਿਸਾਨ ਪ੍ਰਗਤੀਸ਼ੀਲ ਵਿਚਾਰਾਂ ਦਾ ਹੋ ਗਿਆ ਅਤੇ ਚੰਗੇ ਜੀਵਨ ਦੇ ਨਾਲ-ਨਾਲ ਆਪਣੇ ਬੱਚਿਆਂ ਨੂੰ ਵੀ ਚੰਗੀ ਸਿੱਖਿਆ ਦੇਣ ਦੇ ਹੱਕ ਵਿਚ ਹੋ ਗਿਆ।

ਹਰੀ ਕ੍ਰਾਂਤੀ ਦੇ ਨਾਲ ਨਾ ਸਿਰਫ ਕਿਸਾਨਾਂ ਦੀ ਵਿਚਾਰਧਾਰਾ ਬਦਲੀ, ਸਗੋਂ ਭਾਰਤੀ ਕਿਸਾਨਾਂ ਬਾਰੇ ਵੀ ਲੋਕਾਂ ਦੀ ਦੇਸ਼ ਅਤੇ ਵਿਦੇਸ਼ਾਂ ਵਿਚ ਵਿਚਾਰਧਾਰਾ ਬਦਲ ਗਈ। ਲੋਕਾਂ ਨੂੰ ਵੀ ਪਤਾ ਲੱਗ ਗਿਆ ਕਿ ਜੇਕਰ ਭਾਰਤੀ ਕਿਸਾਨਾਂ ਨੂੰ ਵੀ ਉਹੀ ਸਹੂਲਤਾਂ ਦਿੱਤੀਆਂ ਜਾਣ ਜੋ ਕਿ ਵਿਕਸਤ ਦੇਸ਼ਾਂ ਵਿਚ ਕਿਸਾਨਾਂ ਨੂੰ ਉਪਲੱਭਧ ਹਨ, ਤਾਂ ਸਾਡੇ ਕਿਸਾਨ ਵੀ ਉਨ੍ਹਾਂ ਹੀ ਉਤਪਾਦਨ ਕਰ ਸਕਦੇ ਹਨ ਜਿੰਨ੍ਹਾਂ ਕਿ ਵਿਕਸਤ ਦੇਸ਼। ਇਸ ਨਾਲ ਪੂਰੇ ਸੰਸਾਰ ਵਿਚ ਭਾਰਤ ਦਾ ਸਥਾਨ ਵੀ ਉੱਚਾ ਹੋਇਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰੀ ਕ੍ਰਾਂਤੀ ਦੇ ਬਹੁਤ ਲਾਭ ਸਾਡੀ ਅਰਥਵਿਵਸਥਾ ਨੂੰ ਹੋਏ ਹਨ। ਪਰੰਤੂ ਇਸ ਦੀਆਂ ਪ੍ਰਾਪਤੀਆਂ ਬਾਰੇ ਵੀ ਬਹੁਤ ਮਤਭੇਦ ਹੈ। ਕਿਹਾ ਜਾਂਦਾ ਹੈ ਕਿ ਹਰੀ ਕ੍ਰਾਂਤੀ ਕਰਕੇ ਅਰਥ ਵਿਵਸਥਾ ਵਿਚ ਬਹੁਤ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਹਨ। ਹਰੀ ਕ੍ਰਾਂਤੀ ਦੇ ਮਾੜੇ ਪ੍ਰਭਾਵਾਂ ਜਾਂ ਇਸ ਦੀ ਮੁੱਖ ਕਮੀਆਂ ਦਾ ਹੇਠਾਂ ਵਰਣਨ ਕੀਤਾ ਗਿਆ ਹੈ।

### 2.2.3.3 ਹਰੀ ਕ੍ਰਾਂਤੀ ਦੀਆਂ ਮੁੱਖ ਘਾਟਾਂ :

**(i)** **ਖੇਤੀਬਾੜੀ ਵਿਚ ਪੂੰਜੀਵਾਦ :** ਹਰੀ ਕ੍ਰਾਂਤੀ ਨੇ ਖੇਤੀਬਾੜੀ ਵਿਚ ਪੂੰਜੀਵਾਦ ਸਥਾਪਤ ਕਰ ਦਿੱਤਾ। ਖੇਤੀਬਾੜੀ ਦੀ ਨਵੀਂ ਤਰਤੀਬ ਵਿਚ ਮਹਿੰਗੇ ਅਦਾਨ ਅਤੇ ਤਕਨੀਕ ਦੀ ਵਰਤੋਂ ਹੁੰਦੀ ਹੈ ਜਿਨ੍ਹਾਂ ਉੱਤੇ ਖਰਚ ਕਰਨਾ ਛੋਟੇ ਕਿਸਾਨਾਂ ਦੇ ਵੱਸ ਦਾ ਰੋਗ ਨਹੀਂ। ਭਾਰਤ ਵਿਚ ਸਿਰਫ 6 ਪ੍ਰਤੀਸ਼ਤ ਇਹੋ ਜਿਹੇ ਕਿਸਾਨ ਹਨ ਜਿਨ੍ਹਾਂ ਕੋਲ ਕੁਲ ਖੇਤੀਯੋਗ ਭੂਮੀ ਦਾ 40 ਪ੍ਰਤੀਸ਼ਤ ਹਿੱਸਾ ਹੈ। ਇਹੋ ਹੀ ਉਹ ਕਿਸਾਨ ਹਨ ਜੋ ਕਿ ਖੇਤੀਬਾੜੀ ਵਿਚ ਭਾਰੀ ਨਿਵੇਸ਼ ਕਰ ਕੇ ਨਵੀਂ ਤਰਤੀਬ ਦਾ ਲਾਭ ਉਠਾ ਸਕੇ ਹਨ। ਇਸ ਕਰਕੇ ਪੇਂਡੂ ਖੇਤਰਾਂ ਵਿਚ ਕੁਲ 10 ਪ੍ਰਤੀਸ਼ਤ ਲੋਕਾਂ ਦੇ ਹੱਥਾਂ ਵਿਚ ਹੀ ਸੰਪਤੀ ਦਾ ਮੁੱਖ ਹਿੱਸਾ ਹੈ। ਇਸ ਨੇ ਪੂੰਜੀਵਾਦੀ ਖੇਤੀ ਦਾ ਆਰੰਭ ਕੀਤਾ ਹੈ। ਛੋਟੇ ਅਤੇ ਸੀਮਾਂਤ ਕਿਸਾਨ,

ਜਿਨ੍ਹਾਂ ਕੋਲ ਸਾਧਨਾਂ ਉੱਤੇ ਨਿਵੇਸ਼ ਕਰਨ ਦੀ ਸਮਰੱਥਾ ਨਹੀਂ ਸੀ, ਹਰੀ ਕ੍ਰਾਂਤੀ ਦਾ ਜ਼ਿਆਦਾ ਲਾਭ ਨਹੀਂ ਉਠਾ ਸਕੇ। ਫਰਾਂਸੀਨ ਫਰੈਂਕਨੈਲ ਦੇ ਅਨੁਸਾਰ ਹਰੀ ਕ੍ਰਾਂਤੀ ਦਾ ਲਾਭ ਸਿਰਫ ਉਨ੍ਹਾਂ ਕਿਸਾਨਾਂ ਨੂੰ ਹੋਇਆ ਹੈ ਜਿਨ੍ਹਾਂ ਕੋਲ 10–15 ਹੈਕਟੇਅਰ ਜਾਂ ਇਸ ਤੋਂ ਵੱਧ ਭੂਮੀ ਹੈ; ਬਾਕਿਆਂ ਦੀ ਤਾਂ ਆਰਥਿਕ ਅਵਸਥਾ ਹੋਰ ਵੀ ਵਿਗੜ ਗਈ ਹੈ। ਹਰੀ ਕ੍ਰਾਂਤੀ ਦੇ ਲਾਭਾਂ ਦੀ ਅਸਮਾਨ ਵੰਡ ਹੋਈ ਹੈ।

**(ii)** **ਅਰਥ ਵਿਵਸਥਾ ਵਿਚ ਅਸੰਤੁਲਨ :** ਹਰੀ ਕ੍ਰਾਂਤੀ ਕਰਕੇ ਖੇਤੀਬਾੜੀ ਵਿਚ ਦਵੈਤਵਾਦ (dualism) ਵੱਧ ਗਿਆ ਹੈ। ਹਰੀ ਕ੍ਰਾਂਤੀ ਦਾ ਮੁੱਖ ਲਾਭ ਇਹੋ ਜਿਹੇ ਖੇਤਰਾਂ ਨੂੰ ਹੀ ਹੋਇਆ ਹੈ ਜਿੱਥੇ ਸਿੰਜਾਈ ਸਹੂਲਤਾਂ ਵੱਧ ਸਨ। ਜਿਹੜੇ ਖੇਤਰ ਵਰਖਾ ਤੇ ਨਿਰਭਰ ਹਨ, ਉੱਥੇ ਲਾਭ ਨਹੀਂ ਹੋਇਆ ਕਿਉਂਕਿ ਨਵੀਂ ਤਰਤੀਬ ਵਿਚ ਵਰਤੇ ਜਾਣ ਵਾਲੇ ਆਦਾਨ (inputs) ਵੱਧ ਪਾਣੀ ਦੀ ਸਹੂਲਤ ਵਿਚ ਹੀ ਵਧੇਰੇ ਝਾੜ ਦੇ ਸਕਦੇ ਹਨ। ਬਰਾਨੀ ਖੇਤਰਾਂ ਦੇ ਮੁਕਾਬਲੇ ਸਿੰਜਾਈ ਸਹਲੂਤਾਂ ਵਾਲੇ ਖੇਤਰਾਂ ਦੇ ਕਿਸਾਨਾਂ ਦੀ ਹਾਲਤ ਪਹਿਲਾਂ ਹੀ ਚੰਗੀ ਸੀ, ਹਰੀ ਕ੍ਰਾਂਤੀ ਨਾਲ ਇਹ ਹੋਰ ਚੰਗੀ ਹੋ ਗਈ। ਉਦਾਹਰਣ ਦੇ ਤੌਰ ਤੇ ਹਰੀ ਕ੍ਰਾਂਤੀ ਦੇ ਲਾਭ ਪੰਜਾਬ, ਹਰਿਆਣਾ, ਪੱਛਮੀ ਯੂ.ਪੀ. ਵਿਚ ਬਹੁਤ ਹੋਏ, ਜਦਕਿ ਰਾਜਸਥਾਨ, ਬਿਹਾਰ, ਉੜੀਸਾ ਵਰਗੇ ਖੇਤਰਾਂ ਵਿਚ ਨਾ ਬਰਾਬਰ ਹੋਏ। ਇਸ ਤਰ੍ਹਾਂ ਹਰੀ ਕ੍ਰਾਂਤੀ ਕਰਕੇ ਭਾਰਤੀ ਅਰਥਵਿਵਸਥਾ ਵਿਚ ਅਸਮਤੋਲ ਪੈਦਾ ਹੋ ਗਿਆ।

**(iii)** **ਰੁਜ਼ਗਾਰ ਸਹੂਲਤਾਂ ਵਿਚ ਘਾਟ :** ਖੇਤੀ ਦੀ ਨਵੀਂ ਤਰਤੀਬ ਵਿਚ ਦੋ ਮੁੱਖ ਪ੍ਰਕਾਰ ਦੀਆਂ ਤਬਦੀਲੀਆਂ ਹਨ — ਇੱਕ ਤਾਂ biological, ਦੂਜੀ ਮਕੈਨਿਕਲ (mechanical)। ਪਹਿਲੀ ਤਬਦੀਲੀ ਵਿਚ ਚੰਗੇ ਬੀਜ, ਰਸਾਇਣਿਕ ਖਾਦਾਂ, ਕੀਟਨਾਸ਼ਕ ਦਵਾਇਆਂ ਆਦਿ ਦਾ ਪ੍ਰਯੋਗ ਲਿਆ ਜਾਂਦਾ ਹੈ। ਜਦੋਂ ਤੱਕ ਹਰੀ ਕ੍ਰਾਂਤੀ ਇਨ੍ਹਾਂ biological ਤਰਤੀਬਾਂ ਤੇ ਹੀ ਨਿਰਭਰ ਸੀ, ਇਸ ਨੇ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਕੀਤਾ ਕਿਉਂਕਿ ਇਨ੍ਹਾਂ ਨੂੰ ਪ੍ਰਯੋਗ ਵਿਚ ਲਿਆਉਣ ਲਈ ਵਧੇਰੇ ਕਾਮਿਆਂ ਦੀ ਲੋੜ ਸੀ। ਪਰ ਜਦੋਂ ਆਮਦਨ ਦੇ ਵੱਧਣ ਨਾਲ ਖੇਤੀ ਵਿਚ ਮਕੈਨਿਕਲ ਤਬਦੀਲੀਆਂ, ਅਰਥਾਤ ਮਸ਼ੀਨੀਕਰਣ ਦਾ ਵਾਧਾ ਹੋਇਆ ਤਾਂ ਬੇਰੁਜ਼ਗਾਰੀ ਵੱਧਣ ਲੱਗੀ, ਕਿਉਂਕਿ ਕਾਮਿਆਂ ਦਾ ਕੰਮ ਮਸ਼ੀਨਾਂ ਰਾਹੀਂ ਹੋਣ ਲੱਗਾ। ਇਹ ਖਾਸ ਕਰ ਵੱਡੇ ਖੇਤਾਂ ਵਿਚ ਹੋਇਆ ਜਿਥੇ ਮਸ਼ੀਨਾਂ ਅਸਾਨੀ ਨਾਲ ਪ੍ਰਯੋਗ ਹੋ ਸਕਦੀਆਂ ਹਨ। ਜਿੱਥੇ ਮਸ਼ੀਨਾਂ ਨੇ ਰੁਜ਼ਗਾਰ ਦੇ ਮੌਕੇ ਘਟਾ ਦਿੱਤੇ, ਉੱਥੇ ਸਰਕਾਰ ਕਾਮਿਆਂ ਨੂੰ ਵਿਕਲਪਕ ਰੁਜ਼ਗਾਰ ਦੇਣ ਵਿਚ ਅਸਫਲ ਰਹੀ। ਇਸ ਕਰਕੇ ਇਹ ਠੀਕ ਹੈ ਕਿ ਆਰੰਭ ਵਿਚ ਹਰੀ ਕ੍ਰਾਂਤੀ ਕਰਕੇ ਰੁਜ਼ਗਾਰ ਵਿਚ ਵਾਧਾ ਹੋਇਆ, ਪਰੰਤੂ ਮਸ਼ੀਨੀਕਰਣ ਦੇ ਨਾਲ ਹੀ ਰੁਜ਼ਗਾਰ ਦੇ ਮੌਕੇ ਵੀ ਘੱਟਣੇ ਆਰੰਭ ਹੋ ਗਏ।

**(iv)** **ਕੁਝ ਫਸਲਾਂ ਤੱਕ ਸੀਮਤ :** ਹਰੀ ਕ੍ਰਾਂਤੀ ਕੁਝ ਫਸਲਾਂ ਤੱਕ ਹੀ ਸੀਮਤ ਰਹੀ। ਇਸ ਦਾ ਪ੍ਰਭਾਵ ਮੁੱਖ ਰੂਪ ਨਾਲ ਕਣਕ, ਜਵਾਰ, ਬਾਜਰਾ ਆਦਿ ਫਸਲਾਂ ਤੇ ਹੀ ਰਿਹਾ। ਵਪਾਰਕ ਫਸਲਾਂ ਤੇ ਇਸ ਦਾ ਵਿਸ਼ੇਸ਼ ਪ੍ਰਭਾਵ ਨਹੀਂ ਰਿਹਾ। ਦਾਲਾਂ ਅਤੇ ਤੇਲਾਂ ਦੇ ਬੀਜਾਂ (oilseeds) ਤੇ ਇਸ ਦਾ ਬਹੁਤ ਘੱਟ ਪ੍ਰਭਾਵ ਰਿਹਾ। ਇਸ ਕਰਕੇ ਹਰੀ ਕ੍ਰਾਂਤੀ ਨੂੰ 'ਕਣਕ ਝੋਨਾ' ਕ੍ਰਾਂਤੀ ਵੀ ਕਿਹਾ ਜਾਂਦਾ ਹੈ।

**(v)** **ਆਮਦਨ ਦੀ ਵੰਡ ਵਿਚ ਅਸਮਾਨਤਾ :** ਹਰੀ ਕ੍ਰਾਂਤੀ ਨੇ ਆਮਦਨ ਦੀ ਵੰਡ ਵੀ ਅਸਮਾਨ ਰੂਪ ਵਿਚ ਕੀਤੀ। ਬੇਸ਼ਕ ਇਸ ਦੇ ਆਉਣ ਨਾਲ ਹਰ ਵਰਗ ਦੇ ਕਿਸਾਨ ਨੂੰ ਲਾਭ ਹੋਇਆ ਕਿਉਂਕਿ ਇਹ 'size neutral' ਸੀ, ਪਰ ਇਹ 'resource neutral' ਨਹੀਂ ਸੀ, ਅਰਥਾਤ ਜਿਹੜੇ ਕਿਸਾਨਾਂ ਕੋਲ ਆਦਾਨ ਖਰੀਦਣ ਦੀ ਵੱਧ ਸਮਰੱਥਾ ਸੀ, ਉਨ੍ਹਾਂ ਨੂੰ ਵੱਧ ਲਾਭ ਹੋਇਆ। ਇਸ ਕਰਕੇ ਵੱਡੇ ਕਿਸਾਨਾਂ ਦੀ ਆਮਦਨ ਵਿੱਚ ਬਹੁਤ ਵਾਧਾ ਹੋਇਆ ਜਦ ਕਿ ਛੋਟੇ ਕਿਸਾਨਾਂ ਦੀ ਆਮਦਨ ਥੋੜ੍ਹੀ ਹੀ ਵੱਧੀ। ਹਰੀ ਕ੍ਰਾਂਤੀ ਨਾਲ ਬਹੁਤ ਖੇਤਰਾਂ ਵਿਚ ਉਲਟੀ ਪੱਟੇਦਾਰੀ ਦੀ ਪ੍ਰਥਾ (reverse tenancy) ਵੀ ਆਰੰਭ ਹੋ ਗਈ, ਅਰਥਾਤ ਵੱਡੇ ਕਿਸਾਨਾਂ ਨੇ ਮਸ਼ੀਨਰੀ ਦਾ ਲਾਭ ਉਠਾਉਣ ਲਈ ਛੋਟੇ ਅਤੇ ਸੀਮਾਂਤ ਕਿਸਾਨਾਂ ਤੋਂ ਭੂਮੀ ਪੱਟੇ ਤੇ ਲੈਣੀ ਸ਼ੁਰੂ ਕਰ ਦਿੱਤੀ। ਇਸ ਦੇ ਨਾਲ ਵੀ ਵੱਡੇ ਅਤੇ ਛੋਟੇ ਕਿਸਾਨਾਂ ਦੇ ਵਿਚ ਆਰਥਿਕ ਪਾੜਾ ਵੱਧਦਾ ਗਿਆ।

**(iv)** **ਪੇਂਡੂ ਖੇਤਰਾਂ ਵਿਚ ਤਨਾਓ :** ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਹਰੀ ਕ੍ਰਾਂਤੀ ਦੇ ਕਾਰਣ ਵੱਡੇ ਕਿਸਾਨਾਂ ਅਤੇ ਛੋਟੇ ਕਿਸਾਨਾਂ ਵਿਚ ਆਰਥਿਕ ਅਸਮਾਨਤਾ ਵੱਧਦੀ ਗਈ। ਇਸ ਆਰਥਿਕ ਅਸਮਾਨਤਾ ਦੇ ਕਾਰਣ ਪੇਂਡੂ ਖੇਤਰਾਂ

ਵਿਚ ਵੀ ਦੋ ਜਮਾਤਾਂ ਬਣ ਗਈਆਂ ਜਿਨ੍ਹਾਂ ਦੇ ਰਹਿਣ-ਸਹਿਣ ਦਾ ਪੱਧਰ ਬਹੁਤ ਫਰਕ ਸੀ। ਆਰਥਿਕ ਪਾੜਾ ਸਮਾਜਿਕ ਤਨਾਓ ਵਿਚ ਬਦਲਣ ਲੱਗਾ ਅਤੇ ਪਿੰਡਾਂ ਵਿਚ ਲੜਾਈ ਝਗੜੇ ਵੱਧ ਗਏ।

**(vii)** **ਅਮੀਰ ਕਿਸਾਨਾਂ ਦੁਆਰਾ ਫਾਲਤੂ ਖਰਚ :** ਹਰੀ ਕ੍ਰਾਂਤੀ ਕਰਕੇ ਵੱਡੇ ਕਿਸਾਨਾਂ ਨੂੰ ਬਹੁਤ ਆਰਥਿਕ ਲਾਭ ਹੋਏ ਪਰੰਤੂ ਉਨ੍ਹਾਂ ਨੇ ਆਪਣੀ ਵੱਧਦੀ ਆਮਦਨ ਨੂੰ ਨਿਵੇਸ਼ ਵਿਚ ਘੱਟ ਅਤੇ ਫਜ਼ੂਲ ਖਰਚੀ ਵਿਚ ਜ਼ਿਆਦਾ ਲਗਾਇਆ। ਵਿਆਹ-ਸ਼ਾਦੀਆਂ ਅਤੇ ਹੋਰ ਰੀਤੀ-ਰਿਵਾਜਾਂ ਤੇ ਉਹ ਖੁੱਲ ਕੇ ਖਰਚ ਕਰਨ ਲੱਗ ਪਏ। ਇਨ੍ਹਾਂ ਖਰਚਿਆਂ ਵਾਸਤੇ ਤਾਂ ਉਹ ਬਹੁਤ ਵਾਰ ਕਰਜ਼ਾ ਵੀ ਲੈ ਲੈਂਦੇ ਸੀ, ਜਾਂ ਫੇਰ ਖੇਤੀ ਦੇ ਕੰਮਾਂ ਲਈ ਲਿਆ ਕਰਜਾ ਸਮਾਜਕ ਰਸਮਾਂ ਤੇ ਖਰਚ ਕਰ ਦਿੰਦੇ ਸੀ। ਇਸ ਕਰਕੇ ਬੜੀ ਵਾਰੀ ਤਾਂ ਉਹ ਇਹ ਕਰਜ਼ਾ ਵਾਪਸ ਕਰਨ ਦੀ ਹਾਲਤ ਵਿਚ ਵੀ ਨਹੀਂ ਸੀ ਹੁੰਦੇ। ਇਨ੍ਹਾਂ ਦੀ ਦੇਖਾ ਦੇਖੀ ਛੋਟੇ ਅਤੇ ਸੀਮਾਂਤ ਕਿਸਾਨ ਵੀ 'ਇੱਜ਼ਤ ਦਾ ਪ੍ਰਸ਼ਨ' ਸਮਝ ਕੇ ਆਪਣੇ ਸਾਧਨਾਂ ਨਾਲੋਂ ਕਿਤੇ ਵੱਧ ਖਰਚਣ ਲੱਗੇ। ਨਤੀਜਾ ਪੇਂਡੂ ਕਰਜ਼ਦਾਰੀ ਵਿਚ ਵਾਧਾ ਸੀ। ਕਰਜ਼ਾ ਨਾ ਵਾਪਸ ਕਰਨ ਦੀ ਸਥਿਤੀ ਵਿਚ ਕਿਸਾਨਾਂ ਨੂੰ ਆਪਣੀ ਜ਼ਮੀਨ ਵੇਚਣੀ ਪੈਂਦੀ ਸੀ ਜੋ ਉਨ੍ਹਾਂ ਲਈ ਸ਼ਰਮ ਦੀ ਗੱਲ ਸੀ। ਇਨ੍ਹਾਂ ਕਾਰਣਾਂ ਕਰਕੇ ਕਿਸਾਨਾਂ ਨੇ ਆਤਮ-ਹੱਤਿਆਵਾਂ ਦਾ ਰਾਹ ਅਪਣਾ ਲਿਆ।

**(viii)** **ਪਾਣੀ ਦੇ ਸਤਰ ਦਾ ਹੇਠਾਂ ਜਾਣਾ :** ਕਣਕ – ਝੋਨੇ ਦੇ ਫਸਲੀ ਚੱਕਰ ਨੂੰ ਅਪਨਾਉਣ ਕਰਕੇ ਪਾਣੀ ਦਾ ਸਤਰ ਹੇਠਾਂ ਹੋ ਰਿਹਾ ਹੈ। ਇਨ੍ਹਾਂ ਫਸਲਾਂ ਲਈ ਵਰਤੇ ਜਾਣ ਵਾਲੇ ਬੀਜ ਝਾੜ ਤਾਂ ਬਹੁਤ ਦਿੰਦੇ ਹਨ, ਪਰ ਪਾਣੀ ਦੀ ਵੀ ਬਹੁਤ ਖਪਤ ਕਰਦੇ ਹਨ (these are water guzzling crops)। ਇਸ ਕਰਕੇ ਪੂਰੇ ਦੇਸ਼ ਵਿਚ, ਅਤੇ ਖ਼ਾਸਕਰ ਉਨ੍ਹਾਂ ਰਾਜਾਂ ਵਿਚ ਜਿਥੇ ਇਹ ਫਸਲੀ ਚੱਕਰ ਵੱਧ ਅਪਨਾਇਆ ਗਿਆ ਹੈ, ਪਾਣੀ ਦਾ ਸਤਰ ਥੱਲੇ ਜਾ ਰਿਹਾ ਹੈ। ਪਾਣੀ ਦਾ ਸਤਰ ਥੱਲੇ ਜਾਣ ਕਰਕੇ ਬੋਰਿੰਗ ਦੇ ਖਰਚੇ ਬਹੁਤ ਵੱਧ ਗਏ ਹਨ। ਬਿਜਲੀ ਦੀ ਖਪਤ ਵੀ ਬਹੁਤ ਜ਼ਿਆਦਾ ਹੁੰਦੀ ਹੈ, ਜਿਸਦੀ ਬੜੀ ਵਾਰ ਪੂਰਤੀ ਨਹੀਂ ਹੋ ਸਕਦੀ। ਇਹ ਵਧੇ ਹੋਏ ਖਰਚੇ ਬਰਦਾਸ਼ਤ ਕਰਨਾ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਵੱਸ ਦਾ ਨਹੀਂ। ਨਾਲ ਹੀ ਪੰਜਾਬ ਜੋ ਕਿ ਪੰਜ ਦਰਿਆਵਾਂ ਦੇ ਰਾਜ ਹੈ, ਹੁਣ ਰੇਗਿਸਤਾਨ ਵਿਚ ਬਦਲ ਜਾਣ ਦੀ ਸੰਭਾਵਨਾ ਵਰਗੀ ਸਥਿਤੀ ਵੀ ਪੈਦਾ ਹੋ ਗਈ ਹੈ।

**(ix)** **ਸਟੋਰੇਜ ਦੀ ਸਮੱਸਿਆ :** ਹਰੀ ਕ੍ਰਾਂਤੀ ਆਉਣ ਦੇ ਨਾਲ ਖੇਤੀ ਉਪਜ ਵਿਚ ਤਾਂ ਤੇਜ਼ੀ ਨਾਲ ਵਾਧਾ ਹੋ ਗਿਆ, ਪਰ ਇਸ ਉਤਪਾਦਨ ਨੂੰ ਸਾਂਭ ਕੇ ਰੱਖਣ ਲਈ ਗੁਦਾਮਾਂ ਦੀ ਭਾਰੀ ਘਾਟ ਹੈ। ਇਸ ਕਰਕੇ ਵਧੇਰੇ ਉਪਜ ਖੁੱਲੇ ਵਿਚ ਹੀ ਸਟੋਰ ਕੀਤੀ ਜਾਂਦੀ ਹੈ ਅਤੇ ਹਨੇਰੀ, ਮੀਂਹ, ਪੰਛੀਆਂ ਦੀ ਮਾਰ ਝੱਲਦੇ ਹੋਏ ਇਹ ਖ਼ਰਾਬ ਵੀ ਹੋ ਜਾਂਦੀ ਹੈ। ਜੇਕਰ ਵੱਧ ਉਪਜ ਦੀ ਸੰਭਾਲ ਹੀ ਨਹੀਂ ਹੋ ਸਕਦੀ ਤਾਂ ਵੱਧ ਉਪਜ ਲਈ ਉਪਰਾਲੇ ਕਰਨੇ ਵੀ ਬੇਕਾਰ ਹੀ ਲੱਗਦੇ ਹਨ।

**(x)** **ਜ਼ਮੀਨਾਂ ਦੀ ਕੀਮਤਾਂ ਵਿੱਚ ਵਾਧਾ :** ਹਰੀ ਕ੍ਰਾਂਤੀ ਦੇ ਆਉਣ ਨਾਲ ਕਿਸਾਨਾਂ ਦੀ ਆਮਦਨ ਵੱਧੀ ਅਤੇ ਖਰੀਦ ਸ਼ਕਤੀ ਵੀ ਵੱਧੀ। ਇਸ ਕਰਕੇ ਉਹ ਤੇਜ਼ੀ ਨਾਲ ਜ਼ਮੀਨ ਵੇਚਣ-ਖਰੀਦਣ ਵਿਚ ਲੱਗ ਪਏ ਜਿਸ ਕਰਕੇ ਭੂਮੀ ਦੀ ਕੀਮਤਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ, ਜਿਨ੍ਹਾਂ ਦੀ ਆਮਦਨ ਜ਼ਿਆਦਾ ਨਹੀਂ ਵੱਧੀ, ਭੂਮੀ ਵੇਚਣ ਦਾ ਲਾਲਚ ਪੈ ਗਿਆ, ਅਤੇ ਬਹੁਤ ਸਾਰੇ ਕਿਸਾਨ ਤਾਂ ਆਪਣੀ ਭੂਮੀ ਵੇਚ ਕੇ ਭੂਮੀਹੀਣ ਹੀ ਬਣ ਗਏ ਅਤੇ ਮਜ਼ਦੂਰੀ ਕਰਨ ਲਈ ਮਜਬੂਰ ਹੋ ਗਏ।

ਇਨ੍ਹਾਂ ਕਾਰਣਾਂ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਹਰੀ ਕ੍ਰਾਂਤੀ ਦੇ ਨਾ ਕੇਵਲ ਲਾਭ ਹੋਏ, ਇਸ ਨੇ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵੀ ਜਨਮ ਦਿੱਤਾ — ਇਹ ਸਮੱਸਿਆਵਾਂ ਨਾ ਕੇਵਲ ਆਰਥਿਕ ਹਨ, ਸਗੋਂ ਸਮਾਜਕ ਵੀ ਹਨ। ਪਿਛਲੇ ਕੁਝ ਸਾਲਾਂ ਤੋਂ ਤਾਂ ਸਮੱਸਿਆਵਾਂ ਵਿਚ ਵਾਧਾ ਹੀ ਹੋਇਆ ਹੈ। ਖੇਤੀ ਦੀ ਤਕਨੀਕ ਲੱਗਭੱਗ ਖੜੋਤ ਦੀ ਅਵਸਥਾ ਵਿਚ ਹੈ ਜਿਸ ਕਰਕੇ ਉਤਪਾਦਨ ਅਤੇ ਉਤਪਾਦਿਕਤਾ, ਦੋਨਾਂ ਦੀ ਵਾਧਾ ਦਰ ਵਿਚ ਗਿਰਾਵਟ ਆ ਰਹੀ ਹੈ। ਪਰ ਖੇਤੀ ਲਾਗਤਾਂ ਵਿਚ ਘਾਟ ਨਹੀਂ ਆ ਰਹੀ, ਸਗੋਂ ਇਹ ਵਧਦੀਆਂ ਹੀ ਜਾ ਰਹੀਆਂ ਹਨ। ਨਤੀਜੇ ਵਜੋਂ ਕਿਸਾਨਾਂ ਦੀ ਆਮਦਨ ਤਾਂ ਘੱਟ ਰਹੀ ਹੈ ਪਰ ਖਰਚ ਨਹੀਂ। ਖਰਚੇ ਪੂਰੇ ਕਰਨ ਲਈ ਕਿਸਾਨ ਵੱਧ ਕਰਜ਼ੇ ਲੈ ਰਹੇ ਹਨ, ਪਰ ਉਨ੍ਹਾਂ ਨੂੰ ਵਾਪਸ ਕਰਨ ਦੀ ਸਥਿਤੀ ਵਿਚ ਨਹੀਂ ਹਨ। ਕਰਜ਼ਾ ਚੁਕਾਉਣ ਲਈ ਉਨ੍ਹਾਂ ਨੂੰ ਆਪਣੀ ਜ਼ਮੀਨ ਵੇਚਣੀ ਵੀ ਮੰਜ਼ੂਰ ਨਹੀਂ, ਇਸ ਲਈ ਉਨ੍ਹਾਂ ਨੂੰ ਇੱਕ ਹੀ ਰਾਹ ਸੁੱਝਦਾ ਹੈ, ਉਹ ਹੈ ਆਤਮ ਹੱਤਿਆਵਾਂ ਦਾ। ਆਪ ਤਾਂ ਉਹ ਆਪਣੀ ਜਾਣ ਲੈ ਲੈਂਦੇ ਹਨ, ਪਰ ਆਪਣੇ ਪਿੱਛੇ ਆਪਣੇ ਟੱਬਰ ਨੂੰ ਭੁੱਖਾ ਮਰਨ ਲਈ ਛੱਡ ਜਾਂਦੇ ਹਨ, ਜਿਸ ਕਰਕੇ ਸਮੱਸਿਆ ਵੱਧਦੀ ਹੀ ਹੈ, ਘੱਟਦੀ ਨਹੀਂ। ਇਸੇ ਲਈ

ਬਹੁਤ ਵਾਰ ਤਾਂ ਕਿਹਾ ਜਾਂਦਾ ਹੈ ਕਿ ਹਰੀ ਕ੍ਰਾਂਤੀ ਦਾ ਲਾਲ ਕ੍ਰਾਂਤੀ ਵਿਚ ਬਦਲਣ ਦਾ ਡਰ ਹੈ।
ਹਰੀ ਕ੍ਰਾਂਤੀ ਬਾਰੇ ਅਸੀਂ ਜੋ ਕੁਝ ਪੜ੍ਹਿਆ ਹੈ, ਉਸ ਬਾਰੇ ਆਪਣੇ ਗਿਆਨ ਦੀ ਪਰਖ ਕਰ ਲਈਏ :

**ਸਵੈ ਅਭਿਆਸ ਲਈ ਪ੍ਰਸ਼ਨ**

**(ੳ) ਹਰੀ ਕ੍ਰਾਂਤੀ ਤੋਂ ਤੁਹਾਡਾ ਕੀ ਭਾਵ ਹੈ। ਇਸ ਨੂੰ ਲਿਆਉਣ ਵਾਲੇ ਕੋਈ ਤਿੰਨ ਕਾਰਨ ਦੱਸੋ।**

**(ਅ) ਹਰੀ ਕ੍ਰਾਂਤੀ ਦੀਆਂ ਤਿੰਨ ਪ੍ਰਾਪਤੀਆਂ ਨੂੰ ਬਿਆਨ ਕਰੋ।**

### 2.2.3.4 ਹਰੀ ਕ੍ਰਾਂਤੀ ਦਾ ਵਾਤਾਵਰਨ ਤੇ ਪ੍ਰਭਾਵ :

ਹੁਣ ਤੱਕ ਅਸੀਂ ਹਰੀ ਕ੍ਰਾਂਤੀ ਦੇ ਲਾਭ ਅਤੇ ਇਸ ਦੀਆਂ ਘਾਟਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ। ਇਹ ਪ੍ਰਭਾਵ — ਚੰਗੇ ਵੀ ਅਤੇ ਮਾੜੇ ਵੀ — ਮੁੱਖ ਤੌਰ ਤੇ ਆਰਥਿਕ ਜਾਂ ਕੁਝ ਹੱਦ ਤੱਕ ਸਮਾਜਕ ਹੀ ਸਨ। ਪਰੰਤੂ ਆਰਥਿਕ ਪ੍ਰਭਾਵਾਂ ਤੋਂ ਇਲਾਵਾ ਹਰੀ ਕ੍ਰਾਂਤੀ ਦਾ ਇੱਕ ਪ੍ਰਭਾਵ ਹੈ ਕਿ ਇਸ ਨੇ ਵਾਤਾਵਰਨ ਨੂੰ ਕਿਵੇਂ ਬਦਲਿਆ ਹੈ। ਖੇਤੀਬਾੜੀ ਦੀ ਆਧੁਨਿਕ ਤਕਨੀਕ — ਬੀਜ, ਰਸਾਇਣਿਕ ਖਾਦਾਂ, ਕੀਟਨਾਸ਼ਕ ਦਵਾਈਆਂ, ਵੱਧ ਸਿੰਜਾਈ — ਨੇ ਉਪਜ ਅਤੇ ਉਤਪਾਦਿਕਤਾ ਤਾਂ ਬਹੁਤ ਵਧਾ ਦਿੱਤੀ ਹੈ, ਪਰੰਤੂ ਇਸ ਦਾ ਵਾਤਾਵਰਨ ਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ। ਰਸਾਇਣਿਕ ਆਦਾਨਾਂ ਦੇ ਪ੍ਰਯੋਗ ਨਾਲ ਸਿਹਤ ਤੇ ਮਾੜਾ ਅਸਰ ਪੈਂਦਾ ਹੈ, ਤੇ ਦੂਜੇ ਪਾਸੇ ਝੋਨੇ-ਕਣਕ ਦਾ ਭੂਸਾ ਸਾੜ੍ਹਨ ਨਾਲ ਹਵਾ ਦੂਸ਼ਤ ਹੋ ਜਾਂਦੀ ਹੈ ਅਤੇ ਸਾਹ ਅਤੇ ਅੱਖਾਂ ਦੇ ਰੋਗ ਫੈਲਦੇ ਹਨ। ਇਨ੍ਹਾਂ ਸਭ ਬੁਰੇ ਪ੍ਰਭਾਵਾਂ ਨੂੰ ਅਸੀਂ ਹੇਠ ਕ੍ਰਮਵਾਰ ਬਿਆਨ ਕਰ ਸਕਦੇ ਹਾਂ।

**(i)** **ਦੂਸ਼ਤ ਹਵਾ :** ਹਰੀ ਕ੍ਰਾਂਤੀ ਦਾ ਸਭ ਤੋਂ ਵੱਧ ਪ੍ਰਭਾਵ ਕਣਕ-ਝੋਨੇ ਦੀ ਉਪਜ ਤੇ ਪਿਆ ਹੈ। ਇਨ੍ਹਾਂ ਦੀ ਕਟਾਈ ਉਪਰੰਤ ਇਨ੍ਹਾਂ ਦਾ ਭੂਸਾ ਕਿਸੇ ਲਾਹੇਵੰਦ ਉਪਯੋਗ ਵਿਚ ਲਿਆਉਣ ਦੀ ਥਾਂ ਸਾੜ ਦਿੱਤਾ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ ਹਾਨੀਕਾਰਕ ਗੈਸਾਂ ਪੈਦਾ ਹੁੰਦੀਆਂ ਹਨ ਅਤੇ ਵਾਤਾਵਰਨ ਨੂੰ ਪ੍ਰਦੂਸ਼ਤ ਕਰਦੀਆਂ ਹਨ। ਇਨ੍ਹਾਂ ਗੈਸਾਂ ਕਰਕੇ ਪਿੰਡਾਂ ਹੀ ਨਹੀਂ ਸਗੋਂ ਸ਼ਹਿਰਾਂ ਦੇ ਲੋਕਾਂ ਵਿਚ ਵੀ ਫੇਫੜਿਆਂ ਅਤੇ ਅੱਖਾਂ ਦੀਆਂ ਬੀਮਾਰੀਆਂ ਫੈਲਦੀਆਂ ਹਨ।

**(ii)** **ਬੀਮਾਰਿਆਂ ਵਿਚ ਵਾਧਾ :** ਹਰੀ ਕ੍ਰਾਂਤੀ ਦੇ ਮੁੱਖ ਦੇਣਦਾਰ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਹਨ। ਇਨ੍ਹਾਂ ਦੇ ਪ੍ਰਯੋਗ ਕਰਕੇ ਜਿਹੜੀ ਉਪਜ ਹੁੰਦੀ ਹੈ, ਉਹ ਸਿਹਤ ਲਈ ਹਾਨੀਕਾਰਕ ਹੈ। ਹਰੀ ਕ੍ਰਾਂਤੀ ਤੋਂ ਬਾਅਦ ਕੈਂਸਰ ਵਰਗੀ ਬੀਮਾਰਿਆਂ ਵਿਚ ਬਹੁਤ ਵਾਧਾ ਹੋਇਆ ਹੈ। ਸਬਜ਼ੀਆਂ, ਫਲ, ਪਸ਼ੂਆਂ ਲਈ ਚਾਰੇ ਆਦਿ ਤੇ ਜ਼ਹਿਰੀਲੀ ਕੀਟਨਾਸ਼ਕ ਦਵਾਈਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਦੋਂ ਇਨ੍ਹਾਂ ਨੂੰ ਮਨੁੱਖ ਵਰਤਦਾ ਹੈ ਤਾਂ ਇਹ ਜ਼ਹਿਰੀਲੇ ਤੱਤ ਉਸਦੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦੇ ਹਨ ਅਤੇ ਕਈ ਬੀਮਾਰੀਆਂ ਨੂੰ ਜਨਮ ਦਿੰਦੇ ਹਨ। ਰਸਾਇਣਿਕ ਖਾਦ ਦੇ ਕੁਝ ਤੱਤ ਪਾਣੀ ਵਿਚ ਮਿਲ ਜਾਂਦੇ ਹਨ ਜੋ ਚਮੜੀ ਦੀਆਂ ਬੀਮਾਰੀਆਂ ਦਾ ਕਾਰਣ ਬਣਦੇ ਹਨ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਆਮ ਹੀ ਹੁਣ ਚਮੜੀ ਦੇ ਰੋਗ ਲੱਗ ਜਾਂਦੇ ਹਨ ਜਿਸ ਕਰਕੇ ਨਾ ਸਿਰਫ਼ ਉਨ੍ਹਾਂ ਦੀ ਕਾਰਜਸ਼ੀਲਤਾ ਤੇ ਬੁਰਾ ਪ੍ਰਭਾਵ ਪੈਂਦਾ ਹੈ, ਸਗੋਂ ਇਲਾਜ ਤੇ ਵਾਧੂ ਖਰਚ ਕਰਨਾ ਪੈ ਜਾਂਦਾ ਹੈ। ਕਈ ਵਾਰ ਤਾਂ ਇਨ੍ਹਾਂ ਦਵਾਈਆਂ ਦਾ ਛਿੜਕਾਅ ਕਰਦੇ ਹੋਏ ਹੀ ਖੇਤ ਮਜ਼ਦੂਰ ਦੀ ਮੌਤ ਹੋ ਜਾਂਦੀ ਹੈ।

**(iii) ਵੱਧ ਸਿੰਜਾਈ ਦੇ ਨੁਕਸਾਨ :** ਹਰੀ ਕ੍ਰਾਂਤੀ ਕਰਕੇ ਪਾਣੀ ਦਾ ਸਤਰ ਬਹੁਤ ਹੇਠਾਂ ਚਲਾ ਗਿਆ ਹੈ। ਇਸ ਦਾ ਕੁਦਰਤੀ ਬਨਾਸਪਤੀ ਦੀ ਉਤਪੱਤੀ, ਖਾਸਕਰ ਜੜਿਆਂ-ਬੂਟੀਆਂ ਦੀ ਪੈਦਾਵਾਰ ਤੇ ਮਾੜਾ ਅਸਰ ਪੈਂਦਾ ਹੈ। ਇਸ ਦੇ ਇਲਾਵਾ ਝੋਨੇ ਦੀ ਫਸਲ ਵਿਚ ਲਗਾਤਾਰ ਪਾਣੀ ਦਾ ਖੜਨਾ ਜ਼ਰੂਰੀ ਹੈ ਜਿਸ ਕਰਕੇ ਮੱਛਰਾਂ ਵਿਚ ਵਾਧਾ ਹੁੰਦਾ ਹੈ ਅਤੇ ਮਲੇਰੀਆ ਤੇ ਡੇਂਗੂ ਵਰਗੀ ਬੀਮਾਰੀਆਂ ਵੱਧ ਗਈਆਂ ਹਨ। ਦੋਸ਼ਪੂਰਨ ਸਿੰਜਾਈ ਕਰਕੇ ਮਿੱਟੀ ਤੇ ਕਈ ਤਰ੍ਹਾਂ ਦੇ ਨਮਕ (salts) ਜਮ੍ਹਾਂ ਹੋ ਜਾਂਦੇ ਹਨ ਜਿਸ ਕਰਕੇ ਮਿੱਟੀ ਦੀ ਸੰਰਚਨਾ ਵੀ ਦੂਸ਼ਿਤ ਹੋ ਜਾਂਦੀ ਹੈ।

**(iv) ਮੌਸਮ ਤੇ ਪ੍ਰਭਾਵ :** ਹਰੀ ਕ੍ਰਾਂਤੀ ਦਾ ਮੌਸਮ ਤੇ ਵੀ ਪ੍ਰਭਾਵ ਪਿਆ ਹੈ। ਝੋਨੇ ਦੀ ਫਸਲ ਲਈ ਖੇਤਾਂ ਵਿਚ ਪਾਣੀ ਲਗਾਤਾਰ ਖੜ੍ਹਾ ਰਹਿੰਦਾ ਹੈ ਜਿਸ ਕਰਕੇ ਗਰਮ ਹਵਾਵਾਂ ਉੱਪਰ ਨੂੰ ਘੱਟ ਉਠਦੀਆਂ ਹਨ ਅਤੇ ਵਾਤਾਵਰਣ ਵਿਚ ਨਮੀ ਬਣੀ ਰਹਿੰਦੀ ਹੈ। ਇਸ ਨਾਲ ਸਮੁੰਦਰ ਤੋਂ ਆਉਣ ਵਾਲੀਆਂ ਠੰਡੀਆਂ ਹਵਾਵਾਂ ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਪੰਜਾਬ ਵਰਗੇ ਰਾਜਾਂ ਵਿਚ ਤਾਂ ਵਰਖਾ ਵੀ ਘੱਟ ਗਈ ਹੈ।

**(v) ਪੰਛੀਆਂ ਤੇ ਬੁਰਾ ਪ੍ਰਭਾਵ :** ਬਹੁਤ ਸਾਰੇ ਪੰਛੀ ਕਿਸਾਨ ਦੇ ਮਿੱਤਰ ਵਜੋਂ ਕੰਮ ਕਰਦੇ ਹਨ —ਇਹ ਪੰਛੀ ਉਹ ਕੀੜੇ -ਮਕੌੜੇ ਖਾਂਦੇ ਹਨ ਜੋ ਕਿ ਫਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਗਿੱਧ ਤਾਂ ਮਰੇ ਹੋਏ ਪਸ਼ੂ ਖਾ ਕੇ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਂਦੇ ਹਨ। ਪਰ ਜ਼ਹਿਰੀਲੀ ਦਵਾਈਆਂ ਦੀ ਵਰਤੋਂ ਕਰਕੇ ਕਿਸਾਨ ਦੇ ਇਨ੍ਹਾਂ ਮਿੱਤਰ ਪੰਛੀਆਂ ਦਾ ਵੀ ਨੁਕਸਾਨ ਹੋਇਆ ਹੈ। ਪੰਜਾਬ ਵਿਚ ਤਾਂ ਗਿੱਧ ਦੀ ਵਸੋਂ ਹੀ ਘੱਟ ਗਈ ਹੈ।

**(vi) ਜੰਗਲਾਂ ਅਧੀਨ ਖੇਤਰ ਵਿਚ ਕਮੀ :** ਹਰੀ ਕ੍ਰਾਂਤੀ ਵਾਲੇ ਇਲਾਕਿਆਂ ਵਿਚ ਜੰਗਲਾਂ ਅਧੀਨ ਖੇਤਰ ਵਿਚ ਕਮੀ ਹੋ ਰਹੀ ਹੈ ਕਿਉਂਕਿ ਜੰਗਲਾਂ ਦੇ ਮੁਕਾਬਲੇ ਖੇਤੀ ਵੱਧ ਲਾਹੇਵੰਦ ਹੋ ਗਈ ਹੈ। ਜੰਗਲਾਂ ਅਧੀਨ ਖੇਤਰ ਵਿਚ ਕਮੀ ਹੋਣ ਕਰਕੇ ਭੂਮੀ ਕਟਾਅ (soil erosion) ਦੀ ਸਮੱਸਿਆ ਅਤੇ ਬਾਲਣ ਲਈ ਲੱਕੜੀ ਦੀ ਥੁੜ੍ਹ ਹੋ ਗਈ ਹੈ।

ਹਰੀ ਕ੍ਰਾਂਤੀ ਦੇ ਬੁਰੇ ਪ੍ਰਭਾਵ ਤਾਂ ਬਹੁਤ ਹਨ, ਪਰ ਜਿਵੇਂ ਕਿ ਅਸੀਂ ਪਹਿਲਾਂ ਦੱਸਿਆ ਹੈ, ਇਸਦੇ ਲਾਭ ਵੀ ਹਨ। ਲੋੜ ਹੈ ਇਸ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਕੇ ਇਸ ਨੂੰ ਹਰ ਵਰਗ ਦੇ ਕਿਸਾਨ ਲਈ ਲਾਹੇਵੰਦ ਬਣਾਉਣਾ। ਇਸ ਦੇ ਲਈ ਕੁਝ ਸੁਝਾਅ ਦਿੱਤੇ ਜਾ ਸਕਦੇ ਹਨ।

### 2.2.3.5 ਹਰੀ ਕ੍ਰਾਂਤੀ ਦੀ ਸਥਿਰਤਾ ਅਤੇ ਸਫਲਤਾ ਲਈ ਸੁਝਾਅ :

**(i) ਬਹੁ-ਫਸਲੀ ਪ੍ਰੋਗਰਾਮ :** ਭਾਰਤ ਵਿਚ ਖੇਤੀ ਹੇਠ ਹੋਰ ਖੇਤਰ ਵਧਾਉਣਾ ਤਾਂ ਬਹੁਤ ਔਖਾ ਹੈ, ਪਰ ਖੇਤੀ ਉਤਪਾਦਨ ਵਿਚ ਹੋਰ ਵਾਧਾ ਕਰਨ ਲਈ ਬਹੁ-ਫਸਲੀ ਪ੍ਰੋਗਰਾਮ ਨੂੰ ਵਿਆਪਕ ਤੌਰ ਤੇ ਅਪਨਾਉਣ ਦੀ ਲੋੜ ਹੈ। ਜੇਕਰ ਸਿੰਜਾਈ ਸਹੂਲਤਾਂ ਵਿਚ ਵਾਧਾ ਹੋ ਸਕੇ ਤਾਂ ਸਾਲ ਵਿਚ ਦੋ ਜਾਂ ਤਿੰਨ ਫਸਲਾਂ ਹੋ ਸਕਦੀਆਂ ਹਨ।

**(ii) ਸਿੰਜਾਈ ਸਹੂਲਤਾਂ ਵਿਚ ਵਾਧਾ :** ਹਰੀ ਕ੍ਰਾਂਤੀ ਨੂੰ ਵਧੇਰੇ ਸਫਲ ਬਣਾਉਣ ਲਈ ਸਿੰਜਾਈ ਸਹੂਲਤਾਂ ਵਿਚ ਵਾਧਾ ਜ਼ਰੂਰੀ ਹੈ। ਇਸ ਲਈ ਟਿਊਬਵੈਲਾਂ ਲਈ ਸਸਤੀ ਬਿਜਲੀ ਅਤੇ ਨਹਿਰਾਂ ਦੀ ਖੁਦਾਈ ਦਾ ਕੰਮ ਤੇਜ਼ੀ ਨਾਲ ਹੋਣਾ ਚਾਹੀਦਾ ਹੈ। ਪਾਣੀ ਦੀ ਵੰਡ ਸੰਬੰਧੀ ਝਗੜਿਆਂ ਦਾ ਨਿਪਟਾਰਾ ਛੇਤੀ ਹੋਣਾ ਚਾਹੀਦਾ ਹੈ।

**(iii) ਉਚਿਤ ਕੀਮਤਾਂ ਦਾ ਨਿਰਧਾਰਣ :** ਨਵੀਂ ਤਕਨੀਕ ਨੂੰ ਉਤਸ਼ਾਹ ਦੇਣ ਲਈ ਫਸਲਾਂ ਦੀ ਉਚਿਤ ਕੀਮਤ ਨਿਰਧਾਰਤ ਕਰਨੀ ਚਾਹੀਦੀ ਹੈ ਤਾਂ ਜੋ ਕਿਸਾਨ ਵਧਿਆ ਲਾਗਤਾਂ ਤੋਂ ਬਾਅਦ ਵੀ ਚੰਗੀ ਆਮਦਨ ਕਮਾ ਸਕਣ। ਫਸਲਾਂ ਦੀ ਕੀਮਤ ਇਸ ਪ੍ਰਕਾਰ ਨਿਰਧਾਰਤ ਹੋਣੀ ਚਾਹੀਦੀ ਹੈ ਕਿ ਕਿਸਾਨਾਂ ਨੂੰ ਇੱਕ ਜਾਂ ਦੋ ਨਹੀਂ, ਸਾਰੀ ਪ੍ਰਕਾਰਾਂ ਦੀ ਫਸਲ ਉਗਾਉਣ ਲਈ ਪ੍ਰੋਤਸਾਹਣ ਮਿਲੇ।

**(iv) ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਵਿੱਤੀ ਸਹੂਲਤਾਂ :** ਛੋਟੇ ਅਤੇ ਸੀਮਾਂਤ ਕਿਸਾਨ ਕਰਜ਼ਾ ਸਹੂਲਤਾਂ ਘੱਟ ਹੋਣ ਕਰਕੇ ਨਵੀਂ ਤਕਨੀਕ ਨਹੀਂ ਅਪਣਾ ਸਕਦੇ। ਇਨ੍ਹਾਂ ਕਿਸਾਨਾਂ ਨੂੰ ਸਰਕਾਰੀ ਅਦਾਰਿਆਂ ਤੋਂ ਵਿੱਤੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਇਹ ਸਾਹੂਕਾਰਾਂ-ਆੜ੍ਹਤੀਆਂ ਦੇ ਸ਼ੋਸ਼ਣ ਤੋਂ ਬਚੇ ਰਹਿਣ।

**(v)** **ਖੁਸ਼ਕ ਖੇਤੀ ਤਕਨੀਕ ਦਾ ਵਿਕਾਸ :** ਦੇਸ਼ ਦੇ ਜਿਹੜੇ ਭਾਗਾਂ ਵਿਚ ਭੂਮੀ ਬਰਾਨੀ ਹੈ ਅਤੇ ਸਿੰਜਾਈ ਸਹੂਲਤਾਂ ਨਹੀਂ ਵਧਾਈ ਜਾ ਸਕਦੀਆਂ, ਉਥੇ ਖੁਸ਼ਕ ਖੇਤੀ ਦੀ ਤਕਨੀਕ ਦਾ ਵਿਕਾਸ ਕਰਨਾ ਚਾਹੀਦਾ ਹੈ।

**(vi)** **ਸੰਸਥਾਗਤ ਸੁਧਾਰ :** ਤਕਨੀਕੀ ਸੁਧਾਰਾਂ ਦੇ ਨਾਲ-ਨਾਲ ਸੰਸਥਾਗਤ ਸੁਧਾਰ ਵੀ ਹਰੀ ਕ੍ਰਾਂਤੀ ਨੂੰ ਵਧੇਰੇ ਸਫਲ ਕਰਨਗੇ। ਜੋਤਾਂ ਦੀ ਉਚਤੱਮ ਸੀਮਾ ਸੰਬੰਧੀ ਕਾਨੂੰਨਾਂ ਨੂੰ ਲਾਗੂ ਕਰਨ ਦੇ ਨਾਲ-ਨਾਲ ਭੂਮੀ ਨੂੰ ਵਿਖੰਡਨ ਤੋਂ ਬਚਾਉਣਾ ਅਤੇ ਕਾਸ਼ਤਕਾਰਾਂ ਨੂੰ ਪੱਟੇ ਦੀ ਸੁਰੱਖਿਆ ਦੇਣੀ ਜ਼ਰੂਰੀ ਹੈ।

**(vii)** **ਕਣਕ-ਛੋਨੇ ਦੇ ਫਸਲੀ ਚੱਕਰ ਵਿਚ ਬਦਲਾਅ :** ਇਸ ਫਸਲੀ ਚੱਕਰ ਤੋਂ ਨਿਕਲਣਾ ਜ਼ਰੂਰੀ ਹੈ ਕਿਉਂਕਿ ਇਸ ਦੇ ਨਾਲ ਉਤਪਾਦਨ ਤਾਂ ਹੁਣ ਘੱਟ ਦਰ ਤੇ ਵੱਧ ਰਿਹਾ ਹੈ ਪਰ ਆਰਥਕ, ਸਮਾਜਕ ਅਤੇ ਵਾਤਾਵਰਣ ਸੰਬੰਧੀ ਸਮੱਸਿਆਵਾਂ ਬਹੁਤ ਵੱਧ ਰਹੀਆਂ ਹਨ। ਕਿਸਾਨਾਂ ਨੂੰ ਦਾਲਾਂ, ਤੇਲਾਂ ਦੇ ਬੀਜ, ਸਬਜ਼ੀ ਆਦਿ ਦੀ ਖੇਤੀ ਕਰਨ ਲਈ ਵੱਧ ਸੁਵਿਧਾਵਾਂ ਦੇਣ ਦੀ ਲੋੜ ਹੈ।

**(viii)** **ਖੇਤੀ ਖੋਜ ਵਿਚ ਵਾਧਾ :** ਖੇਤੀ ਵਿਚ ਨਵੀਂਆਂ ਖੋਜਾਂ ਦੀ ਲੋੜ ਹੈ ਤਾਂ ਜੋ ਖੇਤੀ ਵਿਚ ਉਤਪਾਦਨ ਵੱਧ, ਪਰ ਲਾਗਤ ਘੱਟ ਹੋਵੇ ਅਤੇ ਵਾਤਾਵਰਣ ਦੀ ਸੁਰੱਖਿਆ ਵੀ ਬਣੀ ਰਹੇ। ਇਸ ਦੇ ਨਾਲ ਹੀ ਜ਼ਰੂਰੀ ਹੈ ਕਿ ਇਹ ਖੋਜਾਂ ਕਿਸਾਨਾਂ ਤੱਕ ਵੀ ਪਹੁੰਚਣ ਅਤੇ ਉਨ੍ਹਾਂ ਨੂੰ ਖੇਤੀ ਦੀ ਤਕਨੀਕ ਅਤੇ ਫਸਲਾਂ ਦੀ ਸਾਂਭ-ਸੰਭਾਲ ਦੇ ਸੰਬੰਧ ਵਿਚ ਟਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ।

ਸੰਖੇਪ ਵਿਚ, ਜੇਕਰ ਹਰੀ ਕ੍ਰਾਂਤੀ ਨੂੰ ਵਧੇਰੇ ਸਫਲ ਅਤੇ ਸਥਾਈ ਬਣਾਉਣਾ ਹੈ ਤਾਂ ਸਰਕਾਰ ਵਲੋਂ ਕੁਝ ਕਦਮ ਪੁਟਣੇ ਪੈਣਗੇ ਅਤੇ ਇੱਕ ਇਹੋ ਜਿਹੀ ਨੀਤੀ ਬਣਾਉਣੀ ਪਵੇਗੀ ਜੋ ਕਿ ਕਿਸਾਨਾਂ ਦੀਆਂ ਵੱਖਰੀਆਂ-2 ਸਮੱਸਿਆਵਾਂ ਨੂੰ ਹੱਲ ਕਰ ਸਕੇ ਅਤੇ ਉਨ੍ਹਾਂ ਨੂੰ ਨਵੀਂ ਤਕਨੀਕ ਅਪਨਾਉਣ ਲਈ ਉਤਸਾਹਤ ਕਰ ਸਕੇ।

### 2.2.4 ਸਾਰ-ਅੰਸ਼

ਭਾਰਤ ਦਾ ਭਵਿੱਖ ਅਤੇ ਇਸ ਦੀ ਖੁਸ਼ਹਾਲੀ ਖੇਤੀਬਾੜੀ ਵਿਚ ਤਰੱਕੀ ਕੀਤੇ ਬਿਨਾਂ ਸੰਭਵ ਨਹੀਂ। ਖੇਤੀਬਾੜੀ ਵਿਚ ਨਵੀਂ ਤਕਨੀਕ ਨੇ ਇਸ ਖੇਤਰ ਵਿਚ ਕ੍ਰਾਂਤੀ ਹੀ ਲਿਆ ਦਿੱਤੀ ਹੈ। ਇਸ ਤਕਨੀਕ ਸਦਕੇ ਉਪਜ ਅਤੇ ਉਤਪਾਦਿਕਤਾ ਵਿਚ ਸ਼ਲਾਘਾਯੋਗ ਵਾਧਾ ਹੋਇਆ ਹੈ, ਪਰੰਤੂ ਅਨੇਕ ਸਮੱਸਿਆਵਾਂ ਵੀ ਨਾਲ ਹੀ ਖੜ੍ਹੀ ਹੋ ਗਈਆਂ ਹਨ। ਹਰੀ ਕ੍ਰਾਂਤੀ ਮੁੱਖ ਤੌਰ ਤੇ ਵੱਡੇ ਕਿਸਾਨਾਂ ਅਤੇ ਕੁਝ ਖੇਤਰਾਂ ਅਤੇ ਫਸਲਾਂ ਤੱਕ ਹੀ ਸੀਮਤ ਰਹੀ। ਇਸ ਨੇ ਆਰਥਿਕ ਦੇ ਨਾਲ-ਨਾਲ ਸਮਾਜਕ ਅਤੇ ਵਾਤਾਵਰਣ ਸੰਬੰਧੀ ਅਨੇਕ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ। ਇਨ੍ਹਾਂ ਤਰੁਟੀਆਂ ਨੂੰ ਦੂਰ ਕਰਨ ਲਈ ਅਤੇ ਹਰੀ ਕ੍ਰਾਂਤੀ ਦੇ ਲਾਭਾਂ ਨੂੰ ਸਥਾਈ ਬਣਾਉਣ ਲਈ ਅਨੇਕਾਂ ਯਤਨ ਕਰਨ ਦੀ ਲੋੜ ਹੈ ਤਾਂ ਜੋ ਇਹ ਹਰੀ ਕ੍ਰਾਂਤੀ 'ਸਦਾਬਹਾਰ ਹਰੀ ਕ੍ਰਾਂਤੀ' (Evergreen revolution) ਬਣ ਜਾਵੇ।

### 2.2.5 ਅਭਿਆਸ ਲਈ ਪ੍ਰਸ਼ਨ

**(ੳ)** **ਹਰੀ ਕ੍ਰਾਂਤੀ ਨੇ ਵਾਤਾਵਰਣ ਤੇ ਕੀ ਮਾੜੇ ਪ੍ਰਭਾਵ ਪਾਏ ਹਨ?**

**(ਅ) ਕੀ ਹਰੀ ਕ੍ਰਾਂਤੀ ਦੇ ਲਾਭਾਂ ਨੂੰ ਸਥਾਈ ਬਣਾਉਣਾ ਸੰਭਵ ਹੈ? ਜੇਕਰ ਹਾਂ, ਤਾਂ ਇਸ ਦੇ ਲਈ ਕੁਝ ਸੁਝਾਅ ਦਿਓ।**

### 2.2.6 ਪ੍ਰਮੁੱਖ ਸੰਕਲਪ :

**(i) ਹਰੀ ਕ੍ਰਾਂਤੀ :** ਖੇਤੀ ਉਤਪਾਦਨ ਵਿਚ ਹੋਣ ਵਾਲਾ ਉਹ ਭਾਰੀ ਵਾਧਾ ਜਿਹੜਾ ਕਿ ਖੇਤੀ ਦੀ ਨਵੀਂ ਤਰਤੀਬ ਅਪਨਾਉਣ ਕਾਰਨ ਹੋਇਆ।

**(ii) ਸੀਮਾਂਤ ਕਿਸਾਨ :** ਉਹ ਕਿਸਾਨ ਜਿਨ੍ਹਾਂ ਕੋਲ ਵਾਹੁਣ ਯੋਗ ਭੂਮੀ 2.50 ਏਕੜ ਜਾਂ ਇਸ ਤੋਂ ਘੱਟ ਹੈ।

**(iii) ਉਲਟੀ ਪੱਟੇਦਾਰੀ (Reverse tenancy) :** ਜਦੋਂ ਵੱਡੇ ਕਿਸਾਨ ਛੋਟੇ ਅਤੇ ਸੀਮਾਂਤ ਕਿਸਾਨਾਂ ਤੋਂ ਭੂਮੀ ਪੱਟੇ ਤੇ ਲੈ ਕੇ ਖੇਤੀ ਕਰਦੇ ਹਨ, ਉਸ ਨੂੰ ਉਲਟੀ ਪੱਟੇਦਾਰੀ ਕਿਹਾ ਜਾਂਦਾ ਹੈ।

### 2.2.7 ਪੜ੍ਹਨਯੋਗ ਪੁਸਤਕਾਂ :


1. ਗੌਰਵ ਦੱਤ ਅਤੇ ਅਸ਼ਵਨੀ ਮਹਾਜਨ : ਦੱਤ ਐਂਡ ਸੁੰਦਰਮ ਇੰਡੀਅਨ ਇਕੋਨੋਮੀ
2. ਪੀ.ਐਸ. ਗਰੇਵਾਲ : ਭਾਰਤੀ ਅਰਥ ਵਿਵਸਥਾ (ਪੰਜਾਬੀ)
3. ਮਿਸ਼ਰਾ ਐਂਡ ਪੂਰੀ : ਭਾਰਤੀ ਅਰਥ ਵਿਵਸਥਾ (ਅੰਗ੍ਰੇਜ਼ੀ)
4. ਆਰ.ਕੇ. ਲੇਖੀ ਅਤੇ ਜੋਗਿੰਦਰ ਸਿੰਘ : ਐਗਰੀਕਲਚਰਲ ਇਕਨਾਮਿਕਸ

(ਪੁਸਤਕਾਂ ਦੇ ਨਵੇਂ ਐਡੀਸ਼ਨ ਹੀ ਵਰਤੇ ਜਾਣ)

ਪਾਠ ਨੰ. 2.2 (ਅ)

ਲੇਖਕ — ਅਨੀਤਾ ਗਿੱਲ

# ਭੂਮੀ ਪੱਟਾ ਪ੍ਰਣਾਲੀਆਂ ਅਤੇ ਭੂਮੀ ਸੁਧਾਰ

**ਪਾਠ ਦੀ ਰੂਪ-ਰੇਖਾ**

1. ਭੂਮਿਕਾ
2. ਪਾਠ ਦਾ ਉਦੇਸ਼
3. ਭੂਮੀ ਪੱਟਾ ਪ੍ਰਣਾਲੀ
    - 3.1 ਭਾਰਤ ਵਿਚ ਭੂਮੀ ਪੱਟਾ ਪ੍ਰਣਾਲੀ
4. ਭੂਮੀ ਸੁਧਾਰ
    - 4.1 ਭਾਰਤ ਵਿਚ ਭੂਮੀ ਸੁਧਾਰਾਂ ਦੀ ਲੋੜ/ਮਹੱਤਤਾ
    - 4.2 ਭਾਰਤ ਵਿਚ ਭੂਮੀ ਸੁਧਾਰ
        - (ੳ) ਵਿਚੋਲਿਆਂ ਦਾ ਖਾਤਮਾ
        - (ਅ) ਪੱਟੇਦਾਰੀ ਸੰਬੰਧੀ ਸੁਧਾਰ
        - (ੲ) ਜੋਤਾਂ ਦੀ ਉੱਚਤਮ ਸੀਮਾ
        - (ਸ) ਜੋਤਾਂ ਦੀ ਚੱਕਬੰਦੀ
        - (ਹ) ਸਹਿਕਾਰੀ ਖੇਤੀ
5. ਭਾਰਤ ਵਿਚ ਭੂਮੀ ਸੁਧਾਰਾਂ ਦਾ ਮੁਲਾਂਕਣ
6. ਸਾਰ-ਅੰਸ਼
7. ਅਭਿਆਸ ਲਈ ਪ੍ਰਸ਼ਨ
8. ਪ੍ਰਮੁੱਖ ਸੰਕਲਪ
9. ਪੁਸਤਕ ਸੂਚੀ

## 1. ਭੂਮਿਕਾ

ਪਿਛਲੇ ਪਾਠ ਵਿਚ ਖੇਤੀ ਦੀ ਉਪਜ ਅਤੇ ਉਤਪਾਦਿਕਤਾ ਬਾਰੇ ਕਾਫੀ ਚਰਚਾ ਕੀਤੀ ਗਈ ਹੈ। ਖੇਤੀ ਦੀ ਉਪਜ ਕਾਸ਼ਤਕਾਰ ਅਤੇ ਭੂਮੀ ਦੀ ਮਲਕੀਅਤ ਦੇ ਸੰਬੰਧ ਤੇ ਵੀ ਨਿਰਭਰ ਕਰਦੀ ਹੈ। ਜੇਕਰ ਕਾਸ਼ਤਕਾਰ ਭੂਮੀ ਦਾ ਮਾਲਕ ਵੀ ਹੈ ਤਾਂ ਉਹ ਖੇਤੀ ਵਿਚ ਸਥਾਈ ਸੁਧਾਰ ਅਤੇ ਉਤਪਾਦਿਕਤਾ ਵਧਾਉਣ ਦਾ ਹਰ ਸੰਭਵ ਯਤਨ ਕਰੇਗਾ। ਪਰੰਤੂ ਜੇਕਰ ਉਹ ਸਿਰਫ ਕਾਸ਼ਤਕਾਰ ਹੈ ਅਤੇ ਉਸ ਨੂੰ ਭਰੋਸਾ ਹੀ ਨਹੀਂ ਕਿ ਉਸਨੂੰ ਅਗਲੇ ਸਾਲ ਖੇਤੀ ਲਈ ਭੂਮੀ ਦਿੱਤੀ ਜਾਵੇਗੀ ਵੀ ਜਾਂ ਨਹੀਂ ਤਾਂ ਉਹ ਖੇਤੀ ਵਿਚ ਸੁਧਾਰ ਕਰਨ ਦੇ ਯਤਨ ਕਿਉਂ ਕਰੇਗਾ। ਇਹੋ ਕਾਰਨ ਹੈ ਕਿ ਜਦੋਂ ਵੀ ਅਸੀਂ ਖੇਤੀਬਾੜੀ ਦੇ ਵਿਕਾਸ ਬਾਰੇ ਚਰਚਾ ਕਰਨੀ ਹੈ, ਤਾਂ ਇਸ ਵਿਕਾਸ ਵਿਚ ਨਾ ਕੇਵਲ ਤਕਨੀਕੀ ਸੁਧਾਰ (ਚੰਗੇ ਬੀਜ, ਖਾਦ, ਸਿੰਜਾਈ ਆਦਿ) ਸਗੋਂ ਸੰਸਥਾਗਤ ਸੁਧਾਰ ਦੀ ਗੱਲ ਵੀ ਹੋਣੀ ਚਾਹੀਦੀ ਹੈ। ਖੇਤੀ ਦੀ ਪੈਦਾਵਾਰ ਵਿਚ ਵਾਧਾ ਕਰਨ ਲਈ ਭੂਮੀ ਸੁਧਾਰ ਦੇ ਕੰਮਾਂ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ।

ਭਾਰਤ ਵਿਚ ਖੇਤੀ ਦੀ ਉਤਪਾਦਿਕਤਾ ਘੱਟ ਹੈ ਅਤੇ ਇਸ ਸਮੱਸਿਆ ਦੇ ਕਈ ਕਾਰਨ ਹਨ। ਕੇਵਲ ਇਸ ਗੱਲ ਤੇ ਜ਼ੋਰ ਦੇਣ ਦੀ ਲੋੜ ਨਹੀਂ ਕਿ ਖੇਤੀ ਦੀ ਉਤਪਾਦਿਕਤਾ ਤੇ ਉਤਪਾਦਨ ਵਧਾਉਣਾ ਪਵੇਗਾ ਤਾਂ ਜੋ ਤੇਜ਼ੀ ਨਾਲ ਵੱਧ ਰਹੀ ਵਸੋਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਆਰਥਿਕ ਵਿਕਾਸ ਦੀ ਚਾਲ ਤੇਜ਼ ਕੀਤੀ ਜਾ ਸਕੇ। ਸਗੋ

ਸਾਨੂੰ ਇਸ ਹਾਲ ਦਾ ਵਵੀ ਗਿਆਨ ਹੋਣਾ ਚਾਹੀਦਾ ਹੈ ਕਿ ਖੇਤੀਬਾੜੀ ਭਾਰਤੀ ਅਰਥ-ਵਿਵਸਥਾ ਦਾ ਸਭ ਤੋਂ ਵੱਡਾ ਖੇਤਰ ਹੈ। ਖੇਤੀਬਾੜੀ ਦੇ ਵਿਕਾਸ ਤੋਂ ਬਿਨਾਂ ਆਰਥਿਕ ਵਿਕਾਸ ਬਾਰੇ ਵਿਚਾਰ ਵੀ ਨਹੀਂ ਕੀਤਾ ਜਾ ਸਕਦਾ। ਹੁਣ ਖੇਤੀਬਾੜੀ ਦੇ ਵਿਕਾਸ ਲਈ, ਜਿਹੜਾ ਆਰਥਿਕ ਵਿਕਾਸ ਦੀ ਜਾਨ ਹੈ, ਦੋ ਕਿਸਮ ਦੇ ਉਪਾਅ ਚਾਹੀਦੇ ਹਨ ਪਹਿਲਾ ਇਹ ਕਿ ਇਸ ਨੂੰ ਆਧੁਨਿਕ ਖੇਤੀਬਾੜੀ ਦੀਆਂ ਸਹੂਲਤਾਂ ਦਿੱਤੀਆਂ ਜਾਣ ਅਰਥਾਤ ਚੰਗੀ ਕਿਸਮ ਦੇ ਬੀਜ, ਦੇਸੀ ਤੇ ਰਸਾਇਣਿਕ ਖਾਦ, ਸਿੰਚਾਈ, ਚੰਗੇ ਸੰਦ ਅਤੇ ਮਸ਼ੀਨਾਂ ਆਦਿ ਉਪਲੱਬਧ ਕੀਤੀਆਂ ਜਾਣ। ਇਹ ਉਚੇਰੀ ਉਤਪਾਦਿਕਤਾ ਵਾਲੀ ਖੇਤੀਬਾੜੀ ਲਈ ਬਹੁਤ ਜ਼ਰੂਰੀ ਹਨ। ਦੂਜਾ ਇਹ ਹੈ ਕਿ ਵਰਤਮਾਨ ਖੇਤੀ ਢਾਂਚੇ ਦੀ ਥਾਂ ਕੁਸ਼ਲ ਅਤੇ ਉੱਨਤੀ ਲਈ ਪ੍ਰੇਰਣਾ ਦੇਣ ਵਾਲੀਆਂ ਸੰਸਥਾਵਾਂ ਕਾਇਮ ਕੀਤੀਆਂ ਜਾਣ। ਪਹਿਲੀ ਕਿਸਮ ਦੇ ਉਪਾਅ ਤਕਨੀਕੀ ਸੁਧਾਰਾਂ ਨਾਲ ਸੰਬੰਧ ਰੱਖਦੇ ਹਨ ਅਤੇ ਦੂਜੀ ਕਿਸਮ ਦੇ ਉਪਾਅ ਸੰਸਥਾਗਤ ਅਤੇ ਢਾਂਚੇ ਸੰਬੰਧੀ ਸੁਧਾਰਾਂ ਨਾਲ ਸੰਬੰਧਤ ਹਨ। ਖੇਤੀਬਾੜੀ ਲਈ ਇਹ ਦੋਵੇਂ ਸੁਧਾਰ ਇੱਕੋ ਜਿਹੇ ਲੋੜੀਂਦੇ ਹਨ। ਅਸਲ ਵਿਚ ਖੇ ਤੀਬਾੜੀ ਨੂੰ ਪ੍ਰਫੁੱਲਤ ਕਰਨ ਅਤੇ ਇਸ ਵਿਚ ਨਵੀਂ ਸੱਤ ਭਰਨ ਲਈ ਸੰਸਥਾਗਤ ਸੁਧਾਰ ਪਹਿਲਾ ਕਦਮ ਹੈ, ਤਕਨੀਕੀ ਸੁਧਾਰ ਬਾਅਦ ਦੀ ਗੱਲ ਹੈ। ਕਾਰਣ ਇਹ ਹੈ ਕਿ ਖੇਤੀਬਾੜੀ ਵਿਚ ਕੀਤੇ ਤਕਨੀਕੀ ਸੁਧਾਰ ਉਨ੍ਹਾਂ ਚਿਰ ਵਿਅਰਥ ਹੋਣਗੇ ਜਿੰਨ੍ਹਾਂ ਚਿਰ ਖੇਤੀ ਸੰਬੰਧੀ ਢਾਂਚਾ ਆਰਥਿਕ ਉੱਨਤੀ ਲਈ ਅਨੁਕੂਲ ਤੇ ਸਹਾਈ ਨਾ ਹੋਵੇ। ਭਾਰਤ ਦੇ ਪਹਿਲੇ ਤਜ਼ਰਬੇ ਤੋਂ ਵੀ ਇਹ ਸਿੱਟਾ ਨਿਕਲਦਾ ਹੈ। ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਦੇ ਸਮੇਂ ਵਿਚ ਤਕਨੀਕੀ ਸਹੂਲਤਾਂ ਦੇਣ ਦੇ ਬਾਵਜੂਦ ਵੀ ਖੇਤੀ ਦੇ ਉਤਪਾਦਨ ਵਧਾਉਣ ਲਈ ਕੀਤੇ ਯਤਨ ਸਫਲ ਨਹੀਂ ਹੋਏ, ਕਿਉਂਕਿ ਅਸੀਂ ਖੇਤੀ ਦੇ ਉਸ ਦੋਸ਼ਪੂਰਣ ਢਾਂਚੇ ਨੂੰ ਨਹੀਂ ਸੀ ਬਦਲਿਆ, ਜਿਹੜਾ ਖੇਤੀਬਾੜੀ ਦੀ ਗਤੀਹੀਨਤਾ ਦਾ ਮੁੱਖ ਕਾਰਣ ਸੀ। ਕਿਸਾਨ ਖਾਦਾਂ, ਬੀਜਾਂ ਅਤੇ ਸਿੰਚਾਈ ਦੀ ਉਦੋਂ ਹੀ ਚਿੰਤਾ ਕਰਦਾ ਹੈ, ਜਦੋਂ ਉਹ ਭੂਮੀ ਦਾ ਮਾਲਕ ਬਣ ਜਾਵੇ ਅਤੇ ਉਸ ਨੂੰ ਪੱਟਾਦਾਰੀ ਸੁਰੱਖਿਆ ਮਿਲੀ ਹੋਵੇ ਅਤੇ ਬੇ-ਦਖਲੀ ਦਾ ਡਰ ਨਾ ਹੋਵੇ। ਸਭ ਤੋਂ ਪਹਿਲਾਂ ਖੇਤੀ ਢਾਂਚੇ ਅਤੇ ਸੰਗਠਨ ਵਿਚ ਪਾਏ ਜਾਂਦੇ ਦੋਸ਼ਾਂ ਨੂੰ ਦੂਰ ਕੀਤੇ ਜਾਣ ਦੀ ਲੋੜ ਹੈ। ਸੁਤੰਤਰਤਾ ਦੀ ਪ੍ਰਾਪਤੀ ਸਮੇਂ ਖੇਤੀ ਢਾਂਚੇ ਵਿਚ ਹੇਠ ਲਿਖੇ ਵੱਡੇ ਦੋਸ਼ ਸਨ :

(ੳ) ਭੂਮੀ-ਪੱਟੇ (Land tenure) ਦੀਆਂ ਅਨਿਆਇ-ਪੂਰਣ ਅਤੇ ਉੱਨਤੀ ਰੋਕ ਪ੍ਰਣਾਲੀਆਂ।

(ਅ) ਭੂਮੀ ਮਾਲਕੀ ਦੀ ਅਸਮਾਨ ਵੰਡ, ਉਪ ਵੰਡ (Sub Division) ਅਤੇ ਵਿਖੰਡਨ (Fragmentation)

## 2. ਪਾਠ ਦਾ ਉਦੇਸ਼

ਇਸ ਪਾਠ ਦਾ ਉਦੇਸ਼ ਹੈ ਵਿਦਿਆਰਥੀਆਂ ਨੂੰ ਭਾਰਤ ਵਿਚ ਭੂਮੀ ਸੁਧਾਰਾਂ ਦੀ ਮਹੱਤਤਾ ਅਤੇ ਲੋੜ ਨਾਲ ਜਾਣੂ ਕਰਵਾਉਣਾ। ਨਾਲ ਹੀ ਭਾਰਤ ਵਿਚ ਇਹ ਕੰਮ ਕਿਸ ਹੱਦ ਤੱਕ ਸਫਲ ਹੋਇਆ ਹੈ, ਜੇਕਰ ਭੂਮੀ ਸੁਧਾਰ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕੇ ਤਾਂ ਉਸ ਦੇ ਕੀ ਕਾਰਨ ਸਨ, ਆਦਿ ਬਾਰੇ ਜਾਣਕਾਰੀ ਵੀ ਇਸ ਪਾਠ ਵਿਚ ਦਿੱਤੀ ਜਾਵੇਗੀ। ਭੂਮੀ ਸੁਧਾਰਾਂ ਬਾਰੇ ਪੜ੍ਹਨ ਤੋਂ ਪਹਿਲਾਂ ਇਹ ਵੀ ਜ਼ਰੂਰੀ ਹੈ ਕਿ ਭੂਮੀ ਪੱਟਾ ਪ੍ਰਣਾਲੀ ਬਾਰੇ ਵੀ ਗਿਆਨ ਪ੍ਰਾਪਤ ਕੀਤਾ ਜਾਵੇ ਕਿਉਂਕਿ ਖੇਤੀਬਾੜੀ ਵਿਚ ਉਦੋਂ ਤੱਕ ਸੁਧਾਰ ਨਹੀਂ ਕੀਤੇ ਜਾ ਸਕਦੇ ਜਦੋਂ ਤੱਕ ਕਿ ਭੂਮੀ ਪੱਟਾ ਪ੍ਰਣਾਲੀ ਕੁਸ਼ਲ ਅਤੇ ਨਿਆਂਪੂਰਣ ਨਹੀਂ ਹੈ। ਇਸ ਲਈ ਪਹਿਲਾਂ ਅਸੀਂ ਭੂਮੀ ਪੱਟਾ ਪ੍ਰਣਾਲੀ ਬਾਰੇ ਹੀ ਪੜ੍ਹਾਂਗੇ।

## 3. ਭੂਮੀ ਪੱਟਾ ਪ੍ਰਣਾਲੀ

ਭੂਮੀ ਪੱਟਾ ਅਜਿਹਾ ਪ੍ਰਬੰਧ ਹੈ ਜਿਸ ਨਾਲ ਭੂਮੀ ਵਰਤੋਂ ਲਈ ਆਪਣੀ ਮਾਲਕੀ ਹੇਠ ਰੱਖੀ ਜਾਂਦੀ ਹੈ ਜਾਂ ਅੱਗੇ ਲਗਾਨ ਤੇ ਜਾਂ ਠੇਕੇ ਤੇ ਦਿੱਤੀ ਜਾਂਦੀ ਹੈ। ਪੱਟਾ ਸ਼ਬਦ ਲਾਤੀਨੀ ਕ੍ਰਿਆ 'Tenure' ਤੋਂ ਬਣਿਆ ਹੈ, ਜਿਸ ਦਾ ਅਰਥ ਹੈ, ਰੱਖਣਾ। ਇਸ ਤਰ੍ਹਾਂ ਇਹ ਭੂਮੀ ਦੀ ਮਾਲਕੀ ਅਤੇ ਭੂਮੀ ਤੇ ਕਾਸ਼ਤ ਕਰਨ ਦੇ ਹੱਕਾਂ ਦਾ ਅਧਿਐਨ ਹੈ। ਭੂਮੀ ਵੱਖ-ਵੱਖ ਹਾਲਤਾਂ ਅਧੀਨ ਇਸ ਦੇ ਵਾਹੁਣ ਵਾਲੇ ਕੋਲ ਰੱਖੀ ਜਾ ਸਕਦੀ ਹੈ। ਕਾਸ਼ਤਕਾਰ ਮਾਲਕ ਦੀ ਹੈਸੀਅਤ ਵਿਚ ਜਾਂ ਮਾਲਕੀ ਦੇ ਹੱਕ ਤੋਂ ਬਿਨਾਂ ਕੇਵਲ ਪੱਟੇਦਾਰ ਦੀ ਹੈਸੀਅਤ ਵਿਚ ਜ਼ਮੀਨ ਰੱਖ ਸਕਦਾ ਹੈ। ਪੱਟੇਦਾਰ (Tenant) ਅੱਗੋਂ ਇਸ ਨੂੰ ਦਾਖਲਕਾਰੀ ਕਾਸ਼ਤਕਾਰ (Occupancy) ਜਾਂ ਗੈਰ-ਮੌਰੂਸੀ ਪੱਟੇਦਾਰ (Tenant at will) ਦੀ ਹੈਸੀਅਤ ਵਿਚ ਰੱਖ ਸਕਦਾ ਹੈ। ਜੇ ਉਹ ਦਖਲਕਾਰੀ ਕਾਸ਼ਤਕਾਰ ਹੈ, ਤਾਂ ਜ਼ਮੀਨ ਤੇ ਉਸਦਾ ਸਥਾਈ ਅਤੇ ਉਤਰਾਧਿਕਾਰੀ (inheritable) ਹੱਕ ਹੈ। ਉਹ ਪੱਟੇ ਦੀ ਸਥਿਰਤਾ ਅਤੇ ਸੁੱਖ ਮਾਣਤਾ ਹੈ, ਜਿਹੜਾ ਉਸ ਨੂੰ ਜ਼ਮੀਨ ਦਾ ਮਾਲਕ ਬਣਾਉਂਦਾ ਹੈ। ਦੂਜੇ ਪਾਸੇ ਜੇ ਉਹ ਗੈਰ-ਮੌਰੂਸੀ

ਪੱਟੇਦਾਰ ਹੈ ਤਾਂ ਉਸ ਨੂੰ ਪੱਟੇ ਦੀ ਕੋਈ ਸਹੂਲਤ ਪ੍ਰਾਪਤ ਨਹੀਂ। ਇਸ ਦਾ ਅਰਥ ਹੈ ਕਿ ਉਹ ਭੂਮੀ ਮਾਲਕ ਦੀ ਰਜਾ ਅਤੇ ਰਹਿਮ ਤੇ ਭੂਮੀ ਰੱਖਦਾ ਹੈ। ਮਾਲਕ ਉਸ ਪਾਸੋਂ ਜਦੋਂ ਜੀ ਚਾਹੇ, ਜ਼ਮੀਨ ਖੋਹ ਸਕਦਾ ਹੈ ਅਤੇ ਵਧੇਰੇ ਕਰਕੇ ਲਗਾਨ ਦੀ ਮਾਤਰਾ ਵਧਾ ਸਕਦਾ ਹੈ।

ਖੇਤੀ ਦਾ ਉਤਪਾਦਨ ਪੱਟਾ ਪ੍ਰਣਾਲੀ (Tenurial System) ਦੇ ਢਾਂਚੇ ਦੇ ਅੰਤਰਗਤ ਹੁੰਦਾ ਹੈ। ਜੇ ਇਹ ਢਾਂਚਾ ਤਰੁੱਟੀਪੂਰਣ ਹੋਵੇ ਜਿਵੇਂ ਕਿ ਬਹੁਤੀਆਂ ਵਿਕਾਸਸ਼ੀਲ ਅਰਥ-ਵਿਵਸਥਾਵਾਂ ਵਿਚ ਹੋਇਆ ਹੈ ਤਾਂ ਇਹ ਖੇਤੀਬਾੜੀ ਦੀ ਉੱਨਤੀ ਦੇ ਰਸਤੇ ਵਿਚ ਅੜਿੱਕਾ ਬਣਦਾ ਹੈ। ਖੇਤੀਬਾੜੀ ਦੇ ਸੁਧਾਰ ਦੀ ਉਨ੍ਹਾਂ ਚਿਰ ਕੋਈ ਗੁੰਜਾਇਸ਼ ਨਹੀਂ ਜਿੰਨਾ ਚਿਰ ਇਸ ਨਿਖਿੱਧ ਅਤੇ ਨਿਰਉਤਸ਼ਾਹਿਤ ਕਰਨ ਵਾਲੀ ਪ੍ਰਣਾਲੀ ਨੂੰ ਖਤਮ ਨਹੀਂ ਕਰ ਦਿੱਤਾ ਜਾਂਦਾ ਅਤੇ ਇਸ ਦੀ ਥਾਂ ਕੁਸ਼ਲ (Efficient) ਅਤੇ ਨਿਆਂਪੂਰਣ ਪ੍ਰਣਾਲੀ ਹੋਂਦ ਵਿਚ ਨਹੀਂ ਆ ਜਾਂਦੀ। ਇਸ ਦੇ ਇਲਾਵਾ ਭੂਮੀ ਪੱਟਾ ਪ੍ਰਣਾਲੀ ਜ਼ਰਾਇਤੀ ਵਸੋਂ ਦੀ ਸਮਾਜਿਕ ਅਤੇ ਰਾਜਨੀਤਿਕ ਪੱਧਰ ਅਤੇ ਆਰਥਿਕ ਸਕਤੀ ਨੂੰ ਨਿਰਧਾਰਤ ਕਰਦੀ ਹੈ। ਜ਼ਰਾਇਤੀ ਵਸੋਂ ਘੱਟ ਵਿਕਸਤ ਅਰਥ ਵਿਵਸਥਾਵਾਂ ਵਿਚ ਕੁਲ ਵਸੋਂ ਦਾ ਕਾਫੀ ਵੱਡਾ ਹਿੱਸਾ ਹੁੰਦੀ ਹੈ।

**3.1 ਭਾਰਤ ਵਿਚ ਭੂਮੀ ਪੱਟਾ ਪ੍ਰਣਾਲੀ :** ਸੁਤੰਤਰਤਾ ਪ੍ਰਾਪਤੀ ਸਮੇਂ ਭਾਰਤ ਵਿਚ ਤਿੰਨ ਮੁੱਖ ਭੂਮੀ ਪੱਟਾ ਪ੍ਰਣਾਲੀਆਂ ਮੌਜੂਦ ਸਨ, ਜਿਨ੍ਹਾਂ ਨੂੰ ਜ਼ਿਮੀਂਦਾਰੀ, ਰਈਅਤਵਾੜੀ ਅਤੇ ਮਹਿਲਵਾੜੀ ਆਖਿਆ ਜਾਂਦਾ ਹੈ:-

**(ੳ) ਜ਼ਿਮੀਂਦਾਰੀ ਪ੍ਰਣਾਲੀ (Zamindari System)**

ਇਹ ਪ੍ਰਣਾਲੀ ਦੇਸ਼ ਦੇ ਲਗਭਗ ਅੱਧੇ ਹਿੱਸੇ ਵਿਚ ਪ੍ਰਚਲਿਤ ਸੀ। ਭਾਰਤ ਵਿਚ ਇਹ ਬਰਤਾਨਵੀ ਹਕੂਮਤ ਦੀ ਦੇਣ ਸੀ। ਇਹ ਪ੍ਰਣਾਲੀ ਲਾਰਡ ਕਾਰਨਵਾਲਿਸ ਨੇ 1793 ਵਿਚ ਚਾਲੂ ਕੀਤੀ। ਇਸ ਦਾ ਮਨੋਰਥ ਲੋਕਾਂ ਦਾ ਇਕ ਅਜਿਹਾ ਵਰਗ ਖੜ੍ਹਾ ਕਰਨਾ ਸੀ ਜੋ ਮਾਲੀਏ (Revene) ਦੀ ਉਗਰਾਹੀ ਵਿਚ ਬਰਤਾਨਵੀ ਸਰਕਾਰ ਦੀ ਸਹਾਇਤਾ ਕਰ ਸਕੇ ਅਤੇ ਜੋ ਭਾਰਤ ਵਿਚ ਬਰਤਾਨਵੀ ਹਿੱਤਾਂ ਦਾ ਪਾਲਣ ਕਰੇ। ਇਸ ਪ੍ਰਣਾਲੀ ਅਧੀਨ ਭੂਮੀ ਦੀ ਮਾਲਕੀ ਦੇ ਪੂਰਣ, ਸਦੀਵੀ ਅਤੇ ਉਤਰਾਧਿਕਾਰੀ (inheritable) ਹੱਕ ਉਨ੍ਹਾਂ ਵਿਅਕਤੀਆਂ ਨੂੰ ਸੌਂਪੇ ਗਏ ਜੋ ਪਹਿਲਾਂ ਕਮਿਸ਼ਨ ਦੇ ਆਧਾਰ ਤੇ ਸਰਕਾਰ ਦੇ ਕੇਵਲ ਮਾਲੀਆ ਉਗਰਾਹ (Revenue Collectors) ਸਨ। ਇਹ ਮਾਲੀਆ ਉਗਰਾਹ ਹੁਣ ਉਸ ਜ਼ਮੀਨ ਦੇ ਮਾਲਕ ਬਣ ਗਏ ਜਿਸ ਜ਼ਮੀਨ ਲਈ ਉਹ ਪਹਿਲਾਂ ਮਾਲੀਆ ਇਕੱਠਾ ਕਰਦੇ ਸਨ। ਇਨ੍ਹਾਂ ਨੂੰ ਜ਼ਿਮੀਂਦਾਰ ਕਿਹਾ ਜਾਣ ਲੱਗਾ। ਇਸ ਪ੍ਰਣਾਲੀ ਦੇ ਲੱਛਣ ਇਹ ਸਨ—

(ੳ) ਇਸ ਪ੍ਰਣਾਲੀ ਹੇਠ ਭੂਮੀ-ਮਾਲਕ ਜਾਂ ਭੂਮੀ ਮਾਲਕਾਂ ਦੀ ਮਾਲਕੀ ਅਧੀਨ ਇਕ ਪਿੰਡ ਜਾਂ ਕੁਝ ਕੁ ਪਿੰਡਾਂ ਦੀ ਜ਼ਮੀਨ ਹੁੰਦੀ ਸੀ। ਕੁਝ ਹਾਲਤਾਂ ਵਿਚ ਉਹ ਜ਼ਮੀਨ ਦੇ ਥੋੜ੍ਹੇ ਹਿੱਸੇ ਦੀ ਕਾਸ਼ਤ ਭਾੜੇ ਤੇ ਮਜ਼ਦੂਰ ਲਾ ਕੇ ਅਤੇ ਬਟਾਈਦਾਰਾਂ (Share-Croppers) ਕੋਲੋਂ ਕਰਵਾਉਂਦੇ ਸਨ, ਪਰ ਜ਼ਮੀਨ ਦਾ ਚੋਖਾ ਭਾਗ ਕਾਸ਼ਤ ਲਈ ਪੱਟੇਦਾਰਾਂ (tenants) ਨੂੰ ਲਗਾਨ ਤੇ ਦਿੱਤਾ ਜਾਂਦਾ ਸੀ।

(ਅ) ਸਰਕਾਰ ਨੂੰ ਮਾਲੀਏ ਦੀ ਅਦਾਇਗੀ ਕਰਨ ਦੀ ਸਿੱਧੀ ਜ਼ਿੰਮੇਦਾਰੀ ਸੀ।

(ੲ) ਬੰਗਾਲ, ਉੱਤਰੀ ਮਦਰਾਸ ਅਤੇ ਬਨਾਰਸ ਵਿਚ ਚਾਲੂ ਕੀਤੇ ਸਥਾਈ ਬੰਦੋਬਸਤ (Permanent Settlement) ਅਧੀਨ ਜ਼ਿਮੀਂਦਾਰਾਂ ਵਲੋਂ ਸਰਕਾਰ ਨੂੰ ਦਿੱਤੇ ਜਾਣ ਵਾਲੇ ਮਾਲੀਏ ਨੂੰ ਸਦਾ ਲਈ ਨਿਸ਼ਚਿਤ ਨਹੀਂ ਸੀ ਕੀਤਾ ਗਿਆ। ਹਰ ਵੀਹ ਜਾਂ ਤੀਹ ਸਾਲਾਂ ਪਿੱਛੋਂ ਮਾਲੀਏ ਨੂੰ ਘਟਾਉਣ ਵਧਾਉਣ ਦਾ ਅਧਿਕਾਰ ਸਰਕਾਰ ਨੇ ਆਪਣੇ ਹੱਥ ਵਿਚ ਰੱਖਿਆ ਸੀ। ਤਾਂ ਵੀ ਬਿਹਾਰ ਵਿਚ ਅਸਥਾਈ ਬੰਦੋਬਸਤ ਦੇ ਖੇਤਰਾਂ ਵਿਚ ਮਾਲੀਏ ਦਾ ਵਾਧਾ ਬਹੁਤ ਘੱਟ ਸੀ।

(ਸ) ਭਾਵੇਂ ਜ਼ਿਮੀਂਦਾਰਾਂ ਵਲੋਂ ਰਾਜ ਨੂੰ ਦਿੱਤਾ ਜਾਣ ਵਾਲਾ ਮਾਲੀਆ ਨਿਸ਼ਚਿਤ ਸੀ, ਪਰ ਜ਼ਿੰਮੀਂਦਾਰਾਂ ਨੂੰ ਜਦੋਂ ਤੇ ਜਿੰਨੀ ਵਾਰ ਜੀ ਕਰੇ ਪੱਟੇਦਾਰਾਂ ਦੇ ਲਗਾਨ ਨੂੰ ਵਧਾਉਣ ਦਾ ਅਧਿਕਾਰ ਪ੍ਰਾਪਤ ਸੀ।

(ਹ) ਪਿੰਡ ਦੀ ਬੇਕਾਰ ਜ਼ਮੀਨ ਭੂਮੀ ਮਾਲਕਾਂ ਦੀ ਜਾਇਦਾਦ ਸੀ।

(ਕ) ਰਾਜ ਅਤੇ ਜ਼ਮੀਨ ਦੇ ਅਸਲੀ ਕਾਸ਼ਤਕਾਰ ਵਿਚ ਕੋਈ ਆਪਸੀ ਸੰਬੰਧ ਨਹੀਂ ਸੀ, ਕਿਉਂਕਿ ਦੋਹਾਂ ਵਿਚਕਾਰ ਵਿਚੋਲੇ (Intermedaries) ਬਹੁਤ ਸਨ।

ਜ਼ਿਮੀਂਦਾਰੀ ਪ੍ਰਣਾਲੀ ਵਰਗੀ ਹੀ ਇਕ ਹੋਰ ਪ੍ਰਣਾਲੀ ਮੱਧ ਭਾਰਤ, ਮਹਾਂਰਾਸ਼ਟਰ, ਹੈਦਰਾਬਾਦ ਅਤੇ ਰਾਜਸਥਾਨ ਜਿਹੇ ਕਈ ਰਾਜਾਂ ਵਿਚ ਵਿਕਸਿਤ ਹੋਈ। ਇਸ ਨੂੰ ਜਾਗੀਰਦਾਰੀ ਜਾਂ ਇਨਾਮਦਾਰੀ (Jagirdari or Inamdari)

ਬੰਦੋਬਸਤ ਪ੍ਰਣਾਲੀ ਕਿਹਾ ਜਾਣ ਲੱਗ ਗਿਆ। ਇਸ ਅਧੀਨ ਰਾਜਿਆਂ ਲਈ ਕੀਤੀਆਂ ਵਿਸ਼ੇਸ਼ ਸੇਵਾਵਾਂ ਦੇ ਬਦਲੇ ਜਾਗੀਰਦਾਰਾਂ ਨੂੰ ਜਾਗੀਰ ਵਜੋਂ ਪ੍ਰਾਪਤ ਹੋਈ ਭੂਮੀ ਦਾ ਪ੍ਰਬੰਧ ਕਰਨ ਅਤੇ ਵਾਹੁਣ ਵਿਸ਼ੇਸ਼ ਸੇਵਾਵਾਂ ਦੇ ਬਦਲੇ ਜਾਗੀਰਦਾਰਾਂ ਨੂੰ ਜਾਗੀਰ ਵਜੋਂ ਪ੍ਰਾਪਤ ਹੋਈ ਭੂਮੀ ਦਾ ਪ੍ਰਬੰਧ ਕਰਨ ਅਤੇ ਵਾਹੁਣ ਦਾ ਅਧਿਕਾਰ ਪ੍ਰਾਪਤ ਨਹੀਂ ਸੀ। ਉਹ ਕੇਵਲ ਲਗਾਨ ਉਗਰਾਹੁਣ ਦਾ ਅਧਿਕਾਰ ਹੀ ਮਾਣਦੇ ਸਨ।

ਭਾਰਤ ਵਿਚ ਜ਼ਿਮੀਂਦਾਰ ਪ੍ਰਣਾਲੀ ਨੂੰ ਬਰਤਾਨਵੀ ਭੂਮੀ-ਮਾਲਕੀ ਪ੍ਰਣਾਲੀ ਦੀਆਂ ਲੀਹਾਂ ਤੇ ਚਾਲੂ ਕੀਤਾ ਗਿਆ। ਆਸ ਕੀਤੀ ਜਾਂਦੀ ਸੀ ਕਿ ਅੰਗਰੇਜ਼ ਭੂਮੀ-ਮਾਲਕਾਂ ਵਾਂਗ, ਇਹ ਵੀ ਪਿੰਡਾਂ ਵਿਚ ਰਹਿਣਗੇ, ਪੂੰਜੀ ਲਗਾਉਣਗੇ, ਭੂਮੀ ਦਾ ਸੁਧਾਰ ਕਰਨਗੇ ਅਤੇ ਆਪਣੇ ਪੱਟੇਦਾਰਾਂ ਦੀ ਖੇਤੀ ਦੀਆਂ ਸੁਧਰੀਆਂ ਹੋਈਆਂ ਅਤੇ ਵਿਗਿਆਨਕ ਵਿਧੀਆਂ ਦੀ ਵਰਤੋਂ ਵਿਚ ਰਹਿਨੁਮਾਈ ਕਰਨਗੇ। ਪਰ ਇਹ ਪ੍ਰਣਾਲੀ ਸਾਡੀ ਖੇਤੀਬਾੜੀ ਦੀ ਉੱਨਤੀ ਦੇ ਰਸਤੇ ਵਿਚ ਗੰਭੀਰ ਅੜਿੱਕਾ ਬਣ ਗਈ, ਕਿਉਂਕਿ ਇਸ ਵਿਚ ਕੁਝ ਨੁਕਸ ਸਨ:

(i) ਜ਼ਿਮੀਂਦਾਰ ਆਪਣੀ ਜ਼ਮੀਨ ਵਿਚ ਜ਼ਰਾ ਵੀ ਦਿਲਚਸਪੀ ਨਹੀਂ ਸਨ ਲੈਂਦੇ। ਉਹ ਜ਼ਮੀਨ ਤੋਂ ਬਹੁਤ ਦੂਰ ਸਥਿਤ ਕਸਬਿਆਂ ਅਤੇ ਸ਼ਹਿਰਾਂ ਵਿਚ ਬੜਾ ਵਿਲਾਸ ਪੂਰਣ ਜੀਵਨ ਬਤੀਤ ਕਰਦੇ ਸਨ। ਉਨ੍ਹਾਂ ਦਾ ਜ਼ਮੀਨ ਵਿਚ ਇਕੋ-ਇਕ ਹਿਤ ਸੀ ਕਿ ਪੱਟੇਦਾਰਾਂ ਪਾਸੋਂ ਜਿੰਨਾ ਵੱਧ ਤੋਂ ਵੱਧ ਹੋ ਸਕੇ, ਲਗਾਨ ਉਗਰਾਹਿਆ ਜਾਵੇ।

(ii) ਇਸ ਪ੍ਰਣਾਲੀ ਵਿਚ ਬਹੁਤ ਵਿਚੋਲੇ ਹੋਣ ਕਾਰਨ ਰਾਜ ਅਤੇ ਅਸਲੀ ਕਾਸ਼ਤਕਾਰ ਵਿਚਕਾਰ ਸੰਬੰਧ ਜਾਂਦਾ ਰਿਹਾ। ਅਜਿਹੀ ਸਥਿਤੀ ਵਿਚ ਰਾਜ ਕਾਸ਼ਤਕਾਰਾਂ ਦੀ ਦਸ਼ਾ ਨੂੰ ਸੁਧਾਰਨ ਲਈ ਕੁਝ ਨਹੀਂ ਕਰ ਸਕਦਾ।

(iii) ਵਸੋਂ ਦੇ ਵਾਧੇ ਨਾਲ ਭੂਮੀ ਲਈ ਮੰਗ ਵਧੀ। ਇਸ ਨਾਲ ਜ਼ਿਮੀਂਦਾਰ ਪੱਟੇਦਾਰਾਂ ਪਾਸੋਂ ਅਧਿਕ ਲਗਾਨ ਵਸੂਲ ਕਰਨ ਲੱਗੇ। ਕੁਝ ਸੰਘਣੀ ਵਸੋਂ ਵਾਲੇ ਉਪਜਾਊ ਇਲਾਕਿਆਂ ਵਿਚ ਲਗਾਨ ਜ਼ਮੀਨ ਦੀ ਕੁਲ ਉਪਜ ਦਾ 3/4 ਭਾਗ ਹੁੰਦਾ ਸੀ। ਜਿਹੜੇ ਪੱਟੇਦਾਰ ਵਧੀ ਦਰ ਤੇ ਲਗਾਨ ਦੇਣ ਵਿਚ ਅਸਮਰਥ ਸਨ ਜਾਂ ਇਸ ਨਾਲ ਸਹਿਮਤ ਨਹੀਂ ਸਨ, ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਉਨ੍ਹਾਂ ਦੇ ਖੇਤ ਵਿਚੋਂ ਕੱਢ ਦਿੱਤਾ ਜਾਂਦਾ ਸੀ। ਇਸ ਦਾ ਸਿੱਟਾ ਪੱਟੇਦਾਰਾਂ ਦੇ ਕਮਰਤੋੜ ਲਗਾਨ (Rack renting) ਅਤੇ ਪੱਟੇ ਦੀ ਅਸੁਰੱਖਿਆ ਵਿਚ ਰੂਪਮਾਣ ਹੋਇਆ।

(iv) ਕਾਸ਼ਤਕਾਰਾਂ ਵਿਚ ਜ਼ਮੀਨ ਤੇ ਕੰਮ ਕਰਨ ਲਈ ਕੋਈ ਉਤਸ਼ਾਹ ਨਹੀਂ ਸੀ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੀ ਸਖ਼ਤ ਮਿਹਨਤ ਨਾਲ ਕੀਤੇ ਕੰਮ ਦਾ ਫਾਇਦਾ ਸਿਰਫ ਜ਼ਿਮੀਂਦਾਰ ਨੂੰ ਹੀ ਹੋਵੇਗਾ। ਉਨ੍ਹਾਂ ਨੂੰ ਜ਼ਮੀਨ ਤੋਂ ਆਪਣੀ ਬੇਦਖਲੀ ਦਾ ਵੀ ਡਰ ਰਹਿੰਦਾ ਸੀ।

(v) ਇਸ ਪ੍ਰਣਾਲੀ ਨਾਲ ਸਰਕਾਰ ਨੂੰ ਕਾਫੀ ਮਾਲੀ ਨੁਕਸਾਨ ਹੋਇਆ, ਕਿਉਂ ਜੋ (ਸਥਾਈ ਬੰਦੋਬਸਤ ਖੇਤਰਾਂ ਵਿਚ) ਮਾਲੀਆ ਸਥਾਈ ਰੂਪ ਵਿਚ ਨਿਸ਼ਚਿਤ ਸੀ। ਰਾਜ ਜ਼ਮੀਨ ਦੇ ਮਾਲੀਏ ਨੂੰ ਵਧਾ ਨਹੀਂ ਸਕਦਾ ਭਾਵੇਂ ਜ਼ਿਮੀਂਦਾਰ ਕਾਸ਼ਤਕਾਰ ਕੋਲੋਂ ਕਾਫੀ ਲਗਾਨ ਉਗਰਾਹ ਲੈਂਦੇ ਸਨ।

ਇਨ੍ਹਾਂ ਗੰਭੀਰ ਨੁਕਸਾਂ ਦੇ ਕਾਰਣ 1947 ਵਿਚ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਇਹ ਪ੍ਰਣਾਲੀ ਖਤਮ ਕਰ ਦਿੱਤੀ ਗਈ।

**(ਅ) ਰਈਅਤਵਾੜੀ ਪ੍ਰਣਾਲੀ (Ryotwari System)**

ਇਹ ਇਕ ਹੋਰ ਭੂਮੀ ਪੱਟਾ ਪ੍ਰਣਾਲੀ ਸੀ ਜਿਹੜੀ ਦੇਸ਼ ਦੇ ਬਹੁਤ ਸਾਰੇ ਭਾਗਾਂ ਵਿਚ ਪ੍ਰਚਲਿਤ ਸੀ। ਇਹ ਪ੍ਰਣਾਲੀ ਹੁਣ ਵੀ ਦੇਸ਼ ਦੇ ਕਈ ਹਿੱਸਿਆਂ ਵਿਚ ਮੌਜੂਦ ਹੈ। ਦਰਅਸਲ ਇਹ ਭੂਮੀ-ਪੱਟਾ ਦੀ ਆਦਰਸ਼ ਪ੍ਰਣਾਲੀ ਹੈ ਅਤੇ ਭੂਮੀ ਖੇ ਤਰ ਵਿਚ ਇਸ ਪ੍ਰਣਾਲੀ ਦੀ ਸਥਾਪਨਾ ਸਾਡੀ ਭੂਮੀ-ਸੰਬੰਧੀ ਨੀਤੀ ਦਾ ਮੁੱਖ ਉਦੇਸ਼ ਹੈ। ਇਸ ਪ੍ਰਣਾਲੀ ਅਧੀਨ ਰਈਅਤ ਕਹੇ ਜਾਣ ਵਾਲੇ ਕਾਸ਼ਤਕਾਰਾਂ ਨੂੰ ਰਾਜ ਸਰਕਾਰ ਨਾਲ ਸਿੱਧੇ ਸੰਬੰਧ ਰੱਖਦੇ ਪੈਂਦੇ ਹਨ। ਉਹ ਭੂਮੀ ਸਿੱਧਾ ਹੀ ਰਾਜ ਸਰਕਾਰ ਪਾਸੋਂ ਲੈਂਦਾ ਹੈ ਅਤੇ ਮਾਲੀਏ ਦੀ ਅਦਾਇਗੀ ਲਈ ਵੀ ਸਿੱਧਾ ਹੀ ਪ੍ਰਾਂਤਿਕ ਸਰਕਾਰ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਇਸ ਤਰ੍ਹਾਂ ਰਾਜ ਅਤੇ ਭੂਮੀ ਦੇ ਅਸਲੀ ਕਾਸ਼ਤਕਾਰ ਵਿਚਕਾਰ ਸਿੱਧਾ ਸੰਬੰਧ ਹੁੰਦਾ ਹੈ। ਆਰੰਭਿਕ ਪੜਾਵਾਂ ਵਿਚ ਇਹ ਪ੍ਰਣਾਲੀ ਵਿਚੋਲਿਆਂ ਤੋਂ ਮੁਕਤ ਸੀ। ਬਾਅਦ ਵਿਚ ਵਸੋਂ ਦੇ ਵੱਧਣ ਨਾਲ ਅਤੇ ਸਿੱਟੇ ਵਜੋਂ ਭੂਮੀ ਤੇ ਵੱਧ ਰਹੇ ਭਾਰ ਕਾਰਨ ਰਈਅਤਾਂ ਨੇ ਵੀ ਆਪਣੀ ਜਮੀਨ ਉਨ੍ਹਾਂ ਪੱਟੇਦਾਰਾਂ ਨੂੰ ਦੇਣੀ ਸ਼ੁਰੂ ਕਰ ਦਿੱਤੀ ਜਿਹੜੇ ਜ਼ਮੀਨ ਨੂੰ ਅਗੋਂ ਫਿਰ ਉਪ ਲਗਾਨ ਤੇ ਦੇਂਦੇ ਸਨ। ਇਸ ਦੇ ਸਿੱਟੇ ਵਜੋਂ ਪ੍ਰਾਂਤਿਕ ਸਰਕਾਰ ਅਤੇ ਅਸਲੀ ਕਾਸ਼ਤਕਾਰ ਵਿਚਕਾਰ ਵਿਚੋਲਿਆਂ ਦੀਆਂ ਬਹੁਤ ਸਾਰੀਆਂ ਤਹਿਆਂ (layers) ਬਣ ਗਈਆਂ। ਰਈਅਤਵਾੜੀ ਪ੍ਰਣਾਲੀ ਅਤੇ ਜ਼ਿਮੀਂਦਾਰੀ

ਪ੍ਰਣਾਲੀ ਵਿਚਕਾਰ ਭੇਦ ਤਕਰੀਬਨ ਖਤਮ ਹੋ ਗਿਆ ਅਤੇ ਉਹ ਆਪਣੇ ਢਾਂਚਿਆਂ ਅਤੇ ਕ੍ਰਿਆਵਾਂ ਵਿਚ ਇਕੋ ਜਿਹੀਆਂ ਬਣ ਗਈਆਂ।

**(ੲ) ਮਹਿਲਵਾੜੀ ਪ੍ਰਣਾਲੀ (Mahalwari System)**

ਇਹ ਪ੍ਰਣਾਲੀ ਪਹਿਲਾਂ ਆਗਰੇ ਅਤੇ ਅਵਧ ਵਿਚ ਚਾਲੂ ਕੀਤੀ ਗਈ ਅਤੇ ਪਿਛੋਂ ਪੰਜਾਬ, ਯੂ.ਪੀ., ਬਿਹਾਰ ਦੇ ਕੁੱਝ ਭਾਗਾਂ ਤੱਕ ਫੈਲਾਅ ਦਿੱਤੀ ਗਈ। ਇਸ ਨੂੰ ਮਹਿਲਵਾੜੀ ਇਸ ਕਰਕੇ ਆਖਿਆ ਜਾਂਦਾ ਸੀ ਕਿਉਂਕਿ ਇਸ ਦਾ ਸੰਬੰਧ ਇਕੱਲੇ ਕਾਸ਼ਤਕਾਰ ਦੀ ਥਾਂ ਸਮੁੱਚੇ ਮਹਿਲ ਜਾਂ ਪਿੰਡ ਨਾਲ ਸੀ। ਇਸ ਦਾ ਵਧੇਰੇ ਮਹੱਤਵਪੂਰਣ ਲੱਛਣ ਇਹ ਹੈ ਕਿ ਸਮੁੱਚੇ ਪਿੰਡ ਦੀ ਭੂਮੀ ਸੰਯੁਕਤ ਖੇਤ (Joint holding) ਦੇ ਰੂਪ ਵਿਚ ਹੁੰਦੀ ਸੀ ਅਤੇ ਇਹ ਸਾਰੇ ਪਿੰਡ ਦੀ ਮਲਕੀਅਤ ਹੋਇਆ ਕਰਦੀ ਸੀ, ਜਿਨ੍ਹਾਂ ਨੂੰ ਤਕਨੀਕੀ ਤੌਰ ਤੇ ਹਿੱਸੇਦਾਰਾਂ ਦੀ ਸੰਘ (Body of Co-sharers) ਕਿਹਾ ਜਾਂਦਾ ਸੀ। ਪਿੰਡ ਦੀ ਸੁਮਦਾਇ (Community) ਦੇ ਮੈਂਬਰ ਮਾਲੀਏ ਦੀ ਅਦਾਇਗੀ ਲਈ ਸੰਯੁਕਤ ਰੂਪ ਵਿਚ ਜਾਂ ਨਿੱਜੀ ਤੌਰ ਤੇ ਜ਼ਿੰਮੇਵਾਰ ਹੁੰਦੇ ਹਨ। ਹਰੇਕ ਪਿੰਡ ਨੰਬਰਦਾਰ ਦੇ ਜ਼ਰੀਏ ਮਾਲੀਆ ਅਦਾ ਕਰਦਾ ਹੈ। ਮੁੱਖ ਤੌਰ ਤੇ ਹਰੇਕ ਕਾਸ਼ਤਕਾਰ ਆਪਣੀ ਹੀ ਅਦਾਇਗੀ ਕਰਦਾ ਸਨ ਪਰ ਉਹ ਆਪਣੇ ਸਹ-ਪਿੰਡ ਵਾਸੀਆਂ ਲਈ ਵੀ ਜ਼ਿੰਮੇਵਾਰ ਹੁੰਦਾ ਸੀ। ਪਿੰਡ ਦੀ ਸ਼ਾਮਲਾਟ ਅਤੇ ਬੇਕਾਰ ਭੂਮੀ ਪਿੰਡ ਵਾਸੀਆਂ (Co-Villagers) ਦੀ ਸਾਂਝੀ ਜਾਇਦਾਦ ਹੁੰਦੀ ਸੀ। ਸਮੇਂ ਦੇ ਗੁਜ਼ਰਨ ਨਾਲ ਬਹੁਤ ਸਾਰੇ ਮਹਿਲਵਾੜ ਪਿੰਡਾਂ ਵਿਚ ਸਮੁੱਚੀ ਸਮੁਦਾਇ ਦੀ ਭੂਮੀ ਦੀ ਸੰਯੁਕਤ ਮਾਲਕੀ ਦੀ ਥਾਂ ਨਿੱਜੀ ਮਾਲਕੀ ਨੇ ਲੈ ਲਈ ਹੈ। ਹੁਣ ਹਰੇਕ ਕਾਸ਼ਤਕਾਰ ਆਪਣੇ ਮਾਲੀਏ ਲਈ ਹੀ ਜ਼ਿੰਮੇਵਾਰ ਹੁੰਦਾ ਹੈ।

**4. ਭੂਮੀ-ਸੁਧਾਰ**

ਅਸੀਂ ਪਹਿਲਾਂ ਵੀ ਇਸ ਗੱਲ ਦਾ ਜ਼ਿਕਰ ਕਰ ਚੁੱਕੇ ਹਾਂ ਕਿ ਖੇਤੀ ਉਤਪਾਦਨ ਵਿਚ ਵਾਧਾ ਕਰਨ ਲਈ ਤਕਨੀਕੀ ਤੱਤ ਅਤੇ ਸੰਸਥਾਗਤ ਤੱਤ ਦੋਵੇਂ ਹੀ ਮਹੱਤਵਪੂਰਨ ਹਨ। ਸੰਸਥਾਗਤ ਤੱਤਾਂ ਸਬੰਧੀ ਸੁਧਾਰਾਂ ਨੂੰ ਭੂਮੀ ਮਾਲਕਾਂ ਦੇ ਸ਼ੋਸ਼ਣ ਤੋਂ ਬਚਾਉਣ, ਖੇਤੀ ਵਿਚ ਸਥਾਈ ਸੁਧਾਰ ਕਰਨ ਲਈ ਕਾਸ਼ਤਕਾਰਾਂ ਦੇ ਹੱਕ ਵਿਚ ਭੂਮੀ ਦੀ ਪੁਨਰਵੰਡ ਅਤੇ ਪੱਟੇ ਦੀ ਸੁਰੱਖਿਆ ਸੰਬੰਧੀ ਸੁਧਾਰਾਂ ਨੂੰ ਭੂਮੀ ਸੁਧਾਰ ਕਿਹਾ ਜਾਂਦਾ ਹੈ। ਜੇਕਰ ਪ੍ਰੋ. ਗੁਨਰ ਮਿਰਡਲ ਦੇ ਸ਼ਬਦਾਂ ਦਾ ਪ੍ਰਯੋਗ ਕਰੀਏ ਤਾਂ ਆਦਮੀ ਅਤੇ ਭੂਮੀ ਵਿਚਕਾਰ ਪਾਏ ਜਾਣ ਵਾਲੇ ਸੰਬੰਧ ਦੇ ਯੋਜਨਾਬੱਧ ਅਤੇ ਸੰਸਥਾਗਤ ਪੁਨਰਗਠਨ ਨੂੰ ਭੂਮੀ ਸੁਧਾਰ ਕਿਹਾ ਜਾਂਦਾ ਹੈ।

**4.1 ਭਾਰਤ ਵਿਚ ਭੂਮੀ ਸੁਧਾਰਾਂ ਦੀ ਲੋੜ/ਮਹੱਤਤਾ**

ਭੂਮੀ ਸੁਧਾਰ ਦਾ ਸਮਾਜਿਕ ਤਬਦੀਲੀ ਅਤੇ ਆਰਥਿਕ ਵਿਕਾਸ ਨਾਲ ਬੜਾ ਗੂੜ੍ਹਾ ਸੰਬੰਧ ਹੈ। ਭੂਮੀ ਸੁਧਾਰਾਂ ਵਿਚ ਭੂਮੀ ਪੱਟੇ ਦੀ ਪ੍ਰਣਾਲੀ, ਜੋਤਾਂ ਦਾ ਆਕਾਰ; ਅਤੇ ਖੇਤੀ ਦੀ ਪ੍ਰਣਾਲੀ ਨਾਲ ਸੰਬੰਧਿਤ ਉਹ ਸਾਰੇ ਸੁਧਾਰ ਸ਼ਾਮਲ ਹਨ ਜਿਹੜੇ ਖੇਤੀ ਦੇ ਉਤਪਦਾਨ ਨੂੰ ਵਧਾਉਂਦੇ ਅਤੇ ਸਮਾਜਿਕ ਨਿਆਂ ਦਾ ਵਾਤਾਵਰਣ ਤਿਆਰ ਕਰਦੇ ਹਨ। ਸੋ ਭੂਮੀ ਸੁਧਾਰਾਂ ਨਾਲ ਖੇਤੀ ਢਾਂਚੇ ਅਤੇ ਸੰਗਠਨ ਵਿਚ ਤਬਦੀਲੀ ਲਿਆਉਣਾ ਜ਼ਰੂਰੀ ਹੈ। ਖੇਤੀਬਾੜੀ ਦਾ ਸਾਮੰਤੀ ਢਾਂਚਾ (Feudal Structure) ਭੂਮੀ ਦੇ ਮਾਲਕ ਅਤੇ ਮੁਜਾਰੇ ਵਿਚ ਸੰਘਰਸ਼ ਪੈਦਾ ਕਰਦਾ ਹੈ। ਛੋਟੇ-ਛੋਟੇ ਅਤੇ ਬਿਖਰੇ ਹੋਏ ਖੇਤ, ਖੇਤੀ ਨੂੰ ਅਲਾਭਕਾਰੀ ਬਣਾ ਦਿੰਦੇ ਹਨ। ਭੂਮੀ ਸੁਧਾਰ ਭੂਮੀ ਦੀ ਵਰਤੋਂ ਅਤੇ ਪ੍ਰਬੰਧ ਦੀਆਂ ਵਿਗਿਆਨਕ ਰੀਤੀਆਂ ਨੂੰ ਜਨਮ ਦਿੰਦੇ ਹਨ, ਜਿਨ੍ਹਾਂ ਦੇ ਫਲਸਰੂਪ ਸਮੁੱਚੀ ਜ਼ਰਾਇਤੀ ਅਰਥ-ਵਿਵਸਥਾ ਦੀ ਕਾਇਆ ਪਲਟ ਜਾਂਦੀ ਹੈ।

ਇਹ ਤੱਥ ਆਮ ਸਵੀਕਾਰ ਕੀਤਾ ਜਾਂਦਾ ਹੈ ਕਿ ਖੇਤੀ ਦਾ ਵਿਕਾਸ ਆਰਥਿਕ ਵਿਕਾਸ ਦਾ ਵਾਸਤਵਿਕ ਆਧਾਰ ਹੈ। ਖੇ ਤੀਬਾੜੀ ਤੋਂ ਅਨਾਜ ਅਤੇ ਕੱਚਾ ਮਾਲ ਪ੍ਰਾਪਤ ਹੁੰਦਾ ਹੈ। ਜਿਸ ਨਾਲ ਉਦਯੋਗਿਕ ਵਿਕਾਸ ਦੀ ਨੀਂਹ ਪੱਕੀ ਹੁੰਦੀ ਹੈ। ਪਰ ਇਸ ਲਈ ਭੂਮੀ ਦੇ ਢਾਂਚੇ ਦਾ ਅਨੁਕੂਲ ਹੋਣਾ ਜ਼ਰੂਰੀ ਹੈ। ਜੇ ਭੂਮੀ ਵਿਵਸਥਾ ਕਾਰਨ ਸ਼ੋਸ਼ਣ ਹੁੰਦਾ ਹੋਵੇ ਤਾਂ ਕਿਸਾਨਾਂ ਨੂੰ ਉਤਪਾਦਨ ਵਧਾਉਣ ਦੀ ਪ੍ਰੇਰਣਾ ਨਹੀਂ ਰਹਿੰਦੀ। ਇਸ ਲਈ ਭੂਮੀ ਸੁਧਾਰਾਂ ਨਾਲ ਖੇਤੀਬਾੜੀ ਦੇ ਵਿਕਾਸ ਵਿਚ ਸਾਰੀਆਂ ਰੋਕਾਂ ਨੂੰ ਹਟਾਇਆ ਜਾਣਾ ਚਾਹੀਦਾ ਹੈ, ਤਾਂ ਜੋ ਖੇਤੀ ਦਾ ਲਗਾਤਾਰ ਵਿਕਾਸ ਹੋ ਸਕੇ। ਖੇਤੀ ਦੇ ਉਤਪਾਦਨ ਦੇ ਨਿਰੰਤਰ ਵੱਧਣ ਤੇ ਹੀ ਦੇਸ਼ ਵਿਚ ਪੂੰਜੀ ਨਿਰਮਾਣ ਹੋਣਾ ਸੰਭਵ ਹੈ।

ਭੂਮੀ ਸੁਧਾਰਾਂ ਦਾ ਦੂਜਾ ਉਦੇਸ਼ ਸਮਾਜਿਕ ਨਿਆਂ ਦੀ ਸਥਾਪਨਾ ਹੈ। ਜੇ ਇਸੇ ਉਦੇਸ਼ ਦੀ ਪੂਰਤੀ ਹੋ ਸਕੇ ਤਾਂ ਸਾਰੇ ਦੇਸ਼

ਵਿਚ ਸਮਾਨਤਾ ਦਾ ਵਾਤਾਵਰਣ ਤਿਆਰ ਹੋ ਜਾਂਦਾ ਹੈ। ਆਰਥਿਕ ਵਿਕਾਸ ਲਈ ਭੂਮੀ ਦੀ ਨਿਆਂਪੂਰਣ ਵੰਡ ਅਤਿਅੰਤ ਜ਼ਰੂਰੀ ਹੈ।

ਭੂਮੀ ਸੁਧਾਰਾਂ ਨਾਲ ਸਹਿਕਾਰਤਾ ਦੀ ਮੁਹਿੰਮ ਵੀ ਫਲ-ਫੁੱਲ ਸਕਦੀ ਹੈ। ਇਕ ਅਜਿਹਾ ਮਨੋਵਿਗਿਆਨਕ ਵਾਤਾਵਰਣ ਤਿਆਰ ਹੋ ਜਾਂਦਾ ਹੈ, ਜਿਸ ਵਿਚ ਖੇਤੀ, ਸਾਖ, ਵਿਕਰੀ ਆਦਿ ਖੇਤਰਾਂ ਵਿਚ ਸਹਿਕਾਰਤਾ ਦੇ ਅਸੂਲਾਂ ਦੀ ਵਰਤੋਂ ਸ਼ੁਰੂ ਹੋ ਜਾਂਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਭਾਰਤੀ ਅਰਥ-ਵਿਵਸਥਾ ਦੇ ਵਿਕਾਸ ਲਈ ਭੂਮੀ ਸੁਧਾਰ ਕਿੰਨੇ ਮਹੱਤਵਪੂਰਨ ਹਨ। ਭੂਮੀ ਸੁਧਾਰਾਂ ਦਾ ਮੁੱਖ ਮੰਤਵ ਇਹ ਹੈ ਕਿ ਵਿਚੋਲਿਆਂ ਨੂੰ ਖਤਮ ਕਰਕੇ ਕਾਸ਼ਤਕਾਰਾਂ ਦਾ ਰਾਜਾਂ (States) ਨਾਲ ਸਿੱਧਾ ਸੰਪਰਕ ਸਥਾਪਿਤ ਕੀਤਾ ਜਾਵੇ। ਇਸ ਤਰ੍ਹਾਂ ਭੂਮੀ ਸੁਧਾਰ ਦੋ ਤਰ੍ਹਾਂ ਦੇ ਮੰਤਵ ਪੂਰੇ ਕਰਦੇ ਹਨ। ਇਕ ਪਾਸੇ ਤਾਂ ਭੂਮੀ ਦੀ ਉਪਵੰਡ ਅਤੇ ਵਿਖੰਡਨ ਨੂੰ ਇਕ ਉੱਚਤਮ ਅਤੇ ਨਿਊਨਤਮ ਸੀਮਾ ਨਿਰਧਾਰਤ ਕਰਕੇ ਇਕੱਠਾ ਕਰਨਾ ਅਤੇ ਭੂਮੀ ਦਾ ਉੱਚਿਤ ਪ੍ਰਯੋਗ ਕਰਨਾ ਜਦੋਂ ਕਿ ਦੂਜੇ ਪਾਸੇ ਇਨ੍ਹਾਂ ਦਾ ਭਾਵ ਹੈ ਕਿ ਭੂਮੀ-ਹੀਣ ਮੁਜਾਰਿਆਂ ਨੂੰ ਖੇਤੀ ਯੋਗ ਭੂਮੀ ਪ੍ਰਦਾਨ ਕਰਕੇ ਖੇਤੀਬਾੜੀ ਦੀਆਂ ਹਾਲਤਾਂ ਸੁਧਾਰਨਾ।

## 4.2 ਭਾਰਤ ਵਿਚ ਭੂਮੀ ਸੁਧਾਰ

ਭੂਮੀ ਸੁਧਾਰਾਂ ਵਿਚ ਹੇਠ ਲਿਖੇ ਮੁੱਖ ਸੁਧਾਰਾਂ ਦਾ ਅਧਿਐਨ ਕੀਤਾ ਜਾਂਦਾ ਹੈ :

(ੳ) ਵਿਚੋਲਿਆਂ ਦਾ ਖਾਤਮਾ (ਜਾਂ ਜਿਮੀਂਦਾਰੀ ਦਾ ਖਾਤਮਾ)

(ਅ) ਪੱਟੇਦਾਰੀ ਸੰਬੰਧੀ ਸੁਧਾਰ (Tenancy Reforms)

(ੲ) ਜੋਤਾਂ ਦੀ ਉੱਚਤਮ ਸੀਮਾ

(ਸ) ਜੋਤਾਂ ਦੀ ਚੱਕਬੰਦੀ

(ਹ) ਸਹਿਕਾਰੀ ਖੇਤੀ

ਇਨ੍ਹਾਂ ਸੁਧਾਰਾਂ ਦਾ ਅਸੀਂ ਹੁਣ ਵਿਸਥਾਰਪੂਰਵਕ ਅਧਿਐਨ ਕਰਾਂਗੇ:

### (ੳ) ਵਿਚੋਲਿਆਂ ਦਾ ਖਾਤਮਾ (ਜਾਂ ਜਿਮੀਂਦਾਰੀ ਦਾ ਖਾਤਮਾ)

ਜ਼ਿਮੀਂਦਾਰੀ ਪ੍ਰਣਾਲੀ ਬਰਤਾਨਵੀ ਰਾਜ ਦੀ ਉਪਜ ਸੀ। ਇਸ ਦੇ ਸੰਚਾਲਕ ਦੀਆਂ ਆਸਾਂ ਦੇ ਉਲਟ ਭਾਰਤ ਲਈ ਇਹ ਬਹੁਤ ਹਾਨੀਕਾਰਕ ਸਿਧ ਹੋਈ। ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਤਕਰੀਬਨ 100 ਸਾਲਾਂ ਵਿਚ ਇਹ ਭਾਰਤੀ ਖੇਤੀਬਾੜੀ ਦੀ ਗਤੀਹੀਣਤਾ ਅਤੇ ਅਕੁਸ਼ਲਤਾ (Inefficiency) ਦਾ ਮੁੱਖ ਕਾਰਣ ਸੀ। ਇਸ ਪ੍ਰਣਾਲੀ ਅਧੀਨ ਕਾਸ਼ਤਕਾਰ ਲਗਾਨ ਦੀਆਂ ਵੱਧ ਦਰਾਂ ਅਤੇ ਪੱਟੇ ਦੀ ਅਸੁਰੱਖਿਆ ਤੋਂ ਤੰਗ ਸਨ। ਮਜ਼ਦੂਰ ਪੱਟੇਦਾਰ ਦੇ ਸਿਰ ਤੇ ਭੂਮੀ ਮਾਲਕ ਅਮੀਰ ਹੁੰਦੇ ਸਨ। ਉਹ ਵਿਅਰਥ ਅਤੇ ਕਾਫੀ ਉਪਭੋਗ ਕਰਦੇ ਰਹੇ, ਉਨ੍ਹਾਂ ਨੇ ਨਿਵੇਸ਼ ਅਤੇ ਭੂਮੀ ਸੁਧਾਰ ਦੀ ਪ੍ਰਵਾਹ ਨਾ ਕੀਤੀ। ਸਮਾਜਕ ਤੌਰ ਤੇ ਇਹ ਪ੍ਰਣਾਲੀ ਬੇਲੋੜੀ ਸੀ, ਕਿਉਂਕਿ ਇਸ ਨੇ ਪੱਟੇਦਾਰਾਂ ਦੀ ਹਾਲਤ ਗੁਲਾਮਾਂ ਵਰਗੀ ਬਣਾ ਦਿੱਤੀ ਸੀ। ਰਾਜਨੀਤਿਕ ਤੌਰ ਤੇ ਵੀ ਇਸ ਨੇ ਨਿਹਿਤ ਹਿੱਤਾਂ (Vested Interests) ਵਾਲੇ ਇਕ ਵਰਗ ਨੂੰ ਜਨਮ ਦਿੱਤਾ ਜਿਸਨੇ ਸੁਤੰਤਰਤਾ ਪ੍ਰਾਪਤੀ ਸਮੇਂ ਅਤੇ ਸੁਤੰਤਰਤਾ ਪ੍ਰਾਪਤੀ ਪਿੱਛੋਂ ਵੀ ਆਜ਼ਾਦੀ ਲਈ ਲੜ ਰਹੀਆਂ ਅਗਾਂਹ-ਵੱਧੂ ਰਾਸ਼ਟਰਵਾਦੀ ਸ਼ਕਤੀਆਂ ਦਾ ਵਿਰੋਧ ਕੀਤਾ। ਇਹ ਪ੍ਰਣਾਲੀ ਆਪਣੀ ਥੋੜ੍ਹੀ ਬਹੁਤ ਉਪਯੋਗਤਾ ਨੂੰ ਗੁਆ ਬੈਠੀ ਸੀ। ਅਤੇ ਇਸ ਲਈ ਇਸ ਦੇ ਖਤਮ ਕਰਨ ਦੀ ਲੋੜ ਕਾਫੀ ਅਰਸੇ ਤੋਂ ਅਨੁਭਵ ਕੀਤੀ ਜਾ ਰਹੀ ਸੀ।

ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਭਾਰਤ ਸਰਕਾਰ ਨੇ ਜ਼ਿੰਮੀਂਦਾਰੀ ਦੇ ਖਾਤਮੇ ਨੂੰ ਰਾਸ਼ਟਰੀ ਨੀਤੀ ਵਜੋਂ ਅਪਣਾਇਆ। ਸਭ ਰਾਜਾਂ ਵਿਚ ਵਿਚੋਲਿਆਂ ਨੂੰ ਖਤਮ ਕਰਨ ਲਈ ਕਾਨੂੰਨ ਪਾਸ ਕੀਤਾ ਗਿਆ। ਜ਼ਿਮੀਂਦਾਰੀ ਪ੍ਰਥਾ ਨੂੰ ਹਟਾਉਣ ਦਾ ਕੰਮ 1950 ਵਿਚ ਆਰੰਭਿਆ ਗਿਆ ਅਤੇ ਸਾਰੇ ਪ੍ਰਮੁੱਖ ਜਿੰਮੀਂਦਾਰੀ ਅਤੇ ਜਾਗੀਰਦਾਰੀ ਖੇਤਰਾਂ ਵਿਚ ਇਹ ਕਾਰਜ ਇਕ ਦਹਾਕੇ ਵਿਚ ਪੂਰਾ ਕੀਤਾ ਗਿਆ। ਵਿਚੋਲਿਆਂ ਨੂੰ ਖਤਮ ਕਰਨ ਲਈ ਹੇਠ ਲਿਖੇ ਯਤਨ ਕੀਤੇ ਗਏ:-

(i) ਜ਼ਿਮੀਂਦਾਰਾਂ ਪਾਸੋਂ ਭੂਮੀ ਮਾਲਕੀ ਹੱਕ ਖੋਹ ਕੇ ਸਰਕਾਰ ਨੂੰ ਸੌਂਪਣੇ।

(ii) ਖੁਦ ਵਾਹੀ ਜਾਂਦੀ ਜਾਂ ਖੁਦ-ਕਾਸ਼ਤ ਅਧੀਨ ਜ਼ਮੀਨ ਲਈ ਜ਼ਿਮੀਂਦਾਰਾਂ ਨੂੰ ਦਖਲਕਾਰੀ ਅਧਿਕਾਰ (Occupancy rights) ਦੀ ਆਗਿਆ ਦੇਣੀ।

(iii) ਪੱਟੇਦਾਰਾਂ ਨੂੰ ਦਖਲਕਾਰੀ ਅਧਿਕਾਰ ਸੌਂਪਣੇ।

ਜ਼ਿਮੀਂਦਾਰੀ ਦੇ ਖਾਤਮੇ ਉਪਰੰਤ ਭਾਰਤ ਵਿਚ ਜ਼ਿਮੀਂਦਾਰਾਂ ਨੂੰ ਉਚਿਤ ਮੁਆਵਜ਼ਾ (Compensation) ਦਿੱਤਾ ਗਿਆ। ਮੁਆਵਜ਼ਾ ਦੇਣ ਦਾ ਆਧਾਰ ਅਤੇ ਨਿਯਮ ਭਾਵੇਂ ਵੱਖ-ਵੱਖ ਰਾਜਾਂ ਵਿਚ ਭਿੰਨ-ਭਿੰਨ ਸੀ ਪਰ ਬਹੁਤ ਸਾਰੇ ਰਾਜਾਂ ਵਿਚ ਮੁਆਵਜ਼ੇ ਦਾ ਆਧਾਰ ਜ਼ਿਮੀਂਦਾਰੀ ਦੇ ਖਾਤਮੇ ਸਮੇਂ ਜ਼ਿਮੀਂਦਾਰ ਦੀ ਆਪਣੀ ਜ਼ਮੀਨ ਤੋਂ ਪ੍ਰਾਪਤ ਨਿਰੋਲ ਆਮਦਨੀ ਨੂੰ ਬਣਾਇਆ ਗਿਆ। ਮੁਆਵਜ਼ਾ ਇਸ ਨਿਰੋਲ ਆਮਦਨੀ ਦੇ ਗੁਣਕ ਦੇ ਤੌਰ ਤੇ ਨਿਸ਼ਚਿਤ ਕੀਤਾ ਗਿਆ। ਇਹ ਗੁਣਕ ਵੱਡੇ -ਵੱਡੇ ਜ਼ਿਮੀਂਦਾਰਾਂ ਦੀ ਹਾਲਤ ਵਿਚ ਘੱਟ ਨਿਸ਼ਚਿਤ ਕੀਤਾ ਗਿਆ।

ਮੁਆਵਜ਼ਾ ਵੱਖ-ਵੱਖ ਰਾਜਾਂ ਵਲੋਂ ਜਾਂ ਨਕਦੀ ਜਾਂ ਬਾਂਡਾਂ (Bonds) ਦੇ ਰੂਪ ਵਿਚ ਜਾਂ ਕੁਝ ਨਕਦੀ ਅਤੇ ਕੁਝ ਵਿਆਜ ਯੁਕਤ (Interest bearing) ਬਾਂਡਾਂ ਦੀ ਸ਼ਕਲ ਵਿਚ ਦਿੱਤਾ ਗਿਆ। ਸਾਰੇ ਰਾਜਾਂ ਵਿਚ ਦਿੱਤਾ ਜਾਣ ਵਾਲਾ ਮੁਆਵਜ਼ਾ ਲਗਭਗ 64.9 ਕਰੋੜ ਰੁਪਏ ਸੀ।

ਇਸ ਉਪਾਅ ਦੇ ਸਿੱਟੇ ਵਜੋਂ ਪਹਿਲਾਂ ਵਿਚੋਲਿਆਂ ਤੋਂ ਤਕਰੀਬਨ 20 ਲੱਖ ਪੱਟੇਦਾਰ ਹੁਣ ਰਾਜ ਸਰਕਾਰ ਦੇ ਸਿੱਧੇ ਸੰਬੰਧ ਵਿਚ ਆ ਗਏ ਹਨ। ਵਿਚੋਲਿਆਂ ਦਾ ਹਟਾਉਣਾ ਬੜੀ ਵੱਡੀ ਪ੍ਰਾਪਤੀ ਹੈ ਪਰ ਇਹ ਕ੍ਰਿਆ ਕਾਫੀ ਢਿੱਲੀ ਰਹੀ। ਇਸ ਨੇ ਜ਼ਿਮੀਂਦਾਰਾਂ ਅਤੇ ਰਾਜਾਂ ਵਿਚਕਾਰ ਲੰਮੇ ਅਤੇ ਮਹਿੰਗੇ ਝਗੜੇ ਛੇੜ ਦਿੱਤੇ ਹਨ ਅਤੇ ਰਾਜਾਂ ਉੱਪਰ ਮੁਆਵਜ਼ੇ ਅਤੇ ਹੋਰ ਗੈਰ-ਜ਼ਰੂਰੀ ਖਰਚੇ ਦਾ ਗੰਭੀਰ ਮਾਲੀ ਭਾਰ (Financial burden) ਪਾ ਦਿੱਤਾ ਹੈ।

### (ਅ) ਪੱਟੇਦਾਰੀ ਸੰਬੰਧੀ ਸੁਧਾਰ

ਕੇਵਲ ਵਿਚੋਲਿਆਂ ਦੇ ਹਟਾਉਣ ਨੇ ਹੀ ਪਹਿਲੀਆਂ ਜ਼ਿਮੀਂਦਾਰੀ ਅਤੇ ਜਾਗੀਰਦਾਰੀ ਮਿਲਖਾਂ (Estates) ਦੇ ਸਮੇਂ ਪੱਟੇਦਾਰਾਂ ਨੂੰ ਰਾਜ ਦੇ ਸੰਬੰਧ ਵਿਚ ਨਹੀਂ ਲਿਆਂਦਾ। ਕਾਰਨ ਇਹ ਹੈ ਕਿ ਜ਼ਿਮੀਂਦਾਰ ਨੂੰ, ਜੋ ਆਪੇ ਹੀ ਕਾਸ਼ਤਕਾਰ ਸਨ, ਜ਼ਮੀਨ ਨੂੰ ਆਪਣੇ ਪਾਸ ਰੱਖਣ ਦੀ ਆਗਿਆ ਦਿੱਤੀ ਗਈ ਸੀ। ਅਜਿਹੀਆਂ ਮਿਲਖਾਂ ਵਿਚਲੇ ਪੱਟੇਦਾਰ ਜਾਂ ਵਟਾਈਦਾਰ ਪਹਿਲੇ ਵਿਚੋਲਿਆਂ ਕੋਲੋਂ ਜ਼ਮੀਨ ਲੈਂਦੇ ਰਹੇ ਅਤੇ ਉਨ੍ਹਾਂ ਦਾ ਰਾਜ ਨਾਲ ਸਿੱਧਾ ਸੰਬੰਧ ਕਾਇਮ ਨਾ ਹੋਇਆ। ਇਹ ਦੇਖਿਆ ਜਾ ਸਕਦਾ ਹੈ ਕਿ ਵਿਚੋਲਿਆਂ ਦੇ ਹਟਾਉਣ ਨਾਲ ਕਿੰਨੇ ਕੁ ਪੱਟੇਦਾਰ ਰਾਜ ਦੇ ਸਿੱਧੇ ਸੰਬੰਧ ਵਿਚ ਆਏ। ਉਹ ਸਾਰੇ ਖੁਦ ਜ਼ਮੀਨ ਦੀ ਕਾਸ਼ਤ ਨਹੀਂ ਕਰਦੇ ਸਨ। ਕਈ ਹਾਲਤਾਂ ਵਿਚ, ਉਨ੍ਹਾਂ ਨੇ ਆਪਣੀ ਜ਼ਮੀਨ ਅੱਗੋਂ ਉਪ-ਪੱਟੇਦਾਰ ਨੂੰ ਠੇਕੇ ਤੇ ਚੜ੍ਹਾ ਦਿੱਤੀ ਸੀ। ਵਿਚੋਲਿਆਂ ਦੇ ਹਟਾਉਣ ਨਾਲ ਅਜਿਹੇ ਉਪ-ਪੱਟੇਦਾਰਾਂ (Sub-tenants) ਦੀ ਹਾਲਤ ਤੇ ਕੋਈ ਅਸਰ ਨਹੀਂ ਹੁੰਦਾ ਜੋ ਮੁੱਖ ਪੱਟੇਦਾਰਾਂ ਤੋਂ ਜ਼ਮੀਨ ਲੈਂਦੇ ਹਨ, ਉਨ੍ਹਾਂ ਨੂੰ ਇਸ ਖਾਤਮੇ ਨਾਲ ਸਭ ਤੋਂ ਵੱਧ ਲਾਭ ਹੋਇਆ ਹੈ। ਇਹ ਪੱਟੇਦਾਰੀ ਦੀ ਸਮੱਸਿਆ ਰਈਅਤਵਾੜੀ ਖੇਤਰ ਵਿਚ ਕਾਫੀ ਵੱਡੇ ਪੈਮਾਨੇ ਤੇ ਮੌਜੂਦ ਹੈ। ਰਈਅਤ, ਪੱਟੇਦਾਰਾਂ (Tenants) ਨੂੰ ਆਪਸੀ ਜ਼ਮੀਨ ਠੇਕੇ ਤੇ ਦੇ ਸਕਦੇ ਹਨ। ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਣੀ ਜ਼ਰੂਰੀ ਹੈ। ਇਸੇ ਤਰ੍ਹਾਂ ਵਿਚੋਲਗਿਰੀ ਅਧਿਕਾਰਾਂ ਦਾ ਖਾਤਮਾ ਕਰ ਦੇਣ ਤੇ ਵੀ ਪੱਟੇਦਾਰ ਦੀ ਸਮੱਸਿਆ ਮੌਜੂਦ ਹੈ ਅਤੇ ਇਹੀ ਉੱਨੀ ਦੇਰ ਜਾਰੀ ਰਹੇਗੀ ਜਿੰਨਾ ਚਿਰ ਜ਼ਮੀਨ ਨੂੰ ਠੇਕੇ ਤੇ ਦੇਣਾ ਬੰਦ ਨਹੀਂ ਕਰ ਦਿੱਤਾ ਜਾਂਦਾ। ਪੱਟੇਦਾਰੀ ਕਾਨੂੰਨ, ਜਿਹੜੇ ਭੂਮੀ ਮਾਲਕਾਂ ਦੇ ਸੰਬੰਧ ਵਿਚ ਪੱਟੇਦਾਰਾਂ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਨੂੰ ਨਿਸ਼ਚਿਤ ਕਰਦੇ ਹਨ,ਜ਼ਰੂਰੀ ਬਣ ਗਏ ਹਨ।

ਭਾਰਤ ਵਿਚ ਪੱਟੇਦਾਰੀ ਕਾਨੂੰਨ ਦਾ ਕਾਫੀ ਲੰਮਾ ਇਤਿਹਾਸ ਹੈ। ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਪੱਟੇਦਾਰੀ ਕਾਨੂੰਨ ਮੁੱਖ ਤੌਰ ਤੇ ਲਗਾਨ ਤੇ ਵਿਨਿਯਮ (Regulation) ਅਤੇ ਪੱਟੇ ਦੀ ਸੁਰੱਖਿਆ ਤੇ ਕੇਂਦਰਿਤ ਸੀ।

ਇਹ ਪਿਛੋਕੜ ਸੀ ਜਿਸ ਤੇ ਸੁਤੰਤਰਤਾ ਪ੍ਰਾਪਤੀ ਪਿੱਛੋਂ ਦੇ ਕਾਲ ਵਿਚ ਪੱਟੇਦਾਰੀ ਸੁਧਾਰ ਆਰੰਭ ਕੀਤਾ ਗਿਆ। ਪੱਟੇਦਾਰੀ ਕਾਨੂੰਨ, ਪਹਿਲੀ ਪੰਜ ਵਰਸ਼ੀ ਯੋਜਨਾ ਦੌਰਾਨ ਕਈ ਰਾਜਾਂ ਨੇ ਪਾਸ ਕੀਤੇ। ਇਨ੍ਹਾਂ ਕਾਨੂੰਨਾਂ ਦੇ ਹੇਠ ਲਿਖੇ ਤਿੰਨ ਉਪਬੰਧ ਹਨ:-

### (i) ਲਗਾਨ ਦਾ ਵਿਨਿਯਮ (Regulation of Rent)

ਸੁਤੰਤਰਤਾ ਤੋਂ ਪਹਿਲਾਂ, ਪੱਟੇਦਾਰਾਂ ਵਲੋਂ ਦਿੱਤਾ ਜਾਣ ਵਾਲਾ ਲਗਾਨ ਸਾਰੀ ਉਪਜ ਦਾ ਅੱਧ ਜਾਂ ਇਸ ਤੋਂ ਵੱਧ ਹੁੰਦਾ ਸੀ। ਇਹ ਕਿਸੇ ਤਰ੍ਹਾਂ ਵੀ ਮਾਲੀਆ ਲਗਾਨ ਦੀ ਕਾਫੀ ਉਚੇਰੀ ਦਰ ਸੀ। ਅਜਿਹੀ ਉਚੇਰੀ ਦਰ ਦਾ ਖੇਤੀ ਉਤਪਾਦਨ ਤੇ ਉਲਟਾ ਪ੍ਰਭਾਵ ਹੋਇਆ। ਪਹਿਲੀ ਪੰਜ ਵਰਸ਼ੀ ਯੋਜਨਾ ਵਿਚ ਸਿਫਾਰਸ਼ ਕੀਤੀ ਗਈ ਕਿ ਲਗਾਨ ਦੀ ਦਰ ਕੁਲ ਉਪਜ ਦਾ 1/4 ਜਾਂ 1/5 ਹਿੱਸੇ ਤੋਂ ਨਹੀਂ ਵਧਣੀ ਚਾਹੀਦੀ। ਇਸ ਸਿਫਾਰਸ਼ ਤੇ ਅਮਲ ਕਰਦਿਆਂ ਰਾਜ ਸਰਕਾਰਾਂ ਨੇ ਲਗਾਨ ਦੀ ਉਸ ਅਧਿਕਤਮ ਦਰ ਨੂੰ ਨਿਸ਼ਚਿਤ ਕਰਨ ਲਈ ਕਾਨੂੰਨ ਪਾਸ ਕਰ ਦਿੱਤੇ ਹਨ ਜਿਹੜੀ ਕਾਨੂੰਨੀ ਤੌਰ ਤੇ ਪੱਟੇਦਾਰਾਂ ਪਾਸੋਂ ਪ੍ਰਾਪਤ

ਕੀਤੀ ਜਾ ਸਕਦੀ ਹੈ। ਪਰ ਕੁਝ ਰਾਜਾਂ ਨੇ ਲਗਾਨ ਦੀ ਉਹ ਹੱਦ ਨਿਸ਼ਚਿਤ ਕਰ ਦਿੱਤੀ ਹੈ, ਜਿਹੜੀ ਯੋਜਨਾਵਾਂ ਵਿਚ ਨੀਯਤ ਕੀਤੀ ਦਰ ਨਾਲੋਂ ਉਚੇਰੀ ਹੈ। ਉਦਾਹਰਣ ਵਜੋਂ, ਪੰਜਾਬ ਅਤੇ ਹਰਿਆਣਾ ਵਿਚ ਪੱਟੇਦਾਰਾਂ ਕੋਲੋਂ ਵਸੂਲ ਕੀਤੇ ਜਾਣ ਵਾਲਾ ਅਧਿਕਤਮ ਲਗਾਨ ਉਪਜ ਦਾ 1/3 ਹਿੱਸਾ ਨਿਸ਼ਚਿਤ ਕੀਤਾ ਗਿਆ। ਨਾ ਕੇਵਲ ਕਾਨੂੰਨ ਰਾਹੀਂ ਨਿਸ਼ਚਿਤ ਕੀਤੇ ਲਗਾਨ ਦੀ ਹੱਦ ਯੋਜਨਾ ਕਮਿਸ਼ਨ ਵਲੋਂ ਪ੍ਰਸਤਾਵਿਤ ਹੱਦ ਨਾਲੋਂ ਉਚੇਰੀ ਹੈ, ਸਗੋਂ ਲਗਾਨ ਦੀ ਪਾਲਣਾ ਵੀ ਢਿੱਲੀ ਜਿਹੀ ਹੀ ਹੈ। ਪੱਟੇਦਾਰੀ ਸੁਧਾਰਾਂ ਦੇ ਅਸਰ ਜਾਣਨ ਲਈ ਕੀਤੀ ਗਈ ਜਾਂਚ-ਪੜਤਾਲ ਦੱਸਦੀ ਹੈ ਕਿ ਨਾ ਕੇਵਲ ਵਸੂਲ ਕੀਤੇ ਲਗਾਨ ਕਾਨੂੰਨ ਰਾਹੀਂ ਨਿਸ਼ਚਿਤ ਲਗਾਨ ਨਾਲੋਂ ਵੱਧ ਹਨ, ਸਗੋਂ ਭੂਮੀ ਮਾਲਕਾਂ ਦੀ ਬਹੁਤ ਗਿਣਤੀ ਅਜਿਹਾ ਕਹਿਣ ਤੋਂ ਹਿਚਕਿਚਾਉਂਦੀ ਵੀ ਨਹੀਂ।

### (ii) ਪੱਟਾ ਸੁਰੱਖਿਆ (Security of Tenure)

ਭੂਮੀ ਪੱਟੇ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਸਾਰੇ ਰਾਜਾਂ ਵਲੋਂ ਕਾਨੂੰਨ ਬਣਾਏ ਗਏ ਹਨ। ਇਸ ਕਾਨੂੰਨ ਦੇ ਮੁੱਖ ਲੱਛਣ ਇਹ ਹਨ:-

(1) ਪੱਟੇਦਾਰ ਦੀ ਬੇਦਖਲੀ ਕਾਨੂੰਨ ਤੋਂ ਬਾਹਰ ਹੋ ਕੇ ਕੀਤੀ ਜਾਣੀ ਚਾਹੀਦੀ ਹੈ, (2) ਜ਼ਮੀਨ ਨੂੰ ਮਾਲਕ ਕੇਵਲ ਖੁਦ ਕਾਸ਼ਤ ਕਰਨ ਲਈ ਹੀ ਰੱਖ ਸਕਦੇ ਹਨ, (3) ਭੂਮੀ ਵਾਪਸ ਲੈਣ ਦੀ ਸੂਰਤ ਵਿਚ ਜ਼ਮੀਨ ਦਾ ਕੁਝ ਵਿਸ਼ੇਸ਼ ਨਿਸ਼ਚਿਤ ਹਿੱਸਾ ਪੱਟੇਦਾਰ ਕੋਲ ਰਹੇ। ਇਸ ਉਪਾਅ ਦੇ ਪਾਲਣ ਅਤੇ ਲਾਗੂ ਕਰਨ ਵਿਚ ਪ੍ਰਾਪਤ ਉੱਨਤੀ ਭਿੰਨ-ਭਿੰਨ ਰਾਜਾਂ ਵਿਚ ਇਕਸਾਰ ਨਹੀਂ ਰਹੀ। ਕੁਝ ਰਾਜਾਂ ਵਿਚ ਸਾਰੇ ਪੱਟੇਦਾਰਾਂ ਨੂੰ ਪੱਟੇ ਦੀ ਪੂਰੀ ਸੁਰੱਖਿਆ ਪ੍ਰਦਾਨ ਕੀਤੀ ਗਈ ਅਤੇ ਭੂਮੀ ਮਾਲਕਾਂ ਨੂੰ ਜ਼ਮੀਨ ਵਾਪਸ ਲੈਣ ਦਾ ਕੋਈ ਅਧਿਕਾਰ ਨਹੀਂ ਦਿੱਤਾ ਗਿਆ। ਕੁੱਝ ਦੂਜੇ ਰਾਜਾਂ ਵਿਚ ਭੂਮੀ ਮਾਲਕ ਨੂੰ ਖੁਦ ਕਾਸ਼ਤ ਕਰਨ ਲਈ ਜ਼ਮੀਨ ਦਾ ਥੋੜ੍ਹਾ ਜਿਹਾ ਭਾਗ ਆਪਣੇ ਕੋਲ ਰੱਖਣ ਦੀ ਆਗਿਆ ਦਿੱਤੀ ਗਈ ਪਰ ਇਸ ਸ਼ਰਤ ਤੇ ਕਿ ਪੱਟੇਦਾਰ ਕੋਲ ਵੀ ਘੱਟ ਤੋਂ ਘੱਟ ਨੀਯਤ ਭੂਮੀ ਰਹਿ ਜਾਏ। ਕੁਝ ਹੋਰ ਵੀ ਰਾਜ ਹਨ ਜਿੱਥੇ ਭੂਮੀ ਮਾਲਕ ਲਈ ਖੁਦ ਕਾਸ਼ਤ ਕਰਨ ਲਈ ਥੋੜ੍ਹੀ ਜ਼ਮੀਨ ਵਾਪਸ ਲੈਣ ਲਈ ਉਪਬੰਧ ਮੌਜੂਦ ਹਨ, ਪਰ ਪੱਟੇਦਾਰਾਂ ਕੋਲ ਕੁੱਝ ਕੁ ਜ਼ਮੀਨ ਬਾਕੀ ਰੱਖਣ ਸੰਬੰਧੀ ਕੋਈ ਪ੍ਰਬੰਧ ਨਹੀਂ।

ਇਸ ਉਪਾਅ ਨੂੰ ਲਾਗੂ ਕਰਨ ਵਿਚ ਇਕ ਔਕੜ ਖੁਦਕਾਸ਼ਤ (Personal Cultivation) ਦੀਆਂ ਅਸਪੱਸ਼ਟ ਅਤੇ ਅਸਥਿਰ ਪਰਿਭਾਸ਼ਾਵਾਂ ਹਨ। ਇਸ ਅਸਪੱਸ਼ਟਤਾ ਦਾ ਲਾਭ ਉਠਾਉਂਦਿਆਂ ਬਹੁਤ ਸਾਰੇ ਭੂਮੀ ਮਾਲਕਾਂ ਨੇ ਇੱਛਿੱਤ ਸਮਰਪਣ (Voluntary Surrenders) ਤੇ ਭੇਸ ਅਧੀਨ ਆਪਣੇ ਪੱਟੇਦਾਰਾਂ ਨੂੰ ਬੇਦਖਲ ਕਰ ਦਿੱਤਾ।

### (iii) ਪੱਟੇਦਾਰ ਲਈ ਮਾਲਕੀ ਦਾ ਅਧਿਕਾਰ (Right of Ownership for Tenants)

ਵਾਹਕਾਂ ਲਈ ਭੂਮੀ (Land to the Tiller) ਸੁਤੰਤਰਤਾ ਪ੍ਰਾਪਤੀ ਤੋਂ ਹੀ ਪ੍ਰਵਾਨਿਤ ਰਾਸ਼ਟਰੀ ਨੀਤੀ ਰਹੀ ਹੈ। ਪਹਿਲੀ ਯੋਜਨਾ ਨੇ ਸਿਫਾਰਿਸ਼ ਕੀਤੀ ਕਿ ਪੱਟੇਦਾਰਾਂ ਨੂੰ ਆਪਣੇ ਖੇਤਾਂ ਦਾ ਮਾਲਕ ਬਣਨ ਦਾ ਅਧਿਕਾਰ ਹੋਣਾ ਚਾਹੀਦਾ ਹੈ, ਪਰ ਸ਼ਰਤ ਇਹ ਹੈ ਕਿ ਉਹ ਖੇਤ ਭੂਮੀ ਮਾਲਕਾਂ ਦੁਆਰਾ ਖੁਦ ਕਾਸ਼ਤ ਕਰਨ ਲਈ ਵਾਪਸ ਲਏ ਜਾਣ ਵਾਲੇ ਨਾ ਹੋਣ। ਸਾਰੇ ਰਾਜਾਂ ਵਿਚ ਲੋੜੀਂਦਾ ਕਾਨੂੰਨ ਪਾਸ ਕੀਤਾ ਗਿਆ। ਇਸ ਨੇ ਪੱਟੇਦਾਰਾਂ ਨੂੰ ਇਹ ਅਧਿਕਾਰ ਸੌਂਪ ਦਿੱਤਾ ਕਿ ਉਹ ਕੁਝ ਕੀਮਤ ਅਦਾ ਕਰਕੇ ਮਾਲਕੀ ਦਾ ਅਧਿਕਾਰ ਪ੍ਰਾਪਤ ਕਰ ਸਕਦੇ ਹਨ। ਭੂਮੀ ਦੀ ਕੀਮਤ ਮੰਡੀ ਦੀ ਪ੍ਰਚਲਿਤ ਕੀਮਤ ਤੋਂ ਬਹੁਤ ਘੱਟ ਹੈ। ਬਹੁਤ ਸਾਰੇ ਰਾਜਾਂ ਵਿਚ ਭੂਮੀ ਖਰੀਦਣ ਦਾ ਅਧਿਕਾਰ ਵਿਕਲਪਕ (Optional) ਹੈ। ਵਿਕਲਪਕ ਹੋਣ ਦੀ ਸੂਰਤ ਵਿਚ ਇਸ ਅਧਿਕਾਰ ਦੀ ਵਰਤੋਂ ਪੱਟੇਦਾਰਾਂ ਦੀ ਬਹੁਗਿਣਤੀ ਵਲੋਂ ਨਹੀ। ਇਸ ਅਧਿਕਾਰ ਦੀ ਵਰਤੋਂ ਨਾ ਕਰਨ ਦਾ ਮਹੱਤਵਪੂਰਣ ਕਾਰਨ ਇਹ ਹੈ ਕਿ ਪੱਟੇਦਾਰ ਏਨੇ ਗਰੀਬ ਹਨ ਕਿ ਉਹ ਲੋੜੀਂਦੀ ਕੀਮਤ ਅਦਾ ਕਰਨ ਤੋਂ ਅਸਮਰੱਥ ਹਨ।

### (ੲ) ਜੋਤਾਂ ਦੀ ਉੱਚਤਮ ਸੀਮਾ:

ਯੋਜਨਾ ਕਮਿਸ਼ਨ ਨੇ ਭਾਰਤ ਸਰਕਾਰ ਨੂੰ ਸੁਝਾਅ ਦਿੱਤਾ ਸੀ ਕਿ ਭੂਮੀ ਦੀ ਵੱਧ ਤੋਂ ਵੱਧ ਸੀਮਾ ਮਿੱਥ ਦੇਣੀ ਚਾਹੀਦੀ ਹੈ ਤਾਂ ਜੋ ਜ਼ਿਮੀਂਦਾਰ ਆਪਣੇ ਪਾਸ ਲੋੜ ਤੋਂ ਵੱਧ ਭੂਮੀ ਨਾ ਰੱਖ ਸਕੇ ਅਤੇ ਇਹ ਭੂਮੀ ਭੂਮੀਹੀਨ ਕਾਸ਼ਤਕਾਰਾਂ ਨੂੰ ਦਿੱਤੀ ਜਾ ਸਕੇ। ਜੋਤਾਂ ਦੀ ਵੱਧ ਤੋਂ ਵੱਧ ਸੀਮਾ ਦਾ ਭਾਵ ਭੂਮੀ ਦੀ ਉਸ ਮਾਤਰਾ ਤੋਂ ਹੈ ਜੋ ਕਿ ਕਿਸਾਨ ਆਪਣੇ ਕੋਲ ਖੇਤੀ ਲਈ ਆਪਣੀ ਮਾਲਕੀ ਹੇਠ ਰੱਖ ਸਕਦਾ ਹੈ। ਜੇਕਰ ਉਸ ਕੋਲ ਇਸ ਤੋਂ ਵੱਧ ਭੂਮੀ ਹੈ ਤਾਂ ਇਹ ਵੱਧ ਭੂਮੀ ਉਸ ਤੋਂ ਲੈ ਕੇ ਭੂਮੀਹੀਨ ਮਜ਼ਦੂਰਾਂ ਅਤੇ ਛੋਟੇ ਕਾਸ਼ਤਕਾਰਾਂ ਵਿਚ ਵੰਡੀ ਜਾਂਦੀ ਹੈ।

ਯੋਜਨਾ ਕਮਿਸ਼ਨ ਨੇ ਪਹਿਲੀ ਪੰਜ ਸਾਲਾ ਯੋਜਨਾ ਵਿਚ ਸਭ ਤੋਂ ਪਹਿਲਾਂ ਜੋਤ ਦੀ ਅਧਿਕਤਮ ਸੀਮਾ ਦਾ ਸੁਝਾਅ ਦਿੱਤਾ।

ਦੂਜੀ ਯੋਜਨਾ ਦੁਆਰਾ ਕੀਤਾ ਗਿਆ ਆਮ ਨਿਯਮ ਇਹ ਸੀ ਕਿ ਪਰਿਵਾਰਕ ਜੋਤ (Family Holding) ਤੋਂ ਤਿੰਨ ਗੁਣਾਂ ਭੂਮੀ ਦੀ ਅਧਿਕਤਮ ਸੀਮਾ ਮਿਥੀ ਜਾਵੇ। ਪਰਿਵਾਰਕ ਜੋਤ ਤੋਂ ਭਾਵ ਉਹ ਰਕਬਾ ਸੀ, ਜਿਹੜੀ ਵਰਤਮਾਨ ਤਕਨੀਕਾਂ ਦੀ ਸਹਾਇਤਾ ਨਾਲ ਔਸਤ ਆਕਾਰ ਦੇ ਪਰਿਵਾਰ ਦੁਆਰਾ ਅਜਿਹੇ ਲੋਕਾਂ ਦੀ ਮਦਦ ਨਾਲ ਕਾਸ਼ਤ ਕੀਤੀ ਜਾ ਸਕੇ, ਜਿਨ੍ਹਾਂ ਦੀ ਮਦਦ ਖੇਤੀਬਾੜੀ ਦੇ ਕੰਮ ਵਿਚ ਇਕ ਰਵਾਇਤੀ ਚੀਜ਼ ਬਣੀ ਹੋਈ ਹੈ।

ਜੋਤ ਦੀ ਅਧਿਕਤਮ ਸੀਮਾ ਦਾ ਮਨੋਰਥ ਬਹੁਤ ਵੱਡੇ-ਵੱਡੇ ਫਾਰਮਾਂ ਦੇ ਆਕਾਰ ਨੂੰ ਘਟਾ ਕੇ ਭੂਮੀ ਦੀ ਮਾਲਕੀ ਵਿਚ ਪਾਈਆਂ ਜਾਂਦੀਆਂ ਭਾਰੀ ਅਸਮਾਨਤਾਵਾਂ ਨੂੰ ਘਟਾਉਣਾ ਹੈ। ਇਹ ਸੀਮਾ ਦੋ ਪ੍ਰਕਾਰ ਦੀ ਹੋ ਸਕਦੀ ਹੈ। (i) ਅੱਗੇ ਨੂੰ ਭੂਮੀ ਖਰੀਦਣ ਉੱਤੇ ਉੱਪਰਲੀ ਸੀਮਾ (ii) ਵਰਤਮਾਨ ਜੋਤਾਂ ਉੱਤੇ ਉੱਪਰਲੀ ਸੀਮਾ। ਇਹ ਅਪ੍ਰੈਲ 1951 ਤੱਕ ਕੇਵਲ ਉੱਤਰ ਪ੍ਰਦੇਸ਼ ਵਿਚ ਲਾਗੂ ਕੀਤੀ ਗਈ, ਪਰ ਬਾਅਦ ਵਿਚ ਇਸ ਨੂੰ ਹੋਰ ਰਾਜਾਂ ਵਿਚ ਲਾਗੂ ਕੀਤਾ ਗਿਆ। ਅਸਮਾਨਤਾਵਾਂ ਘਟਣ ਤੇ ਦੋ ਮਨੋਰਥ ਪ੍ਰਾਪਤ ਕੀਤੇ ਜਾ ਸਕਦੇ ਹਨ : (i) ਅਧਿਕਤਮ ਸੀਮਾ ਮਿਥਣ ਤੇ ਵਾਧੂ ਭੂਮੀ ਪ੍ਰਾਪਤ ਹੋਵੇਗੀ, ਜਿਸ ਨੂੰ ਦਿਹਾਤੀ ਇਲਾਕਿਆਂ ਵਿਚ ਭੂਮੀਹੀਨ ਮਜ਼ਦੂਰਾਂ, ਛੋਟੇ-ਛੋਟੇ ਕਿਸਾਨਾਂ ਅਤੇ ਹੋਰ ਗਰੀਬ ਵਰਗਾਂ ਵਿਚਕਾਰ ਵੰਡਿਆ ਜਾ ਸਕੇਗਾ। (ii) ਜੋਤਾਂ ਦੀ ਅਧਿਕਤਮ ਸੀਮਾ ਮਿੱਥਣ ਨਾਲ ਸਹਿਕਾਰੀ ਆਧਾਰ ਤੇ ਦਿਹਾਤੀ ਅਰਥ-ਵਿਵਸਥਾ ਨੂੰ ਖੜ੍ਹਾ ਕੀਤਾ ਜਾ ਸਕੇਗਾ। ਅਜਿਹਾ ਇਸ ਕਰਕੇ ਹੋ ਸਕੇਗਾ ਕਿਉਂਕਿ ਇਸ ਕਾਰਵਾਈ ਦੇ ਫਲਸਰੂਪ ਪੇਂਡੂ ਸਮੁਦਾਇ ਦੇ ਮੈਂਬਰਾਂ ਦੇ ਆਰਥਿਕ ਅਤੇ ਸਮਾਜਿਕ ਰੁਤਬੇ ਵਿਚ ਬਹੁਤ ਵੱਡੇ ਅੰਤਰ ਨਹੀਂ ਹੋਣਗੇ ਅਤੇ ਇਉਂ ਸਮਰੂਪੀ ਦਿਹਾਤੀ ਸਮਾਜ ਹੋਂਦ ਵਿਚ ਆਵੇਗਾ। ਉੱਪਰਲੀ ਸੀਮਾ ਲਗਾਉਣ ਤੇ ਮਨੋਰਥ ਇਹ ਹੈ ਕਿ ਭੂਮੀ ਦੀ ਅੱਗੇ ਨਾਲੋਂ ਸਮਾਨ ਵੰਡ ਹੋਵੇ ਅਤੇ ਉਸ ਦੀ ਵਰਤੋਂ ਚੰਗੇਰੀ ਹੋਵੇ। ਅੱਗੇ ਨਾਲੋਂ ਵਧੇਰੇ ਲੋਕ ਜ਼ਮੀਨ ਦੇ ਮਾਲਕ ਬਣਨ ਅਤੇ ਉਸ ਨੂੰ ਵਰਤਣ ਅਤੇ ਛੋਟੇ ਕਿਸਾਨਾਂ ਪਾਸ ਜ਼ਮੀਨ ਅੱਗੇ ਨਾਲੋਂ ਵੱਧ ਹੋਵੇ। ਇਸ ਦੇ ਹੇਠ ਲਿਖੇ ਲਾਭ ਹਨ:

(i) ਇਸ ਨਾਲ ਕਿਸਾਨਾਂ ਅਤੇ ਹੋਰ ਵਾਹੀ ਕਰਨ ਵਾਲਿਆਂ ਨੂੰ ਅੱਗੇ ਨਾਲੋਂ ਵੱਧ ਕੰਮ ਕਾਰਜ ਪ੍ਰਾਪਤ ਹੋਵੇਗਾ। ਭੂਮੀਹੀਨ ਕਿਸਾਨਾਂ ਨੂੰ ਹੁਣ ਭੂਮੀ ਮਿਲਣ ਨਾਲ ਰੁਜ਼ਗਾਰ ਮਿਲ ਜਾਵੇਗਾ।

(ii) ਜੋ ਲੋਕ ਪਹਿਲਾਂ ਮੁਜ਼ਾਰੇ ਦੇ ਤੌਰ ਤੇ ਕੰਮ ਕਰਦੇ ਸਨ, ਹੁਣ ਮਾਲਕ ਬਣ ਜਾਣਗੇ ਅਤੇ ਉਹ ਵਧੇਰੇ ਉਤਸ਼ਾਹ ਨਾਲ ਕੰਮ ਕਰਨਗੇ।

(iii) ਜਦ ਦਿਹਾਤੀ ਵਸੋਂ ਵਿਚ ਭੂਮੀ ਦੀ ਵੰਡ ਕੁਝ ਹੱਦ ਤੱਕ ਸਮਾਨ ਹੋ ਜਾਵੇਗੀ ਤਾਂ ਇਸ ਨਾਲ ਸਮਾਜਿਕ, ਆਰਥਿਕ ਸਮਾਨਤਾ ਵਧੇਰੀ ਤੇ ਸਮਾਜਵਾਦੀ ਢਾਂਚਾ ਸਥਾਪਿਤ ਹੋ ਜਾਵੇਗਾ।

ਪਰੰਤੂ ਇਹ ਸਾਰੇ ਲਾਭ ਉਥੇ ਹੀ ਪ੍ਰਾਪਤ ਹੋਣਗੇ ਜਿਥੇ ਇਹ ਕਾਨੂੰਨ ਪੱਕੀ ਤਰ੍ਹਾਂ ਲਾਗੂ ਕੀਤਾ ਗਿਆ। ਇਸ ਕਰਕੇ ਇਸ ਉੱਤੇ ਕਾਫੀ ਇਤਰਾਜ਼ ਕੀਤੇ ਗਏ। ਵਿਸ਼ੇਸ਼ ਕਰਕੇ ਵਰਤਮਾਨ ਜੋਤਾਂ ਤੋਂ ਵੱਧ ਭੂਮੀ ਖੋਹ ਕੇ ਦੂਜਿਆਂ ਵਿਚ ਵੰਡਣ ਉੱਤੇ ਸਭ ਤੋਂ ਵੱਧ ਇਤਰਾਜ਼ ਕੀਤਾ ਗਿਆ ਹੈ ਕਿ ਭੂਮੀ ਤੇ ਅਧਿਕਤਮ ਸੀਮਾ ਮਿਥੇ ਜਾਣ ਦਾ ਜ਼ਰਾਇਤੀ ਉਤਪਾਦਨ ਉੱਪਰ ਮੰਦਾ ਪ੍ਰਭਾਵ ਪਵੇਗਾ। ਇਹ ਦਲੀਲ ਦਿੱਤੀ ਗਈ ਕਿ ਵੱਡੇ-ਵੱਡੇ ਫਾਰਮ ਅਧਿਕਤਮ ਸੀਮਾ ਮਿਥੇ ਜਾਣ ਕਾਰਣ ਆਪਣੇ ਆਕਾਰ ਵਿਚ ਛੋਟੇ ਰਹਿ ਜਾਣਗੇ ਅਤੇ ਇਉਂ ਪ੍ਰਾਪਤ ਹੋਈ ਭੂਮੀ, ਸਾਧਨਾਂ ਵਾਲੇ ਲੋਕਾਂ ਤੋਂ ਸਾਧਨ-ਹੀਣ ਲੋਕਾਂ ਪਾਸ ਤਬਦੀਲ ਹੋ ਜਾਵੇਗੀ। ਸਾਧਨ-ਹੀਣ ਲੋਕ ਇਸ ਭੂਮੀ ਤੇ ਲੋੜੀਂਦਾ ਨਿਵੇਸ਼ ਨਹੀਂ ਕਰ ਸਕਣਗੇ। ਇਸ ਤਰ੍ਹਾਂ ਵੱਡੇ ਫਾਰਮਾਂ ਦੇ ਆਕਾਰ ਘਟਾਉਣ ਤੇ ਜ਼ਰਾਇਤੀ ਉਤਪਾਦਨ ਨੂੰ ਹਾਨੀ ਪਹੁੰਚੇਗੀ, ਜਿਹੜੀ ਦੇਸ਼ ਦੇ ਹਿੱਤ ਵਿਚ ਠੀਕ ਨਹੀ।

ਪਰ ਇਹ ਦਲੀਲ ਵਾਸਤਵਿਕ ਸਥਿਤੀ ਤੇ ਆਧਾਰਿਤ ਨਹੀਂ ਹੈ। ਕਈ ਅਧਿਐਨਾਂ ਨੇ ਸਪੱਸ਼ਟ ਰੂਪ ਵਿਚ ਦਰਸਾਇਆ ਹੈ ਕਿ ਛੋਟੀਆਂ ਜੋਤਾਂ ਦੀ ਪ੍ਰਤਿ ਏਕੜ ਉਤਪਾਦਿਕਤਾ ਵੱਡੀਆਂ ਜੋਤਾਂ ਦੀ ਪ੍ਰਤਿ ਏਕੜ ਉਤਪਾਦਿਕਤਾ ਨਾਲੋਂ ਉਚੇਰੀ ਹੈ।

ਇਹ ਵੀ ਕਿਹਾ ਗਿਆ ਕਿ ਭੂਮੀ ਤੇ ਅਧਿਕਤਮ ਸੀਮਾ ਮਿਥਣ ਨਾਲ ਇੰਨੀ ਭੂਮੀ ਪ੍ਰਾਪਤ ਨਹੀਂ ਹੋਵੇਗੀ ਕਿ ਉਸ ਨਾਲ ਸਭ ਛੋਟੀਆਂ ਜੋਤਾਂ ਦੇ ਆਕਾਰ ਨੂੰ ਵਧਾਇਆ ਜਾ ਸਕੇ ਅਤੇ ਖੇਤੀ ਵਿਚ ਲੱਗੇ ਭੂਮੀਹੀਨ ਮਜ਼ਦੂਰਾਂ ਨੂੰ ਭੂਮੀ ਦਿੱਤੀ ਜਾ ਸਕੇ ਕਿਉਂਕਿ ਅਧਿਕਤਮ ਸੀਮਾ ਤੋਂ ਵਧੀਕ ਭੂਮੀਪਤੀ ਬਹੁਤ ਥੋੜ੍ਹੇ ਹਨ। ਇਸ ਉਜ਼ਰ ਦਾ ਉੱਤਰ ਇਹ ਹੈ ਕਿ ਕੁਝ ਵੀ ਨਾ ਹੋਣ ਨਾਲੋਂ ਕੁਝ ਤਾਂ ਪ੍ਰਾਪਤ ਹੋਣਾ ਚੰਗਾ ਹੈ। ਇਸ ਤਰ੍ਹਾਂ ਵਰਤਮਾਨ ਸਥਿਤੀ ਵਿਚ ਜ਼ਰੂਰ ਕੁਝ ਨਾ ਕੁਝ ਸੁਧਾਰ ਹੋ ਸਕੇਗਾ।

ਇਹ ਵੀ ਆਖਿਆ ਗਿਆ ਹੈ ਕਿ ਜੋਤਾਂ ਦੀ ਅਧਿਕਤਮ ਸੀਮਾ ਮਿਥਣ ਦਾ ਭਾਵ ਜ਼ਰਾਇਤੀ ਆਮਦਨ ਦੀ ਅਧਿਕਤਮ

ਸੀਮਾ ਮਿੱਥਣਾ ਹੈ, ਜਿਹੜੀ ਤਦ ਤਕ ਉਚਿਤ ਨਹੀਂ ਜਦ ਤਕ ਗੈਰ-ਜ਼ਰਾਇਤੀ ਆਮਦਨਾਂ ਤੇ ਕੋਈ ਅਧਿਕਤਮ ਸੀਮਾ ਨਹੀਂ ਮਿਥੀ ਜਾਂਦੀ।

ਇਹ ਦਲੀਲ ਵੀ ਸਹੀ ਨਹੀਂ। ਭੂਮੀ ਤੇ ਅਧਿਕਤਮ ਸੀਮਾ ਉਹੀ ਚੀਜ਼ ਨਹੀਂ ਜੋ ਜ਼ਰਾਇਤੀ ਆਮਦਨ ਤੇ ਅਧਿਕਤਮ ਸੀਮਾ ਹੈ, ਕਿਉਂਕਿ ਉਸੇ ਭੂਮੀ ਤੋਂ ਵਧੇਰੇ ਕਿਰਤ ਅਤੇ ਪੂੰਜੀ ਨਾਲ ਕਾਸ਼ਤ ਕਰਨ ਤੇ ਹੁਣ ਨਾਲੋਂ ਕਿਤੇ ਵਧੇਰੇ ਆਮਦਨ ਹਾਸਲ ਕੀਤੀ ਜਾ ਸਕਦੀ ਹੈ।

**ਜੋਤਾਂ ਦੀ ਉੱਚਤਮ ਸੀਮਾ ਸੰਬੰਧੀ ਨੀਤੀ :**

ਜੋਤਾਂ ਦੀ ਸੀਮਾ ਸੰਬੰਧੀ ਕਾਨੂੰਨ ਸਾਰੇ ਰਾਜਾਂ ਵਿਚ ਲਾਗੂ ਕੀਤੇ ਗਏ, ਪਰੰਤੂ ਇਸ ਸੰਬੰਧੀ ਬਹੁਤ ਘੱਟ ਸਫਲਤਾ ਪ੍ਰਾਪਤ ਹੋਈ ਕਿਉਂਕਿ ਇਨ੍ਹਾਂ ਕਾਨੂੰਨਾਂ ਨੂੰ ਠੀਕ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ ਸੀ। ਇਸ ਲਈ 1970 ਵਿਚ ਇਸ ਸੰਬੰਧੀ ਨਵੀਂ ਨੀਤੀ ਬਣਾਈ ਗਈ ਜਿਸ ਵਿਚ ਹੇਠ ਲਿਖੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ :

(i) ਜੋਤਾਂ ਦੀ ਸੀਮਾ ਨਿਰਧਾਰਤ ਕਰਨ ਵੇਲੇ ਪਰਿਵਾਰ ਨੂੰ ਇਕਾਈ ਮੰਨਿਆ ਜਾਵੇ। ਪਰਿਵਾਰ ਤੋਂ ਭਾਵ ਪਤੀ, ਪਤਨੀ ਅਤੇ ਉਨ੍ਹਾਂ ਦੇ 2 ਜਾਂ 3 ਨਾਬਾਲਗ ਬੱਚੇ ਰੱਖਿਆ ਗਿਆ।

(ii) ਜੇਕਰ ਪਰਿਵਾਰ ਦੇ ਮੈਂਬਰ ਪੰਜ ਤੋਂ ਵੱਧ ਹੋਣ ਤਾਂ ਹਰੇਕ ਵਾਧੂ ਮੈਂਬਰ ਨੂੰ ਭੂਮੀ ਇਸ ਤਰ੍ਹਾਂ ਦਿੱਤੀ ਜਾਵੇ ਕਿ ਪਰਿਵਾਰ ਲਈ ਕੁਲ ਭੂਮੀ ਉੱਚਤਮ ਸੀਮਾ ਦੇ ਖੇਤਰ ਦੇ ਦੁਗਣੇ ਤੋਂ ਜ਼ਿਆਦਾ ਨਾ ਹੋਵੇ।

(iii) ਪਰਿਵਾਰ ਦੇ 5 ਮੈਂਬਰਾਂ ਲਈ ਸਾਰਾ ਸਾਲ ਸਿੰਜੀ ਜਾਣ ਵਾਲੀ ਭੂਮੀ ਦੀ ਸੀਮਾ 10 ਤੋਂ 18 ਏਕੜ ਨਿਸ਼ਚਿਤ ਕਰਨ ਦੀ ਸਿਫਾਰਿਸ਼ ਕੀਤੀ ਗਈ। ਬਰਾਨੀ ਭੂਮੀ ਦੀ ਵੱਧ ਤੋਂ ਵੱਧ ਸੀਮਾ 54 ਏਕੜ ਰੱਖੀ ਗਈ।

(iv) ਹਰ ਬਾਲਗ ਬੱਚੇ ਨੂੰ ਜੋਤਾਂ ਦੀ ਸੀਮਾ ਲਾਗੂ ਕਰਨ ਸਮੇਂ ਵੱਖਰੀ ਇਕਾਈ ਮੰਨਿਆ ਜਾਵੇ।

(v) ਯੰਤਰੀਕਰਣ ਅਤੇ ਯੋਗਤਾ ਨਾਲ ਚਲਾਈਆਂ ਜਾਣ ਵਾਲੀਆਂ ਖੇਤੀ ਇਕਾਈਆਂ (farms) ਨੂੰ ਦਿੱਤੀਆਂ ਗਈਆਂ ਛੋਟਾਂ ਵਾਪਸ ਲੈ ਲਈਆ ਜਾਣ।

ਇਨ੍ਹਾਂ ਸਿਫਾਰਸ਼ਾਂ ਨੂੰ ਸਾਰੀਆਂ ਰਾਜ ਸਰਕਾਰਾਂ ਨੇ ਪ੍ਰਵਾਨ ਕਰਕੇ ਇਨ੍ਹਾਂ ਸੰਬੰਧੀ ਕਾਨੂੰਨ ਪਾਸ ਕਰਕੇ ਲਾਗੂ ਕਰ ਦਿੱਤੇ ਹਨ। ਕਾਨੂੰਨਾਂ ਨੂੰ ਅਮਲੀ ਰੂਪ ਦੇਣ ਤੋਂ ਬਾਅਦ ਭਾਰਤ ਦੇ ਸਾਰੇ ਰਾਜਾਂ ਵਿਚ (ਅੱਠਵੀਂ ਯੋਜਨਾ ਦੇ ਅੰਤ ਤੱਕ) ਲੱਗਭੱਗ 75 ਲੱਖ ਏਕੜ ਭੂਮੀ ਨੂੰ ਵਾਧੂ ਕਰਾਰ ਦਿੱਤਾ ਗਿਆ ਜਿਸ ਵਿਚੋਂ 52 ਲੱਖ ਏਕੜ ਭੂਮੀ ਨੂੰ ਭੂਮੀਹੀਣ ਕਿਸਾਨਾਂ ਵਿਚ ਵੰਡ ਦਿੱਤਾ ਗਿਆ — ਬਾਕੀ ਕੁਝ ਭੂਮੀ ਦੇ ਸੰਬੰਧ ਵਿਚ ਮੁਕੱਦਮੇਬਾਜ਼ੀ ਚਲ ਰਹੀ ਹੈ ਅਤੇ ਕੁਝ ਭੂਮੀ ਖੇਤੀ ਯੋਗ ਨਾ ਹੋਣ ਕਰਕੇ ਵੰਡੀ ਨਹੀਂ ਗਈ।

**(ਸ) ਜੋਤਾਂ ਦੀ ਚੱਕਬੰਦੀ**

ਚੱਕਬੰਦੀ ਦਾ ਅਰਥ ਹੈ ਕਿਸੇ ਖੇਤਰ ਦੀਆਂ ਜੋਤਾਂ ਨੂੰ ਇਸ ਤਰ੍ਹਾਂ ਨਵੇਂ ਸਿਰਿਉਂ ਤਰਤੀਬ ਦੇਣਾ ਕਿ ਹਰੇਕ ਭੂਮੀਪਤੀ ਦੀ ਭੂਮੀ ਇੱਕ ਸੰਗਠਿਤ ਖਿੱਤਾ ਬਣ ਜਾਵੇ। ਚੱਕਬੰਦੀ ਅਧੀਨ ਕਿਸਾਨ ਆਪਣੀ ਭੂਮੀ ਦਾ ਕੁੱਝ ਹਿੱਸਾ ਦੂਸਰੇ ਕਿਸਾਨਾਂ ਨੂੰ ਦੇ ਦਿੰਦੇ ਹਨ ਅਤੇ ਦੂਸਰਿਆਂ ਦੀ ਭੂਮੀ ਦਾ ਕੁਝ ਹਿੱਸਾ ਆਪ ਲੈ ਲੈਂਦੇ ਹਨ। ਮਾਲਕੀ ਦਾ ਆਕਾਰ ਉਨਾ ਹੀ ਰਹਿੰਦਾ ਹੈ।

ਚੱਕਬੰਦੀ ਭੂਮੀ ਵਿਖੰਡਨ ਦਾ ਇਕ ਹੱਲ ਹੈ। ਚੱਕਬੰਦੀ ਨੂੰ ਭੂਮੀ ਸੁਧਾਰਾਂ ਦੇ ਇੱਕ ਰੂਪ ਵਜੋਂ ਪੜ੍ਹਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਾਨੂੰ ਪਤਾ ਹੋਵੇ ਕਿ ਚੱਕਬੰਦੀ ਦੀ ਲੋੜ ਹੀ ਕਿਉਂ ਪੈਂਦੀ ਹੈ। ਇਸ ਲਈ ਸਾਨੂੰ ਭਾਰਤ ਦੀਆਂ ਜੋਤਾਂ ਦੇ ਆਕਾਰ ਬਾਰੇ ਜਾਣੂ ਹੋਣਾ ਪਵੇਗਾ ਜਿਸ ਰਾਹੀਂ ਸਾਨੂੰ ਭੂਮੀ ਦੀ ਉਪਵੰਡ ਅਤੇ ਵਿਖੰਡਨ ਬਾਰੇ ਪਤਾ ਲੱਗੇਗਾ ਅਤੇ ਫੇਰ ਇਨ੍ਹਾਂ ਸਮੱਸਿਆਵਾਂ ਦੇ ਹੱਲ ਵਜੋਂ ਸਾਨੂੰ ਚੱਕਬੰਦੀ ਦੇ ਅਰਥ ਅਤੇ ਲਾਭਾਂ ਬਾਰੇ ਗਿਆਨ ਪ੍ਰਾਪਤ ਹੋ ਸਕੇਗਾ।

**ਭਾਰਤ ਵਿਚ ਜੋਤਾਂ ਦਾ ਆਕਾਰ**

ਹੇਠ ਦਿੱਤੀ ਸਾਰਣੀ ਭਾਰਤ ਵਿਚ ਜੋਤਾਂ ਦੇ ਆਕਾਰ ਦੀ ਜਾਣਕਾਰੀ ਦਿੰਦੀ ਹੈ :

**ਸਾਰਣੀ-1**
**ਭਾਰਤ ਵਿਚ ਵੱਖਰੀ ਸ਼੍ਰੇਣੀਆਂ ਵਿਚ ਜੋਤਾਂ ਦਾ ਔਸਤ ਆਕਾਰ**

| **ਜੋਤ ਦੀ ਸ਼੍ਰੇਣੀ** | **ਔਸਤ ਆਕਾਰ (ਹੈਕਟੇਅਰ ਵਿਚ)** | |
|---|---|---|
| | **1970-71** | **1990-91** |
| ਸੀਮਾਂਤ (1 ਹੈਕਟੇਅਰ ਤੋਂ ਥੱਲੇ) | 0.40 | 0.49 |
| ਛੋਟੀ (1 ਤੋਂ 4 ਹੈਕਟੇਅਰ) | 2.04 | 1.98 |
| ਮੀਡੀਅਮ (4 ਤੋਂ 10 ਹੈਕਟੇਅਰ) | 6.08 | 5.88 |
| ਵੱਡੀ (10 ਹੈਕਟੇਅਰ ਤੋਂ ਉੱਪਰ) | 18.09 | 17.06 |
| **ਕੁਲ** | **2.28** | **1.57** |

*ਸ੍ਰੋਤ : ਰੁੱਦਰ ਦੱਤ ਐਂਡ ਸੁੰਦਰਮ : ਇੰਡੀਅਨ ਇਕੌਨੋਮੀ, ਪੰਨਾ 568 (2003 ed.)*

ਭਾਰਤ ਵਿਚ ਜੋਤਾਂ ਛੋਟਿਆਂ ਟੁਕੜਿਆਂ ਵਿਚ ਵੰਡੀਆਂ ਹੋਈਆਂ ਹਨ। ਟੁਕੜਿਆਂ ਵਿਚ ਵੰਡੇ ਹੋਣ ਤੋਂ ਇਲਾਵਾ, ਜੋਤ ਪੂਰਨ ਰੂਪ ਵਿਚ ਇੱਕ ਥਾਂ ਤੇ ਪ੍ਰਾਪਤ ਨਹੀਂ, ਸਗੋਂ ਇਹ ਵੱਖ-ਵੱਖ ਖਿੱਤਿਆਂ ਵਿਚ ਵੰਡੀ ਹੋਈ ਹੁੰਦੀ ਹੈ। ਇਨ੍ਹਾਂ ਖਿੱਤਿਆਂ ਵਿਚ ਕਈ ਵਾਰੀ ਚੋਖੀ ਵਿੱਥ ਦੇਖਣ ਵਿਚ ਆਉਂਦੀ ਹੈ। ਫਰਜ਼ ਕਰੋ ਕਿ ਇਕ ਵਿਅਕਤੀ ਕੋਲ ਵੀਹ ਏਕੜ ਭੂਮੀ ਹੈ ਅਤੇ ਇਹ ਪੰਜ-ਪੰਜ ਏਕੜ ਦੇ ਵੱਖ-ਵੱਖ ਖਿੱਤਿਆਂ ਵਿਚ ਵੰਡੀ ਹੋਈ ਹੈ। ਜੋ ਇਸ ਭੂਮੀ ਨੂੰ ਚਾਰ ਵਾਰਿਸਾਂ ਵਿਚ ਵੰਡਣਾ ਹੋਵੇ, ਤਾਂ ਹਰੇਕ ਵਾਰਿਸ ਕੋਈ ਇਕ ਖਿੱਤਾ ਲੈ ਕੇ ਸੰਤੁਸ਼ਟ ਨਹੀਂ ਹੋ ਸਕੇਗਾ। ਜੇ ਉਹ ਕੋਈ ਇਕ ਖਿੱਤਾ ਲੈਣਾ ਮੰਨ ਜਾਵੇ, ਇਹ ਭੂਮੀ ਦੀ ਉਪਵੰਡ ਹੋਵੇਗੀ, ਭੂਮੀ ਦਾ ਵਿਖੰਡਨ (Fragmentation) ਨਹੀਂ। ਪਰ ਰਿਵਾਜ ਇਹ ਹੈ ਕਿ ਹਰੇਕ ਖਿੱਤੇ ਵਿਚੋਂ ਚੌਥਾ ਹਿੱਸਾ ਅਰਥਾਤ 1.25 ਏਕੜ ਦਿੱਤਾ ਜਾਵੇ। ਇਸ ਤਰ੍ਹਾਂ ਭੂਮੀ ਦੀ ਉਪਵੰਡ ਅਤੇ ਵਿਖੰਡਨ ਵਾਰਿਸਾਂ ਵਿਚ ਜਾਇਦਾਦ ਨੂੰ ਵੰਡਣ ਦੇ ਇਕੋ ਸਮੇਂ ਪੈਦਾ ਹੋਏ ਸਿੱਟੇ ਹਨ।

ਭਾਰਤ ਵਿਚ ਨਿੱਜੀ ਮਾਲਕਾਂ ਵਾਲੀਆਂ ਜੋਤਾਂ ਦਾ ਔਸਤ ਆਕਾਰ ਅਤਿ ਛੋਟਾ ਹੈ, ਪ੍ਰੰਤੂ ਹਲ ਹੇਠ ਆਈ ਜੋਤ ਦਾ ਆਕਾਰ ਇਸ ਤੋਂ ਵੀ ਛੋਟਾ ਹੈ। ਭਾਰਤ ਵਿਚ ਵਿਹਾਰਿਕ ਰੂਪ ਵਿਚ ਚਲ ਰਹੀ (1990-91) ਜੋਤ ਦਾ ਆਕਾਰ ਕੇਵਲ 1.57 ਹੈਕਟੇਅਰ ਹੈ। ਖੇਤ ਦਾ ਔਸਤ ਆਕਾਰ ਉੱਤਰ ਪੱਛਮੀ ਭਾਰਤ ਨਾਲੋਂ ਦੱਖਣੀ ਭਾਰਤ ਵਿਚ ਹੋਰ ਵੀ ਛੋਟਾ ਹੈ। ਅਸੀਂ ਇਸ ਸਮੱਸਿਆ ਦਾ ਅਨੁਮਾਨ ਹੋਰ ਵੀ ਚੰਗੇਰੀ ਤਰ੍ਹਾਂ ਲਗਾ ਸਕਦੇ ਹਾਂ ਜਦੋਂ ਅਸੀਂ ਜੋਤ ਦੇ ਔਸਤ ਆਕਾਰਾਂ ਨੂੰ ਦੂਜੇ ਦੇਸ਼ਾਂ ਦੀ ਜੋਤ ਦੇ ਔਸਤ ਆਕਾਰਾਂ ਨਾਲ ਮੇਲਦੇ ਹਾਂ। ਉਦਾਹਰਣ ਵਜੋਂ, ਸੰਯੁਕਤ ਰਾਜ ਅਮਰੀਕਾ ਵਿਚ ਵਿਵਹਾਰਕ ਜੋਤ ਦਾ ਆਕਾਰ 145 ਏਕੜ ਹੈ। ਬਰਤਾਨੀਆਂ ਵਿਚ ਇਹ 23 ਏਕੜ, ਰੂਸ, ਡੈਨਮਾਰਕ, ਨਾਰਵੇ, ਨਿਊਜ਼ੀਲੈਂਡ ਆਦਿ ਸਾਰੇ ਦੇਸ਼ਾਂ ਦੀਆਂ ਜੋਤਾਂ ਭਾਰਤ ਦੇਸ਼ ਦੀ ਜੋਤ ਦੇ ਔਸਤ ਆਕਾਰ ਨਾਲੋਂ ਵੱਡੀਆਂ ਹਨ। ਕੇਵਲ ਜਾਪਾਨ ਹੀ ਐਸਾ ਦੇਸ਼ ਹੈ ਜੋ ਹਰ ਤਰ੍ਹਾਂ ਵਿਕਸਤ ਤਾਂ ਹੈ ਪਰ ਜਿਸ ਦੀ ਔਸਤ ਵਿਵਹਾਰਕ ਜੋਤ ਭਾਰਤ ਦੀ ਜੋਤ ਨਾਲੋਂ ਘੱਟ ਹੈ। ਚੇਤਾ ਰਹੇ ਕਿ ਜਾਪਾਨ ਵਿਚ ਔਸਤ ਜੋਤ ਦਾ ਆਕਾਰ ਦੋ ਏਕੜ ਹੈ।

ਇਸ ਤਰ੍ਹਾਂ ਜੋਤ ਵਿਖੰਡਨ (Fragmentation) ਇਸ ਦੇਸ਼ ਵਿਚ ਸਾਰੀਆਂ ਹੱਦਾਂ ਲੰਘ ਚੁੱਕਾ ਹੈ। ਜਿਉਂ ਜਿਉਂ ਖੇਤ ਦਾ ਆਕਾਰ ਵੱਧਦਾ ਹੈ, ਪ੍ਰਤਿ ਖੇਤ ਦੇ ਟੁਕੜਿਆਂ ਦੀ ਗਿਣਤੀ ਵੀ ਵੱਧਦੀ ਚਲੀ ਜਾਂਦੀ ਹੈ। ਯੂ.ਪੀ. ਦੇ ਖੇਤ ਜਿਨ੍ਹਾਂ ਦਾ ਆਕਾਰ 5 ਤੋਂ 7 ਏਕੜ ਹੈ, ਬਹੁਤ ਵਾਰੀ 9 ਤੱਕ ਦੀ ਗਿਣਤੀ ਦੇ ਟੁਕੜਿਆਂ ਵਿਚ ਵੰਡੇ ਹੋਏ ਦਿਸਦੇ ਹਨ। ਉਪਵੰਡ ਅਤੇ ਵਿਖੰਡਨ ਦੇ ਕਈ **ਕਾਰਣ** ਹਨ:

**(i)** **ਭੂਮੀ ਤੇ ਵਸੋਂ ਦਾ ਭਾਰ :** ਵਸੋਂ ਵਿਚ ਬਹੁਤ ਤੇਜੀ ਨਾਲ ਵਾਧਾ ਹੋਇਆ ਹੈ ਪਰ ਉਦਯੋਗਾਂ ਵਿਚ ਉਨੀ ਤੇਜ਼ੀ ਨਾਲ ਵਾਧਾ ਨਹੀਂ ਹੋ ਸਕਿਆ। ਫਲਸਰੂਪ ਵਸੋਂ ਦਾ ਦਬਾਉ ਭੂਮੀ ਤੇ ਵੱਧ ਗਿਆ ਹੈ, ਅਤੇ ਭੂਮੀ ਵੰਡੀ ਜਾਣ ਕਰਕੇ ਹੌਲੀ-ਹੌਲੀ ਛੋਟੀਆਂ ਜੋਤਾਂ ਵਾਲੀ ਹੋ ਗਈ ਹੈ।

**(ii) ਸੰਯੁਕਤ ਪਰਿਵਾਰ ਪ੍ਰਣਾਲੀ ਦਾ ਖਾਤਮਾ :** ਆਧੁਨਿਕ ਸਮੇਂ ਵਿਚ ਸੰਯੁਕਤ ਪਰਿਵਾਰ ਦੀ ਪ੍ਰਣਾਲੀ ਟੁੱਟ ਚੁੱਕੀ ਹੈ ਅਤੇ ਉਸ ਦੀ ਥਾਂ ਵਿਅਕਤੀਵਾਦੀ ਭਾਵਨਾ ਨੇ ਲੈ ਲਈ ਹੈ। ਇਸ ਗੱਲ ਨੇ ਵੀ ਉਪਵੰਡ ਅਤੇ ਭੂਮੀ ਦੇ ਵਿਖੰਡਨ ਨੂੰ ਵਧਾਇਆ ਹੈ। ਸੰਯੁਕਤ ਪਰਿਵਾਰ ਦੀ ਸੰਸਥਾ, ਜਿਹੜੀ ਅੱਜ ਤੋਂ ਕੁਝ ਦਹਾਕੇ ਪਹਿਲਾਂ ਆਮ ਪਾਈ ਜਾਂਦੀ ਸਮਾਜਿਕ ਸੰਸਥਾ ਸੀ, ਪੱਛਮੀ ਪ੍ਰਭਾਵ ਹੇਠ ਆ ਕੇ ਟੁੱਟ ਗਈ ਹੈ। ਫਲਸਰੂਪ ਜਾਇਦਾਦ ਸਾਂਝੇ ਤੌਰ ਤੇ ਨਹੀਂ ਰੱਖੀ ਜਾਂਦੀ। ਇਸ ਦੇ ਨਾਲ ਹੀ ਉਦਯੋਗਾਂ ਦੇ ਵੱਧਣ ਨਾਲ ਸ਼ਹਿਰਾਂ ਵਿਚ ਜਾ ਕੇ ਵਸਣ ਦੀ ਲੋੜ ਪ੍ਰਤੀਤ ਹੋਈ। ਇਨ੍ਹਾਂ ਸਾਰੀਆਂ ਗੱਲਾਂ ਨੇ ਜਾਇਦਾਦ ਨੂੰ ਵੰਡਣਾ ਜ਼ਰੂਰੀ ਬਣਾ ਦਿੱਤਾ ਅਤੇ ਇਕੋ ਬਾਪ ਦੀ ਸੰਤਾਨ ਵੱਖ-ਵੱਖ ਥਾਵਾਂ ਤੇ ਅੱਡ ਹੋ ਕੇ ਰਹਿਣ ਲੱਗੀ। ਇਸ ਨਾਲ ਉਪਵੰਡ ਅਤੇ ਜੋਤਾਂ ਦੇ ਵਿਖੰਡਨ ਨੂੰ ਉਤਸ਼ਾਹ ਮਿਲਿਆ।

**(iii) ਵਿਰਾਸਤ ਦਾ ਕਾਨੂੰਨ :** ਸਾਡੇ ਇਸ ਰੋਗ ਲਈ ਵਿਰਾਸਤ ਦਾ ਕਾਨੂੰਨ ਕੁਝ ਹੱਦ ਤੱਕ ਜ਼ਿੰਮੇਵਾਰ ਹੈ। ਸਾਡੇ ਵਿਰਾਸਤੀ ਕਾਨੂੰਨ ਅਨੁਸਾਰ ਜਾਇਦਾਦ ਸਾਰੇ ਪੁੱਤਰਾਂ ਵਿਚ (ਹੁਣ ਪੁੱਤਰਾਂ ਅਤੇ ਧੀਆਂ ਵਿਚ) ਬਰਾਬਰ-ਬਰਾਬਰ ਵੰਡੀ ਜਾਂਦੀ ਹੈ। ਇਸ ਗੱਲ ਨੇ ਵੀ ਉਪਵੰਡ ਅਤੇ ਵਿਖੰਡਨ ਦੀ ਰੁਚੀ ਨੂੰ ਤੇਜ਼ ਕੀਤਾ ਹੈ। ਉਂਝ ਜੇ ਸਹੀ ਰੂਪ ਵਿਚ ਦੇਖਿਆ ਜਾਵੇ ਤਾਂ ਇਹ ਕਾਨੂੰਨ ਇਸ ਰੋਗ ਦਾ ਕਾਰਨ ਨਹੀਂ ਹੈ। ਇਹ ਤਾਂ ਕੇਵਲ ਇਕ ਅਜਿਹਾ ਸਾਧਨ (Factor) ਹੈ ਜੋ ਇਸ ਪ੍ਰਕ੍ਰਿਆ ਨੂੰ ਆਸਾਨ ਬਣਾਉਂਦਾ ਹੈ।

**(iv) ਕਿਸਾਨਾਂ ਦੀ ਕਰਜ਼ੇਦਾਰੀ :** ਇਕ ਹੋਰ ਕਾਰਣ ਜਿਸ ਨੇ ਉਪਵੰਡ ਅਤੇ ਜੋਤਾਂ ਦੇ ਵਿਖੰਡਨ ਨੂੰ ਵਧਾਇਆ ਉਹ ਕਿਸਾਨਾਂ ਦੇ ਨਿਤ ਵਧਦੇ ਕਰਜ਼ੇ ਹਨ। ਜੇ ਕਿਸਾਨ ਇਕ ਵਾਰੀ ਸ਼ਾਹੂਕਾਰਾਂ ਪਾਸੋਂ ਕਰਜ਼ਾ ਲੈਂਦਾ ਹੈ ਤਾਂ ਉਹ ਉਸਦੇ ਸ਼ਿਕੰਜ਼ੇ ’ਚੋਂ ਕਦੇ ਨਹੀਂ ਨਿਕਲ ਸਕਦਾ। ਵਿਆਜ ਦੀਆਂ ਭਾਰੀ ਦਰਾਂ ਅਤੇ ਸ਼ਾਹੂਕਾਰਾਂ ਦੇ ਹੋਰ ਤੰਦਣਤਾਣ ਪੀੜ੍ਹੀਆਂ ਬੱਧੀ ਕਿਸਾਨ ਨੂੰ ਬੰਨ੍ਹੀ ਰੱਖਦੇ ਹਨ ਅਤੇ ਅੰਤ ਵਿਚ ਕਿਸਾਨ ਦਾ ਛੁਟਕਾਰਾ ਸ਼ਾਹੂਕਾਰ ਨੂੰ ਭੂਮੀ ਦਾ ਕੁੱਝ ਹਿੱਸਾ ਦੇ ਕੇ ਹੀ ਹੁੰਦਾ ਹੈ। ਬਰਤਾਨਵੀ ਸਰਕਾਰ ਨੇ ਕਾਸ਼ਤਕਾਰ ਸ਼੍ਰੇਣੀ ਦੀ ਜ਼ਮੀਨ ਦੇ ਗੈਰ-ਕਾਸ਼ਤਕਾਰਾਂ ਨੂੰ ਦਿੱਤੇ ਜਾਣ ਉੱਤੇ ਰੋਕਾਂ ਲਾਈਆਂ ਸਨ ਪਰ ਇਸ ਨਾਲ ਕਾਸ਼ਤਕਾਰਾਂ ਵਿਚ ਇੱਕ ਨਵੀਂ ਸ਼ਾਹੂਕਾਰਾਂ ਦੀ ਜਮਾਤ ਪੈਦਾ ਹੋ ਗਈ। ਸ਼ਾਹੂਕਾਰ ਨੂੰ ਕਰਜ਼ੇ ਵਿਚ ਜ਼ਮੀਨ ਦੇਣ ਪਿੱਛੋਂ ਕਿਸਾਨ ਕੋਲੋਂ ਜ਼ਮੀਨ ਹੋਰ ਵੀ ਥੋੜ੍ਹੀ ਰਹਿ ਜਾਂਦੀ ਹੈ। ਇਸ ਤਰ੍ਹਾਂ ਜੋਤ ਦਾ ਆਕਾਰ ਘੱਟਦਾ ਚਲਾ ਜਾਂਦਾ ਹੈ।

**(v) ਕਿਸਾਨ ਸ਼੍ਰੇਣੀ ਦਾ ਭੂਮੀ ਨਾਲ ਪਿਆਰ :** ਭਾਰਤ ਵਿਚ ਲੋਕ ਜ਼ਮੀਨ ਨੂੰ ਨਾ ਕੇਵਲ ਰੋਜ਼ੀ ਦਾ ਸਾਧਨ ਮੰਨਦੇ ਹਨ ਸਗੋਂ ਜੀਵਨ ਬਤੀਤ ਕਰਨ ਦਾ ਇਕ ਢੰਗ ਵੀ ਮੰਨਦੇ ਹਨ। ਉਹ ਆਪਣੇ ਬਾਪ-ਦਾਦੇ ਦੀ ਜ਼ਾਇਦਾਦ ਵਿਚੋਂ ਕੁਝ ਹਿੱਸਾ ਵੰਡਾਉਣ ਅਤੇ ਉਸ ਨੂੰ ਕਾਸ਼ਤ ਕਰਨ ਉੱਤੇ ਜ਼ੋਰ ਦੇਂਦੇ ਹਨ। ਇਸ ਗੱਲ ਦੀ ਪਰਵਾਹ ਨਹੀਂ ਹੁੰਦੀ ਕਿ ਵਿਰਾਸਤ ਵਿਚ ਮਿਲੀ ਜ਼ਮੀਨ ਦਾ ਆਕਾਰ ਬਹੁਤ ਛੋਟਾ ਹੈ। ਉਹ ਇਸ ਨਾਲ ਚੰਮੜੇ ਰਹਿੰਦੇ ਹਨ ਅਤੇ ਵੇਚਣ ਦਾ ਨਾਂ ਹੀ ਨਹੀਂ ਲੈਂਦੇ।

**ਉਪਵੰਡ ਅਤੇ ਵਿਖੰਡਨ ਦੇ ਕੁਝ ਲਾਭ**

ਉਪਵੰਡ ਅਤੇ ਭੂਮੀ ਵਿਖੰਡਨ ਦੇ ਕੁਝ ਲਾਭ ਇਸ ਪ੍ਰਕਾਰ ਹਨ:-

(i) ਇਸ ਨਾਲ ਜਾਇਦਾਦ ਦੀ ਵੰਡ ਨਿਆਂਸੀਲ ਢੰਗ ਨਾਲ ਹੁੰਦੀ ਹੈ। ਜਦੋਂ ਵਾਰਿਸਾਂ ਵਿਚ ਬਰਾਬਰ ਵੰਡ ਕਿੱਤੀ ਜਾਂਦੀ ਹੈ ਤਾਂ ਇਸ ਨਾਲ ਭੂਮੀ ਦੇ ਕਿਸਾਨ ਮਾਲਕਾਂ ਦੀ ਸ਼੍ਰੇਣੀ ਉਤਪੰਨ ਹੋ ਜਾਂਦੀ ਹੈ। ਇਹ ਸਥਿਤੀ ਉਸ ਸਥਿਤੀ ਤੋਂ ਬਹੁਤ ਚੰਗੀ ਹੁੰਦੀ ਹੈ, ਜਿਸ ਵਿਚ ਇੱਕ ਪਾਸੇ ਵੱਡੇ ਜ਼ਿਮੀਂਦਾਰ ਹੋਣ ਅਤੇ ਦੂਜੇ ਪਾਸੇ ਭੂਮੀਹੀਨ ਕਿਸਾਨ। ਇਸ ਤਰ੍ਹਾਂ ਜੋਤਾਂ ਦੀ ਬਰਾਬਰ ਹਿੱਸਿਆਂ ਵਿਚ ਉਪਵੰਡ ਇਕ ਮੱਧ ਸ਼੍ਰੇਣੀ ਨੂੰ ਜਨਮ ਦੇਂਦੀ ਹੈ।

(ii) ਇਸ ਨਾਲ ਭੂਮੀ ਦਾ ਹਿੱਸਾ ਪ੍ਰਾਪਤ ਕਰਨ ਵਾਲੇ ਹਰੇਕ ਵਿਅਕਤੀ ਨੂੰ ਜੀਵਨ ਆਰੰਭ ਕਰਨ ਦਾ ਮੌਕਾ ਮਿਲ ਜਾਂਦਾ ਹੈ, ਸਾਰੇ ਹੀ ਵਾਰਿਸਾਂ ਨੂੰ ਜੀਵਨ ਸ਼ੁਰੂ ਕਰਨ ਲਈ ਟੇਕ ਮਿਲ ਜਾਂਦੀ ਹੈ।

(iii) ਜਦੋਂ ਜੋਤਾਂ ਵੱਖ-ਵੱਖ ਖ਼ਿੱਤਿਆਂ ਉੱਤੇ ਖਿਲਰੀਆਂ ਹੋਣ ਤਾਂ ਕਾਸ਼ਤਕਾਰ ਨੂੰ ਸਭ ਪ੍ਰਕਾਰ ਦੀ ਭੂਮੀ ਮਿਲ ਜਾਂਦੀ ਹੈ ਜਿਨ੍ਹਾਂ ਉੱਤੇ ਉਹ ਕਈ ਤਰ੍ਹਾਂ ਦੀਆਂ ਫਸਲਾਂ ਬੀਜ ਸਕਦਾ ਹੈ। ਇਸ ਨਾਲ ਫਸਲ ਦੇ ਫੇਲ੍ਹ ਹੋਣ ਦਾ ਡਰ ਵੀ ਘੱਟ ਜਾਂਦਾ ਹੈ। ਇਹ ਚੀਜ਼ ਉਸ ਨੂੰ ਸਾਰਾ ਸਾਲ ਰੁਝਾਈ ਰੱਖਦੀ ਹੈ। ਉਦਾਹਰਣ ਵਜੋਂ ਜੇ ਕੋਈ ਇਕ ਖੇਤ ਹੜ੍ਹ ਹੇਠ ਆਇਆ ਹੋਇਆ ਹੋਵੇ ਤਾਂ ਹੋ ਸਕਦਾ ਹੈ ਉਸ ਘੜੀ ਦੂਸਰਾ ਖੇਤ ਹੜ੍ਹ ਦੀ ਮਾਰ ਤੋਂ ਬਾਹਰ ਹੋਵੇ। ਇਸੇ ਤਰ੍ਹਾਂ ਇਕ ਫਸਲ ਘੱਟ ਮੁੱਲ ਵਾਲੀ ਹੋ ਸਕਦੀ ਹੈ ਅਤੇ ਦੂਜੀ ਜ਼ਿਆਦਾ ਮੁੱਲ ਵਾਲੀ।

**ਉਪਵੰਡ ਅਤੇ ਵਿਖੰਡਨ ਦੀਆਂ ਹਾਨੀਆਂ**

ਉਪਵੰਡ ਅਤੇ ਜੋਤ ਵਿਖੰਡਨ ਦੀਆਂ ਹਾਨੀਆਂ ਦਾ ਅਧਿਐਨ ਇਹ ਗੱਲ ਸਿੱਧ ਕਰਦੇ ਹਨ ਕਿ ਇਸ ਦੇ ਲਾਭ ਨਾ ਹੋਣ ਦੇ ਬਰਾਬਰ ਹਨ। ਕਈ ਛੋਟੇ ਖੇਤਾਂ ਦੇ ਹੱਕ ਵਿਚ ਆਵਾਜ਼ ਉਠਾਈ ਜਾਂਦੀ ਹੈ। ਇਸ ਤਰ੍ਹਾਂ ਦਾ ਇਕ ਵਧੀਆਂ ਉਦਾਹਰਣ ਜਾਪਾਨ ਦੇ ਖੇਤ ਹਨ। ਕਿਹਾ ਜਾਂਦਾ ਹੈ ਕਿ ਜੋਤਾਂ ਦਾ ਆਕਾਰ ਛੋਟਾ ਹੋਣ ਦੇ ਬਾਵਜੂਦ ਇਸ ਜਗ੍ਹਾਂ ਦੀ ਖੇਤੀ ਬਹੁਤ ਵਧੀਆਂ ਹੈ। ਉੱਥੇ ਜੋਤ ਦਾ ਔਸਤ ਆਕਾਰ ਦੋ ਏਕੜ ਹੈ, ਪਰੰਤੂ ਭਾਰਤ ਵਿਚ ਮੁਸ਼ਕਿਲ ਇਹ ਆ ਬਣਦੀ ਹੈ ਕਿ ਇੰਨੇ ਛੋਟੇ ਆਕਾਰ ਦੀਆਂ ਜੋਤਾਂ ਵੀ ਅੱਗੋਂ ਕਈ ਬਿਖਰੇ ਹਿੱਸਿਆਂ ਵਿਚ ਵੰਡੀਆਂ ਗਈਆਂ ਹੁੰਦੀਆਂ ਹਨ। ਟੁਕੜਿਆਂ ਦੇ ਆਕਾਰ ਦੇ ਪੱਖ ਤੋਂ ਭਾਰਤ ਦੀ ਜੋਤ ਸ਼ਾਇਦ ਦੁਨੀਆਂ ਭਰ ਦੀ ਜੋਤ ਨਾਲੋਂ ਬਹੁਤ ਛੋਟੀ ਹੈ। ਇਹ ਗੱਲ ਖੇਤੀਬਾੜੀ ਦੇ ਨਵੀਨ ਅਤੇ ਆਧੁਨਿਕ ਢੰਗ ਗ੍ਰਹਿਣ ਕਰਨ ਦੇ ਰਸਤੇ ਵਿਚ ਰੋਕ ਸਿੱਧ ਹੁੰਦੀ ਹੈ। ਜੋਤ ਵਿਖੰਡਨ ਦੀਆਂ ਵੱਡੀਆਂ ਹਾਨੀਆਂ ਇਸ ਪ੍ਰਕਾਰ ਹਨ:

(i) ਖੇਤੀਬਾੜੀ ਦੇ ਨਵੀਨ ਢੰਗ ਅਪਨਾਉਣ ਲਈ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਜੇ ਇਹ ਨਵੀਨ ਢੰਗ ਅਪਣਾ ਵੀ ਲਏ ਜਾਣ ਤਾਂ ਵੀ ਇਹ ਆਪਣੀ ਪੂਰਨ ਹੋਂਦ ਨੂੰ ਨਹੀਂ ਪਹੁੰਚਦੇ। ਫਲਸਰੂਪ ਪ੍ਰਤਿ ਇਕਾਈ ਵਧੇਰੇ ਖਰਚ ਉਠਦਾ ਹੈ। ਬੱਝੀਆਂ ਲਾਗਤਾਂ (ਜਿਵੇਂ ਟਿਊਬਵੈੱਲ ਦਾ ਖਰਚ ਜਾਂ ਟਰੈਕਟਰ ਦਾ ਖਰਚ ਇਕ ਵਿਸ਼ੇਸ਼ ਹੱਦ ਤੱਕ ਲਗਭਗ ਸਾਵੀਆਂ ਰਹਿੰਦੀਆਂ ਹਨ। ਜਦੋਂ ਜੋਤਾਂ ਬਹੁਤ ਛੋਟੀਆਂ ਹੋਣ ਤਾਂ ਅਜਿਹੀਆਂ ਲਾਗਤਾਂ ਉੱਤੇ ਖਰਚ ਕਰਨਾ ਲਾਭਦਾਇਕ ਨਹੀਂ ਰਹਿੰਦਾ। ਕਾਰਨ ਇਹ ਹੈ ਕਿ ਇਸ ਸੂਤਰ ਵਿਚ ਔਸਤ ਬੱਝੀ ਲਾਗਤ ਕਾਫੀ ਜ਼ਿਆਦਾ ਹੁੰਦੀ ਹੈ।

(ii) ਚਰ ਲਾਗਤਾਂ (Variable costs) ਵੀ ਇਕੋ ਹੀ ਅਨੁਪਾਤ ਵਿਚ ਨਹੀਂ ਵਧਦੀਆਂ ਘਟਦੀਆਂ ਅਤੇ ਜੇ ਜੋਤ ਦਾ ਆਕਾਰ ਬਹੁਤ ਛੋਟਾ ਹੋਵੇ, ਤਾਂ ਇਹੋ ਜਿਹਾ ਖਰਚ ਬਰਦਾਸ਼ਤ ਕਰਨਾ ਲਾਭਦਾਇਕ ਨਹੀਂ ਹੁੰਦਾ, ਉਦਾਹਰਣ ਵਜੋਂ ਵਾੜ ਲਗਾਉਣ ਦਾ ਖਰਚ।

(iii) ਜੋਤ ਦੇ ਛੋਟੇ ਹੋਣ ਦੀ ਸੂਰਤ ਵਿਚ ਉਹ ਸਾਜ਼-ਸਮਾਨ (equipment) ਵੀ ਲਾਭਵੰਦ ਢੰਗ ਨਾਲ ਨਹੀਂ ਵਰਤਿਆ ਜਾ ਸਕਦਾ ਜਿਹੜਾ ਕਾਸ਼ਤਕਾਰ ਕੋਲ ਪਿਆ ਹੁੰਦਾ ਹੈ। ਉਦਾਹਰਣ ਵਜੋਂ ਦੋ ਏਕੜ ਭੂਮੀ ਨਾਲ ਕਈ ਕਿਸਾਨਾਂ ਨੂੰ ਬਲਦਾਂ ਦੀ ਅਜਿਹੀ ਜੋੜੀ ਅਤੇ ਹੱਲ ਰੱਖਣਾ ਪੈਂਦਾ ਹੈ ਜੋ ਆਮ ਤੌਰ ਤੇ 10 ਏਕੜ ਜ਼ਮੀਨ ਦੀ ਕਾਸ਼ਤ ਲਈ ਸਮਰਥ ਹੁੰਦੀ ਹੈ। ਇਸ ਸੂਰਤ ਵਿਚ ਬਲਦਾਂ ਦੀ ਅਜਿਹੀ ਜੋੜੀ ਕਾਫੀ ਸਮਾਂ ਅਣਵਰਤੀ ਖੜ੍ਹੀ ਰਹੇਗੀ। ਪਰ ਉਨ੍ਹਾਂ ਦੇ ਖਾਧ ਖੁਰਾਕ ਦਾ ਖਰਚ ਉਵੇਂ ਹੀ ਬਣਿਆ ਰਹੇਗਾ। ਭਾਰਤ ਵਰਗੇ ਘੱਟ ਪੂੰਜੀ ਵਾਲੇ ਦੇਸ਼ ਵਿਚ ਥੋੜ੍ਹੀ ਪੂੰਜੀ ਨੂੰ ਪੂਰੀ ਤਰ੍ਹਾਂ ਨਾ ਵਰਤਣਾ ਸੱਚਮੁੱਚ ਹੀ ਇਕ ਵੱਡੀ ਹਾਨੀ ਹੈ।

(iv) ਜੋਤ ਦੇ ਵਿਖੰਡਤ ਹੋਣ ਦੀ ਸੂਰਤ ਵਿਚ ਸਿੰਚਾਈ ਵਿਚ ਬਹੁਤ ਔਕੜ ਆਉਂਦੀ ਹੈ। ਖੂਹ ਕੇਵਲ ਇਕ ਖਿੱਤੇ ਵਿਚ ਪੁੱਟਿਆ ਜਾ ਸਕਦਾ ਹੈ ਅਤੇ ਇਸ ਵਿਚ ਉਸ ਖਿੱਤੇ ਤੋਂ ਪਾਣੀ ਦੂਰ ਦੇ ਖਿੱਤਿਆਂ ਤੱਕ ਪਹੁੰਚਾਣ ਦੀ ਲੋੜ ਪੈਂਦੀ ਹੈ।

(v) ਜੋਤਾਂ ਦਾ ਵਿਖੰਡਿਤ ਹੋਣਾ ਬਹੁਤ ਸਾਰੀ ਭੂਮੀ ਦੇ ਜਾਇਆ ਜਾਣ ਦਾ ਕਾਰਨ ਬਣਦਾ ਹੈ। ਕਾਫੀ ਭੂਮੀ ਵਾੜ ਲਗਾਉਣ ਵਿਚ ਨਸ਼ਟ ਹੋ ਜਾਂਦੀ ਹੈ। ਜੇ ਲਗਾਤਾਰ ਵੰਡਿਆ ਜਾਏ ਤਾਂ ਖੇਤ ਦੇ ਆਕਾਰ ਇੰਨਾ ਛੋਟੇ ਹੋ ਜਾਂਦੇ ਹਨ ਕਿ ਉਸ ਨੂੰ ਕਾਸ਼ਤ ਕਰਨਾ ਵੀ ਔਖਾ ਹੋ ਜਾਵੇ ਤਾਂ ਹੋਰ ਵੀ ਭੂਮੀ ਜਾਇਆ ਹੋਣ ਦਾ ਡਰ ਹੁੰਦਾ ਹੈ।

(vi) ਜੋਤ ਵਿਖੰਡਨ ਦਾ ਇਕ ਹੋਰ ਨੁਕਸਾਨ ਭੂਮੀ ਦੀ ਪੂਰੀ ਤਰ੍ਹਾਂ ਦੇਖਭਾਲ ਨਾ ਕਰ ਸਕਣਾ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਲਾਭਦਾਇਕ ਖੇਤੀ ਲਈ ਦੇਖਭਾਲ ਕਿੰਨੀ ਜ਼ਰੂਰੀ ਹੈ। ਪਰ ਕੋਈ ਕਿਸਾਨ ਆਪਣੀ ਭੂਮੀ ਦੇ ਬਿਖਰੇ ਟੁਕੜਿਆਂ ਤੇ ਇਕੋ ਹੀ ਸਮੇਂ ਕਿਵੇਂ ਨਿਗਾਹ ਰੱਖ ਸਕਦਾ ਹੈ। ਇਸ ਦੇ ਡੰਗਰ, ਹੱਲ ਪੰਜਾਲੀ ਆਦਿ ਸਭ ਪਿੰਡ ਵਿਚ ਉਸਦੇ ਘਰ ਵਿਚ ਪਏ ਹੁੰਦੇ ਹਨ। ਉਥੋਂ ਉਨ੍ਹਾਂ ਨੂੰ ਹਰ ਰੋਜ਼ ਖੇਤ ਵਿਚ ਲੈ ਜਾਣਾ ਪੈਂਦਾ ਹੈ। ਇਸ ਨਾਲ ਨਾ ਕੇਵਲ ਉਸਦਾ ਆਪਣਾ ਸਮਾਂ ਅਤੇ ਸ਼ਕਤੀ ਨਸ਼ਟ ਹੁੰਦੇ ਹਨ, ਸਗੋਂ ਡੰਗਰ ਦੀ ਸ਼ਕਤੀ ਵੀ ਘੱਟਦੀ ਹੈ।

ਇੰਞ ਅਸੀਂ ਦੇਖਦੇ ਹਾਂ ਕਿ ਉਪਵੰਡ ਅਤੇ ਵਿਖੰਡਨ ਬੜੀਆਂ ਗੰਭੀਰ ਕਿਸਮ ਦੀਆਂ ਹਾਨੀਆਂ ਨੂੰ ਉਪਜਾਉਂਦੇ ਹਨ। ਇਹ ਅਜਿਹੀਆਂ ਹਾਨੀਆਂ ਹਨ ਜੋ ਖੇਤੀਬਾੜੀ ਦੇ ਸੁਧਾਰ ਦੇ ਰਸਤੇ ਵਿਚ ਰੋੜਾ ਸਿੱਧ ਹੁੰਦੀਆਂ ਹਨ।

**ਚੱਕਬੰਦੀ**

ਵਿਖੰਡਨ ਦੀ ਸਮੱਸਿਆ ਦਾ ਹੱਲ ਚੱਕਬੰਦੀ (Consoldation) ਹੈ। ਚੱਕਬੰਦੀ ਦਾ ਅਰਥ ਕਿਸੇ ਖੇਤਰ ਦੀਆਂ ਜੋਤਾਂ ਨੂੰ

ਇਸ ਤਰ੍ਹਾਂ ਸਿਰਿਉ ਤਰਤੀਬ ਦੇਣਾ ਹੈ ਕਿ ਹਰੇਕ ਭੂਮੀਪਤੀ ਦੀ ਭੂਮੀ ਇਕ ਸੰਗਠਿਤ ਖਿੱਤਾ ਬਣ ਜਾਏ। ਮਾਲਕੀ ਦਾ ਆਕਾਰ ਉੱਨਾ ਹੀ ਰਹਿੰਦਾ ਹੈ। ਫਰਕ ਕੇਵਲ ਇੰਨਾ ਕੁ ਹੀ ਪੈਂਦਾ ਹੈ ਕਿ ਮਾਲਿਕ ਨੂੰ ਸੰਗਠਿਤ ਰੂਪ ਵਿਚ ਉੱਨੇ ਮੁੱਲ ਅਤੇ ਆਕਾਰ ਦਾ ਖੇਤ ਪ੍ਰਾਪਤ ਹੋ ਜਾਂਦਾ ਹੈ ਜਿੰਨਾ ਕਿ ਉਸ ਕੋਲ ਪਹਿਲਾਂ ਸੀ।

ਚੱਕਬੰਦੀ ਨਾਲ ਭੂਮੀ ਟੁਕੜੇ ਹੋਣ ਤੋਂ ਬੱਚ ਜਾਂਦੀ ਹੈ। ਵਕਤ ਵੀ ਬੱਚਦਾ ਹੈ, ਮਿਹਨਤ ਵੀ, ਅਤੇ ਸਿੰਚਾਈ ਸੰਭਵ ਹੋ ਜਾਂਦੀ ਹੈ। ਇਸ ਨਾਲ ਪਿੰਡ ਦੀ ਸਮੁੱਚੀ ਯੋਜਨਾਬੰਦੀ ਵੀ ਸੌਖੀ ਹੋ ਜਾਂਦੀ ਹੈ।

ਪਹਿਲਾਂ ਪਹਿਲ ਚੱਕਬੰਦੀ ਪੰਜਾਬ ਵਿਚ 1921 ਵਿਚ ਇੱਛਤ ਰੂਪ ਵਿਚ ਸ਼ੁਰੂ ਹੋਈ। ਪਰ ਛੇਤੀ ਹੀ ਇਹ ਮਹਿਸੂਸ ਕੀਤਾ ਗਿਆ ਕਿ ਕੁਝ ਸਖਤੀ ਕਰਨੀ ਬਹੁਤ ਜ਼ਰੂਰੀ ਹੈ। ਇਸ ਲਈ ਪੰਜਾਬ, ਯੂ.ਪੀ., ਮੱਧ-ਪ੍ਰਦੇਸ਼ ਆਦਿ ਕੁਝ ਪ੍ਰਾਤਾਂ ਵਿਚ ਕੁਝ ਕੁ ਸਖਤੀ ਕੀਤੀ ਜਾਣ ਲੱਗੀ। ਰਾਜ ਸਰਕਾਰ ਚੱਕਬੰਦੀ ਦੀਆਂ ਸਕੀਮਾਂ ਹੱਥ ਵਿਚ ਲੈ ਸਕਦੀ ਸੀ ਜੋ ਭੂਮੀਪਤੀਆਂ ਦੀ ਕੁਝ ਕੁ ਗਿਣਤੀ ਅਜਿਹਾ ਕਰਨਾ ਪ੍ਰਵਾਨ ਕਰ ਲੈਂਦੀ। ਪਰ ਸ਼ਰਤ ਇਹ ਸੀ ਕਿ ਇਸ ਗਿਣਤੀ ਕੋਲ ਇਕ ਵਿਸ਼ੇਸ਼ ਅਨੁਪਾਤ ਵਿਚ ਭੂਮੀ ਜ਼ਰੂਰ ਹੋਵੇ। ਇਸ ਨਾਲ ਵੀ ਬਹੁਤ ਉੱਨਤੀ ਨਾ ਹੋਈ। ਘੱਟ ਹੀ ਰਾਜਾਂ ਨੇ ਅਜਿਹੇ ਕਾਨੂੰਨ ਪਾਸ ਕੀਤੇ। ਇਸ ਸਥਿਤੀ ਵਿਚ ਚੱਕਬੰਦੀ ਦੀ ਗੱਲ ਚਲਾਉਣ ਦੀ ਜ਼ਿੰਮੇਵਾਰੀ ਭੂਮੀ ਪਤੀਆਂ ਦੀ ਗਿਣਤੀ ਉੱਤੇ ਨਿਰਭਰ ਸੀ। ਇਸ ਲਈ 1947 ਵਿਚ ਦੇਸ਼ ਦੇ ਸੁਤੰਤਰ ਹੋ ਜਾਣ ਪਿਛੋਂ ਲਾਜ਼ਮੀ ਚੱਕਬੰਦੀ ਚਾਲੂ ਕੀਤੀ ਗਈ। ਕਹਿਣ ਦਾ ਭਾਵ ਇਹ ਹੈ ਕਿ ਰਾਜ ਸਰਕਾਰਾਂ ਨੇ ਚੱਕਬੰਦੀ ਦਾ ਕੰਮ ਆਪਣੀ ਮਰਜ਼ੀ ਨਾਲ ਸ਼ੁਰੂ ਕਰਨ ਦਾ ਬੀੜਾ ਚੁੱਕਿਆ। ਅੱਜ ਕੱਲ੍ਹ ਅਜਿਹੇ ਕਾਨੂੰਨ ਲਗਭਗ ਸਾਰੇ ਰਾਜਾਂ ਵਿਚ ਬਣ ਚੁੱਕੇ ਹਨ। ਸਭ ਤੋਂ ਪਹਿਲਾਂ ਅਜਿਹੇ ਕਾਨੂੰਨ 1947 ਵਿਚ ਮੁੰਬਈ ਵਿਚ ਲਾਗੂ ਹੋਏ। ਕੁਝ ਰਾਜਾਂ ਜਿਵੇਂ ਕੇਰਲਾ, ਅਤੇ ਚੇਨਈ ਨੇ ਇਸ ਸਮੱਸਿਆ ਨੂੰ ਥੋੜ੍ਹਾ ਸਮਾਂ ਪਹਿਲਾਂ ਹੀ ਆਪਣੇ ਹੱਥ ਵਿਚ ਲਿਆ ਹੈ।

ਚੱਕਬੰਦੀ ਦੀ ਰਫਤਾਰ ਇਕ ਸਾਰ ਨਹੀਂ ਅਤੇ ਨਾ ਹੀ ਸੰਤੋਖਜਨਕ ਹੈ। ਕਈ ਰਾਜਾਂ ਵਿਚ ਚੱਕਬੰਦੀ ਦੀ ਪ੍ਰਾਪਤੀ ਬਹੁਤ ਚੰਗੀ ਹੈ ਤੇ ਕਈਆਂ ਵਿਚ ਮਾੜੀ। ਕਈ ਰਾਜਾਂ ਵਿਚ ਕਾਨੂੰਨ ਤਾਂ ਬਣੇ ਹੋਏ ਹਨ ਪਰ ਉੱਨਤੀ ਕੋਈ ਖਾਸ ਨਹੀਂ ਹੋਈ। ਕਈ ਰਾਜਾਂ ਵਿਚ ਕਾਨੂੰਨ ਹੁਣੇ ਹੀ ਚਾਲੂ ਕੀਤੇ ਗਏ ਹਨ। ਸਭ ਤੋਂ ਜ਼ਿਆਦਾ ਉੱਨਤੀ ਪੰਜਾਬ ਵਿਚ ਹੋਈ ਹੈ। ਪੰਜਾਬ ਅਤੇ ਹਰਿਆਣਾ ਵਿਚ ਚੱਕਬੰਦੀ ਦਾ ਕੰਮ ਮੁਕੰਮਲ ਹੋ ਗਿਆ ਹੈ। ਲੱਗਭੱਗ 630 ਲੱਖ ਹੈਕਟੇਅਰ ਭੂਮੀ ਤੇ ਚੱਕਬੰਦੀ ਦਾ ਕੰਮ ਪੂਰਾ ਹੋ ਗਿਆ ਹੈ।

ਚੱਕਬੰਦੀ ਦੇ ਰਸਤੇ ਵਿਚ ਕਈ **ਔਕੜਾਂ** ਆਉਂਦੀਆਂ ਹਨ : ਜਿਨ੍ਹਾਂ ਵਿਚੋਂ ਪ੍ਰਮੁੱਖ ਹਨ:-

(i) ਕਿਸਾਨ ਅਨਪੜ੍ਹ ਅਤੇ ਪੁਰਾਤਨਵਾਦੀ ਹਨ। ਉਹ ਚੱਕਬੰਦੀ ਦੇ ਲਾਭਾਂ ਨੂੰ ਸਮਝ ਹੀ ਨਹੀਂ ਸਕਦੇ। ਇਹ ਹੀ ਕਾਰਣ ਹੈ ਕਿ ਚੱਕਬੰਦੀ ਦੀ ਰਫਤਾਰ ਉਨ੍ਹਾਂ ਰਾਜਾਂ ਵਿਚ ਤੇਜ਼ ਹੈ ਜਿਥੇ ਕਿਸਾਨ ਚੱਕਬੰਦੀ ਦੇ ਲਾਭਾਂ ਤੋਂ ਜਾਣੂ ਹਨ। ਅਜਿਹਾ ਇਕ ਰਾਜ ਪੰਜਾਬ ਹੈ।

(ii) ਕਿਸਾਨਾਂ ਦਾ ਆਪਣੇ ਬਾਪ ਦਾਦੇ ਦੀ ਭੂਮੀ ਨਾਲ ਭਾਵੁਕ ਰੂਪ ਵਿਚ ਚੰਬੜੇ ਹੋਣਾ ਇੱਕ ਵੱਡੀ ਰੁਕਾਵਟ ਹੈ। ਕਿਸਾਨ ਆਪਣੇ ਬਾਪ ਦਾਦੇ ਦੀ ਭੂਮੀ ਦੇ ਛੋਟੇ ਜਿਹੇ ਟੁਕੜੇ ਨੂੰ ਵੀ ਦੇਣ ਲਈ ਤਿਆਰ ਨਹੀਂ ਹੁੰਦੇ ਭਾਂਵੇਂ ਉਨ੍ਹਾਂ ਨੂੰ ਉਸ ਦੇ ਬਦਲੇ ਉੱਨੀ ਹੀ ਭੂਮੀ ਕਿਉਂ ਨਾ ਦਿੱਤੀ ਜਾਵੇ।

(iii) ਭੂਮੀ ਦੀ ਇਕਸਾਰਤਾ ਦਾ ਨਾ ਹੋਣਾ ਇਕ ਰੁਕਾਵਟ ਹੈ। ਜ਼ਮੀਨ ਦੇ ਸਾਰੇ ਟੁੱਕੜੇ ਇਕੋ ਜਿਹੇ ਨਹੀਂ ਹੁੰਦੇ। ਜਿਨ੍ਹਾਂ ਕੋਲ ਵੱਧੀਆਂ ਕਿਸਮ ਦੀ ਭੂਮੀ ਹੁੰਦੀ ਹੈ, ਉਹ ਇਸਦਾ ਤਬਾਦਲਾ ਘਟੀਆਂ ਕਿਸਮ ਦੀ ਭੂਮੀ ਨਾਲ ਕਰਨ ਨੂੰ ਤਿਆਰ ਨਹੀਂ ਹੁੰਦੇ।

(iv) ਚੱਕਬੰਦੀ ਇਕ ਲੰਮੀ ਪ੍ਰਕ੍ਰਿਆ ਹੈ ਅਤੇ ਇਸ ਵਿਚਲੇ ਕਈ ਪੜਾਅ ਹਨ। ਉਨ੍ਹਾਂ ਦਾ ਪ੍ਰਬੰਧ ਥੋੜ੍ਹੀ ਮਿਹਨਤ ਮੰਗਦਾ ਹੈ। ਅਜਿਹਾ ਕਰਨ ਲਈ ਮਹਿਕਮਾ ਮਾਲ ਦੇ ਰਿਕਾਰਡ ਅੰਤਿਮ ਮਿਤੀ ਤੱਕ ਪੂਰੇ ਕਰਨੇ ਹੁੰਦੇ ਹਨ। ਭੂਮੀ ਦੇ ਵੱਖ-ਵੱਖ ਟੁਕੜਿਆਂ ਦਾ ਮੁੱਲ ਲਾਇਆ ਜਾਂਦਾ ਹੈ। ਇਸ ਪਿੱਛੋਂ ਉਹ ਨਿਯਮ ਘੜੇ ਜਾਂਦੇ ਹਨ ਜਿਨ੍ਹਾਂ ਅਨੁਸਾਰ ਭੂਮੀ ਦਾ ਵਟਾਂਦਰਾ ਕੀਤਾ ਜਾਂਦਾ ਹੈ। ਕਿਸਾਨਾਂ ਨੂੰ ਆਪਣੇ ਹੱਕ ਵਿਚ ਜਾਂ ਵਿਰੁੱਧ ਕੀਤੀ ਅਲਾਟਮੈਂਟ ਬਾਰੇ ਸ਼ਿਕਾਇਤ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇੰਨਾਂ ਕੁਝ ਕਰਨ ਪਿਛੋਂ ਹੀ ਭੂਮੀ ਦੇ ਤਬਾਦਲੇ ਦੀ ਆਗਿਆ ਦਿੱਤੀ ਜਾਂਦੀ ਹੈ।

ਸਿਰਫ ਚੱਕਬੰਦੀ ਨਾਲ ਇਸ ਸਮੱਸਿਆ ਦਾ ਹੱਲ ਹੁੰਦਾ ਪ੍ਰਤੀਤ ਨਹੀਂ ਹੁੰਦਾ। ਲੋੜ ਹੈ ਕਿ ਅੱਗੇ ਵਿਖੰਡਨ ਨੂੰ ਰੋਕਿਆ ਜਾਵੇ। ਇਸ ਮਨੋਰਥ ਲਈ ਇਕ ਹੱਦ, ਜਿਸ ਤੋਂ ਅੱਗੇ ਭੂਮੀ ਵੰਡਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ, ਨਿਰਧਾਰਿਤ ਕਰਨੀ ਹੋਵੇਗੀ। ਲਗਭਗ ਸਾਰੇ ਰਾਜਾਂ ਵਿਚ, ਜੋਤਾਂ ਦੀ ਨਿਊਨਤਮ ਹੱਦ ਮੁਕੱਰਰ ਕਰ ਦਿੱਤੀ ਗਈ ਹੈ। ਭਾਵੇਂ ਸਾਰੇ ਰਾਜਾਂ ਨੇ ਇਸ ਸੰਬੰਧੀ ਕਾਨੂੰਨ ਪਾਸ ਕੀਤੇ ਹਨ ਪਰ ਉਨ੍ਹਾਂ ਦੀ ਪਾਲਣਾ ਕਰਨ ਵਿਚ ਪ੍ਰਸ਼ਾਸ਼ਨਕ ਔਕੜਾਂ ਬਹੁਤ ਆਉਂਦੀਆਂ ਹਨ।

ਛੋਟੀਆਂ ਜੋਤਾਂ ਦਾ ਇਕ ਹੋਰ ਹੱਲ ਲਾਭਕਾਰੀ ਜੋਤਾਂ ਦਾ ਨਿਰਮਾਣ ਹੈ। ਪਰੰਤੂ ਇਸ ਗੱਲ ਦਾ ਨਿਰਣਾ ਕਰਨਾ ਕਠਿਨ ਹੈ ਕਿ ਕਿਹੜੀ ਜੋਤ ਲਾਭਕਾਰੀ ਮੰਨੀ ਜਾਏ। ਅਰਥ ਵਿਗਿਆਨੀਆਂ ਨੇ ਇਸ ਦੀ ਪਰਿਭਾਸ਼ਾ ਵੱਖ-ਵੱਖ ਢੰਗਾਂ ਨਾਲ ਕੀਤੀ ਹੈ। ਲਾਭਕਾਰੀ ਜੋਤ ਤੋਂ ਭਾਵ ਅਜਿਹੀ ਜੋਤ (ਸਣੇ ਉਤਪਾਦਨ ਦੇ ਬਾਕੀ ਕਾਰਕਾਂ ਜਾਂ ਸਾਧਨਾਂ ਦੇ) ਤੋਂ ਹੈ ਜਿਹੜੀ ਵੱਧ ਤੋਂ ਵੱਧ ਉਪਜ ਦੇ ਸਕੇ, ਇਸ ਦੇ ਨਾਲ ਹੀ ਉਚਿਤ ਜੀਵਨ ਪੱਧਰ ਵੀ ਪ੍ਰਦਾਨ ਕਰਦੀ ਹੋਵੇ। ਕੁਦਰਤੀ ਤੌਰ ਤੇ, ਲਾਭਦਾਇਕ ਜੋਤ ਦਾ ਆਕਾਰ ਭੂਮੀ ਦੇ ਉਪਜਾਊਪਣ, ਕਾਸ਼ਤ-ਵਿਧੀ, ਫਸਲਾਂ ਦੀ ਕਿਸਮ, ਕ੍ਰਿਸ਼ੀ ਦੀ ਕਿਸਮ ਅਤੇ ਸਿੰਚਾਈ ਦੀਆਂ ਸਹੂਲਤਾਂ ਤੇ ਨਿਰਭਰ ਹੋਵੇਗਾ। ਇੰਜ ਲਾਭਦਾਇਕ ਜੋਤ ਦਾ ਆਕਾਰ ਭਿੰਨ-ਭਿੰਨ ਸਥਿਤੀਆਂ ਵਿਚ ਭਿੱਨ-ਭਿੰਨ ਹੋਵੇਗਾ। ਲਾਭਕਾਰੀ ਜੋਤ ਦੇ ਆਕਾਰ ਦੇ ਨਿਰਧਾਰਕ ਕੁਝ ਵੀ ਹੋਣ, ਇਕ ਗੱਲ ਬੜੀ ਸਪੱਸ਼ਟ ਹੈ ਕਿ ਭਾਰਤ ਦੀਆਂ ਜੋਤਾਂ ਦਾ ਵੱਡਾ ਹਿੱਸਾ ਜੋਤ ਦੇ ਲਾਭਕਾਰੀ ਆਕਾਰ ਤੋਂ ਥੱਲੇ ਹੈ। ਲਾਭਕਾਰੀ ਜੋਤਾਂ ਦੇ ਨਿਰਮਾਣ ਪਿਛੋਂ ਵੀ ਸਮੱਸਿਆ ਦਾ ਹੱਲ ਹੋ ਜਾਣਾ ਜ਼ਰੂਰੀ ਨਹੀ। ਅਜਿਹਾ ਕਰ ਲੈਣ ਪਿਛੋਂ ਇਸ ਗੱਲ ਦਾ ਖਿਆਲ ਰੱਖਣ ਦੀ ਲੋੜ ਬਣੀ ਰਹਿੰਦੀ ਹੈ ਕਿ ਆਰਥਿਕ ਜੋਤਾਂ ਮੁੜ ਵਿਖੰਡਿਤ ਨਾ ਹੋ ਜਾਣ। ਅਜਿਹਾ ਕਾਨੂੰਨ ਦੁਆਰਾ ਹੀ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਵਿਰਾਸਤ ਦੇ ਕਾਨੂੰਨ ਨੂੰ ਇਸ ਤਰ੍ਹਾਂ ਬਦਲਣਾ ਹੋਵੇਗਾ ਕਿ ਉਹ ਭੂਮੀ ਨੂੰ ਇਕ ਵਿਸ਼ੇਸ਼ ਹੱਦ ਤੋਂ ਉਪਰੰਤ ਵੰਡਣ ਦੀ ਆਗਿਆ ਹੀ ਨਾ ਦੇਵੇ।

**(ਹ) ਸਹਿਕਾਰੀ ਖੇਤੀ**

ਭਾਰਤ ਵਿਚ ਅਲਾਭਕਾਰੀ ਜੋਤਾਂ ਦਾ ਸਭ ਤੋਂ ਵਧੀਆ ਹੱਲ ਜੋ ਅਰਥ ਵਿਗਿਆਨੀ ਅਤੇ ਰਾਜਨੀਤਿਕ ਮਾਹਿਰ ਦੱਸ ਸਕਦੇ ਹਨ, ਸਹਿਕਾਰੀ ਖੇਤੀ ਹੈ। ਕਾਂਗਰਸ ਦੀ ਕ੍ਰਿਸ਼ੀ ਸਮਿਤੀ ਨੇ ਅੱਜ ਤੋਂ ਬਹੁਤ ਚਿਰ ਪਹਿਲਾਂ ਇਹ ਕਹਿ ਦਿੱਤਾ ਸੀ ਕਿ ਖੇ ਤੀ ਦੀ ਕੁਸ਼ਲਤਾ ਉਨਾਂ ਚਿਰ ਨਹੀਂ ਵੱਧ ਸਕਦੀ ਜਿੰਨਾ ਚਿਰ ਕਿ ਸਹਿਕਾਰੀ ਖੇਤੀ ਨਾ ਕੀਤੀ ਜਾਵੇ। ਸੋ ਸਹਿਕਾਰੀ ਖੇਤੀ ਸਾਰੀ ਸਮੱਸਿਆ ਦੀ ਕੂੰਜੀ ਹੈ।

'ਸਹਿਕਾਰੀ ਖੇਤੀ' ਨੂੰ ਇਕ ਤੋਂ ਵੱਧ ਅਰਥਾਂ ਵਿਚ ਵਰਤਿਆ ਜਾਂਦਾ ਹੈ। ਕਈ ਵਾਰ ਇਸ ਦਾ ਭਾਵ ਅਜਿਹੀ ਉਤਪਾਦਨ-ਪ੍ਰਣਾਲੀ ਤੋਂ ਲਿਆ ਜਾਂਦਾ ਹੈ ਜਿਸ ਵਿਚ ਭੂਮੀ ਦੇ ਮਾਲਕ ਕਿਸਾਨ ਵਿਅਕਤੀਗਤ ਰੂਪ ਵਿਚ ਖੇਤੀ ਤੋਂ ਬਾਹਰਲੇ ਕੰਮਾਂ ਲਈ, ਜਿਵੇਂ ਫਸਲ ਨੂੰ ਮੰਡੀ ਵਿਚ ਵੇਚਣਾ, ਚੰਗੇ ਬੀਜਾਂ ਨੂੰ ਖਰੀਦਣਾ, ਰੂੜੀ ਅਤੇ ਸੰਦਾਂ ਨੂੰ ਪ੍ਰਾਪਤ ਕਰਨਾ, ਆਦਿ ਲਈ ਮਿਲ ਬੈਠਦੇ ਹਨ। ਇਸ ਨੂੰ'ਸਹਿਕਾਰੀ ਕੁਸ਼ਲ ਖੇਤੀ' ਜਾਂ 'ਸਰਵਿਸ ਕੋਆਪਰੇਟਿਵਜ਼' ਜਾਂ 'ਕੋਆਪ੍ਰੇਟਿਵ ਸਰਵਿਸਿਜ਼' ਜਾਂ ਫਿਰ 'ਸਹਿਕਾਰੀ ਢੰਗ ਨਾਲ ਵਿਅਕਤੀਗਤ ਖੇਤੀ' ਆਖਦੇ ਹਨ। ਪਰ ਇਹ ਸਥਿਤੀ ਕੇਵਲ ਅਧੂਰੇ ਜਿਹੇ ਮਿਲਵਰਤਣ ਦੀ ਹੈ।

ਅਸਲੀ ਸਹਿਕਾਰੀ ਖੇਤੀ ਜਿਸ ਨੂੰ ਸੰਯੁਕਤ ਖੇਤੀ ਕਿਹਾ ਜਾ ਸਕਦਾ ਹੈ, ਉਦੋਂ ਹੋਂਦ ਵਿਚ ਆਉਂਦੀ ਹੈ ਜਦੋਂ ਕਿਸਾਨ ਆਪਣੀ ਜੋਤਾਂ ਨੂੰ ਮਨ-ਮਰਜ਼ੀ ਨਾਲ ਇਕ ਥਾਂ ਕਰ ਲੈਂਦੇ ਹਨ ਅਤੇ ਕੁਲ ਭੂਮੀ ਦੀ ਇਕ ਇਕਾਈ ਵਿਚ ਕਾਸ਼ਤ ਕਰਦੇ ਹਨ। ਇਸ ਹਾਲਤ ਵਿਚ ਕਾਸ਼ਤ ਤਾਂ ਸੰਯੁਕਤ ਹੁੰਦੀ ਹੈ, ਪਰ ਮਾਲਕੀ ਅੱਡ ਰਹਿੰਦੀ ਹੈ ਅਤੇ ਪ੍ਰਬੰਧ ਕੁਝ ਚੋਣਵੇਂ ਵਿਅਕਤੀਆਂ ਦੇ ਹੱਥਾਂ ਵਿਚ ਹੁੰਦਾ ਹੈ। ਇਸ ਸਥਿਤੀ ਵਿਚ ਆਮਦਨੀ ਕੰਮ ਅਨੁਸਾਰ ਵੰਡੀ ਜਾਂਦੀ ਹੈ, ਵਿਅਕਤੀ ਅਨੁਸਾਰ ਨਹੀਂ, ਉਹ ਜਿਹੜੇ ਭੂਮੀ ਤੇ ਕੰਮ ਕਰਦੇ ਹਨ, ਮਜ਼ਦੂਰੀ ਲੈ ਜਾਂਦੇ ਹਨ, ਉਹ ਮੈਂਬਰ ਜੋ ਭੂਮੀ ਤੇ ਕਿਰਤ, ਦੋਹਾਂ ਚੀਜਾਂ ਦਾ ਹਿੱਸਾ ਦਿੰਦੇ ਹਨ, ਲਗਾਨ ਅਤੇ ਮਜ਼ਦੂਰੀ ਸਾਂਭਦੇ ਹਨ। ਲਾਭ ਸਾਰੇ ਕਾਮਿਆਂ ਵਿਚ ਵੰਡ ਦਿੱਤਾ ਜਾਂਦਾ ਹੈ ਅਤੇ ਇਹ ਵੰਡ ਉਨ੍ਹਾਂ ਦੀ ਕੀਤੀ ਮਜ਼ਦੂਰੀ ਦੇ ਅਨੁਪਾਤ ਵਿਚ ਹੁੰਦੀ ਹੈ। ਜਦ ਕਦੇ ਅਸੀਂ ਸਹਿਕਾਰੀ ਖੇਤੀ ਦੀ ਗੱਲ ਕਰਦੇ ਹਾਂ ਤਾਂ ਸਾਡਾ ਸੰਕੇਤ ਸਹਿਕਾਰੀ ਸੰਯੁਕਤ ਖੇਤੀ ਵਲ ਹੁੰਦਾ ਹੈ।

ਸਹਿਕਾਰੀ ਸਭਾਵਾਂ ਸਮੁੱਚੇ ਦੇਸ਼ ਵਿਚ ਨਹੀਂ ਫੈਲੀਆਂ ਹੋਈਆਂ। ਇਨ੍ਹਾਂ ਵਿਚੋਂ ਬਹੁਤੀਆਂ (ਲਗਭਗ 2/3) ਪੰਜਾਬ, ਉੱਤਰ ਪ੍ਰਦੇਸ਼, ਆਂਧਰਾ ਪ੍ਰਦੇਸ਼, ਰਾਜਸਥਾਨ ਵਿਚ ਹਨ, ਬਾਕੀ ਦੇ ਰਾਜਾਂ ਵਿਚ ਵਿਕਾਸ ਦੀ ਗਤੀ ਸੰਤੋਸ਼ਜਨਕ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਸਭਾਵਾਂ ਦਾ ਵਡੇਰਾ ਭਾਗ (55% ਤੋਂ 65%) ਨਕਲੀ ਸਭਾਵਾਂ ਦਾ ਹੈ, ਅਤੇ ਇਹ ਕੇਵਲ ਸਰਕਾਰ ਕੋਲੋਂ ਸਹਾਇਤਾ ਲੈਣ ਜਾਂ ਜੋਤਾਂ ਦੇ ਅਧਿਕਤਮ ਸੀਮਾ ਤੋਂ ਬਚਣ ਲਈ ਬਣਾਈਆਂ ਗਈਆਂ ਹਨ। ਅਜਿਹੀਆਂ ਸਭਾਵਾਂ ਬਹੁਤ ਵਾਰੀ ਇਕ ਪਰਿਵਾਰ ਦੇ ਵਿਅਕਤੀਆਂ ਨੇ ਮਿਲ ਕੇ ਬਣਾਈਆਂ ਹੁੰਦੀਆਂ ਹਨ ਜਾਂ ਫਿਰ ਉਨ੍ਹਾਂ ਨੇ ਇਨ੍ਹਾਂ ਵਿਚ ਆਪਣੇ ਸੰਬੰਧੀ ਹੀ ਰੱਖੇ ਹੁੰਦੇ ਹਨ। ਬਹੁਤ ਘੱਟ ਸਭਾਵਾਂ ਠੀਕ ਅਰਥਾਂ ਵਿਚ ਸਹਿਕਾਰੀ ਹਨ।

ਇਸ ਤਰ੍ਹਾਂ ਸਹਿਕਾਰੀ ਸਭਾਵਾਂ ਦੇ ਚੱਲਣ ਵਿਚ ਪਾਈਆਂ ਜਾਂਦੀਆਂ ਊਣਤਾਈਆਂ ਦੂਰ ਕਰਨ ਦੀ ਲੋੜ ਹੈ। ਵਿਖੰਡਨ ਦੀ ਸਮੱਸਿਆ ਇਕ ਪ੍ਰਬੰਧਕੀ ਸਮੱਸਿਆ ਹੀ ਨਹੀਂ ਹੈ। ਇਸ ਦਾ ਸੁਧਾਰ ਤਾਂ ਹੀ ਹੋ ਸਕਦਾ ਹੈ ਜੇ ਇਸ ਨੂੰ ਭਾਰਤ ਦੀਆਂ ਮੁੱਖ ਸਮੱਸਿਆਵਾਂ ਵਿਚੋਂ ਇਕ ਸਮਝ ਕੇ ਇਸ ਵੱਲ ਧਿਆਨ ਦਿੱਤਾ ਜਾਵੇ।

## 5. ਭਾਰਤ ਵਿਚ ਭੂਮੀ ਸੁਧਾਰਾਂ ਦਾ ਮੁਲਾਂਕਣ

ਭਾਰਤ ਵਿਚ ਭੂਮੀ ਸੁਧਾਰ ਬੜੇ ਜੋਸ਼ ਨਾਲ ਆਰੰਭ ਕੀਤੇ ਗਏ ਸੀ, ਪਰੰਤੂ ਇਨ੍ਹਾਂ ਨੂੰ ਵਿਵਹਾਰਕ ਰੂਪ ਵਿਚ ਲਾਗੂ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਭੂਮੀ ਸੁਧਾਰ ਮੁੱਖ ਤੌਰ ਤੇ ਦੋ ਹਿੱਸਿਆਂ ਵਿਚ ਲਾਗੂ ਕੀਤੇ ਗਏ ਸੀ — ਇੱਕ ਤਾਂ 1950ਵਾਂ ਵਿਚ, ਜਦੋਂ ਕਿ ਭੂਮੀ ਸੁਧਾਰ ਦੇ ਸਾਰੇ ਰੂਪ ਹੀ ਇਕੱਠੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਅਤੇ ਦੂਜੇ 1970 ਵਿਚ, ਜਦੋਂ ਜੋਤਾਂ ਦੀ ਉੱਚਤਮ ਸੀਮਾ ਤੇ ਵੱਧ ਧਿਆਨ ਦਿੱਤਾ ਗਿਆ।

ਭੂਮੀ ਸੁਧਾਰਾਂ ਦੇ ਫਲਸਰੂਪ ਲਗਭੱਗ 692 ਲੱਖ ਹੈਕਟੇਅਰ ਭੂਮੀ ਵਿਚੋਲਿਆਂ ਤੋਂ ਲਈ ਗਈ ਅਤੇ 200 ਲੱਖ ਦੇ ਕਰੀਬ ਪੱਟੇ ਦਾਰਾਂ ਦਾ ਰਾਜ ਸਰਕਾਰਾਂ ਨਾਲ ਸਿੱਧਾ ਸੰਪਰਕ ਸਥਾਪਿਤ ਕੀਤਾ ਗਿਆ। ਸਤੰਬਰ 2001 ਤੱਕ ਲੱਗਭੱਗ 30 ਲੱਖ ਹੈਕਟੇਅਰ ਭੂਮੀ ਉੱਚਤਮ ਸੀਮਾ ਕਾਨੂੰਨ ਤਹਿਤ ਵਾਧੂ ਦਰਜ਼ ਕੀਤੀ ਗਈ। ਇਸੇ ਤਰ੍ਹਾਂ 630 ਲੱਖ ਹੈਕਟੇਅਰ ਭੂਮੀ ਦੀ ਚੱਕਬੰਦੀ ਕੀਤੀ ਗਈ। ਇਹ ਮੁੱਖ ਤੌਰ ਤੇ ਪੰਜਾਬ, ਹਰਿਆਣਾ, ਮਹਾਂਰਾਸ਼ਟਰ, ਗੁਜਰਾਤ, ਯੂ.ਪੀ. ਵਰਗੇ ਰਾਜਾਂ ਵਿਚ ਕੀਤੀ ਗਈ।

ਇਨ੍ਹਾਂ ਸਫਲਤਾਵਾਂ ਤੋਂ ਬਾਵਜੂਦ ਵੀ ਭੂਮੀ ਸੁਧਾਰ ਪੂਰੀ ਤਰ੍ਹਾਂ ਲਾਗੂ ਨਾ ਹੋ ਸਕੇ ਅਤੇ ਬਹੁਤੇ ਥਾਵਾਂ ਤੇ ਅਸਫਲ ਰਹੇ। ਇਨ੍ਹਾਂ ਦੀ **ਅਸਫਲਤਾ** ਦੇ ਮੁੱਖ ਕਾਰਣ ਸਨ :

**(i) ਕਾਨੂੰਨ ਵਿਚ ਘਾਟਾਂ ਅਤੇ ਲਾਗੂ ਕਰਨ ਵਿਚ ਦੇਰੀ :** ਭੂਮੀ ਸੁਧਾਰ ਸੰਬੰਧੀ ਕਾਨੂੰਨ ਵੱਖਰੇ-2 ਰਾਜਾਂ ਵਿਚ ਵੱਖਰੇ -2 ਸਨ, ਇਨਾਂ ਵਿਚ ਖਾਮੀਆਂ ਕਰਕੇ ਵੱਡੇ ਜ਼ਿਮੀਂਦਾਰ ਆਪਣੀ ਸਾਰੀ ਜ਼ਮੀਨ ਆਪਣੇ ਕੋਲ ਹੀ ਰੱਖਣ ਵਿਚ ਸਫਲ ਹੋ ਗਏ, ਅਤੇ ਦੇਰ ਨਾਲ ਲਾਗੂ ਹੋਣ ਕਰਕੇ ਇਹ ਕਾਨੂੰਨ ਆਪਣੇ ਮਿੱਥੇ ਹੋਏ ਟੀਚੇ ਪ੍ਰਾਪਤ ਨਹੀਂ ਕਰ ਸਕੇ।

**(ii) ਰਾਜਨੀਤਿਕ ਦ੍ਰਿੜਤਾ ਦੀ ਘਾਟ :** ਭੂਮੀ ਸੁਧਾਰ ਠੀਕ ਢੰਗ ਨਾਲ ਲਾਗੂ ਨਾ ਹੋਣ ਦਾ ਕਾਰਣ ਸਾਡੇ ਨੇਤਾਵਾਂ ਦੀ ਦੋਗਲੀ ਨੀਤੀ ਅਤੇ ਦ੍ਰਿੜਤਾ ਦੀ ਘਾਟ ਹੈ। ਸਾਡੇ ਬਹੁਤ ਸਾਰੇ ਰਾਜਨੀਤਿਕ ਆਗੂ ਜ਼ਿਮੀਂਦਾਰ ਘਰਾਣਿਆਂ ਨਾਲ ਸੰਬੰਧਿਤ ਹਨ ਅਤੇ ਇਸ ਕਰਕੇ ਉਨ੍ਹਾਂ ਨੇ ਭੂਮੀ ਸੁਧਾਰ ਕਾਨੂੰਨ ਦ੍ਰਿੜਤਾ ਨਾਲ ਲਾਗੂ ਨਹੀਂ ਕੀਤੇ।

**(iii) ਮੁਕਦਮੇ ਬਾਜ਼ੀ :** ਭੂਮੀ ਸੁਧਾਰ ਕਾਨੂੰਨਾ ਵਿਚ ਖ਼ਾਮੀਆਂ ਹੋਣ ਕਰਕੇ ਜ਼ਿਮੀਂਦਾਰਾਂ ਨੇ ਇਨ੍ਹਾਂ ਨੂੰ ਮੰਨਣ ਦੀ ਥਾਂ ਮੁਕਦਮੇਬਾਜ਼ੀ ਦਾ ਸਹਾਰਾ ਲਿਆ। ਇਨ੍ਹਾਂ ਮੁਕਦਮਿਆਂ ਦਾ ਫੈਸਲਾ ਕਈ-2 ਸਾਲ ਨਹੀਂ ਹੁੰਦਾ ਜਿਸ ਕਰਕੇ ਕਾਨੂੰਨ ਲਾਗੂ ਨਹੀਂ ਹੋ ਸਕਦੇ।

**(iv) ਭੂਮੀਹੀਣਾਂ ਦੀ ਅਗਿਆਨਤਾ ਅਤੇ ਅਨਪੜ੍ਹਤਾ :** ਜਿਹੜੇ ਭੂਮੀਹੀਣ ਕਾਸ਼ਤਕਾਰਾਂ ਨੂੰ ਭੂਮੀ ਸੁਧਾਰ ਕਾਨੂੰਨਾਂ ਤੋਂ ਲਾਭ ਪਹੁੰਚਣਾ ਸੀ, ਉਨ੍ਹਾਂ ਨੂੰ ਇਸ ਬਾਰੇ ਜਾਂ ਕਾਨੂੰਨ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਹ ਆਪਣੇ ਹੱਕਾਂ ਬਾਰੇ ਅਨਜਾਣ ਹੀ ਰਹੇ ਅਤੇ ਸਰਕਾਰ ਤੇ ਕਾਨੂੰਨ ਲਾਗੂ ਕਰਨ ਲਈ ਦਬਾਅ ਨਾ ਪਾ ਸਕੇ। ਉਹ ਤਾਂ ਜੋ ਉਨ੍ਹਾਂ ਦੇ 'ਮਾਲਕ' ਜ਼ਿਮੀਂਦਾਰ ਕਹਿੰਦੇ ਸਨ, ਉਸ ਨੂੰ ਹੀ ਸਹੀ ਮੰਨ ਲੈਂਦੇ ਸਨ ਅਤੇ ਉਨ੍ਹਾਂ ਦੇ ਹੀ ਆਖੇ ਲੱਗਦੇ ਸਨ।

ਭੂਮੀ ਸੁਧਾਰਾਂ ਦੀਆਂ ਅਸਫਲਤਾਵਾਂ ਦੇ ਕਾਰਣਾਂ ਨੂੰ ਵੇਖਦੇ ਹੋਏ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਨੂੰ ਸਫਲਤਾ ਨਾਲ ਲਾਗੂ ਕਰਨ ਲਈ ਕੁਝ **ਸੁਝਾਅ** ਦਿੱਤੇ ਜਾਣ। ਇਹ ਸੁਝਾਅ ਕੁਝ ਇਸ ਤਰ੍ਹਾਂ ਹਨ:

**(i) ਯੋਗ ਪ੍ਰਬੰਧਕੀ ਢਾਂਚਾ :** ਭੂਮੀ ਸੁਧਾਰ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਪ੍ਰਬੰਧਕ ਅਤੇ ਕਰਮਚਾਰਿਆਂ ਦੋਹਾਂ ਨੂੰ ਹੀ ਇਮਾਨਦਾਰ ਅਤੇ ਯੋਗ ਹੋਣ ਦੀ ਲੋੜ ਹੈ ਜਿਨ੍ਹਾਂ ਨੂੰ ਨਾ ਸਿਰਫ ਕਾਨੂੰਨ ਬਾਰੇ ਜਾਣਕਾਰੀ ਹੋਵੇ ਸਗੋਂ ਇਨ੍ਹਾਂ ਨੂੰ ਰਾਜਨੀਤਿਕ ਦਬਾਅ ਤੋਂ ਵੀ ਦੂਰ ਹੋਣਾ ਚਾਹੀਦਾ ਹੈ।

**(ii) ਭੂਮੀ ਦੇ ਨਵੇਂ ਰਿਕਾਰਡ :** ਜਦੋਂ ਤੱਕ ਭੂਮੀ ਦੀ ਮਲਕੀਅਤ ਅਤੇ ਕਾਸ਼ਤਕਾਰੀ ਸੰਬੰਧ ਠੀਕ ਰਿਕਾਰਡ ਸਰਕਾਰ ਕੋਲ ਨਹੀਂ ਹੋਣਗੇ, ਉਦੋਂ ਤੱਕ ਭੂਮੀ ਸੁਧਾਰਾਂ ਨੂੰ ਲਾਗੂ ਕਰਨਾ ਔਖਾ ਹੈ। ਇਸ ਲਈ ਭੂਮੀ ਦੇ ਰਿਕਾਰਡ ਨਵੇਂ ਸਿਰਿਓਂ ਤਿਆਰ ਕਰਨੇ ਚਾਹੀਦੇ ਹਨ।

**(iii) ਭੂਮੀ ਸੁਧਾਰ ਕਾਨੂੰਨਾਂ ਦਾ ਪ੍ਰਚਾਰ :** ਭੂਮੀਹੀਣ ਕਾਸ਼ਤਕਾਰਾਂ ਨੂੰ ਭੂਮੀ ਸੁਧਾਰ ਸੰਬੰਧੀ ਕਾਨੂੰਨਾਂ ਦੀ ਜਾਣਕਾਰੀ ਦੇਣ ਲਈ ਇਨ੍ਹਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਹੱਕਾਂ ਤੋਂ ਜਾਣੂ ਹੋ ਜਾਣ।

**(iv) ਵਿੱਤ ਦੀ ਸਹੂਲਤ :** ਭੂਮੀ ਵੰਡਣ ਨਾਲ ਹੀ ਭੂਮੀ ਸੁਧਾਰ ਦਾ ਕੰਮ ਪੂਰਾ ਨਹੀਂ ਹੋ ਜਾਂਦਾ, ਸਗੋਂ ਭੂਮੀ ਦੇ ਨਵੇਂ ਮਾਲਕਾਂ ਨੂੰ ਭੂਮੀ ਤੇ ਖੇਤੀ ਕਰਨ ਅਤੇ ਆਧੁਨਿਕ ਢੰਗਾਂ ਦੀ ਵਰਤੋਂ ਕਰਨ ਲਈ ਉਚਿਤ ਵਿੱਤੀ ਸਹਾਇਤਾ ਵੀ ਦੇਣੀ ਚਾਹੀਦੀ ਹੈ।

**(v) ਪੱਟੇ ਦੀ ਸੁਰੱਖਿਆ :** ਕਾਸ਼ਤਕਾਰ ਨੂੰ ਪੱਟੇ ਦੀ ਸੁਰੱਖਿਆ ਦੇਣ ਲਈ ਸਰਕਾਰ ਨੂੰ ਯੋਗ ਕਾਰਵਾਈ ਕਰਨੀ ਚਾਹੀਦੀ ਹੈ। ਪੱਟੇਦਾਰ ਨੂੰ ਇਸ ਗੱਲ ਦਾ ਭਰੋਸਾ ਹੋਣਾ ਚਾਹੀਦਾ ਹੈ ਕਿ ਉਸ ਤੋਂ ਭੂਮੀ ਖੋਹ ਕੇ ਦੂਜੇ ਕਾਸ਼ਤਕਾਰ ਨੂੰ ਨਹੀਂ ਦਿੱਤੀ ਜਾਵੇਗੀ।

ਭੂਮੀ ਸੁਧਾਰਾਂ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਹੋਰ ਵੀ ਬਹੁਤ ਸੁਝਾਅ ਦਿੱਤੇ ਜਾ ਸਕਦੇ ਹਨ, ਪਰ ਸਭ ਤੋਂ ਜ਼ਰੂਰੀ ਤਾਂ ਇਹੀ ਹੈ ਕਿ ਇਨ੍ਹਾਂ ਸੰਬੰਧੀ ਕਾਨੂੰਨ ਦ੍ਰਿੜਤਾ ਅਤੇ ਇਮਾਨਦਾਰੀ ਨਾਲ ਲਾਗੂ ਕੀਤੇ ਜਾਣ। ਜਨਤਾ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਜੇਕਰ ਖੇਤੀਬਾੜੀ ਦਾ ਅਤੇ ਸਮੁੱਚੇ ਦੇਸ਼ ਦਾ ਆਰਥਿਕ ਵਿਕਾਸ ਕਰਨਾ ਹੈ ਤਾਂ ਨਿਜੀ ਹਿੱਤਾਂ ਅਤੇ ਸੁਵਾਰਥਾਂ ਨੂੰ ਪਿੱਛੇ ਕਰਕੇ ਜਨਹਿਤ ਲਈ ਇਨ੍ਹਾਂ ਭੂਮੀ ਸੁਧਾਰਾਂ ਨੂੰ ਮੰਨ ਲੈਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਿਚ ਸਰਕਾਰ ਦੀ ਮਦੱਦ ਕਰਨੀ ਚਾਹੀਦੀ ਹੈ।

## 6. ਸਾਰ ਅੰਸ਼

ਖੇਤੀਬਾੜੀ ਦੇ ਵਿਕਾਸ ਅਤੇ ਕਿਸਾਨਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਲਿਆਉਣ ਲਈ ਸਿਰਫ ਵਧਿਆ ਤਕਨੀਕ ਦੀ ਹੀ ਲੋੜ ਨਹੀਂ ਪੈਂਦੀ, ਸਗੋਂ ਸੰਸਥਾਗਤ ਸੁਧਾਰਾਂ ਦੀ ਵੀ ਲੋੜ ਹੁੰਦੀ ਹੈ। ਭੂਮੀ ਸੰਬੰਧੀ ਇਨਾਂ ਸੰਸਥਾਗਤ ਸੁਧਾਰਾਂ ਨੂੰ ਅਸੀਂ ਭੂਮੀ ਸੁਧਾਰ ਕਹਿ ਲੈਂਦੇ ਹਾਂ। ਭੂਮੀ ਸੁਧਾਰਾਂ ਵਿਚ ਕਈ ਤਰ੍ਹਾਂ ਦੇ ਸੁਧਾਰ ਜਿਵੇਂ ਕਿ ਜ਼ਿਮੀਂਦਾਰੀ ਪ੍ਰਥਾਂ ਦਾ ਖਾਤਮਾ, ਪੱਟੇ ਦਾਰੀ ਸੰਬੰਧੀ ਸੁਧਾਰ, ਭੂਮੀ ਦੀ ਉਪਵੰਡ ਅਤੇ ਵਿਖੰਡਨ ਨੂੰ ਰੋਕਣ ਲਈ ਚੱਕਬੰਦੀ, ਭੂਮੀ ਦੀ ਉੱਚਤਮ ਸੀਮਾ ਨਿਰਧਾਰਤ ਕਰਨੀ ਆਦਿ ਲਏ ਜਾਂਦੇ ਹਨ। ਭਾਰਤ ਵਿਚ ਇਨ੍ਹਾਂ ਸੁਧਾਰਾਂ ਨੂੰ ਸੁਤੰਤਰਤਾ ਪ੍ਰਾਪਤੀ ਦੇ ਬਾਅਦ ਤੋਂ ਹੀ ਲਾਗੂ ਕਰ ਦਿੱਤਾ ਗਿਆ ਸੀ, ਪਰ ਇਨ੍ਹਾਂ ਨੂੰ ਲਾਗੂ ਕਰਕੇ ਸਰਕਾਰ ਮਿੱਥੇ ਟੀਚਿਆਂ ਨੂੰ ਪ੍ਰਾਪਤ ਕਰਨ ਵਿਚ ਅਸਫਲ ਰਹੀ ਹੈ। ਇਸ ਦੇ ਬਹੁਤ ਕਾਰਣ ਹਨ। ਲੋੜ ਹੈ ਇਨ੍ਹਾਂ ਸੁਧਾਰਾਂ ਨੂੰ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਲਾਗੂ ਕਰਨ ਦੀ ਅਤੇ ਇਸ ਵਿਚ ਸਰਕਾਰ ਦੇ ਨਾਲ ਨਾਲ ਜਨਤਾ ਦੀ ਵੀ ਜ਼ਿੰਮੇਵਾਰੀ ਹੈ।

## 7. ਅਭਿਆਸ ਲਈ ਪ੍ਰਸ਼ਨ

**(ੳ) ਭਾਰਤ ਵਿਚ ਭੂਮੀ ਸੁਧਾਰਾਂ ਦੀ ਲੋੜ ਕਿਉਂ ਹੈ?**
**(ਅ) ਭੂਮੀ ਦੀ ਚੱਕਬੰਦੀ ਤੋਂ ਤੁਹਾਡਾ ਕੀ ਭਾਵ ਹੈ?**
**(ੲ) ਭਾਰਤ ਵਿਚ ਭੂਮੀ ਸੁਧਾਰ ਸਫ਼ਲ ਕਿਉਂ ਨਹੀਂ ਹੋਏ?**
**(ਸ) ਜ਼ਿਮੀਂਦਾਰੀ ਪ੍ਰਥਾ ਦੇ ਇੱਕ ਨੋਟ ਲਿਖੋ।**

## 8. ਪ੍ਰਮੁੱਖ ਸੰਕਲਪ

**(i) ਭੂਮੀ ਸੁਧਾਰ :** ਕਾਸ਼ਤਾਕਰ ਨੂੰ ਭੂਮੀ ਮਾਲਕਾਂ ਦੇ ਸ਼ੋਸ਼ਣ ਤੋਂ ਬਚਾਉਣ, ਖੇਤੀ ਵਿਚ ਸਥਾਈ ਸੁਧਾਰ, ਕਾਸ਼ਤਕਾਰਾਂ ਦੇ ਹੱਕ ਵਿਚ ਭੂਮੀ ਦੀ ਪੁਨਰਵੰਡ ਅਤੇ ਪੱਟੇ ਦੀ ਸੁਰੱਖਿਆ ਸੰਬੰਧੀ ਸੁਧਾਰਾਂ ਨੂੰ ਭੂਮੀ ਸੁਧਾਰ ਕਹਿੰਦੇ ਹਨ।

**(ii) ਪੱਟੇਦਾਰ :** ਜਦੋਂ ਕੋਈ ਕਾਸ਼ਤਕਾਰ ਭੂਮੀ ਦਾ ਮਾਲਕ ਨਹੀਂ ਹੁੰਦਾ ਪਰੰਤੂ ਲਗਾਨ ਦੇ ਕੇ ਵਾਹੁਣ ਲਈ ਭੂਮੀ ਲੈਂਦਾ ਹੈ, ਤਾਂ ਉਸ ਨੂੰ ਪੱਟੇਦਾਰ ਕਹਿੰਦੇ ਹਨ।

**(iii) ਚੱਕਬੰਦੀ :** ਕਿਸਾਨਾਂ ਦੇ ਛੋਟੇ ਅਤੇ ਬਿਖਰੇ ਹੋਏ ਖੇਤਾਂ ਨੂੰ ਇੱਕ ਥਾਂ ਤੇ ਇਕੱਠਾ ਕਰਨ ਦੇ ਢੰਗ ਨੂੰ ਚੱਕਬੰਦੀ ਕਹਿੰਦੇ ਹਨ।

**(iv) ਜੋਤਾਂ ਦੀ ਉੱਚਤਮ ਸੀਮਾ :** ਇਸ ਦਾ ਭਾਵ ਭੂਮੀ ਦੀ ਉਸ ਮਾਤਰਾ ਤੋਂ ਹੈ ਜੋ ਕਿਸਾਨ ਖੇਤੀ ਲਈ ਆਪਣੇ ਪਾਸ ਰੱਖ ਸਕਦਾ ਹੈ।

## 9. ਪੁਸਤਕ ਸੂਚੀ


1. ਰੁੱਦਰ ਦੱਤ ਅਤੇ ਕੇ.ਪੀ.ਐਮ. ਸੁੰਦਰਮ : ਇੰਡੀਅਨ ਇਕੋਨੋਮੀ
2. ਆਰ.ਐਨ ਸੋਨੀ : ਐਗਰੀਕਲਚਰਲ ਇਕਨੌਮਿਕਸ
3. ਪੀ.ਐਸ. ਗਰੇਵਾਲ : ਇੰਡੀਅਨ ਇਕੋਨੋਮੀ
4. ਭਾਰਗਵਾ ਅਤੇ ਸੇਠੀ : ਇੰਡੀਅਨ ਇਕੋਨੋਮੀ
5. ਪੀ.ਕੇ ਧਰ : ਇੰਡੀਅਨ ਇਕੋਨੋਮੀ

(ਇਨ੍ਹਾਂ ਪੁਸਤਕਾਂ ਦੇ ਨਵੇਂ ਐਡੀਸ਼ਨ ਵਰਤੇ ਜਾਣ)


ਇਹ ਪਾਠ DEC ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

**ਪਾਠ ਨੰਬਰ : 2.3** **ਲੇਖਿਕਾ : ਡਾ. ਕੰਵਲਜੀਤ ਕੌਰ ਗਿੱਲ**

# ਭਾਰਤ ਦੀ ਉਦਯੋਗਿਕ ਨੀਤੀ
## (Industrial Policy of India)

*** ਰੂਪ ਰੇਖਾ**

**2.3.1 ਭੂਮਿਕਾ**

**2.3.2 ਉਦੇਸ਼**

**2.3.3 ਉਦਯੋਗਿਕ ਨੀਤੀ ਦਾ ਸੰਕਲਪ**

- **2.3.3.1 ਉਦਯੋਗਿਕ ਨੀਤੀ 1948**
- **2.3.3.2 ਉਦਯੋਗਿਕ ਨੀਤੀ 1956**
- **2.3.3.3 ਉਦਯੋਗਿਕ ਨੀਤੀ 1977**
- **2.3.3.4 ਉਦਯੋਗਿਕ ਨੀਤੀ 1980**
- **2.3.3.5 ਉਦਯੋਗਿਕ ਨੀਤੀ 1991**

**2.3.4 ਉਦਾਰੀਕਰਣ ਵੱਲ ਝੁਕਾਓ**

**2.3.5 ਸਾਰੰਸ਼**

**2.3.6 ਪੜ੍ਹਨ ਯੋਗ ਸਮੱਗਰੀ**

**2.3.7 ਪ੍ਰਸ਼ਨ**

**2.3.1 ਭੂਮਿਕਾ :** ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਦਾ ਮੁੱਖ ਉਦੇਸ਼ ਭਾਰਤ ਦੀ ਅਰਥ ਵਿਵਸਥਾ ਨੂੰ ਵਿਕਾਸ ਦੀਆਂ ਲੀਹਾਂ ਉਪਰ ਲਿਆਉਣਾ ਸੀ। ਕਿਉਂਕ ਜਦੋਂ ਅੰਗ੍ਰੇਜ਼ ਭਾਰਤ ਛੱਡ ਕੇ ਗਏ ਤਾਂ ਭਾਰਤ ਦੀ ਅਰਥ ਵਿਵਸਥਾ ਇਕ ਲੰਗੜੀ ਅਰਥ ਵਿਵਸਥਾ ਸੀ; ਵਿਕਾਸ ਦੀ ਦਰ ਜੀਰੋ ਸੀ, ਖੇਤਰੀ ਅਸੰਤੁਲਨ ਬਹੁਤ ਜ਼ਿਆਦਾ ਸੀ। ਮੁੱਖ ਰੂਪ ਵਿਚ ਭਾਰਤ ਖੇਤੀ ਪ੍ਰਧਾਨ ਦੇਸ਼ ਕਰਕੇ ਜਾਣਿਆ ਜਾਂਦਾ ਸੀ। ਜਿੱਥੇ ਉਦਯੋਗਿਕ ਵਿਕਾਸ ਦੀ ਦਰ ਵੀ ਬਹੁਤ ਧੀਮੀ ਸੀ। ਇਸ ਪ੍ਰਕਾਰ ਨਾਲ ਖੇਰੂੰ-ਖੇਰੂੰ ਹੋ ਚੁੱਕੀ ਅਰਥ ਵਿਵਸਥਾ ਨੂੰ ਸੰਭਾਲਣ ਵਾਸਤੇ ਸਮੁੱਚੇ ਆਰਥਿਕ ਵਿਕਾਸ ਲਈ ਇਕ 'ਵੱਡੇ ਹੰਬਲੇ' (Big Push) ਦੀ ਜ਼ਰੂਰਤ ਸੀ। ਇਸੇ ਲਈ ਹਰ ਇਕ ਖੇਤਰ ਵਾਸਤੇ ਵੱਖਰੇ ਤੌਰ ਤੇ ਨੀਤੀਆਂ ਬਣਾਈਆਂ ਗਈਆਂ ਅਤੇ ਪੰਜ ਸਾਲਾ ਯੋਜਨਾਵਾਂ ਦੀ ਸਹਾਇਤਾ ਨਾਲ ਇਨ੍ਹਾਂ ਨੀਤੀਆਂ ਨੂੰ ਇਕੱਠੇ ਤੌਰ ਤੇ ਲਾਗੂ ਕੀਤਾ ਗਿਆ। ਉਦਯੋਗਾਂ ਦੇ ਵਿਕਾਸ ਵਾਸਤੇ ਉਦਯੋਗਿਕ ਨੀਤੀ ਬਣਾਈ ਗਈ। ਜਿਸ ਨੂੰ 1948 ਵਿਚ ਲਾਗੂ ਕੀਤਾ ਗਿਆ। ਸਮੇਂ ਸਮੇਂ ਤੇ ਉਦਯੋਗਿਕ ਨੀਤੀ ਵਿਚ ਸੁਧਾਰ ਕੀਤੇ ਗਏ। 1956 ਵਿਚ ਇਸ ਨੀਤੀ ਨੂੰ ਮੁੜ ਵਿਚਾਰ ਕੇ ਸੁਧਰੇ ਰੂਪ ਵਿਚ ਲਾਗੂ ਕੀਤਾ ਗਿਆ। ਇਸ ਤੋਂ ਬਾਅਦ ਜਿਵੇਂ ਜਿਵੇਂ ਪੰਜ ਸਾਲਾ ਯੋਜਨਾਵਾਂ ਦੌਰਾਨ ਯੋਜਨਾਵਾਂ ਦੀ ਜੁਗਤ (strategy) ਵਿਚ ਤਬਦੀਲੀ ਹੁੰਦੀ ਗਈ, ਉਵੇਂ ਉਵੇਂ ਉਦਯੋਗਿਕ ਨੀਤੀ ਦੇ ਵੱਖ ਵੱਖ ਪਹਿਲੂਆਂ ਵਿਚ ਸੁਧਾਰ ਕੀਤੇ ਗਏ। ਇਸ ਪ੍ਰਕਾਰ ਭਾਰਤ ਵਿਚ 1956 ਦੀ ਉਦਯੋਗਿਕ ਨੀਤੀ ਤੋਂ ਬਾਅਦ 1977, 1980 ਵਿਚ ਉਦਯੋਗਿਕ ਨੀਤੀਆਂ ਬਣਾਈਆਂ ਗਈਆਂ। 1991 ਦੌਰਾਨ 'ਵਿਸ਼ਵੀਕਰਣ' ਦਾ ਦੌਰ ਸ਼ੁਰੂ ਹੋ ਗਿਆ ਸੀ ਭਾਰਤ ਦੀ ਅਰਥ ਵਿਵਸਥਾ ਵੀ ਇਸ ਦੇ ਪ੍ਰਭਾਵ ਤੋਂ ਬਚ ਨਾ ਸਕੀ। ਨਿੱਜੀਕਰਣ ਅਤੇ ਉਦਾਰੀਕਰਣ ਦੇ ਵਿਚਾਰ ਅਧੀਨ ਪੂਰੀ ਅਰਥ ਵਿਵਸਥਾ ਦੇ ਆਰਥਿਕ ਢਾਂਚੇ ਨੂੰ ਮੁੜ ਤਬਦੀਲ ਕੀਤਾ ਗਿਆ ਅਤੇ ਇਸ ਸਮੇਂ ਫਿਰ ਤੋਂ 1991 ਵਿਚ ਨਵੀਂ ਉਦਯੋਗਿਕ ਨੀਤੀ ਦੀ ਘੋਸ਼ਿਤ ਕਰਨੀ ਪਈ।

ਇਸ ਪਾਠ ਵਿਚ ਅਸੀਂ ਵੱਖ-ਵੱਖ ਸਮੇਂ ਤੋਂ ਘੋਸ਼ਿਤ ਕੀਤੀਆਂ ਗਈਆਂ ਉਦਯੋਗਿਕ ਨੀਤੀਆਂ ਬਾਰੇ ਵਿਚਾਰ ਚਰਚਾ ਕਰਾਂਗੇ।

**2.3.2 ਉਦੇਸ਼ :** ਉਦਯੋਗਿਕ ਨੀਤੀ ਨਾਲ ਸੰਬੰਧਤ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਗਿਆਨ ਹੋਵੇਗਾ ਕਿ:-

- ਵੱਖ-ਵੱਖ ਸਮਿਆਂ ਤੇ ਜਿਹੜੀਆਂ ਉਦਯੋਗਿਕ ਨੀਤੀਆਂ ਘੋਸ਼ਿਤ ਕੀਤੀਆਂ ਗਈਆਂ ; ਉਨ੍ਹਾਂ ਦੇ ਉਦੇਸ਼ ਕੀ ਸਨ ?
- ਪਹਿਲਾਂ ਤੋਂ ਚੱਲ ਰਹੀ ਉਦਯੋਗਿਕ ਨੀਤੀ ਵਿਚ ਤਬਦੀਲੀ ਕਰਨ ਦੀ ਜ਼ਰੂਰਤ ਕਿਉਂ ਪਈ ਅਤੇ
- ਉਦਯੋਗਿਕ ਨੀਤੀ ਪੰਜ ਸਾਲਾ ਯੋਜਨਾਵਾਂ ਦੀ ਜੁਗਤ ਨਾਲ ਕਿਥੋਂ ਤੱਕ ਮੇਲ ਖਾਂਦੀ ਹੈ।

**2.3.3 ਉਦਯੋਗਿਕ ਨੀਤੀ ਦਾ ਸੰਕਲਪ :** ਉਦਯੋਗਿਕ ਨੀਤੀ ਦਾ ਸੰਕਲਪ ਬਹੁਤ ਹੀ ਵਿਸਤ੍ਰਿਤ ਹੈ। ਕਿਸੇ ਵੀ ਅਰਥ ਵਿਵਸਥਾ ਵਿਚ ਉਦਯੋਗਿਕ ਢਾਂਚਾ ਕਿਸ ਪ੍ਰਕਾਰ ਦਾ ਹੋਵੇਗਾ, ਉਸ ਢਾਂਚੇ ਨੂੰ ਕਿਵੇਂ ਚਲਾਇਆ ਜਾਵੇਗਾ, ਇਸ ਦੇ ਕਿਹੜੇ ਸਿਧਾਂਤ ਹੋਣਗੇ, ਇਸ ਦੀ ਮਾਲਕੀ ਕਿਸ ਦੇ ਹੱਥਾ ਵਿਚ ਹੋਵੇਗੀ, ਨਿੱਜੀ ਹੱਥਾ (ਕੇਂਦਰਾਂ ਜਾਂ ਅਦਾਰਿਆਂ) ਨੂੰ ਕੰਟਰੋਲ ਅਤੇ ਨਿਯੰਤ੍ਰਿਤ ਕਰਨ ਵਾਸਤੇ ਕੀ ਕਾਨੂੰਨ ਹੋਣਗੇ; ਆਦਿ ਸਭ ਕੁਝ ਸਾਰੇ ਨੁਕਤਿਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਹੁਣ ਅਸੀਂ ਵੱਖ ਵੱਖ ਸਮੇਂ ਤੋਂ ਘੋਸ਼ਿਤ ਕੀਤੀਆਂ ਗਈਆਂ ਉਦਯੋਗਿਕ ਨੀਤੀਆਂ ਬਾਰੇ ਵਿਚਾਰ ਕਰਦੇ ਹਾਂ।

**2.3.3.1 ਉਦਯੋਗਿਕ ਨੀਤੀ, 1948 (Industrial Policy Resolution 1948) :** ਅਪ੍ਰੈਲ, 1948 ਵਿਚ ਕੇਂਦਰੀ ਸਰਕਾਰ ਦੁਆਰਾ ਪਹਿਲੀ ਉਦਯੋਗਿਕ ਨੀਤੀ ਦਾ ਐਲਾਨ ਕੀਤਾ ਗਿਆ ਤਾਂ ਕਿ ਦੇਸ਼ ਵਿਚ ਜਿਹੜੀ ਵੰਡ ਕਾਰਣ ਉਦਯੋਗਿਕ ਬੇਚੈਨੀ ਪੈਦਾ ਹੋ ਗਈ ਸੀ ਉਸ ਨੂੰ ਠੀਕ ਕੀਤਾ ਜਾ ਸਕੇ ਅਤੇ ਉਦਯਗੀਕਰਣ ਦੀ ਦਰ ਤੇਜ਼ ਕਰਕੇ ਰਾਸ਼ਟਰੀ ਆਮਦਨ ਅਤੇ ਪ੍ਰਤੀ ਜੀਅ ਆਮਦਨ ਨੂੰ ਵਧਾਇਆ ਜਾ ਸਕੇ। ਇਸ ਉਦਯੋਗਿਕ ਨੀਤੀ ਦੇ ਹੇਠ ਲਿਖੇ ਮੁੱਖ ਮਕਸਦ ਸਨ :

**2.3.3.1.1 ਉਦੇਸ਼ :**

(i) ਬਰਾਬਰੀ ਅਤੇ ਨਿਆਂਪੂਰਣ ਸਮਾਜਿਕ ਢਾਂਚੇ ਦੀ ਉਸਾਰੀ ਕਰਨੀ।

(ii) ਆਮ ਜਨ-ਸਾਧਾਰਨ ਦੇ ਜੀਵਨ ਪੱਧਰ ਨੂੰ ਉੱਚਾ ਕਰਨਾ।

(iii) ਵੱਧ ਰਹੀ ਵਸੋਂ ਦੀਆਂ ਵੱਧ ਰਹੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਤਪਾਦਨ ਦੀ ਦਰ ਵਧਾਉਣਾ।

(iv) ਰੁਜ਼ਗਾਰ ਦੇ ਮੌਕੇ ਪੈਦਾ ਕਰਨੇ।

ਪਹਿਲੀ ਪੰਜ ਸਾਲਾ ਯੋਜਨਾ ਵਿਚ ਉਪਰ ਦਿੱਤੇ ਉਦੇਸ਼ਾਂ ਦੀ ਪੂਰਤੀ ਕਰਨ ਲਈ ਨਿੱਜੀ ਖੇਤਰ ਦਾ ਘੇਰਾ ਛੋਟਾ ਕਰਨ ਉਪਰ ਜ਼ੋਰ ਦਿੱਤਾ ਗਿਆ। ਰਾਜਾਂ ਦੀ ਅਗਵਾਈ ਕਰਨ ਲਈ ਡਾਇਰੈਕਟਰ ਪ੍ਰਿੰਸੀਪਲ ਬਣਾਇਆ ਗਿਆ ਜਿਸ ਦਾ ਮੁੱਖ ਕੰਮ ਸੀ ਕਿ ਕੋਈ ਨੀਤੀ ਇਸ ਪ੍ਰਕਾਰ ਬਣਾਈ ਜਾਵੇ ਜਿਸ ਨਾਲ ਆਦਮੀ ਨੂੰ ਲਾਭ ਹੁੰਦਾ ਹੋਵੇ ਅਤੇ ਦੂਜਾ ਧਨ ਅਤੇ ਉਤਪਾਦਨ ਦੇ ਸਾਧਨਾਂ ਦਾ ਕੁਝ ਹੱਥਾਂ ਦਾ ਇਕੱਤਰੀਕਰਨ ਨਾ ਹੋ ਜਾਵੇ। ਇਸ ਪਹਿਲੀ ਉਦਯੋਗਿਕ ਨੀਤੀ 1948 ਦੇ ਮੁੱਖ ਅੰਸ਼ ਹੇਠ ਲਿਖੇ ਹਨ:-

**2.3.1.2 ਵਿਸ਼ਾਲ ਉਦਯੋਗਿਕ ਖੇਤਰ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਗਿਆ :**

(i) ਸ਼੍ਰੇਣੀ 'ਏ' ਵਿਚ ਉਹ ਉਦਯੋਗ ਰਖੇ ਗਏ ਜਿਹੜੇ ਦੇਸ਼ ਦੀ ਸੁਰੱਖਿਆ ਦੇ ਨਜ਼ਰੀਏ ਤੋਂ ਬਹੁਤ ਜ਼ਿਆਦਾ ਮਹੱਤਵ ਰੱਖਦੇ ਸਨ। ਇਨ੍ਹਾਂ ਨੂੰ strategic (ਮਹੱਤਵਪੂਰਨ) ਉਦਯੋਗ ਕਰਾਰ ਦਿੱਤਾ ਗਿਆ। ਇਸ ਪ੍ਰਕਾਰ ਦੇ ਉਦਯੋਗ ਦੇ ਵਿਕਾਸ ਦੀ ਜ਼ਿੰਮੇਵਾਰੀ ਸਾਰਵਜਨਿਕ ਖੇਤਰ ਦੀ ਸੀ। ਇਹ ਉਦਯੋਗ ਹਨ ਹਥਿਆਰ ਅਤੇ ਗੋਲਾ ਬਾਰੂਦ ਉਦਯੋਗ, ਪ੍ਰਮਾਣੂ ਸ਼ਕਤੀ ਦਾ ਉਤਪਾਦਨ ਅਤੇ ਕੰਟਰੋਲ, ਰੇਲਵੇ ਟਰਾਂਸਪੋਰਟ ਦੀ ਮਾਲਕੀਅਤ ਅਤੇ ਪ੍ਰਬੰਧ ਆਦਿ। ਇਨ੍ਹਾਂ ਉਦਯੋਗਾਂ ਦੇ

ਨਿਰਮਾਣ ਆਦਿ ਦੀ ਪੂਰਨ ਇਜਾਰੇਦਾਰੀ ਸਰਕਾਰ ਦੀ ਸੀ। ਇਸ ਤੋਂ ਇਲਾਵਾ ਜਦੋਂ ਜ਼ਰੂਰਤ ਮਹਿਸੂਸ ਹੋਵੇ ਸਰਕਾਰ ਕਿਸੇ ਵੀ ਉਦਯੋਗ ਨੂੰ ਕੌਮੀ ਸੁਰੱਖਿਆ ਅਧੀਨ ਆਪਣੇ ਅਧਿਕਾਰ ਖੇਤਰ ਵਿਚ ਸ਼ਾਮਲ ਕਰ ਸਕਦੀ ਹੈ।

(ii) ਸ਼੍ਰੇਣੀ ਬੀ ਵਿਚ ਮੁੱਢਲੇ ਉਦਯੋਗ ਰੱਖੇ ਗਏ ਜਿਨ੍ਹਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੀ ਹੋਵੇਗੀ। ਜੇਕਰ ਨਿੱਜੀ ਖੇਤਰ ਚਾਹੇ ਤਾਂ ਇਸ ਵਿਚ ਆਪਣੀ ਜ਼ਿੰਮੇਵਾਰੀ ਤੇ ਨਿਵੇਸ਼ ਕਰ ਸਕਦਾ ਹੈ। ਪਰ ਨਾਲ ਹੀ ਇਹ ਸ਼ਰਤ ਰੱਖ ਦਿੱਤੀ ਗਈ ਕਿ 10 ਸਾਲਾ ਬਾਦ ਇਨ੍ਹਾਂ ਨਿੱਜੀ ਖੇਤਰ ਵਿਚ ਚਲ ਰਹੇ ਉਦਯੋਗਾਂ ਦਾ ਰਾਸ਼ਟਰੀਕਰਨ ਕਰ ਦਿੱਤਾ ਜਾਵੇਗਾ। ਇਹ ਉਦਯੋਗ ਸਨ : ਕੋਲਾ, ਲੋਹਾ ਅਤੇ ਇਸਪਾਤ, ਹਵਾਈ ਜਹਾਜ਼ ਦਾ ਨਿਰਮਾਣ, ਸਮੁੰਦਰੀ ਜਹਾਜ਼ ਬਣਾਉਣੇ, ਰੇਡੀਓ' ਸਟੇਸ਼ਨ ਤੋਂ ਇਲਾਵਾ ਟੈਲੀਫੂਨ, ਟੈਲੀਗ੍ਰਾਫ ਅਤੇ ਵਾਇਰਲੈਸ ਆਦਿ ਅਤੇ ਖਣਿਜ ਤੇਲ ਆਦਿ।

(iii) ਸ਼੍ਰੇਣੀ ਸੀ ਵਿਚ ਕੁਝ ਉਦਯੋਗ ਜਿਹੜੇ ਨਿੱਜੀ ਖੇਤਰ ਅਧੀਨ ਚਲ ਰਹੇ ਸਨ ਉਹ ਰਖੇ ਗਏ। ਉਨ੍ਹਾਂ ਦਾ ਵਿਕਾਸ ਅਤੇ ਪ੍ਰਬੰਧ ਸਰਕਾਰ ਦੇ ਕੰਟਰੋਲ ਅਧੀਨ ਅਤੇ ਨਿਯਮ ਬੱਧ ਹੋਣਾ ਸੀ। ਇਸ ਪ੍ਰਕਾਰ ਦੇ ਉਦਯੋਗਾਂ ਵਿਚ ਕਾਫੀ ਜ਼ਿਆਦਾ ਨਿਵੇਸ਼ ਅਤੇ ਤਕਨੀਕੀ ਮੁਹਾਰਤ ਦੀ ਜ਼ਰੂਰਤ ਸੀ। ਕੈਮੀਕਲਜ਼, ਚੀਨੀ, ਸੂਤੀ ਅਤੇ ਗਰਮ ਕਪੜੇ ਦੇ ਉਦਯੋਗ, ਸੀਮਿੰਟ, ਪੇਪਰ, ਨਮਕ, ਮਸ਼ੀਨੀ ਟੂਲਜ਼ ਆਦਿ ਦੇ ਉਦਯੋਗ ਇਸ ਸ਼੍ਰੇਣੀ ਵਿਚ ਰੱਖੇ ਗਏ।

(iv) ਬਾਕੀ ਉਦਯੋਗ ਨਿੱਜੀ ਉਦਮੀਆਂ ਦੇ ਨਿਵੇਸ ਲਈ ਰੱਖੇ ਗਏ। ਇਹ ਨਿੱਜੀ ਉਦਮੀ ਭਾਵੇਂ ਸਾਂਝੀਦਾਰ ਹੋਣ ਅਤੇ ਭਾਵੇਂ ਇਕੱਲੇ ਉਤਪਾਦਨ ਕਰਤਾ। ਸਰਕਾਰ ਵੀ ਸਮੇਂ ਸਮੇਂ ਤੇ ਇਨ੍ਹਾਂ ਉਦਯੋਗਾਂ ਵਿਚ ਭਾਗ ਲੈ ਸਕੇਗੀ। ਇਨ੍ਹਾਂ ਦਾ ਆਮ ਕੰਟਰੋਲ ਰਾਜ ਸਰਕਾਰਾਂ ਅਧੀਨ ਹੀ ਸੀ।

(ਅ) ਛੋਟੇ ਅਤੇ ਘਰੇਲੂ ਉਦਯੋਗਾਂ ਦੀ ਮਹੱਤਤਾ ਨੂੰ ਪਛਾਣਿਆ ਗਿਆ। ਇਨ੍ਹਾਂ ਦਾ ਵਿਕਾਸ ਸਹਿਕਾਰਤਾ ਦੇ ਨਿਯਮ ਅਨੁਸਾਰ ਕਰਨਾ ਸੀ।

(ੲ) ਮਜ਼ਦੂਰ ਅਤੇ ਪ੍ਰਬੰਧ ਵਿਚਾਲੇ ਸੰਬੰਧਾਂ ਨੂੰ ਸੁਧਾਰਨ ਲਈ ਕਾਨੂੰਨ ਬਣਾਏ ਗਏ ਤਾਂ ਕਿ ਉਹ ਉਦਯੋਗਿਕ ਉਤਪਾਦਨ ਵਿਚ ਚੰਗਾ ਯੋਗਦਾਨ ਪਾ ਸਕਣ।

(ਸ) ਵਿਦੇਸ਼ੀ ਪੂੰਜੀ ਬਾਰੇ ਸਰਕਾਰ ਦਾ ਰਵੱਈਆ ਇਹ ਸੀ ਕਿ ਆਧੁਨਿਕ ਤਕਨੀਕ ਅਤੇ ਉਸ ਦੀ ਜਾਣਕਾਰੀ ਲਈ ਵਿਦੇਸ਼ੀ ਪੂੰਜੀ ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਉਂਝ ਵੀ ਉਦਯੋਗੀਕਰਨ ਲਈ ਵਿੱਤੀ ਸਾਧਨਾਂ ਦੀ ਥੁੜ ਪੂਰੀ ਕਰਨ ਲਈ ਵਿਦੇਸ਼ੀ ਪੂੰਜੀ ਨੂੰ ਇਕ ਸਹਾਰੇ ਵਜੋਂ ਲਿਆ ਗਿਆ, ਪਰ ਅਧਿਨਿਯਮ (resolution) ਵਿਚ ਸਪਸ਼ਟ ਕਰ ਦਿੱਤਾ ਗਿਆ ਸੀ ਕਿ ਕਿਸੇ ਵੀ ਉੱਦਮ ਵਿਚ ਮਾਲਕੀ ਦਾ ਜ਼ਿਆਦਾ ਹਿੱਸਾ ਅਤੇ ਕੰਟਰੋਲ ਭਾਰਤੀ ਹੱਥਾਂ ਵਿਚ ਹੋਵੇਗਾ। ਟ੍ਰੇਨਿੰਗ ਲਈ ਮਾਹਿਰਾਂ ਦੀ ਥਾਂ ਤੇ ਭਾਰਤੀਆਂ ਨੂੰ ਹੀ ਲਿਜਾਇਆ ਜਾਵੇ।

ਕੁਲ ਮਿਲਾ ਕੇ 1948 ਦੀ ਉਦਯੋਗਿਕ ਨੀਤੀ ਦਾ ਜ਼ਿਆਦਾ ਜ਼ੋਰ ਭਾਰਤ ਵਿਚ ਮਿਸ਼ਰਤ ਅਰਥ ਵਿਵਸਥਾ ਦੀ ਨੀਂਹ ਰੱਖਣਾ ਸੀ, ਜਿਥੇ ਦੋਵੇਂ ਨਿੱਜੀ ਅਤੇ ਸਾਰਵਜਨਿਕ ਖੇਤਰ ਇਕੱਠੇ ਮਿਲ ਕੇ ਉਦਯੋਗਿਕ ਵਿਕਾਸ ਵਿਚ ਹਿੱਸਾ ਪਾਉਣਗੇ। ਭਾਵੇਂ ਅਧਿਨਿਯਮ ਵਿਚ ਸਰਕਾਰ ਨੂੰ ਇਹ ਹੱਕ ਦਿੱਤਾ ਗਿਆ ਸੀ ਕਿ ਲੋਕ ਭਲਾਈ ਕਰਕੇ ਕੁਝ ਨਿੱਜੀ ਖੇਤਰ ਦੇ ਯੂਨਿਟਾਂ ਨੂੰ ਸਰਕਾਰੀ ਖੇਤਰ ਅਧੀਨ ਕੀਤਾ ਜਾ ਸਕੇਗਾ, ਪਰ ਤਾਂ ਵੀ ਕੁਝ ਹਿੱਸਾ ਨਿੱਜੀ ਖੇਤਰ ਲਈ ਵੀ ਰਾਖਵਾਂ ਕਰ ਦਿੱਤਾ ਗਿਆ।

**2.3.3.1.3 ਮੁਲਾਂਕਣ (Evaluation) :** ਇਸ ਉਦਯੋਗਿਕ ਨੀਤੀ ਦਾ ਰਲਵਾਂ ਮਿਲਵਾਂ ਪ੍ਰਤੀਕਰਮ ਸੀ। ਖੱਬੇ-ਪੱਖੀ ਵਿਚਾਰਧਾਰਾ ਵਾਲਿਆਂ ਨੇ ਇਸ ਦਾ ਸੁਆਗਤ ਕੀਤਾ ਕਿਉਂਕਿ ਇਸ ਵਿਚ ਨਿੱਜੀ ਖੇਤਰ

ਨੂੰ ਕੰਟਰੋਲ ਕਰਕੇ ਸਰਕਾਰ ਦਾ ਦਾਇਰਾ ਵਧਾਏ ਜਾਣ ਦੀ ਤਜਵੀਜ਼ ਸੀ। ਛੋਟੇ ਉਦਯੋਗਾਂ ਨੂੰ ਮਹੱਤਵ ਦੇਣ ਦਾ ਭਾਵ ਸੀ ਕਿ ਛੋਟੇ ਉਤਪਾਦਨ-ਕਰਤਾ ਵੀ ਅੱਗੇ ਆਉਣ ਦੇ ਯੋਗ ਹੋ ਜਾਣਗੇ।

ਵਪਾਰਕ-ਜਮਾਤ ਨੇ ਇਸੇ ਗੱਲ ਕਰਕੇ ਇਸ ਦਾ ਵਿਰੋਧ ਕੀਤਾ ਕਿਉਂਕਿ ਨਿੱਜੀ ਖੇਤਰ ਦਾ ਕੰਮ ਕਰਨ ਦਾ ਘੇਰਾ ਸੌੜਾ ਹੋ ਜਾਂਦਾ ਸੀ। ਉਨ੍ਹਾਂ ਉਪਰ ਰਾਸ਼ਟਰੀਕਰਨ ਦਾ ਡਰ ਹਮੇਸ਼ਾਂ ਹੀ ਰਹਿੰਦਾ ਸੀ। ਕੁਝ ਸਾਲਾਂ ਬਾਅਦ 1951 ਵਿਚ ਜਦੋਂ ਉਦਯੋਗਿਕ ਵਿਕਾਸ ਅਤੇ ਰੈਗੂਲੇਸ਼ਨ ਐਕਟ ਪਾਸ ਕਰ ਦਿੱਤਾ ਗਿਆ ਤਾਂ ਇਸ ਦਾ ਹੋਰ ਵੀ ਵਿਰੋਧ ਹੋਣ ਲੱਗਾ।

**2.3.3.2 1956 ਦੀ ਉਦਯੋਗਿਕ ਨੀਤੀ (Industrial Policy Resolution, 1956) :** 1948 ਦੀ ਉਦਯੋਗਿਕ ਨੀਤੀ ਤੋਂ ਬਾਅਦ ਭਾਰਤ ਵਿਚ ਕਾਫੀ ਤੇਜ਼ੀ ਨਾਲ ਵਿਕਾਸ ਹੋਣ ਲੱਗਾ। 1950-51 ਤੋਂ ਪੰਜ ਸਾਲਾਂ ਯੋਜਨਾਵਾਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਪਾਰਲੀਮੈਂਟ ਨੇ ਸਮਾਜਕ ਅਤੇ ਆਰਥਕ ਨੀਤੀ ਦਾ ਮੁੱਖ ਉਦੇਸ਼ ਸਮਾਜ ਨੂੰ ਸਮਾਜਵਾਦੀ ਲੀਹਾਂ ਉੱਪਰ ਚਲਾਉਣ ਦਾ ਰਖਿਆ। ਇਨ੍ਹਾਂ ਤਬਦੀਲੀਆਂ ਕਰਕੇ ਨਵੀਂ ਉਦਯੋਗਿਕ ਨੀਤੀ ਬਣਾਉਣ ਦੀ ਜ਼ਰੂਰਤ ਪਈ। ਅਪ੍ਰੈਲ 1956 ਵਿਚ ਰੈਗੂਲੇਸ਼ਨ ਐਕਟ ਪਾਸ ਕਰਕੇ ਦੂਜੀ ਉਦਯੋਗਿਕ ਨੀਤੀ ਘੋਸ਼ਿਤ ਕੀਤੀ ਗਈ। ਇਸ ਨੀਤੀ ਦੇ ਮੁੱਖ ਉਦੇਸ਼ ਹੇਠ ਲਿਖੇ ਸਨ :

**2.3.3.2.1 ਉਦੇਸ਼ :**

(i) ਆਰਥਿਕ ਵਿਕਾਸ ਦੀ ਦਰ ਨੂੰ ਤੇਜ ਕਰਨਾ ਅਤੇ ਉਦਯੋਗੀਕਰਨ ਦੀ ਦਰ ਵਧਾਉਣਾ।

(ii) ਧਨ ਦੀ ਅਸਮਾਨਤਾ ਨੂੰ ਘੱਟ ਕਰਨਾ।

(iii) ਵਧ ਰਹੀ ਇਜ਼ਾਰੇਦਾਰੀ ਅਤੇ ਆਰਥਕ ਦਰ ਨੂੰ ਕੁੱਝ ਹੱਥਾਂ ਵਿਚ ਇਕੱਠੇ ਹੋਣ ਤੋਂ ਰੋਕਣਾ।

(iv) ਦੇਸ਼ ਦੀ ਭਾਰੀ ਮਸ਼ੀਨਰੀ ਬਣਾਉਣ ਵਾਲੇ ਉਦਯੋਗਾਂ ਦਾ ਵਿਕਾਸ ਕਰਨਾ ਅਤੇ

(v) ਸਾਰਵਜਨਿਕ ਖੇਤਰ ਅਤੇ ਸਹਿਕਾਰੀ ਖੇਤਰ ਦੇ ਉਦਮਾਂ ਨੂੰ ਵਿਸਤ੍ਰਿਤ ਕਰਨਾ।

ਇਸ ਨੀਤੀ ਦੇ ਮੁੱਖ ਅੰਸ਼ ਹੇਠ ਲਿਖੇ ਹਨ :-

(ੳ) ਉਦਯੋਗਾਂ ਦੀ ਨਵੀਂ ਵੰਡ

ਇਹ ਸ਼੍ਰੇਣੀ ਵੰਡ ਪਹਿਲਾਂ ਵਾਂਗ ਹੀ ਸੀ। ਪਰ ਹੁਣ ਇਨ੍ਹਾਂ ਦੀ ਪਰਿਭਾਸ਼ਾ ਜ਼ਿਆਦਾ ਸਪਸ਼ਟ ਕਰ ਦਿੱਤੀ ਗਈ ਅਤੇ ਸਰਵਜਨਕ ਖੇਤਰ ਦੇ ਰੋਲ ਨੂੰ ਜ਼ਿਆਦਾ ਮਹਾਨਤਾ ਦਿੱਤੀ ਗਈ।

**(i) ਅਨੁਸੂਚੀ ਏ** (**Schedule A**) :- ਇਸ ਵਿਚ ਮਹੱਤਵਪੂਰਣ 17 ਉਦਯੋਗ* ਰੱਖੇ ਗਏ ਜਿਨ੍ਹਾਂ ਦੇ ਵਿਕਾਸ ਅਤੇ ਸ਼ੁਰੂ ਕਰਨ ਦੀ ਜ਼ਿੰਮੇਵਾਰੀ ਪੂਰਨ ਰੂਪ ਵਿਚ ਸਾਰਵਜਨਿਕ ਖੇਤਰ ਦੀ ਸੀ।

**(ii) ਅਨੁਸੂਚੀ ਬੀ (Schedule B) :-** ਇਸ ਸ਼੍ਰੇਣੀ ਵਿਚ ਉਹ 12 ਉਦਯੋਗ** ਸਨ ਜਿਨ੍ਹਾਂ ਦਾ ਹੌਲੀ-ਹੌਲੀ ਰਾਸ਼ਟਰੀਕਰਨ ਕਰ ਲਿਆ ਜਾਣਾ ਸੀ। ਇਨ੍ਹਾਂ ਉਦਯੋਗਾਂ ਵਿਚ ਨਵਾਂ

---

***Schedule A :**

Arms and Ammunition, atomic energy, iron & steel, heavy casting and forgoing of iron and steel, heavy machinery required for iron & steel production, for mining, for machine tool manufacturers, etc. heavy electric industries, mineral oils and other important minerals like copper, lead and zinc, aircraft, air transport, ship building, telephone, telegraph and wireless equipment, generation and distribution of electricity.

****Schedule B :**

Other mining industries, aluminium and the non-ferrous metals not included in Schedule A : machine tools, ferro-alloys and tools, steels, the chemical industry, antibiotics and other essential drugs, fetilizers, synthetic rubber, carbonization of coal, chemical pulp, road transport and sea transport.

ਨਿਵੇਸ਼ ਸਾਰਵਜਨਿਕ ਖੇਤਰ ਦੁਆਰਾ ਹੀ ਹੋਣਾ ਸੀ। ਇਹ ਦੇਸ਼ ਦੇ ਉਦਯੋਗੀਕਰਨ ਦੀ ਦਰ ਤੇਜ਼ ਕਰਨ ਵਾਸਤੇ ਜ਼ਰੂਰੀ ਸੀ। ਪਰ ਨਿੱਜੀਖੇਤਰ ਜਿਨ੍ਹਾਂ ਯੂਨਿਟਾਂ ਹੇਠ ਠੀਕ ਕੰਮ ਕਰ ਰਿਹਾ ਹੈ ਉਨ੍ਹਾਂ ਨੂੰ ਜਾਰੀ ਰੱਖਣ ਦੀ ਵੀ ਇਜਾਜ਼ਤ ਸੀ।

**(iii) ਅਨੁਸੂਚੀ ਸੀ (Schedule C) :–** ਬਾਕੀ ਬੱਚਦੇ ਸਾਰੇ ਉਦਯੋਗ ਜਿਹੜੇ 'ਏ' ਅਤੇ 'ਬੀ' ਅਨੁਸੂਚੀ ਵਿਚ ਦਰਜ ਨਹੀਂ ਸਨ ਹੋਏ, ਇਸ ਸ਼੍ਰੇਣੀ ਵਿਚ ਰੱਖੇ ਗਏ। ਇਨ੍ਹਾਂ ਦਾ ਵਿਕਾਸ ਨਿੱਜੀ ਖੇਤਰ ਦੇ ਹਵਾਲੇ ਕਰ ਦਿੱਤਾ ਗਿਆ ਪਰ ਉਨ੍ਹਾਂ ਨੇ ਸਰਕਾਰ ਦੀ ਸਮਾਜਕ ਅਤੇ ਆਰਥਿਕ ਨੀਤੀ ਜਿਹੜਾ 1951 ਦੇ ਐਕਟ ਵਿਚ ਸੀ, ਅਨੁਸਾਰ ਅਤੇ ਢੁਕਵੇਂ ਕਾਨੂੰਨ ਤਹਿਤ ਹੀ ਕੰਮ ਕਰਨਾ ਸੀ। ਸਰਕਾਰ ਨੇ ਤਾਂ ਇਸ ਖੇਤਰ ਨੂੰ ਬਿਜਲੀ, ਆਵਾਜਾਈ ਆਦਿ ਸਹੂਲਤਾਂ ਦੇਣੀਆਂ ਸਨ।

ਪਰ ਇਹ ਸ਼੍ਰੇਣੀ ਵੰਡ ਇਤਨੀ ਜ਼ਿਆਦਾ ਸਖ਼ਤ, ਨਹੀਂ ਸੀ। ਕਿਸੇ ਖ਼ਾਸ ਢੁੱਕਵੇਂ ਸਮੇਂ ਤੇ ਨਿੱਜੀ ਖੇਤਰ ਉਨ੍ਹਾਂ ਵਸਤਾਂ ਦਾ ਉਤਪਾਦਨ ਕਰ ਸਕਦਾ ਸੀ ਜਿਹੜੀਆਂ ਏ ਸ਼੍ਰੇਣੀ ਵਿਚ ਹਨ। ਭਾਰੀ ਉਦਯੋਗਾਂ ਲਈ ਜ਼ਰੂਰੀ ਪੁਰਜ਼ਿਆਂ ਆਦਿ ਦੀ ਜ਼ਰੂਰਤ ਨਿੱਜੀ ਖੇਤਰ ਦੁਆਰਾ ਪੂਰੀ ਕੀਤੀ ਜਾ ਸਕਦੀ ਹੈ। ਉਪਰ ਨਿੱਜੀ ਖੇਤਰ ਵੀ ਕਈ ਜ਼ਰੂਰਤਾਂ ਦੀ ਪ੍ਰਾਪਤੀ ਲਈ ਸਾਰਵਜਨਿਕ ਖੇਤਰ ਉਪਰ ਨਿਰਭਰ ਕਰ ਸਕਦਾ ਹੈ। ਜ਼ਰੂਰਤ ਪਵੇ ਤਾਂ ਸਰਕਾਰ ਸ਼੍ਰੇਣੀ 'ਸੀ' ਵਿਚ ਦਾਖ਼ਲ ਹੋ ਸਕਦੀ ਹੈ।

**(ਅ) ਨਿੱਜੀ ਖੇਤਰ ਪ੍ਰਤੀ ਜਾਇਜ਼ ਅਤੇ ਨਿਰਪੱਖ ਵਤੀਰਾ**

ਉਸ ਵੇਲੇ ਸਰਕਾਰ ਅਤੇ ਯੋਜਨਾਕਾਰਾਂ ਦਾ ਮਕਸਦ ਦੇਸ਼ ਦੀਆਂ ਆਰਥਿਕ, ਸਮਾਜਵਾਦੀ, ਲੀਹਾਂ ਦਾ ਵਿਕਾਸ ਕਰਨਾ ਸੀ। ਇਸ ਲਈ ਉਨ੍ਹਾਂ ਮਿਸ਼ਰਤ ਅਰਥ ਵਿਵਸਥਾ ਦਾ ਰਸਤਾ ਚੁਣਿਆ, ਅਰਥਾਤ ਪਬਲਿਕ ਅਤੇ ਪ੍ਰਾਈਵੇਟ ਸੈਕਟਰ ਦੋਵੇਂ ਇਕ ਦੂਜੇ ਦੇ ਪੂਰਕ ਹੋਣਗੇ। ਇਸ ਉਦੇਸ਼ ਦੀ ਪੂਰਤੀ ਲਈ ਨਿੱਜੀ ਖੇਤਰ ਨੂੰ ਭਰੋਸੇ ਵਿਚ ਲੈਣ ਲਈ ਉਨ੍ਹਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ। ਇਨ੍ਹਾਂ ਵਿਚ ਆਵਾਜਾਈ, ਬਿਜਲੀ ਆਦਿ ਦੀਆਂ ਸਭ ਸਹੂਲਤਾਂ ਸ਼ਾਮਲ ਸਨ।

**(ੲ) ਘਰੇਲੂ ਅਤੇ ਛੋਟੇ ਉਦਯੋਗਾਂ ਨੂੰ ਉਤਸ਼ਾਹਤ ਕਰਨਾ**

ਸਰਕਾਰ ਘਰੇਲੂ ਅਤੇ ਛੋਟੇ ਉਦਯੋਗਾਂ ਨੂੰ ਕਈ ਤਰੀਕਿਆਂ ਨਾਲ ਉਤਸ਼ਾਹ ਕਰੇਗੀ। ਜਿਵੇਂ ਵੱਡੇ ਉਦਯੋਗਾਂ ਲਈ ਉਤਪਾਦਨ ਦੀ ਮਿਕਦਾਰ ਉਪਰ ਪਾਬੰਦੀ ਲਗਾ ਕੇ, ਟੈਕਸ ਵਿਭੇਦ (differential taxation) ਜਾਂ ਸਿੱਧੀ ਸਬਸਿਡੀ ਆਦਿ ਦਾ ਸਿਸਟਮ ਲਾਗੂ ਕਰਕੇ।

**(ਸ) ਖੇਤਰੀ ਅਸੰਤੁਲਨ ਖਤਮ ਕਰਨਾ**

ਇਸ ਨੀਤੀ ਵਿਚ ਸਰਕਾਰੀ ਖੇਤਰ ਦੁਆਰਾ ਪਛੜੇ ਖੇਤਰਾਂ ਵਿਚ ਉਦਯੋਗ ਲਗਾਉਣ ਉਪਰ ਜ਼ੋਰ ਦਿੱਤਾ ਗਿਆ। ਇਹ ਇਸ ਨੀਤੀ ਦਾ ਮੁੱਖ ਉਦੇਸ਼ ਵੀ ਸੀ ਕਿ ਖੇਤਰੀ ਅਸੰਤੁਲਨ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।

**(ਹ) ਮਜ਼ਦੂਰਾਂ ਨੂੰ ਵੱਧ ਸਹੂਲਤਾਂ ਪ੍ਰਦਾਨ ਕਰਨਾ**

ਇਕ ਸਮਾਜਵਾਦੀ ਢਾਂਚੇ ਵਿਚ ਇਕ ਮੁੱਢਲੀ ਸ਼ਰਤ ਹੈ ਕਿ ਮਜ਼ਦੂਰ ਦਾ ਵਿਕਾਸ ਵਿਚ ਇਕ ਅਹਿਮ ਰੋਲ ਹੁੰਦਾ ਹੈ। ਇਸ ਉਦੇਸ਼ ਦੀ ਪੂਰਤੀ ਵਾਸਤੇ ਮਜ਼ਦੂਰਾਂ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਜਿਵੇਂ ਰਹਿਣ ਅਤੇ ਕੰਮ ਕਰਨ ਦੀ ਥਾਂ ਵਿਚ ਸੁਧਾਰ ਕਰਨਾ, ਕੰਮ ਦੇ ਘੰਟੇ ਘਟਾਉਣੇ ਆਦਿ। ਇਸ ਦਾ ਮੁੱਖ ਮੰਤਵ-ਮਜ਼ਦੂਰ-ਮਾਲਕ ਦੇ ਰਿਸ਼ਤੇ ਨੂੰ ਸੁਖਾਵਾਂ ਬਣਾਉਣਾ ਸੀ ਤਾਂ ਕਿ ਹੜਤਾਲ ਜਾਂ ਤਾਲਾਬੰਦੀ ਆਦਿ ਕਾਰਣ ਵਿਕਾਸ ਵਿਚ ਰੁਕਾਵਟ ਨਾ ਪਵੇ।

**(ਕ) ਵਿਦੇਸ਼ੀ ਪੂੰਜੀ ਪ੍ਰਤੀ ਰਵੱਈਆ**

ਇਹ ਲਗਭਗ ਪਹਿਲੀ ਨੀਤੀ ਵਾਲਾ ਹੀ ਸੀ, ਸਗੋਂ ਇਸ ਨੀਤੀ ਵਿਚ ਵਿਦੇਸ਼ੀ ਪੂੰਜੀ ਨੂੰ ਉਤਸ਼ਾਹਿਤ

ਹੀ ਕੀਤਾ ਗਿਆ ਕਿਉਂਕਿ ਯੋਜਨਾਕਾਰ ਭਾਰੀ ਉਦਯੋਗ ਜੁਗਤ ਤਹਿਤ ਵੱਡੇ ਉਦਯੋਗਾਂ ਵਿਚ ਨਿਵੇਸ਼ ਕਰਨ ਲਈ ਯੋਜਨਾਵਾਂ ਬਣਾ ਰਹੇ ਸਨ। ਇਸ ਲਈ ਵਿਦੇਸ਼ੀ ਪੂੰਜੀ ਤੋਂ ਭਾਰੀ ਮਸ਼ੀਨਰੀ ਅਤੇ ਤਕਨੀਕ ਹਾਸਲ ਕਰਨ ਲਈ ਇਸ ਨੂੰ ਖੁਲ੍ਹ ਦੇ ਦਿੱਤੀ ਗਈ ਭਾਵੇਂ ਇਹ ਭਾਰਤੀ ਧਾਰਾਵਾਂ ਅਨੁਸਾਰ ਕਿਸੇ ਕੰਟਰੋਲ ਅਧੀਨ ਹੀ ਲੱਗਣੀ ਸੀ।

### 2.3.3.2.3 ਮੁਲਾਂਕਣ

(i) ਇਸ ਨਾਲ ਨਿੱਜੀ ਖੇਤਰ ਦੇ ਵਿਕਾਸ ਨੂੰ ਧੱਕਾ ਲੱਗਾ, ਜਦੋਂ ਉਨ੍ਹਾਂ ਨੂੰ ਸ਼ੱਕ ਰਹਿੰਦਾ ਸੀ ਕਿ ਉਨ੍ਹਾਂ ਦੇ ਯੂਨਿਟਾਂ ਦਾ ਕਿਸੇ ਵੇਲੇ ਵੀ ਰਾਸ਼ਟਰੀਕਰਨ ਕੀਤਾ ਜਾ ਸਕਦਾ ਹੈ। ਇਵੇਂ ਵੀ ਕਿਹਾ ਗਿਆ ਕਿ ਸ੍ਰੇਣੀ ਵੰਡ ਬਹੁਤੀ ਸਖ਼ਤ ਨਹੀਂ। ਫਿਰ ਵੀ ਸਰਕਾਰ ਕਿਸੇ ਵੀ ਖੇਤਰ ਵਿਚ ਕਿਸੇ ਵੀ ਵੇਲੇ ਨਿਵੇਸ਼ ਕਰ ਸਕਦੀ ਹੈ। ਨਿੱਜੀ ਖੇਤਰ ਇਸ ਨੂੰ ਆਪਣੇ ਅਧਿਕਾਰ ਖੇਤਰ ਉਪਰ ਨਜਾਇਜ਼ ਕੰਟਰੋਲ ਸਮਝਣ ਲਗਿਆ।

(ii) ਪਬਲਿਕ ਸੈਕਟਰ ਦੀ ਭੂਮਿਕਾ ਵੀ ਨਿਸ਼ਚਿਤ ਨਹੀਂ ਕਿਉਂਕਿ ਇਹ ਕਹਿ ਦਿੱਤਾ ਗਿਆ ਕਿ ਨਿੱਜੀ ਖੇਤਰ ਜ਼ਰੂਰਤ ਪੈਣ ਤੇ ਸ੍ਰੇਣੀ 'ਏ' ਵਿਚਲੇ ਉਦਯੋਗਾਂ ਵਿਚ ਵੀ ਨਿਵੇਸ਼ ਕਰ ਸਕਦਾ ਹੈ।

(iii) ਮੁੱਢਲੇ ਅਤੇ ਭਾਰੀ ਉਦਯੋਗਾਂ ਦੇ ਨਿਵੇਸ਼ ਨੂੰ ਲੋੜ ਤੋਂ ਵੱਧ ਮਹੱਤਤਾ ਦਿੱਤੀ ਗਈ। ਭਾਰੀ ਉਦਯੋਗ ਜੁਗਤ (heavy industry strategy) ਦੀ ਸਭ ਪਾਸਿਆਂ ਤੋਂ ਆਲਚੋਨਾ ਹੀ ਹੋਈ। ਇਸ ਦਾ ਖੇਤੀਬਾੜੀ ਦੇ ਵਿਕਾਸ ਉਪਰ ਮਾੜਾ ਪ੍ਰਭਾਵ ਪਿਆ। ਉਪਰ ਰੁਜ਼ਗਾਰ ਦੇ ਵੱਧ ਮੌਕੇ ਮੁਹੱਈਆਂ ਕਰਨ ਦਾ ਟੀਚਾ ਵੀ ਗ਼ਲਤ ਸਾਬਤ ਹੁੰਦਾ ਦਿਸਿਆ।

(iv) ਛੋਟੇ ਉਦਯੋਗਾਂ ਨੂੰ ਆਜ਼ਾਦ ਤੌਰ ਤੇ ਵਿਕਾਸ ਕਰਨ ਦੀਆਂ ਸਹੂਲਤਾਂ ਦਿੱਤੀਆਂ ਗਈਆਂ। ਪਰ ਇਨ੍ਹਾਂ ਦਾ ਵੱਡੇ ਉਦਯੋਗਾਂ ਨਾਲ ਕੀ ਸੰਬੰਧ ਹੋਵੇਗਾ, ਸਪਸ਼ਟ ਨਾ ਕੀਤਾ ਗਿਆ।

(v) ਭਾਰੀ ਉਦਯੋਗਾਂ ਨੂੰ ਸ਼ੁਰੂ ਕਰਨ ਵਾਸਤੇ ਲੋੜੀਂਦਾ ਵਿੱਤੀ ਅਤੇ ਤਕਨੀਕੀ ਸਾਧਨ ਨਾ ਹੋਣ ਕਰਕੇ ਮੁੜ ਤੋਂ ਸਾਨੂੰ ਵਿਦੇਸ਼ੀ ਪੂੰਜੀ ਦਾ ਸਹਾਰਾ ਲੈਣਾ ਪਿਆ। ਅਸੀਂ ਮੁੜ ਤੋਂ ਆਰਥਕ ਤੌਰ ਤੇ ਵਿਦੇਸ਼ਾਂ ਦੇ ਅਧੀਨ ਹੋਣ ਲਗ ਪਏ। ਜਿਵੇਂ ਉਸ ਵੇਲੇ ਦੀਆਂ ਪੱਛਮੀ ਕੰਪਨੀਆਂ ਦੀ ਭਾਰਤ ਵਿਚ ਤੇਲ ਸਾਫ ਕਰਨ ਦੀ ਅਧੀਨਤਾ ਹੁਣ ਤਕ ਚਲ ਰਹੀ ਹੈ। ਇਥੇ ਹੀ ਬਸ ਨਹੀਂ। ਕਈ ਵਿਦੇਸ਼ੀ ਕੰਪਨੀਆਂ ਨੇ ਵੀ ਭਾਰਤ ਵਿਚ ਸਿੱਧੇ ਰੂਪ ਵਿਚ ਕਾਰਖਾਨੇ ਲਗਾਉਣ ਦੀ ਇਜਾਜ਼ਤ ਮੰਗੀ।

## 2.3.3.3 ਉਦਯੋਗਿਕ ਨੀਤੀ, 1977

1977 ਵਿਚ ਸਰਕਾਰ ਬਦਲੀ। ਜਨਤਾ ਸਰਕਾਰ ਦੁਆਰਾ ਨਵੀਂ ਉਦਯੋਗਿਕ ਨੀਤੀ ਦਾ ਐਲਾਨ ਕਰਨ ਦੇ ਕਈ ਕਾਰਣ ਦੱਸੇ ਗਏ। ਪਿਛਲੇ 20 ਸਾਲਾਂ ਤੋਂ ਇਕੋ ਹੀ ਉਦਯੋਗਿਕ ਨੀਤੀ ਚਲੀ ਆ ਰਹੀ ਸੀ। ਇਸ ਵਿਚ ਤਬਦੀਲੀ ਜ਼ਰੂਰੀ ਸੀ। ਇਨ੍ਹਾਂ ਕਾਰਨਾਂ ਨੂੰ 1977 ਦੀ ਉਦਯੋਗਿਕ ਨੀਤੀ ਦੇ ਉਦੇਸ਼ਾਂ ਦੇ ਰੂਪ ਵਿਚ ਮੰਨਿਆ ਗਿਆ।

### 2.3.3.3.1 ਉਦੇਸ਼

(i) ਵਿਕਾਸ ਯੋਜਨਾਵਾਂ ਦੇ ਬਾਵਜੂਦ ਉਦਯੋਗਿਕ ਵਿਕਾਸ ਦੀ ਪੱਧਰ 3 ਪ੍ਰਤੀਸ਼ਤ ਤੋਂ ਵੱਧ ਨਾ ਹੋ ਸਕੀ। ਕਈ ਪ੍ਰੋਗਰਾਮ ਅਤੇ ਨੀਤੀਆਂ ਲਾਗੂ ਕਰਨ ਦੇ ਬਾਵਜੂਦ ਵੀ ਸਰਕਾਰ ਸਮਾਜ ਵਿਚ ਸਮਾਜਕ-ਆਰਥਿਕ ਨਾ-ਬਰਾਬਰੀਆਂ ਨੂੰ ਘਟ ਨਾ ਕਰ ਸਕੀ। ਨਾ ਹੀ ਪਛੜੇ ਖੇਤਰਾਂ ਦਾ ਵਿਕਾਸ ਹੀ ਤਸੱਲੀਬਖਸ਼ ਹੋਇਆ। ਅਸਲੀ ਵਿਕਾਸ ਨਿਵੇਸ਼ ਇਕ ਪੱਧਰ ਤੇ ਆ ਕੇ ਰੁਕ ਗਿਆ ਹੈ। ਇਸ ਲਈ ਬੇਰੁਜ਼ਗਾਰੀ ਵਧੀ ਹੈ।

(ii) ਪੇਂਡੂ-ਸ਼ਹਿਰੀ ਅਸਮਾਨਤਾਵਾਂ ਵਧੀਆਂ ਹਨ।

(iii) ਵੱਡੇ ਘਰਾਣਿਆਂ ਦੇ ਸਾਧਨ ਬੇਰੋਕਟੋਕ ਵੱਧ ਰਹੇ ਸਨ। ਇਸ ਦੇ ਨਾਲ ਉਨ੍ਹਾਂ ਨਾਲੋਂ ਇਜਾਰੇਦਾਰੀ ਦੀ ਅਵਸਥਾ ਪੈਦਾ ਕਰ ਲੈਣ ਕਾਰਣ ਛੋਟੇ ਉਦਯੋਗਾਂ ਨਾਲ ਮੁਕਾਬਲਾ ਵਧ ਗਿਆ। ਕਈ ਉਦਯੋਗੀਕਰਨ ਯੂਨਿਟ ਤਾਂ ਇਨ੍ਹਾਂ ਦਾ ਮੁਕਾਬਲਾ ਕਰ ਸਕਣ ਵਿਚ ਅਸਮਰਥ ਹੋਣ ਕਰਕੇ ਬੰਦ ਹੀ ਹੋ ਗਏ ਅਤੇ ਕਈ ਬੀਮਾਰ ਯੂਨਿਟ ਘੋਸ਼ਿਤ ਕਰ ਦਿੱਤੇ ਗਏ।

(iv) ਇਸ ਤੋਂ ਇਲਾਵਾ ਵੱਡੀਆਂ ਬਹੁਕੌਮੀ ਕੰਪਨੀਆਂ ਭਾਰਤੀ ਮੰਡੀ ਵਿਚ ਕਾਫੀ ਜ਼ਿਆਦਾ ਦਾਖ਼ਲ ਹੋ ਚੁੱਕੀਆਂ ਸਨ।

ਉਪਰ ਦਿੱਤੇ ਸਾਰੇ ਕਾਰਨਾਂ ਉਪਰ ਕਾਬੂ ਪਾਉਣਾ ਇਸ ਨੀਤੀ ਦੇ ਮੁੱਖ ਉਦੇਸ਼ ਸਨ।

### 2.3.3.3.2 ਉਦਯੋਗਿਕ ਨੀਤੀ 1977 ਦੇ ਮੁਖ ਅੰਸ਼ ਹੇਠਾਂ ਲਿਖੇ ਹਨ :

### (ੳ) ਘਰੇਲੂ ਅਤੇ ਛੋਟੇ ਉਦਯੋਗਾਂ ਦਾ ਵਿਕਾਸ

ਨੀਤੀ ਵਿਚ ਇਹ ਸਾਫ਼ ਸਪਸ਼ਟ ਕੀਤਾ ਗਿਆ ਕਿ ਹੁਣ ਤਕ ਦੀਆਂ ਉਦਯੋਗਿਕ ਨੀਤੀਆਂ ਵਿਚ ਤਾਂ ਵੱਡੇ ਉਦਯੋਗਾਂ ਨੂੰ ਹੀ ਮਹੱਤਤਾ ਦਿੱਤੀ ਗਈ ਹੈ। ਹੁਣ ਛੋਟੇ ਉਦਯੋਗਾਂ ਦੇ ਵਿਕਾਸ ਲਈ ਖਾਸ ਕਦਮ ਚੁੱਕੇ ਜਾਣਗੇ ਜਿਹੜੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਤਕ ਫੈਲਾਏ ਜਾਣਗੇ। ਸਰਕਾਰ ਦੀ ਇਹ ਨੀਤੀ ਹੋਵੇਗੀ ਕਿ ਜਿਹੜਾ ਉਤਪਾਦਨ ਛੋਟੇ ਉਦਯੋਗਾਂ ਵਿਚ ਹੋ ਸਕਦਾ ਹੈ, ਉਹ ਛੋਟੇ ਉਦਯੋਗਾਂ ਦੁਆਰਾ ਹੀ ਹੋਵੇਗਾ।

ਛੋਟੇ ਉਦਯੋਗਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ :

(i) ਘਰੇਲੂ ਅਤੇ ਕੁਟੀਰ ਉਦਯੋਗ ਜਿਹੜੇ ਸਵੈ-ਰੁਜ਼ਗਾਰ (Self-Employment) ਪ੍ਰਦਾਨ ਕਰਦੇ ਹਨ।

(ii) ਟਾਇਨੀ ਖੇਤਰ (Tiny Sector) :- ਇਸ ਖੇਤਰ ਵਿਚ ਯੂਨਿਟ ਦੀ ਮਸ਼ੀਨਰੀ ਅਤੇ ਸਾਜ਼ੋ ਸਮਾਨ ਵਿਚ ਇਕ ਲੱਖ ਰੁਪਏ ਦਾ ਨਿਵੇਸ਼ ਹੋਵੇ ਅਤੇ ਜਿਸ ਕਸਬੇ ਵਿਚ ਲਗਿਆ ਹੋਵੇ ਉਥੇ ਦੀ ਵਸੋਂ ਕਰੀਬ 50,000 ਹੋਵੇ।

(iii) ਛੋਟੇ ਪੈਮਾਨੇ ਦੇ ਉਦਯੋਗ :- ਇਨ੍ਹਾਂ ਦਾ ਨਿਵੇਸ਼ 15 ਲੱਖ ਰੁਪਏ ਹੋਵੇ। ਇਸ ਦੇ ਸਹਾਇਕ ਉਦਯੋਗਾਂ (ancilliary) ਵਿਚ ਸਥਿਰ ਪੂੰਜੀ ਨਿਵੇਸ਼ 15 ਲੱਖ ਰੁਪਏ ਹੋਵੇ।

ਜਨਤਾ ਸਰਕਾਰ ਨੇ ਛੋਟੇ ਉਦਯੋਗਾਂ ਦੀਆਂ ਦੱਸੀਆਂ ਤਿੰਨ ਸ਼੍ਰੇਣੀਆਂ ਦਾ ਇਕੋ ਜਿਹਾ ਵਿਕਾਸ ਕੀਤਾ। ਸ਼੍ਰੇਣੀਆਂ ਇਸ ਲਈ ਬਣਾਈਆਂ ਗਈਆਂ ਤਾਂ ਕਿ ਸਭ ਦੇ ਵਿਕਾਸ ਲਈ ਵੱਖ-ਵੱਖ ਨੀਤੀਆਂ ਬਣਾਈਆਂ ਜਾ ਸਕਣ। ਘਰੇਲੂ ਅਤੇ ਛੋਟੇ ਉਦਯੋਗਾਂ ਦੇ ਵਿਕਾਸ ਲਈ ਹੇਠਾਂ ਲਿਖੇ ਕਦਮ ਚੁਕੇ ਗਏ :-

- ਮਈ, 1978 ਤਕ ਸਰਕਾਰ ਨੇ ਉਨ੍ਹਾਂ 180 ਵਸਤਾਂ ਦੀ ਗਿਣਤੀ ਵਧਾ ਕੇ 807 ਕਰ ਦਿੱਤੀ ਜਿਹੜੇ ਇਸ ਖੇਤਰ ਵਿਚ ਰਾਖਵੀਆਂ ਸਨ।
- ਹਰ ਜ਼ਿਲ੍ਹੇ ਵਿਚ ਏਜੰਸੀ ਕਾਇਮ ਕਰਨ ਦੀ ਤਜਵੀਜ਼ ਰੱਖੀ ਗਈ ਜਿਸ ਨੂੰ ਜ਼ਿਲ੍ਹਾ ਉਦਯੋਗ ਕੇਂਦਰ (District Industrial Centre) ਕਿਹਾ ਜਾਂਦਾ ਸੀ। ਇਸ ਦਾ ਕੰਮ ਛੋਟੇ ਅਤੇ ਪੇਂਡੂ ਉਤਪਾਦਕ ਕਰਤਾ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆਂ ਕਰਨਾ ਸੀ। ਇਸ ਦਾ ਇਕ ਸਪੈਸ਼ਲ ਵਿੰਗ ਬਣਾ ਦਿੱਤਾ ਗਿਆ ਜਿਹੜਾ ਇਨ੍ਹਾਂ ਦੀਆਂ ਵਿੱਤੀ ਜ਼ਰੂਰਤਾਂ ਪੂਰੀਆਂ ਕਰੇਗਾ।
- ਖਾਦੀ ਅਤੇ ਪੇਂਡੂ ਉਦਯੋਗ ਕਮਿਸ਼ਨ ਨੂੰ ਮੁੜ ਸੋਧਿਆ ਗਿਆ ਤਾਂ ਕਿ ਇਨ੍ਹਾਂ ਦੇ ਕੰਮ ਕਰਨ ਦਾ ਖੇਤਰ ਵਿਸ਼ਾਲ ਹੋ ਸਕੇ। ਕਈ ਪ੍ਰਕਾਰ ਦੇ ਸਾਧਨਾਂ ਦਾ ਉਤਪਾਦਨ ਵਧਾ ਦਿੱਤਾ ਗਿਆ। ਇਸ ਨਾਲ ਉਤਪਾਦਨ ਦੀ ਕਿਸਮ ਅਤੇ ਕੁਆਲਿਟੀ ਵਿਚ ਵੀ ਕਈ ਸੁਧਾਰ ਕਰਨ ਦੇ ਮੌਕੇ ਦਿੱਤੇ ਗਏ।

## (ਅ) ਵੱਡੇ ਉਦਯੋਗਾਂ ਦਾ ਵਿਕਾਸ

ਇਸ ਉਦਯੋਗਿਕ ਨੀਤੀ ਅਨੁਸਾਰ ਵੱਡੇ ਉਦਯੋਗਾਂ ਦਾ ਰੋਲ, ਖੇਤੀਬਾੜੀ ਖੇਤਰ ਵਿਚ ਸੁਧਾਰ ਲਿਆ ਕੇ, ਛੋਟੇ ਤੇ ਪੇਂਡੂ ਉਦਯੋਗਾਂ ਨੂੰ ਉਤਸ਼ਾਹਤ ਕਰਕੇ ਆਮ ਲੋਕਾਂ ਦੀਆਂ ਘੱਟੋ ਘੱਟ ਜ਼ਰੂਰੀ ਲੋੜਾਂ ਨੂੰ ਪੂਰਾ ਕਰਨਾ ਹੈ। ਵੱਡੇ ਉਦਯੋਗਾਂ ਦੇ ਅਧਿਕਾਰ ਖੇਤਰ ਵਿਚ ਇਹ ਉਦਯੋਗ ਸਨ :

(i) ਉਹ ਮੁੱਢਲੇ ਉਦਯੋਗ ਜਿਹੜੇ ਲੰਮੇ ਸਮੇਂ ਵਿਚ ਉਦਯੋਗਿਕ ਉੱਨਤੀ ਵਾਸਤੇ ਸੰਰਚਨਾਤਮਕ ਢਾਂਚੇ ਦੀ ਉਸਾਰੀ ਲਈ ਸਹਾਈ ਹੋਣ ਅਤੇ ਨਾਲ ਹੀ ਛੋਟੇ ਉਦਯੋਗਾਂ ਦੇ ਵਿਕਾਸ ਵਿਚ ਵੀ ਯੋਗਦਾਨ ਪਾਉਣ ਜਿਵੇਂ ਸਟੀਲ, ਗੈਰ-ਫੌਲਾਦੀ ਧਾਤ, ਸੀਮਿੰਟ ਅਤੇ ਤੇਲ ਆਦਿ।

(ii) ਪੂੰਜੀਗਤ ਉਦਯੋਗ ਜਿਹੜੇ ਮਸ਼ੀਨਰੀ ਦੀ ਜ਼ਰੂਰਤ ਪੂਰੀ ਕਰਨ ਵਾਸਤੇ ਉੱਚੀ ਪੱਧਰੀ ਤਕਨੀਕ ਦਾ ਉਪਯੋਗ ਕਰਨ ਵਾਲੇ ਉਦਯੋਗ ਜਿਹੜੇ ਕੇਵਲ ਵੱਡੇ ਉਦਯੋਗ ਵਿਚ ਹੀ ਹੋ ਸਕਦੇ ਹਨ, ਪਰ ਨਾਲ ਹੀ ਛੋਟੇ ਉਦਯੋਗਾਂ ਦਾ ਵਿਕਾਸ ਅਤੇ ਖੇਤੀਬਾੜੀ ਨਾਲ ਜੁੜੇ ਹੋਣ ਜਿਵੇਂ ਖਾਦਾਂ, ਕੀੜੇਮਾਰ ਦਵਾਈਆਂ, ਪੈਟਰੋਕੈਮੀਕਲਜ਼ ਆਦਿ।

(iii) ਆਰਥਿਕ ਨਾ-ਬਰਾਬਰੀਆਂ ਘਟਾਉਣ ਵਾਸਤੇ MRTP Act ਨੂੰ ਸਖਤੀ ਨਾਲ ਲਾਗੂ ਕਰਨ ਦਾ ਸੁਝਾਅ ਦਿੱਤਾ ਗਿਆ।

(iv) ਸਾਰਵਜਨਿਕ ਵਿੱਤੀ ਸੰਸਥਾਵਾਂ ਨੂੰ ਇਹ ਹਦਾਇਤ ਦਿੱਤੀ ਗਈ ਕਿ ਨਵੇਂ ਯੂਨਿਟਾਂ ਨੂੰ ਸ਼ੁਰੂ ਕਰਨ ਦੀ ਥਾਂ ਪੁਰਾਣੇ ਅਤੇ ਪਹਿਲਾਂ ਤੋਂ ਚੱਲ ਰਹੇ ਉਦਯੋਗਾਂ ਨੂੰ ਵੱਧ ਵਿੱਤੀ ਸਹਾਇਤਾ ਦਿੱਤੀ ਜਾਵੇ। ਨਵੇਂ ਯੂਨਿਟ ਉਦੋਂ ਹੀ ਲਗਾਏ ਜਾਣ ਜਦੋਂ ਦੇਸ਼ ਨੂੰ ਇਨ੍ਹਾਂ ਦੀ ਜ਼ਰੂਰਤ ਹੋਵੇ।

(v) ਸਾਰਵਜਨਿਕ ਖੇਤਰ ਦੇ ਵਿਕਾਸ ਵੱਲ ਜ਼ਿਆਦਾ ਜ਼ੋਰ ਦਿੱਤਾ ਗਿਆ। ਮਹੱਤਵਪੂਰਣ ਖੇਤਰ ਵਿਚ ਉਤਪਾਦਨ ਤੋਂ ਇਲਾਵਾ ਇਸ ਨੂੰ ਉਪਭੋਗੀ ਅਤੇ ਹੋਰ ਜ਼ਰੂਰੀ ਵਸਤਾਂ ਦੀ ਪੂਰਤੀ ਬਣਾਈ ਰੱਖਣ ਦਾ ਅਧਿਕਾਰ ਦਿੱਤਾ ਗਿਆ। ਛੋਟੇ ਅਤੇ ਘਰੇਲੂ ਉਦਯੋਗਾਂ ਵਾਸਤੇ ਵਿੱਤੀ ਸਹੂਲਤਾਂ ਦੇ ਪ੍ਰਬੰਧ ਦੇ ਨਾਲ ਨਾਲ ਤਕਨੀਕੀ ਅਤੇ ਪ੍ਰਬੰਧਕ ਸਹੂਲਤਾਂ ਵੀ ਮੁਹੱਈਆ ਕਰਨ ਦੀ ਜ਼ਿੰਮੇਵਾਰੀ ਸਾਰਵਜਨਿਕ ਖੇਤਰ ਦੀ ਹੀ ਮਿਥੀ ਗਈ।

(vi) ਨਿੱਜੀ ਉਦਮੀਆਂ ਲਈ ਉਤਪਾਦਿਤ ਵਸਤੂਆਂ ਦੀਆਂ ਕੀਮਤਾਂ ਨੂੰ ਕੰਟਰੋਲ ਕਰਕੇ ਇਸ ਖਾਸ ਲਾਭ ਅੰਸ਼ ਨੂੰ ਯਕੀਨੀ ਬਣਾਇਆ ਜਾਵੇ।

(vii) ਵਿਦੇਸ਼ੀ ਵਪਾਰ ਇਸ ਤਰੀਕੇ ਨਾਲ ਵਧਾਇਆ ਜਾਣਾ ਸੀ ਕਿ ਘੱਟੋ ਘੱਟ ਸਮੇਂ ਵਿਚ ਦੇਸ਼ ਦਾ ਵਿਕਾਸ, ਆਤਮ ਨਿਰਭਰ ਹੋ ਜਾਵੇ। ਇਸ ਲਈ ਨਿਰਯਾਤ ਵਧਾਉਣ ਉਪਰ ਜ਼ੋਰ ਦਿੱਤਾ ਗਿਆ। ਟੈਰਿਫ ਪਾਲਿਸੀ ਵਿਚ ਸੁਧਾਰ ਕੀਤਾ ਗਿਆ।

(viii) ਵਿਦੇਸ਼ੀ ਭਾਈਵਾਲੀ (Foreign Collaboration) ਬਾਰੇ ਇਸ ਵਿਚ ਸਪਸ਼ਟ ਕੀਤਾ ਗਿਆ ਕਿ ਜਿਥੇ ਵਿਦੇਸ਼ੀ ਤਕਨੀਕ ਵਾਸਤੇ ਜ਼ਰੂਰਤ ਨਹੀਂ ਉਥੇ ਪਹਿਲਾਂ ਤੋਂ ਮੌਜੂਦ ਭਾਈਵਾਲੀ ਕੰਪਨੀਆਂ ਦਾ ਕੌਮੀਕਰਣ ਨਹੀਂ ਕੀਤਾ ਜਾਵੇਗਾ। ਇਨ੍ਹਾਂ ਵਿਚ ਕੰਮ ਕਰ ਰਹੀਆਂ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਕੰਮ ਵਿਚ ਦੇਸ਼ ਦੇ ਹਿੱਤ ਦੇ ਅਨੁਸਾਰ ਸੁਧਾਰ ਕਰਨਾ ਪਵੇਗਾ। ਇਹ ਸਾਰਾ ਕੁੱਝ ਫੋਰਨ ਐਕਸਚੇਂਜ ਰੈਗੂਲੇਸ਼ਨ ਐਕਟ (Foreign Exchange Regulation Act - FERA) ਤਹਿਤ ਹੋਵੇਗਾ।

(ix) ਬੀਮਾਰ ਯੂਨਿਟਾਂ (Sick Units) ਬਾਰੇ ਸਰਕਾਰ ਨੇ ਚੋਣਵੀ ਨੀਤੀ ਅਪਣਾਈ। ਜਦੋਂ ਸਰਕਾਰ ਮੌਜੂਦਾ ਰੁਜ਼ਗਾਰ ਦੀ ਸੁਰੱਖਿਆ ਦੀ ਜ਼ਰੂਰਤ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੀ ਤਾਂ ਇਸ ਰੁਜ਼ਗਾਰ ਨੂੰ ਬਣਾਈ ਰੱਖਣ ਬਾਰੇ ਵੀ ਵਿਚਾਰ ਕਰਨਾ ਬਣਦਾ ਹੈ। ਸਾਰੇ ਮਾਮਲਿਆਂ ਵਿਚ ਕਾਫੀ ਜ਼ਿਆਦਾ ਸਰਕਾਰੀ ਫ਼ੰਡ ਇਨ੍ਹਾਂ ਬੀਮਾਰ ਯੂਨਿਟਾਂ ਵਿਚ ਹੀ ਲੱਗ ਜਾਂਦੇ ਹਨ ਜਿਨ੍ਹਾਂ ਦਾ

ਸਰਕਾਰ ਚਾਰਜ ਸੰਭਾਲ ਲੈਂਦੀ ਹੈ। ਪਰ ਉਹ ਅਜੇ ਵੀ ਘਾਟੇ ਵਾਲੀ ਵਿਵਸਥਾ ਵਿਚ ਹੀ ਚੱਲ ਰਹੇ ਹਨ ਪਰ ਇਹ ਅਣਮਿਥੇ ਸਮੇਂ ਤੱਕ ਨਹੀਂ ਚਲ ਸਕਦਾ।

**2.3.3.3.3 ਮੁਲਾਂਕਣ :**

1977 ਦੀ ਉਦਯੋਗਿਕ ਨੀਤੀ ਦਾ ਕੁਝ ਅੰਸ਼ਾਂ ਕਰਕੇ ਸੁਆਗਤ ਕੀਤਾ ਗਿਆ, ਜਿਵੇਂ ਛੋਟੇ ਅਤੇ ਪੇਂਡੂ ਉਦਯੋਗਾਂ ਦਾ ਵਿਕਾਸ, ਬਹੁਤ ਛੋਟੇ ਖੇਤਰਾਂ ਦਾ ਵਿਸਥਾਰ, ਵੱਡੇ ਉਦਯੋਗਾਂ ਦੀ ਮਹੱਤਤਾ ਨੂੰ ਪਛਾਣਦੇਹੋਏ ਉਨ੍ਹਾਂ ਦੀ ਉੱਨਤੀ ਨੂੰ ਵੀ ਬਰਾਬਰ ਰੱਖਣਾ। ਇਸ ਦੇ ਨਾਲ ਹੀ ਮਜ਼ਦੂਰਾਂ ਦਾ ਪ੍ਰਬੰਧ ਵਿਚ ਭਾਗ ਲੈਣਾ ਅਤੇ ਸਾਰਵਜਨਿਕ ਖੇਤਰ ਦੀ ਉਦਯੋਗਿਕ ਵਿਕਾਸ ਵਿਚ ਭੂਮਿਕਾ ਨੂੰ ਹੋਰ ਵੀ ਵਧਾਉਣਾ ਆਦਿ।

ਪਰ ਬਹੁਤ ਵੱਡੇ ਘਰਾਣਿਆਂ ਲਈ ਇਸ ਨੀਤੀ ਨੇ ਵੀ ਇਕ ਡਰ ਪੈਦਾ ਕਰ ਦਿੱਤਾ। ਇਸ ਲਈ ਵੱਡੇ ਪੂੰਜੀਪਤੀਆਂ ਨੇ ਇਸ ਨੀਤੀ ਦਾ ਵਿਰੋਧ ਕੀਤਾ। ਆਮ ਕਰਕੇ ਇਹ ਕਿਹਾ ਜਾਂਦਾ ਹੈ ਕਿ ਇਹ ਨੀਤੀ ਗਾਂਧੀਵਾਦੀ ਵਿਚਾਰਾਂ ਉੱਪਰ ਆਧਾਰਿਤ ਸੀ। ਪਰ ਜੇਕਰ ਪੂਰੀ ਤਰ੍ਹਾਂ ਘੋਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਵਿਚ 1956 ਦੀ ਨੀਤੀ ਨਾਲੋਂ ਕੁਝ ਵੀ ਵੱਖਰਾ ਨਹੀਂ ਸੀ। ਵੱਡੇ ਉਦਯੋਗਿਕ ਘਰਾਣੇ ਉਵੇਂ ਹੀ ਲਾਇਸੈਂਸਿੰਗ ਪਾਲਿਸੀ ਅਤੇ ਹੋਰ ਪਾਲਿਸੀਆਂ ਦੀਆਂ ਖਾਮੀਆਂ ਦਾ ਫਾਇਦਾ ਉਠਾ ਰਹੇ ਸਨ। ਕੇ.ਐਨ.ਰਾਜ, ਰਾਜ ਕ੍ਰਿਸ਼ਨਾਂ ਵਰਗੇ ਉਘੇ ਅਰਥ-ਸ਼ਾਸਤਰੀ ਤਾਂ ਇਸ ਨੀਤੀ ਨੂੰ ਕੇਵਲ ਸਾਧਨਾਂ ਦੀ ਅਤੇ ਸਮੇਂ ਦੀ ਫਜ਼ੂਲਖਰਚੀ ਹੀ ਕਰਾਰ ਦਿੰਦੇ ਹਨ।

**2.3.3.4 ਉਦਯੋਗਿਕ ਨੀਤੀ 1980**

ਜੁਲਾਈ 23, 1980 ਵਿਚ ਰਾਜਸੱਤਾ ਤਬਦੀਲ ਹੋਣ ਕਰਕੇ ਉਦਯੋਗਿਕ ਨੀਤੀ ਵੀ ਮੁੜ ਸੋਧੀ ਗਈ। ਇਸ ਨੀਤੀ ਦਾ ਮੂਲ ਆਧਾਰ 1956 ਦੀ ਉਦਯੋਗਿਕ ਨੀਤੀ ਹੀ ਸੀ। ਇਸ ਵਿਚ ਕੁਝ ਕੁ ਸਮਾਜਕ, ਆਰਥਕ ਪਹਿਲੂਆਂ ਉੱਪਰ ਪਹਿਲਾਂ ਨਾਲੋਂ ਜ਼ਿਆਦਾ ਜ਼ੋਰ ਦਿੱਤਾ ਗਿਆ।

**2.3.3.4.1 ਉਦਯੋਗਿਕ ਨੀਤੀ 1980 ਦੇ ਮੁੱਖ ਉਦੇਸ਼ ਹੇਠ ਲਿਖੇ ਹਨ :**

(i) ਲੱਗੀ ਹੋਈ ਸਮਰਥਾ ਦਾ ਪੂਰਾ ਪੂਰਾ ਉਪਯੋਗ ਕਰਨਾ

(ii) ਵੱਧ ਉਤਪਾਦਕਤਾ ਅਤੇ ਅਧਿਕਤਮ ਉਤਪਾਦਨ ਪ੍ਰਾਪਤ ਕਰਨਾ

(iii) ਰੁਜ਼ਗਾਰ ਦੇ ਵੱਧ ਮੌਕੇ ਪੈਦਾ ਕਰਨਾ

(iv) ਪਛੜੇ ਇਲਾਕਿਆਂ ਵਿਚ ਉਤਪਾਦਨ ਯੂਨਿਟ ਲਗਾ ਕੇ ਖੇਤਰੀ ਅਸੰਤੁਲਨ ਘਟਾਉਣਾ

(v) ਖੇਤੀ ਉਪਰ ਆਧਾਰਿਤ ਉਦਯੋਗਾਂ (Agro-based Industries) ਨੂੰ ਉਤਸ਼ਾਹਤ ਕਰਨਾ ਤਾਂ ਜੋ ਸੰਤੁਲਿਤ ਆਰਥਿਕ ਵਿਕਾਸ ਯਕੀਨੀ ਬਣਾਇਆ ਜਾ ਸਕੇ।

(vi) ਉਪਭੋਗੀ ਵਸਤਾਂ ਦੀ ਕੁਆਲਟੀ ਸੁਧਾਰਨਾ ਅਤੇ ਠੀਕ ਕੀਮਤਾਂ ਉਪਰ ਇਨ੍ਹਾਂ ਵਸਤਾਂ ਦੀ ਸਪਲਾਈ ਕਰਨਾ।

(vii) ਹੁਣ ਤੱਕ ਸਰਵਜਨਿਕ ਖੇਤਰ ਦੀ ਕਾਰਗੁਜਾਰੀ ਤਸੱਲੀਬਖਸ਼ ਨਹੀਂ ਸੀ। ਇਸ ਦੀ ਕਾਰਜਕੁਸ਼ਲਤਾ ਵਿਚ ਸੁਧਾਰ ਲਿਆ ਕੇ ਉਤਪਾਦਕਤਾ ਵਧਾਉਣਾ।

ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਕਿਹਾ ਗਿਆ ਕਿ ਨਿੱਜੀਖੇਤਰ ਵਿਚ ਜਿਨ੍ਹਾਂ ਵੀ ਨਿਵੇਸ਼ ਹੋਵੇਗਾ ਉਹ ਨਿਯਮਬੱਧ ਹੋਵੇਗਾ। ਆਰਥਿਕ ਸ਼ਕਤੀ ਨੂੰ ਕੁਝ ਹੱਥਾਂ ਵਿਚ ਇਕੱਠੀ ਹੋਣ ਤੋਂ ਰੋਕਣ ਲਈ ਲਾਇਸੈਂਸਿੰਗ ਪਾਲਿਸੀ ਅਤੇ MRTP Act ਦੇ ਸੋਧੇ ਰੂਪ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ।

**2.3.3.4.2 ਮੁਖ ਅੰਸ਼ :**

(i) ਛੋਟੇ ਉਦਯੋਗਾਂ ਦੀ ਹਰ ਸ਼੍ਰੇਣੀ ਦੇ ਪੂੰਜੀਗਤ ਸਾਧਨਾਂ ਦੀ ਸੀਮਾ ਨੂੰ ਮੁੜ ਦੁਹਰਾਇਆ ਗਿਆ ਜਿਵੇਂ :

(ii) ਬਹੁਤ ਛੋਟੇ ਯੂਨਿਟਾਂ ਲਈ ਨਿਵੇਸ਼ ਦੀ ਸੀਮਾ ਇਕ ਲੱਖ ਰੁਪਏ ਤੋਂ ਵਧਾ ਕੇ 2 ਲੱਖ ਕਰ ਦਿੱਤੀ ਗਈ।

ਛੋਟੇ ਉਦਯੋਗਾਂ ਲਈ 10 ਲੱਖ ਤੋਂ 20 ਲੱਖ ਅਤੇ ਸਹਾਇਕ ਯੂਨਿਟਾਂ ਲਈ ਸੀਮਾ 15 ਤੋਂ 25 ਲੱਖ ਰੁਪਏ ਕਰ ਦਿੱਤੀ ਗਈ। ਇਨ੍ਹਾਂ ਯੂਨਿਟਾਂ ਦਾ ਵਿਕਾਸ ਯਕੀਨੀ ਬਣਾਉਣ ਲਈ ਰਾਖਵੀਆਂ ਵਸਤਾਂ ਦਾ ਉਤਪਾਦਨ ਖੇਤਰ ਉਵੇਂ ਹੀ ਰਹਿਣ ਦਿੱਤਾ ਗਿਆ।

(iii) ਵੱਧ ਰੁਜ਼ਗਾਰ ਦੇਣ ਲਈ ਖਾਦੀ, ਹੈਂਡਲੂਮ ਅਤੇ ਦਸਤਕਾਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਕਈ ਉਦਯੋਗ ਸਾਰਵਜਨਿਕ ਖੇਤਰ ਦੁਆਰਾ ਪੱਛੜੇ ਖੇਤਰਾਂ ਵਿਚ ਲਗਾਏ ਗਏ ਤਾਂ ਕਿ ਖੇਤਰੀ ਅਸੰਤੁਲਨ ਖਤਮ ਕੀਤਾ ਜਾ ਸਕੇ।

(iv) ਬੀਮਾਰ ਯੂਨਿਟਾਂ ਦੇ ਮਾਮਲੇ ਵਿਚ ਸਰਕਾਰ ਨੇ ਕੁਝ ਸਖਤੀ ਦੀ ਨੀਤੀ ਅਪਣਾਈ। ਜਿਹੜੇ ਯੂਨਿਟਾਂ ਵਿਚ ਸਰਕਾਰੀ ਫੰਡਾਂ ਦੇ ਗਲਤ ਪ੍ਰਬੰਧ ਕਾਰਣ ਉਹ ਪੂਰੀ ਕਾਮਯਾਬੀ ਨਾਲ ਕੰਮ ਨਹੀਂ ਕਰ ਰਹੇ ਸਨ ਉਨ੍ਹਾਂ ਨੂੰ ਇਸ ਪ੍ਰਤੀ ਜਾਗਰੂਕ ਹੋਣ ਲਈ ਚੇਤਾਵਨੀ ਦਿੱਤੀ ਗਈ। ਸਰਕਾਰ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਕੁਝ ਬੀਮਾਰ ਯੂਨਿਟ ਨਾਲ ਮਿਲਾ ਦਿੱਤੇ ਜਾਣਗੇ ਤੇ ਕੁਝ ਕੁ ਦਾ ਸਰਕਾਰ ਆਪ ਚਾਰਜ ਸੰਭਾਲ ਲਵੇਗੀ।

(v) ਆਯਾਤ ਪ੍ਰਤੀਸਥਾਪਨ ਅਤੇ ਨਿਰਯਾਤ ਵਿਸਥਾਰ (Import substitution and export promotion) ਦੀ ਨੀਤੀ ਨੂੰ ਉਤਸ਼ਾਹਿਤ ਕੀਤਾ ਗਿਆ।

ਕੁਲ ਮਿਲਾ ਕੇ 1980 ਦੀ ਉਦਯੋਗਿਕ ਨੀਤੀ ਵਿਚ ਹਰ ਪ੍ਰਕਾਰ ਦੇ ਛੋਟੇ, ਮਾਧਿਅਮ ਅਤੇ ਵੱਡੇ ਉਦਯੋਗਾਂ ਦੇ ਵਿਕਾਸ ਵੱਲ ਪੂਰਾ ਧਿਆਨ ਦਿੱਤਾ ਗਿਆ। ਇਸ ਦਾ ਮੁੱਖ ਮਕਸਦ ਆਧੁਨਿਕੀਕਰਨ, ਵਿਸਥਾਰ ਅਤੇ ਪੱਛੜੇ ਖੇਤਰਾਂ ਨੂੰ ਕੁਝ ਛੋਟਾਂ ਅਤੇ ਰਿਆਇਤਾਂ ਦੇਣੀਆਂ ਸੀ। ਆਧੁਨਿਕੀਕਰਨ ਵਾਸਤੇ ਖੋਜ ਅਤੇ ਵਿਕਾਸ ਮਹਿਕਮਿਆਂ ਦੀ ਸਥਾਪਨਾ ਅਤੇ ਸਹੂਲਤਾਂ ਦਿੱਤੀਆਂ। ਨਵੀਂ ਮਸ਼ੀਨਰੀ ਦੇ ਆਯਾਤ ਦੀ ਇਜਾਜ਼ਤ ਦਿੱਤੀ ਗਈ ਤਾਂ ਕਿ ਲਗਾਏ ਹੋਏ ਯੂਨਿਟਾਂ ਦੀ ਉਤਪਾਦਕਤਾ ਵੱਧ ਸਕੇ।

### 2.3.4.3 ਮੁਲਾਂਕਣ

1980 ਦੀ ਉਦਯੋਗਿਕ ਨੀਤੀ ਦਾ ਆਧਾਰ 1956 ਦੀ ਉਦਯੋਗਿਕ ਨੀਤੀ ਹੀ ਸੀ। ਇਹ ਸਾਨੂੰ ਇਸ ਦੇ ਉਦੇਸ਼ਾਂ ਤੋਂ ਹੀ ਪਤਾ ਲੱਗਦਾ ਹੈ। ਪਰ ਜਿਵੇਂ ਕਿ ਅਸੀਂ ਜਾਣਦੇ ਹਾਂ ਪੂੰਜੀਵਾਦੀ ਸਮਾਜ ਵਿਚ ਜਿਥੇ ਇਕ ਪਾਸੇ ਆਰਥਿਕਤਾ ਵਿਕਾਸ ਦੇ ਰਾਹ ਤੁਰੀ ਹੁੰਦੀ ਹੈ, ਉਥੇ ਨਾਲ ਹੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਖੜ੍ਹੀਆਂ ਕਰ ਦਿੰਦੀ ਹੈ। ਇਸ ਨੀਤੀ ਦਾ ਨਤੀਜਾ ਵੀ ਕੁਝ ਇਸੇ ਪ੍ਰਕਾਰ ਦਾ ਹੀ ਨਿਕਲਿਆ : ਬੇਰੁਜ਼ਗਾਰੀ ਵਿਚ ਵਾਧਾ, ਪੇਂਡੂ-ਸ਼ਹਿਰੀ ਜੀਵਨ ਵਿਚ ਅੰਤਰ (disparity), ਆਰਥਿਕ ਸ਼ਕਤੀ ਦਾ ਕੁਝ ਹੱਥਾਂ ਵਿਚ ਇਕੱਤਰੀਕਰਨ ਆਦਿ। ਇਸ ਲਈ ਜ਼ਰੂਰੀ ਸੀ ਕਿ ਉਸ ਵੇਲੇ ਦੇ ਆਰਥਿਕ ਸੰਕਟ ਨੂੰ ਹੱਲ ਕਰਨ ਲਈ ਅਸਲੀ ਤੇ ਵਿਵਹਾਰਕ (pragmatic) ਨੀਤੀ ਅਪਣਾਈ ਜਾਂਦੀ।

ਇਸ ਨੀਤੀ ਵਿਚ ਇਹ ਨਿਸ਼ਚਿਤ ਕੀਤਾ ਗਿਆ ਕਿ ਛੋਟੇ ਅਤੇ ਵੱਡੇ ਉਦਯੋਗਾਂ ਵਿਚ ਕਿਹੜੀਆਂ ਵਸਤਾਂ ਦਾ ਉਤਪਾਦਨ ਹੋਵੇਗਾ। ਸਿਰਫ ਇਸ ਆਧਾਰ ਉਪਰ ਛੋਟੇ ਉਦਯੋਗਾਂ ਨੂੰ ਰਿਆਇਤ ਅਤੇ ਸਬਸਿਡੀ ਦੇਣੀ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਕਿ ਉਹ ਛੋਟੇ ਹਨ ਤੇ ਵਿਕਾਸ ਵਿਚ ਯੋਗਦਾਨ ਪਾ ਸਕਦੇ ਹਨ। ਕਈ ਵਾਰ ਛੋਟੇ ਉਦਯੋਗਾਂ ਵਿਚ ਵੀ ਆਰਾਮ ਅਤੇ ਵਿਲਾਸ ਵਾਲੀਆਂ ਵਸਤਾਂ (Comforts and Luxuries) ਦਾ ਉਤਪਾਦਨ ਹੋ ਰਿਹਾ ਹੁੰਦਾ ਹੈ। ਦੂਜੇ ਪਾਸੇ, ਵੱਡੇ ਉਦਯੋਗ ਜਿਨ੍ਹਾਂ ਵਿਚ ਉਪਭੋਗ ਦੀਆਂ ਜ਼ਰੂਰੀ ਵਸਤਾਂ ਦਾ ਉਤਪਾਦਨ ਹੋ ਰਿਹਾ ਹੋਵੇ, ਜਿਵੇਂ ਚੀਨੀ, ਸੀਮਿੰਟ, ਕੱਪੜਾ ਆਦਿ, ਉਨ੍ਹਾਂ ਉਪਰ ਪੂੰਜੀ ਸੀਮਾ ਨਿਰਧਾਰਤ ਕਰਨਾ ਵੀ ਉਚਿਤ ਨਹੀਂ।

ਛੋਟੇ ਉਦਯੋਗਾਂ ਦੀ ਪੂੰਜੀ ਸੀਮਾ ਵਧਾ ਦਿੱਤੀ ਗਈ। ਇਸ ਨਾਲ ਵੱਡੇ ਉਤਪਾਦਕਾਂ ਨੂੰ ਵੀ ਇਸ ਛੋਟੇ ਖੇਤਰ ਵਿਚ ਨਿਵੇਸ਼ ਕਰਨ ਦੇ ਮੌਕੇ ਮਿਲ ਗਏ। 1976 ਦੀ ਉਦਯੋਗਾਂ ਸੰਬੰਧੀ ਸੈਨਸਸ ਰਿਪੋਰਟ (Census Report) ਅਨੁਸਾਰ ਡਾਇਰੈਕਟਰ ਆਫ ਇੰਡਸਟਰੀਜ਼ ਕੋਲ ਰਜਿਸਟਰਡ 2.58 ਲੱਖ ਛੋਟੇ

ਯੂਨਿਟ ਦਰਜ ਸਨ। ਜਿਨ੍ਹਾਂ ਵਿਚ 1.4 ਲੱਖ ਹੀ ਕੰਮ ਕਰ ਰਹੇ ਸਨ, ਭਾਵੇਂ ਕਿ 50 ਪ੍ਰਤੀਸ਼ਤ ਜਾਅਲੀ (fake) ਯੂਨਿਟ ਸਨ। ਇਸ ਨੀਤੀ ਅਨੁਸਾਰ ਪੂੰਜੀਗਤ ਅਤੇ ਭਾਰੀ ਮਸ਼ੀਨਰੀ ਉਦਯੋਗਾਂ ਵਿਚ ਨਿਵੇਸ਼ ਕਰਨ ਨਾਲ ਪੂੰਜੀ ਨਿਰਮਾਣ ਵਿਚ ਸਹਾਇਤਾ ਮਿਲੇਗੀ। ਪਰ ਇਸ ਨਾਲ ਰੁਜ਼ਗਾਰ ਉਪਰ ਬੁਰਾ ਅਸਰ ਪੈਂਦਾ ਹੈ। ਉਂਝ ਵੀ ਵਿੱਤੀ ਸਾਧਨਾਂ ਦੀ ਥੁੜ੍ਹ ਕਰਕੇ ਭਾਰਤੀ ਅਰਥ ਵਿਵਸਥਾ ਲਈ ਇਹ ਨੀਤੀ ਢੁੱਕਵੀਂ ਨਹੀਂ।

ਸਾਨੂੰ ਉਸ ਵਿਕਾਸ ਨੀਤੀ ਅਤੇ ਜੁਗਤ ਦੀ ਜ਼ਰੂਰਤ ਹੈ ਜਿਹੜੀ ਦੇਸ਼ ਦੀਆਂ ਸਮੱਸਿਆਵਾਂ ਗਰੀਬੀ, ਕੀਮਤਾਂ ਦਾ ਵਾਧਾ, ਘੱਟ ਪੂੰਜੀ ਨਿਰਮਾਣ, ਸਮਾਜਿਕ-ਆਰਥਿਕ ਨਾ-ਬਰਾਬਰੀਆਂ ਆਦਿ ਹੱਲ ਕਰਨ ਵਿਚ ਸਹਾਇਤਾ ਕਰੇ। ਲਾਇਸੈਂਸਿੰਗ ਪਾਲਿਸੀ ਵਿਚ ਅਤੇ ਹੋਰ ਪਾਲਿਸੀਆਂ ਵਿਚ ਰਿਆਇਤਾ (liberalization) ਦੇ ਕੇ ਸਰਕਾਰ ਨੇ ਵੱਡੇ ਉਦਯੋਗਿਕ ਘਰਾਣੇ, ਇਜਾਰੇਦਾਰੀ ਅਤੇ ਵਿਦੇਸ਼ੀ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਦੇਸ਼ ਵਿਚ ਕੰਮ ਕਰਨ ਦੀ ਤੇ ਨਿਵੇਸ਼ ਕਰਨ ਦੀ ਇਕ ਤਰ੍ਹਾਂ ਨਾਲ ਖੁਲ੍ਹ ਦਿੱਤੀ ਹੈ ਜਿਹੜੀ ਘੇਰੂ, ਕੁਟੀਰ ਅਤੇ ਛੋਟੇ ਉਦਯੋਗਾਂ ਦੇ ਹੱਕ ਵਿਚ ਨਹੀਂ। ਭਾਰੀ ਉਦਯੋਗਾਂ ਵਿਚ ਇਕ ਤਾਂ ਪੂੰਜੀ ਉਤਪਾਦਨ ਅਨੁਪਾਤ ਬਹੁਤ ਜ਼ਿਆਦਾ ਹੁੰਦਾ ਹੈ ਤੇ ਦੂਜਾ ਇਸ ਵਿਚ ਉੱਚ ਪੱਧਰੀ ਤਕਨੀਕ ਦੀ ਜ਼ਰੂਰਤ ਹੈ। ਭਾਰਤੀ ਉਦਯੋਗਾਂ ਵਿਚ ਇਸ ਪ੍ਰਕਾਰ ਦੇ ਉਦਯੋਗੀਕਰਨ ਕਾਰਣ ਪੂੰਜੀ ਉਤਪਾਦਨ ਅਨੁਪਾਤ ਸਾਡੇ ਸਾਧਨਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਇਸ ਤਰ੍ਹਾਂ ਇਹ ਨੀਤੀ ਉਤਪਾਦਨ ਅਤੇ ਰੁਜ਼ਗਾਰ ਦੇ ਮੌਕੇ ਵਧਾਉਣ, ਦੋਵਾਂ ਵਿਚ ਹੀ ਉਦੇਸ਼ਾਂ ਅਨੁਸਾਰ ਠੀਕ ਸਾਬਤ ਨਹੀਂ ਹੋਈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ 1980 ਦੀ ਉਦਯੋਗਿਕ ਨੀਤੀ ਦਾ ਮੁੱਖ ਮਕਸਦ ਕੇਵਲ ਵਿਕਾਸ ਕਰਨਾ ਸੀ। ਇਸ ਨੇ ਵੱਡੇ ਉਦਯੋਗਿਕ ਘਰਾਣਿਆਂ ਲਈ ਲਾਇਸੈਂਸ ਜਾਰੀ ਕਰਨ ਪ੍ਰਤੀ ਉਦਾਰ ਨੀਤੀ ਵਰਤੀ। ਪਰ ਵੱਡੇ ਪੈਮਾਨੇ ਦੇ ਉਦਯੋਗਾਂ ਦਾ ਵਿਕਾਸ ਛੋਟੇ ਉਦਯੋਗਾਂ ਦੇ ਕੀਮਤ ਤੇ ਕੀਤਾ ਗਿਆ। ਪੂੰਜੀਗਤ ਉਦਯੋਗ ਲਗਾ ਕੇ ਕੇਵਲ ਛੋਟੇ ਉਦਯੋਗਾਂ ਦੇ ਵਿਕਾਸ ਨੂੰ ਹੀ ਨਿਰਉਤਸ਼ਾਹਿਤ ਨਹੀਂ ਕੀਤਾ ਸਗੋਂ ਰੁਜ਼ਗਾਰ ਦੇ ਹੋਰ ਮੌਕੇ ਵੀ ਖਤਮ ਹੋਣੇ ਸ਼ੁਰੂ ਹੋ ਗਏ ਹਨ। ਜਨਤਾ ਸਰਕਾਰ ਦੁਆਰਾ ਚਲਾਏ ਵਿਕੇਂਦਰੀਕਰਨ (Decentralization) ਪ੍ਰੋਗਰਾਮ ਦੀ ਇਹ ਨੀਤੀ ਉਲਟ ਸਾਬਤ ਹੋਈ। ਛੋਟੇ ਉਦਯੋਗਾਂ ਦੀ ਮੁੜ ਪਰਿਭਾਸ਼ਾ ਦੇਣਾ, ਲੱਗੀ ਹੋਈ ਸਮਰੱਥਾ ਦਾ ਲਾਇਸੈਂਸ ਸਮਰੱਥਾ ਦੀ ਸੀਮਾ ਤੋਂ ਵੱਧ ਹੋਣ ਦੇ ਬਾਵਜੂਦ ਨਿਰਮਾਣ ਕਰਨ ਅਤੇ ਆਟੋਮੈਟਿਕ (automatic) ਵਾਧੇ ਦੀ ਸਕੀਮ ਨਾਲ ਵੱਡੇ ਉਦਯੋਗਿਕ ਘਰਾਣਿਆਂ ਨੂੰ ਵਿਕਸਿਤ ਕਰਨ ਦਾ ਖੁੱਲ੍ਹਾ ਮੌਕਾ ਮਿਲ ਗਿਆ ਹੈ। ਇਸ ਨਾਲ ਹੀ MRTP ਐਕਟ ਦੁਆਰਾ ਆਰਥਿਕ ਸ਼ਕਤੀ ਕੁੱਝ ਹੱਥਾਂ ਵਿਚ ਇਕੱਠੀ ਕਰਨ ਤੋਂ ਰੋਕਣ ਦਾ ਮਕਸਦ ਵੀ ਇਸ ਨਾਲ ਉਲਟ ਹੀ ਹੋ ਗਿਆ।

## ਸਵੈ-ਅਭਿਆਸ ਲਈ ਪ੍ਰਸ਼ਨ

1. 1977 ਵਿਚ ਉਦਯੋਗਿਕ ਨੀਤੀ ਦੀ ਮੁੜ ਘੋਸ਼ਣਾ ਕਰਨ ਦੇ ਕੀ ਕਾਰਨ ਸਨ?

______________________________

______________________________

______________________________

______________________________

______________________________

2. 1980 ਦੀ ਉਦਯੋਗਿਕ ਨੀਤੀ ਅਨੁਸਾਰ ਛੋਟੇ ਉਦਯੋਗਾਂ ਦੀ ਪੂੰਜੀਗਤ ਸੀਮਾਂ ਕੀ ਸੀ?

______________________________

______________________________

______________________________

## 1984 ਵਿਚ ਕੀਤੇ ਗਏ ਪਰਿਵਰਤਨ

1984 ਵਿਚ ਹੇਠਾਂ ਲਿਖੇ ਪਰਿਵਰਤਨ ਪੇਸ਼ ਕੀਤੇ ਗਏ :–

(i) ਲਾਇਸੈਂਸਿੰਗ ਸਮਰੱਥਾ ਵਿਚ ਰਿਆਇਤਾਂ : ਸਰਕਾਰ ਨੇ 23 ਉਦਯੋਗਾਂ ਨੂੰ ਲਾਇਸੈਂਸ ਤੋਂ ਮੁਕਤ ਕਰ ਦਿੱਤਾ ਬਸ਼ਰਤੇ ਇਹ ਉਦਯੋਗ ਕੇਂਦਰ ਦੁਆਰਾ ਘੋਸ਼ਿਤ ਪਿਛੜੇ ਇਲਾਕਿਆਂ ਵਿਚ ਸਥਾਪਿਤ ਹੋਣ। ਇਹ ਉਦਯੋਗ ਸਨ : pig iron, casting, alternate energy devices, computers etc.

(ii) ਉਤਪਾਦਕਾਂ ਨੂੰ ਵਧੇਰੇ ਖੁਲ੍ਹ ਦੇਣ ਲਈ broad-banding ਦੀ ਧਾਰਨਾ ਦਿੱਤੀ ਗਈ। ਇਸ ਦਾ ਲਾਭ ਇਹ ਸੀ ਕਿ ਇਹ ਵਿਸਤ੍ਰਿਤ (broad) ਸ਼੍ਰੇਣੀ ਦੇ ਅਧੀਨ ਲਾਇਸੈਂਸ ਲੈ ਕੇ ਉਤਪਾਦਕ ਕਿਸੇ ਵੀ ਤਰ੍ਹਾਂ ਦੀ ਵਸਤੂ ਦਾ ਉਤਪਾਦਨ ਕਰ ਸਕਦੇ ਸੀ, ਬੇਸ਼ਰਤੇ ਕੁੱਲ ਉਤਪਾਦਨ ਲਾਇਸੈਂਸ ਸਮਰੱਥਾ ਤੋਂ ਜ਼ਿਆਦਾ ਨਾ ਹੋਵੇ।

(iii) MRTP ਐਕਟ ਦੇ ਅਧੀਨ ਆਉਣ ਵਾਲੀ ਕੰਪਨੀਆਂ ਦੀ ਪ੍ਰਾਰੰਭ ਸੰਪਤੀ ਸੀਮਾ 20 ਕਰੋੜ ਰੁਪਏ ਤੋਂ ਵੱਧਾ ਕੇ 30 ਕਰੋੜ ਰੁਪਏ ਕਰ ਦਿੱਤੀ ਗਈ। ਇਸ ਤਰ੍ਹਾਂ 112 ਕੰਪਨੀਆਂ MRTP ਐਕਟ ਤੋਂ ਮੁਕਤ ਹੋ ਗਈਆਂ।

(iv) ਛੋਟੇ ਪੈਮਾਨੇ ਦੇ ਉਦਯੋਗਾਂ ਅਤੇ ਸਹਾਇਕ ਉਦਯੋਗਾਂ ਵਿਚ ਨਿਵੇਸ਼ ਦੀ ਸੀਮਾ 20 ਅਤੇ 25 ਲੱਖ ਰੁਪਏ ਤੋਂ ਵਧਾ ਕੇ 35 ਅਤੇ 44 ਲੱਖ ਰੁਪਏ ਕਰ ਦਿੱਤੀ ਗਈ।

## 1988 ਵਿਚ ਕੀਤੇ ਗਏ ਪਰਿਵਰਤਨ

ਕੇਂਦਰੀ ਸਰਕਾਰ ਨੇ 3 ਜੂਨ, 1988 ਨੂੰ ਉਦਯੋਗਾਂ ਲਈ ਹੋਰ ਰਿਆਇਤਾਂ ਦੇਣ ਦਾ ਐਲਾਨ ਕੀਤਾ। ਹੁਣ ਉਨ੍ਹਾਂ Non MRTP ਅਤੇ Non-FERA ਕੰਪਨੀਆਂ ਲਈ ਲਾਇਸੈਂਸ ਦੀ ਜ਼ਰੂਰਤ ਨਹੀਂ ਹੋਵੇਗੀ, ਜਿਨ੍ਹਾਂ ਦੀ ਅਚੱਲ ਸੰਪਤੀ 50 ਕਰੋੜ ਰੁਪਏ ਹੈ (ਜੇਕਰ ਉਹ ਕੇਂਦਰ ਦੁਆਰਾ ਘੋਸ਼ਿਤ ਪਿਛੜੇ ਇਲਾਕੇ ਵਿਚ ਸਥਾਪਿਤ ਹੈ) ਜਾਂ ਜਿਨ੍ਹਾਂ ਦੀ ਅਚੱਲ ਸੰਪਤੀ 15 ਕਰੋੜ ਰੁਪਏ ਹੈ (ਜੇਕਰ ਉਹ ਪਿਛੜੇ ਇਲਾਕੇ ਵਿਚ ਸਥਾਪਿਤ ਨਹੀਂ)। ਲਾਜ਼ਮੀ ਤੋਰ ਤੇ ਲਾਇਸੈਂਸ ਲੈਣ ਵਾਲੇ ਉਦਯੋਗਾਂ ਦੀ ਗਿਣਤੀ 56 ਤੋਂ ਘਟਾ ਕੇ 26 ਕਰ ਦਿੱਤੀ ਗਈ।

ਪਿਛੜੇ ਇਲਾਕਿਆਂ ਦੇ ਵਿਕਾਸ ਵਾਸਤੇ ਸਰਕਾਰ ਨੇ ਅਗਲੇ ਪੰਜ ਸਾਲਾਂ ਵਿਚ 100 ਵਿਕਾਸ ਕੇਂਦਰ ਸਥਾਪਿਤ ਕਰਨ ਦੀ ਪੇਸ਼ਕਸ਼ ਕੀਤੀ। ਹਰੇਕ ਵਿਕਾਸ ਕੇਂਦਰ ਨੂੰ ਸੰਰਚਨਾਤਮਕ ਸਹੂਲਤਾਂ–ਬਿਜਲੀ, ਪਾਣੀ, ਦੂਰ ਸੰਚਾਰ, ਬੈਂਕਿੰਗ ਆਦਿ ਸਥਾਪਿਤ ਕਰਨ ਲਈ 25 ਤੋਂ 30 ਕਰੋੜ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ।

ਪਿਛੜੇ ਹੋਏ ਇਲਾਕਿਆਂ ਵਿਚ ਉਦਯੋਗੀਕਰਨ ਨੂੰ ਉਤਸ਼ਾਹਿਤ ਕਰਨ ਲਈ, ਜੋ ਉਦਯੋਗ ਪਿਛੜੇ ਇਲਾਕੇ ਵਿਚ ਸਥਾਪਿਤ ਕੀਤੇ ਜਾਣਗੇ, ਉਨ੍ਹਾਂ ਨੂੰ ਆਮਦਨ ਕਰ ਐਕਟ ਅਧੀਨ ਆਮਦਨ ਕਰ ਵਿਚ 10 ਸਾਲਾਂ ਤਕ ਰਾਹਤ ਦਿੱਤੀ ਜਾਵੇਗੀ।

ਹਾਲਾਂਕਿ ਵੱਧਦੀਆਂ ਕੀਮਤਾਂ ਵੱਲ ਵੇਖਦੇ ਹੋਏ ਸਰਕਾਰ ਦਾ ਵੱਡੇ ਉਦਯੋਗਾਂ ਲਈ ਸੰਪਤੀ ਸੀਮਾ ਵਿਚ ਪਰਿਵਰਤਨ ਕਰਨਾ ਠੀਕ ਲੱਗਦਾ ਹੈ, ਪਰ ਇਸ ਤਰ੍ਹਾਂ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਤੇ ਉਲਟਾ ਅਸਰ ਪਵੇਗਾ। ਇਸ ਦੇ ਨਾਲ ਛੋਟੇ ਉਦਯੋਗਾਂ ਰਾਹੀਂ ਪੂਰਨ ਰੋਜ਼ਗਾਰ ਪ੍ਰਾਪਤ ਕਰਨ ਦਾ ਉਦੇਸ਼ ਵੀ ਪੂਰਾ ਨਾ ਹੋ ਸਕੇਗਾ।

## 2.3.3.5 ਨਵੀਂ ਉਦਯੋਗਿਕ ਨੀਤੀ, 1991

ਉਦਯੋਗਿਕ ਨੀਤੀ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ। ਇਹ ਤਤਕਾਲੀਨ ਤਬਦੀਲੀਆਂ 1980 ਅਤੇ 1985-86 ਵਿਚ ਕੀਤੀਆਂ ਤਬਦੀਲੀਆਂ ਦੀ ਹੀ ਇਕ ਲੜੀ ਸਨ ਪਰ 24 ਜੁਲਾਈ, 1991 ਦੀ ਉਦਯੋਗਿਕ ਨੀਤੀ ਵਿਚ ਜੋ ਤਬਦੀਲੀਆਂ ਹੋਈਆਂ ਉਹ ਐਨੀਆਂ ਜ਼ਿਆਦਾ ਸਨ ਕਿ ਇਨ੍ਹਾਂ ਨਾਲ ਆਰਥਕ ਵਿਕਾਸ ਦੇ ਮਾਡਲ ਦੇ ਢਾਂਚੇ ਦੀ ਰੂਪ ਰੇਖਾ ਹੀ ਬਦਲ ਗਈ। ਜਿਹੜਾ ਉਦੇਸ਼ ਅਸੀਂ ਪਹਿਲਾਂ ਘੋਸ਼ਿਤ ਕੀਤੀਆਂ ਉਦਯੋਗਿਕ ਨੀਤੀਆਂ ਵਿਚ ਮੁੱਖ ਰੱਖਿਆ ਸੀ ਕਿ ਆਰਥਿਕ ਸ਼ਕਤੀ ਕੁਝ ਕੁ ਹੱਥਾ ਵਿਚ ਹੀ ਇਕੱਠੀ ਹੋ ਕੇ ਨਾ ਰਹਿ ਜਾਵੇ ਅਤੇ ਦੂਜਾ ਸਮਾਜਵਾਦੀ ਢਾਂਚੇ ਦੀ ਉਸਾਰੀ ਵਿਚ ਵੱਧ ਤੋਂ ਵੱਧ ਸਰਵਜਨਕ ਖੇਤਰ ਦੇ ਰੋਲ ਨੂੰ ਅਹਿਮੀਅਤ ਦੇਣੀ, ਇਹ ਦੋਵੇਂ ਪਿਛਲੀ ਕਤਾਰ ਵਿਚ ਆ ਗਏ। 1991 ਵਿਚ ਘੋਸ਼ਿਤ ਕੀਤੀ ਨੀਤੀ ਨੂੰ ਨਵੀਂ ਉਦਯੋਗਿਕ ਨੀਤੀ ਦਾ ਨਾਮ ਦਿੱਤਾ ਗਿਆ।

### 2.3.3.5.1 ਇਸ ਨੀਤੀ ਦੇ ਮੁੱਖ ਉਦੇਸ਼ ਹੇਠਾਂ ਲਿਖੇ ਹਨ :

(i) ਉਦਯੋਗਿਕ ਖੇਤਰ ਵਿਚ ਆਈਆਂ ਕਮੀਆਂ ਅਤੇ ਉਤਪਾਦਨ ਦੇ ਗਲਤ ਢੰਗ, ਤਰੀਕਿਆਂ ਨੂੰ ਠੀਕ ਕਰਨਾ।

(ii) ਉਤਪਾਦਕਤਾ ਅਤੇ ਉਤਪਾਦਨ ਦਾ ਪੱਧਰ ਉੱਚਾ ਕਰਨਾ।

(iii) ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨੇ।

(iv) ਅੰਤਰ ਰਾਸ਼ਟਰੀ ਪੱਧਰ ਤੇ ਮੁਕਾਬਲੇ ਵਿਚ ਖੜ੍ਹਾ ਹੋਣਾ।

ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਵਾਸਤੇ ਉਦਾਰਵਾਦੀ ਨਜ਼ਰੀਆਂ ਅਪਣਾਇਆ ਗਿਆ। ਇਸ ਲਈ ਇਕੱਠੇ ਹੀ ਕਈ ਪ੍ਰੋਗਰਾਮ ਸ਼ੁਰੂ ਕੀਤੇ ਗਏ, ਜਿਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ। ਪਹਿਲੇ ਭਾਗ ਵਿਚ ਵੱਡਾ ਉਦਯੋਗਿਕ ਖੇਤਰ (Large Industries Sector)। ਦੂਜੇ ਭਾਗ ਵਿਚ ਛੋਟਾ ਉਦਯੋਗਿਕ ਖੇਤਰ (Small Industries Sector) ਲਿਆ ਗਿਆ ਜਿਸ ਵਿਚ ਤਬਦੀਲੀਆਂ ਅਗਸਤ, 1991 ਵਿਚ ਦੂਜੇ ਦੌਰ ਵਿਚ ਕੀਤੀਆਂ ਗਈਆਂ।

**2.3.3.5.2 ਮੁੱਖ ਅੰਸ਼:-** ਅਸੀ ਇਸ ਨਵੀ ਉਦਯੋਗਿਕ ਨੀਤੀ 1991 ਦਾ ਅਧਿਐਨ ਵੀ ਦੋ ਭਾਗਾਂ ਵਿਚ ਕਰਾਂਗੇ:-

1. ਵੱਡੇ ਉਦਯੋਗਿਕ ਖੇਤਰ ਦੀ ਨੀਤੀ ਵਿਚ ਤਬਦੀਲੀਆਂ।
2. ਛੋਟੇ ਉਦਯੋਗਿਕ ਖੇਤਰ ਦੀ ਨੀਤੀ ਸੰਬੰਧੀ ਤਬਦੀਲੀਆਂ।

### 2.3.3.5.2.1 ਵੱਡੇ ਉਦਯੋਗਿਕ ਖੇਤਰ ਦੀ ਨੀਤੀ ਵਿਚ ਤਬਦੀਲੀਆਂ : (Policy Changes in Large Industries Sector) :

ਇਸ ਖੇਤਰ ਵਿਚ ਤਬਦੀਲੀਆਂ ਲਿਆਉਣ ਲਈ ਹੇਠਾਂ ਲਿਖੇ ਮੁੱਖ ਮੁਦਿਆਂ ਬਾਰੇ ਨੀਤੀ ਬਦਲੀ ਹੈ :

(i) ਉਦਯੋਗਿਕ ਲਾਇਸੈਂਸਿੰਗ (Industrial Licensing)

(ii) ਵਿਦੇਸ਼ੀ ਨਿਵੇਸ਼ (Foreign Investment)

(iii) ਵਿਦੇਸ਼ੀ ਤਕਨੀਕੀ ਸਮਝੌਤੇ (Foreign Technological Agreements)

(iv) ਸਰਵਜਨਕ ਖੇਤਰ ਸੰਬੰਧੀ ਨੀਤੀ (Public Sector Policy)

(v) ਐਮ.ਆਰ.ਟੀ.ਪੀ. ਕਾਨੂੰਨ (MRTP Act)

### (i) ਉਦਯੋਗਿਕ ਲਾਇਸੈਂਸਿੰਗ (Industrial Licensing)

ਉਦਯੋਗਿਕ ਖੇਤਰ ਵਿਚ ਹੁਣ ਸਾਰੇ ਵੱਡੇ ਉਦਯੋਗਾਂ ਨੂੰ ਲਾਇਸੈਂਸ ਲੈਣ ਤੋਂ ਛੋਟ ਦੇ ਦਿੱਤੀ ਗਈ। ਸਿਰਫ 8 ਉਦਯੋਗ ਹਨ, ਜਿਨ੍ਹਾਂ ਨੂੰ ਰਿਜ਼ਰਵ ਰੱਖਿਆ ਗਿਆ। ਉਨ੍ਹਾਂ ਵਿਚੋਂ ਕੁਝ ਇਹ ਹਨ : ਕੋਲਾ, ਚੀਨੀ, ਮੋਟਰ ਕਾਰਾ, ਸਿਗਰਟ, ਖਤਰਨਾਕ ਕੈਮੀਕਲਜ, ਦਵਾਈਆਂ ਅਤੇ ਫਾਰਮਾਸਿਊਟੀਕਲਜ਼,

ਮਨੋਰੰਜਨਦਾਇਕ, ਵਸਤਾਂ, ਇਲੈਕਟਰੋਨਿਕ। ਸਫੇਦ ਵਸਤਾਂ (ਰੈਫਰੀਜਰੇਟਰ, ਕਪੜੇ ਧੋਣ ਵਾਲੀ ਮਸ਼ੀਨ, ਏਅਰ ਕੰਡੀਸ਼ਨਰ ਆਦਿ) ਧਮਾਕਾ ਖੋਜ ਉਦਯੋਗਿਕ ਵਸਤਾਂ, ਪੈਟਰੋਲੀਅਮ ਪਦਾਰਥ, ਅਲਕੋਹਲ ਨਾਲ ਸੰਬੰਧਤ ਵਸਤਾਂ ਜਿਵੇਂ ਸ਼ਰਾਬ ਆਦਿ, ਪਸ਼ੂਆਂ ਦੀਆਂ ਖਲਾਂ ਅਤੇ ਤੇਲ, ਐਸਬੈਸਟੋਸ ਖਣਿਜ ਪਦਾਰਥ, ਪਲਾਈ ਵੁੱਡ ਅਤੇ ਸਜਾਵਟ ਦਾ ਸਮਾਨ, ਪੇਪਰ ਅਤੇ ਛਪਾਈ ਦਾ ਕਾਗਜ ਆਦਿ। ਇਨ੍ਹਾਂ ਉਦਯੋਗਾਂ ਵਿਚ ਲਾਇਸੈਂਸ ਲੈਣਾ ਇਸ ਲਈ ਜ਼ਰੂਰੀ ਹੋਵੇਗਾ :

ੳ. ਸੁਰੱਖਿਆ ਅਤੇ ਅਹਿਮੀਅਤ ਹੋਣ ਕਰਕੇ (Security and Strategic Concern)

ਅ. ਸਮਾਜਕ ਕਾਰਨ (Social Reason)

ੲ. ਖਤਰੇ ਵਾਲੀਆਂ ਵਸਤਾਂ ਦਾ ਉਤਪਾਦਨ ਕਰਨ ਕਾਰਨ (Products Related to Safety)

ਸ. ਉਨ੍ਹਾਂ ਵਸਤਾਂ ਦਾ ਉਤਪਾਦਨ ਜੋ ਉਪਰਲੀ ਸ਼੍ਰੇਣੀ ਵਾਸਤੇ ਹੀ ਆਮ ਤੌਰ ਤੇ ਹੁੰਦਾ ਹੈ, ਅਰਥਾਤ ਵਿਲਾਸਦਾਇਕ ਵਸਤਾਂ ਦਾ ਉਤਪਾਦਨ (Articles of Elite Consumption)

ਉਪਰ ਦਿੱਤੇ ਕਾਰਨਾਂ ਕਰਕੇ ਹੀ ਇਨ੍ਹਾਂ ਉਦਯੋਗਾਂ ਵਿਚ ਨਿਵੇਸ਼ ਕਰਨ ਤੋਂ ਪਹਿਲਾਂ ਲਾਇਸੈਂਸ ਲੈਣਾ ਜ਼ਰੂਰੀ ਹੋਵੇਗਾ। ਪਰ ਇਹ ਲਾਇਸੈਂਸ ਉਨ੍ਹਾਂ ਛੋਟੇ ਯੂਨਿਟਾਂ ਵਾਸਤੇ ਲਾਗੂ ਨਹੀਂ ਹੁੰਦਾ ਜਿਥੇ ਇਹ ਯੂਨਿਟ ਉਪਰ ਦਿੱਤੀਆਂ ਵਸਤਾਂ ਵਿਚੋਂ ਕਿਸੇ ਦਾ ਵੀ ਉਤਪਾਦਨ ਕਰ ਰਹੇ ਹੋਣ, ਜਿਹੜੀਆਂ ਸਿਰਫ ਉਦਯੋਗਾਂ ਵਾਸਤੇ ਹੀ ਰਿਜ਼ਰਵ ਹਨ।

ਸਰਕਾਰ ਦਾ ਵਿਚਾਰ ਹੈ ਕਿ ਲਾਇਸੈਂਸਿੰਗ ਤੋਂ ਛੋਟ ਦੇਣ ਦਾ ਲਾਭ ਇਹ ਹੋਵੇਗਾ ਕਿ ਹੁਣ ਉਹ ਛੋਟੇ ਅਤੇ ਦਰਮਿਆਨੇ ਦਰਜ਼ੇ ਦੇ ਉਦਮੀ ਵੀ ਨਿਵੇਸ਼ ਕਰਨ ਲਈ ਉਤਸ਼ਾਹਿਤ ਹੋਣਗੇ ਜਿਹੜੇ ਬਿਨਾਂ ਕਾਰਨ ਹੀ ਲਾਇਸੈਂਸਿੰਗ ਸਿਸਟਮ ਨੂੰ ਇਕ ਅੜਚਨ ਦੀ ਤਰ੍ਹਾਂ ਮੰਨਦੇ ਹਨ। ਇਸ ਤੋਂ ਇਲਾਵਾ ਇਹ ਵੀ ਵਿਚਾਰ ਦਿੱਤਾ ਜਾਂਦਾ ਹੈ ਕਿ ਇਸ ਨਾਲ ਸਾਰੀ ਅਰਥ ਵਿਵਸਥਾ ਨੂੰ ਲਾਭ ਹੋਵੇਗਾ। ਕਿਉਂਕਿ ਇਸ ਨਾਲ ਮੁਕਾਬਲਾ ਵਧੇਗਾ, ਸੁਯੋਗਤਾ ਵਧੇਗੀ ਅਤੇ ਉਤਪਾਦਨ ਜ਼ਿਆਦਾ ਆਧੁਨਿਕ ਤਰੀਕੇ ਨਾਲ ਹੋਵੇਗਾ।

**(ii) ਵਿਦੇਸ਼ੀ ਨਿਵੇਸ਼ (Foreign Investment)**

ਘਰੇਲੂ ਅਤੇ ਵਿਦੇਸ਼ੀ ਉਦਯੋਗਾਂ ਦੇ ਆਪਸੀ ਸੰਬੰਧਾਂ ਨੂੰ ਤਕਨੀਕੀ ਅਤੇ ਨਿਵੇਸ਼ ਦੀ ਪੱਧਰ ਤੇ ਪਹਿਲਾਂ ਨਾਲੋਂ ਜ਼ਿਆਦਾ ਪਰਿਵਰਤਨਸ਼ੀਲ ਬਣਾਇਆ ਜਾ ਰਿਹਾ ਹੈ। ਦੇਸ਼ ਵਿਚ ਉਦਯੋਗਿਕ ਵਿਕਾਸ ਵਾਸਤੇ ਵਿਦੇਸ਼ੀ ਨਿਵੇਸ਼ ਦਾ ਸੁਆਗਤ ਕੀਤਾ ਜਾ ਰਿਹਾ ਹੈ। ਇਥੋਂ ਤਕ ਕਿ ਤਰਜੀਹ ਵਾਲੇ ਉਦਯੋਗਾਂ (High Priority Industries) ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ 51 ਪ੍ਰਤੀਸ਼ਤ ਵਿਦੇਸ਼ੀ ਇਕੂਇਟੀ ਹਿੱਸੇ ਨਾਲ ਦਾਖਲ ਹੋਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਕਾਰਜ ਵਿਚ ਕਿਸੇ ਪ੍ਰਕਾਰ ਨਾਲ ਅੰਦਰੂਨੀ ਰੋਕ ਨਹੀਂ ਹੋਵੇਗੀ। ਇਸ ਸ਼੍ਰੇਣੀ ਵਿਚ 34 ਉਦਯੋਗਾਂ ਦੀ ਲਿਸਟ ਜਾਰੀ ਕੀਤੀ ਗਈ।

ਜੇਕਰ ਪੂੰਜੀਗਤ ਵਸਤਾਂ ਬਾਹਰੋ ਲਿਆਉਣ ਲਈ ਵਿਦੇਸ਼ੀ ਇਕੂਇਟੀ ਵਿਦੇਸ਼ੀ ਮੁੱਦਰਾ ਦੀ ਜ਼ਰੂਰਤ ਨੂੰ ਪੂਰਿਆਂ ਕਰਦੀ ਹੈ ਤਾਂ ਇਸ ਨੂੰ ਭਾਰਤ ਆਉਣ ਦੀ ਇਜ਼ਾਜਤ ਦੇ ਦਿੱਤੀ ਜਾਵੇਗੀ। ਲਾਭ ਅੰਸ਼ ਦੀ ਅਦਾਇਗੀ ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਹੀ ਹੋਵੇਗੀ ਤਾਂ ਕਿ ਲਾਭਅੰਸ਼ ਦੀ ਅਦਾਇਗੀ ਦੁਆਰਾ ਬਾਹਰ ਜਾਣ ਵਾਲੀ ਅਤੇ ਵਿਦੇਸ਼ਾਂ ਵਿਚ ਭੇਜੇ ਜਾ ਰਹੇ ਮਾਲ ਤੇ ਹੋਣ ਵਾਲੀ ਆਮਦਨ ਦਾ ਸੰਤੁਲਨ ਰਖਿਆ ਜਾ ਸਕੇ। ਇਸ ਤੋਂ ਇਲਾਵਾ ਜੋ ਇਜਾਜ਼ਤ ਵਿਦੇਸ਼ੀ ਇਕੁਇਟੀ ਨੂੰ ਦੂਜੇ ਤਰਜੀਹ ਵਾਲੇ ਖੇਤਰਾਂ ਵਿਚ ਨਿਵੇਸ਼ ਕਰਨ ਲਈ ਮਿਲੀ ਹੋਈ ਹੈ, ਉਹ ਉਵੇਂ ਹੀ ਰਹੇਗੀ। ਆਮ ਤੌਰ ਤੇ ਇਹ ਉਨ੍ਹਾਂ ਵਪਾਰਕ ਕੰਪਨੀਆਂ ਨੂੰ ਇਜਾਜ਼ਤ ਦਿੱਤੀ ਗਈ ਹੈ, ਜਿਹੜੀਆਂ ਮੁੱਖ ਤੌਰ ਤੇ ਮਾਲ ਬਾਹਰ ਭੇਜਣ ਦਾ ਕੰਮ ਕਰਦੀਆਂ ਹਨ ਅਤੇ ਉਨ੍ਹਾਂ ਨਾਲ ਘਰੇਲੂ ਨਿਵੇਸ਼ ਦੇ ਮੁਕਾਬਲੇ ਕੋਈ ਵਿਤਕਰਾ ਨਹੀਂ ਹੋਵੇਗਾ। ਇਹ ਆਮਦਾਂ ਬਰਾਮਦਾਂ ਦੀ ਨੀਤੀ ਵਿਚ ਵੀ ਸਪਸ਼ਟ ਕਰ ਦਿੱਤਾ ਗਿਆ ਹੈ। ਇਕ ਸਪੈਸ਼ਲ ਬੋਰਡ (Special Board) ਦੀ ਸਥਾਪਨਾ ਕੀਤੀ ਗਈ ਹੈ ਜਿਸ ਦਾ ਕੰਮ ਹੈ ਕਿ ਅੰਤਰਰਾਸ਼ਟਰੀ ਪੱਧਰ ਤੇ ਵੱਡੀਆਂ ਫਰਮਾਂ ਨਾਲ ਗੱਲਬਾਤ

ਕਰੇ ਅਤੇ ਕੁਝ ਕੁ ਚੋਣਵੇਂ ਖੇਤਰਾਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਹੋਵੇ।

**(iii) ਵਿਦੇਸ਼ੀ ਤਕਨੀਕੀ ਸਮਝੌਤੇ (Foreign Technological Agreements)**

ਵਿਦੇਸ਼ੀ ਤਕਨੀਕ ਦੀ ਦਰਾਮਦ (import of foreign technique) ਵਾਸਤੇ ਹੇਠਾਂ ਦਿੱਤੇ ਫੈਸਲੇ ਲਏ ਗਏ ਹਨ :

ੳ. ਉਨ੍ਹਾਂ ਤਰਜੀਹ ਵਾਲੇ ਉਦਯੋਗਾਂ ਵਿਚ (High Priority Industries) ਵਿਦੇਸ਼ੀ ਤਕਨੀਕ ਲਗਾਉਣ ਦੀ ਆਪਣੇ ਆਪ ਹੀ ਇਜਾਜ਼ਤ ਹੋਵੇਗੀ ਜਿਥੇ ਕੁਲ ਅਦਾਇਗੀ ਇਕ ਕਰੋੜ ਤਕ ਹੈ। 5 ਪ੍ਰਤੀਸ਼ਤ ਰਾਇਲਟੀ ਵਾਸਤੇ ਜੋ ਕਿ ਸਮਝੌਤਾ ਹੋਣ ਤੋਂ ਲੈ ਕੇ 10 ਸਾਲਾਂ ਤਕ ਸੀ, ਕੁਲ ਵਿਕਰੀ ਦਾ 8 ਪ੍ਰਤੀਸ਼ਤ ਹੋਵੇਗਾ ਜਾਂ ਉਤਪਾਦਨ ਸ਼ੁਰੂ ਹੋਣ ਤੋਂ 7 ਸਾਲਾਂ ਤੱਕ ਦਾ ਹੋਵੇਗਾ। ਇਹ ਰਾਇਲਟੀ ਦੀ ਦਰ ਟੈਕਸਾਂ ਆਦਿ ਨੂੰ ਕੱਢ ਕੇ ਹੈ ਅਤੇ ਖਾਸ ਨਿਰਧਾਰਤ ਕੀਤੇ ਮਾਪ ਦੰਡ ਦੁਆਰਾ ਹੀ ਮਾਪੀ ਜਾਵੇਗੀ।

ਅ. ਦੂਜੇ ਘੱਟ ਤਰਜੀਹ ਵਾਲੇ ਯੂਨਿਟਾਂ ਅਤੇ ਉਦਯੋਗਾਂ ਵਾਸਤੇ ਵੀ ਇਹੀ ਹਦਾਇਤਾਂ ਲਾਗੂ ਹੋਣਗੀਆਂ।

ੲ. ਬਾਕੀ ਹੋਰ ਤਜ਼ਵੀਜਾਂ ਵਾਸਤੇ ਖਾਸ ਇਜ਼ਾਜਤ ਲੈਣੀ ਪਵੇਗੀ।

ਸ. ਵਿਦੇਸ਼ੀ ਤਕਨੀਸ਼ੀਅਨ (Technicians) ਲਿਆਉਣ ਵਾਸਤੇ ਜਾਂ ਘਰੇਲੂ ਤਕਨੀਕ (technology) ਨੂੰ ਟੈਸਟ ਕਰਨ ਵਾਸਤੇ ਬਾਹਰੋਂ ਸਾਜੋ ਸਮਾਨ ਲਿਆਉਣ ਵਾਸਤੇ ਕਿਸੇ ਕਿਸਮ ਦੀ ਪਹਿਲਾਂ ਇਜਾਜ਼ਤ ਲੈਣ ਦੀ ਜ਼ਰੂਰਤ ਨਹੀਂ ਹੋਵੇਗੀ।

ਰਿਜਰਵ ਬੈਂਕ ਆਫ ਇੰਡੀਆ ਦੀਆਂ ਹਦਾਇਤਾਂ ਦੇ ਅਨੁਸਾਰ ਇਨ੍ਹਾਂ ਦੀਆਂ ਅਦਾਇਗੀਆਂ ਖੁਲ੍ਹੇ ਵਿਦੇਸ਼ੀ ਸਿੱਕੇ ਤੋਂ ਜਾਂ ਸਧਾਰਨ ਪਰਮਿਟ (free foreign exchange or blanket permit) ਦੁਆਰਾ ਹੋਣਗੀਆਂ।

**(iv) ਸਰਵਜਨਕ ਖੇਤਰ ਸੰਬੰਧੀ ਨੀਤੀ (Public Sector Policy)**

ਉਹ ਉਦਯੋਗ ਜਿਨ੍ਹਾਂ ਦਾ ਵਿਕਾਸ ਕੇਵਲ ਸਰਵਜਨਕ ਖੇਤਰ ਦੁਆਰਾ ਹੀ ਹੁੰਦਾ ਸੀ ਅਤੇ ਇਸ ਖੇਤਰ ਲਈ ਹੀ ਰਿਜਰਵ ਸਨ ਹੁਣ ਉਨ੍ਹਾਂ ਦੀ ਗਿਣਤੀ ਘਟਾ ਕੇ ਕੇਵਲ 8 ਰਹਿਣ ਦਿੱਤੀ ਗਈ ਹੈ। ਇਹ ਉਦਯੋਗ ਹਨ ਹਥਿਆਰ , ਗੋਲਾ, ਬਾਰੂਦ ਅਤੇ ਹੋਰ ਸੁਰੱਖਿਆ ਨਾਲ ਸੰਬੰਧਤ ਸਾਜੋ ਸਮਾਨ, ਪ੍ਰਮਾਣੂ ਸ਼ਕਤੀ, ਕੋਲਾ, ਖਣਿਜ ਤੇਲ, ਕੱਚੇ ਲੋਹੇ ਦੀਆਂ ਖਾਣਾਂ, ਮੈਗਨੀਜ਼, ਕਰੋਮ, ਜਿਪਸਮ, ਗੰਧਕ, ਸੋਨੇ ਅਤੇ ਹੀਰਾ, ਪਿੱਤਲ, ਸਿੱਕਾ ਆਦਿ ਦੀਆਂ ਖਾਨਾਂ ਉਹ ਪਦਾਰਥ ਜਿਹੜੇ ਬਾਰੂਦ ਬਣਾਉਣ ਲਈ ਵਰਤੇ ਜਾਂਦੇ ਹਨ ਅਤੇ ਰੇਲਵੇ ਆਵਾਜਾਈ। ਇਹ ਉਦਯੋਗ ਮੁੱਖ ਉਦਯੋਗ ਹਨ ਜਿਨ੍ਹਾਂ ਵਾਸਤੇ ਅਤਿ-ਆਧੁਨਿਕ ਤਕਨੀਕ ਅਤੇ ਮੁੱਢਲੇ ਢਾਂਚੇ ਦੀ ਜ਼ਰੂਰਤ ਹੁੰਦੀ ਹੈ। ਭਾਵੇਂ ਸਰਵਜਨਿਕ ਖੇਤਰ ਦਾ ਘੇਰਾ ਨਿਸ਼ਚਿਤ ਹੈ ਪਰ ਤਾਂ ਵੀ ਨਿਜੀ ਖੇਤਰ ਨੂੰ ਕੁਝ ਚੋਣਵੇਂ ਖੇਤਰਾਂ ਵਿਚ ਨਿਵੇਸ਼ ਕਰਨ ਤੇ ਕੋਈ ਬੰਦਿਸ਼ ਵੀ ਨਹੀਂ ਹੋਵੇਗੀ। ਇਵੇਂ ਹੀ ਸਰਵਜਨਕ ਖੇਤਰ ਵੀ ਉਨ੍ਹਾਂ ਦੂਜੇ ਖੇਤਰਾਂ ਵਿਚ ਨਿਵੇਸ਼ ਕਰ ਸਕੇਗਾ ਜਿਹੜੇ ਇਸ ਦੇ ਅਧਿਕਾਰ ਖੇਤਰ ਵਿਚ ਨਹੀਂ ਹਨ।

ਉਹ ਯੂਨਿਟ ਜਿਹੜੇ ਕਾਫੀ ਲੰਮੇ ਸਮੇਂ ਤੋਂ ਬਿਮਾਰ ਚਲੇ ਆ ਰਹੇ ਹਨ, (Sick units) ਜਾਂ ਜਿਹੜੇ ਆਪਣੀ ਸਮਰਥਾ ਤੋਂ ਕਾਫੀ ਘੱਟ ਉਤਪਾਦਨ ਕਰ ਰਹੇ ਹਨ ਉਨ੍ਹਾਂ ਨੂੰ Board of Industrial and Financial Reconstruction (BIFR) ਜਾਂ ਇਸੇ ਤਰ੍ਹਾਂ ਦੀਆਂ ਉਚ ਪੱਧਰੀ ਸੰਸਥਾਵਾਂ ਦੇ ਸਪੁਰਦ ਕਰ ਦਿੱਤਾ ਜਾਵੇਗਾ ਪਰ ਨਾਲ ਹੀ ਕੁਝ ਸਮਾਜਿਕ ਤੌਰ ਤੇ ਇਸ ਤਰ੍ਹਾਂ ਦੇ ਪ੍ਰਬੰਧ ਵੀ ਕਰ ਦਿੱਤੇ ਜਾਣਗੇ। ਜਿੱਥੇ ਉਨ੍ਹਾਂ ਮਜ਼ਦੂਰਾਂ ਦੇ ਕਾਮਿਆਂ ਦੇ ਹਿੱਤ ਵਿਚ ਹੋਣਗੇ ਜਿਨ੍ਹਾਂ ਨੂੰ ਯੂਨਿਟਾਂ ਵਿਚੋਂ ਵਾਧੂ ਸਮਝ ਕੇ ਕੱਢਿਆ ਜਾਵੇਗਾ ਜਾਂ ਫਿਰ ਜੇਕਰ ਇਹ ਬਿਮਾਰ ਯੂਨਿਟਾਂ ਬੰਦ ਹੋ ਜਾਂਦੀਆਂ ਹਨ।

ਆਮ ਜਨਤਾ ਉਦਯੋਗਿਕ ਖੇਤਰ ਵਿਚ ਯੋਗਦਾਨ ਪਾਵੇ ਅਤੇ ਵਿੱਤੀ ਸਾਧਨਾਂ ਦੀ ਹੋਰ ਉਪਲਬੱਧੀ ਹੋ ਸਕੇ, ਇਸ ਲਈ ਸਰਕਾਰ ਆਮ ਲੋਕਾਂ ਵਿਚ ਆਪਣੇ ਸ਼ੇਅਰ ਵੇਚੇਗੀ, ਜਾਂ ਵਿੱਤੀ ਸੰਸਥਾਵਾਂ ਵਿਚ ਵੇਚ ਦੇਵੇਗੀ। ਇਸ ਲਈ ਆਮ ਮਜ਼ਦੂਰ ਅਤੇ ਲੋਕ ਵੀ ਉਤਪਾਦਨ ਵਿਚ ਆਪਣਾ ਹਿੱਸਾ ਪਾਉਣ ਲਈ ਉਤਸ਼ਾਹਿਤ ਹੋਣਗੇ। ਇਸ ਤੋਂ ਇਲਾਵਾ ਸਰਵਜਨਕ ਖੇਤਰ ਵਿਚ ਇਕ ਖਾਸ ਬੋਰਡ ਬਣਾਇਆ ਜਾਵੇਗਾ ਜਿਹੜਾ ਮੈਨੇਜਮੈਂਟ ਦੀ ਖੁਦ ਮੁਖਤਿਆਰੀ ਵਾਸਤੇ ਸਹਾਇਤਾ ਕਰੇਗਾ। ਇਸ ਨਾਲ ਇਸੇ ਖੇਤਰ ਦਾ ਕਾਰਜ ਕੁਸ਼ਲਤਾ ਉਪਰ ਵੀ ਚੰਗਾ ਪ੍ਰਭਾਵ ਪਵੇਗਾ।

**(v) ਐਮ. ਆਰ. ਟੀ. ਪੀ. ਕਾਨੂੰਨ (MRTP Act)**

ਉਹ ਕੰਪਨੀਆਂ ਅਤੇ ਮੁੱਖ ਵੱਡੇ ਉਦਯੋਗਿਕ ਘਰਾਣਿਆਂ ਉਪਰ ਜਿਨ੍ਹਾਂ ਉਤੇ ਇਹ ਐਕਟ ਲਾਗੂ ਹੁੰਦਾ ਸੀ ਹੁਣ ਇਹ ਸੀਮਾਵਾਂ ਬਿਲਕੁਲ ਹੀ ਹਟਾ ਦਿੱਤੀਆਂ ਹਨ ਕਿ ਕਿਸੇ ਘਰਾਣੇ ਕੋਲ ਕਿਸ ਸੀਮਾ ਤਕ ਦੀ ਜਾਇਦਾਦ ਹੈ। ਇਸ ਨਾਲ ਕਿਸੇ ਨੂੰ ਵੀ ਕੇਂਦਰੀ ਸਰਕਾਰ ਕੋਲੋਂ ਹੁਣ ਨਵਾਂ ਉਤਪਾਦਨ ਸ਼ੁਰੂ ਕਰਨ, ਵਿਸਥਾਰ ਕਰਨ, ਇਕ ਦੂਜੇ ਨਾਲ ਮਿਲ ਕੇ ਉਤਪਾਦਨ ਕਰਨ (Merger) ਜਾਂ ਕਿਸੇ ਹੋਰ ਸੂਰਤ ਵਿਚ ਉਤਪਾਦਨ ਦਾ ਵਾਧਾ ਆਦਿ ਕਰਨ ਲਈ ਕਿਸੇ ਕਿਸਮ ਦੀ ਪਹਿਲਾਂ ਮਨਜ਼ੂਰੀ ਨਹੀਂ ਲੈਣੀ ਪਵੇਗੀ। ਇਹ ਕਮਿਸ਼ਨ ਇਜਾਰੇਦਾਰੀ, ਵੱਡੇ ਉਦਯੋਗਿਕ ਘਰਾਣਿਆਂ ਅਤੇ ਨਜਾਇਜ਼ ਵਪਾਰਕ ਕੰਮਾਂ ਕਾਜਾਂ ਨੂੰ ਕੰਟਰੋਲ ਕਰੇਗਾ ਅਤੇ ਉਨ੍ਹਾਂ ਨੂੰ ਕਾਨੂੰਨ ਤਹਿਤ ਹੀ ਲਾਗੂ ਕਰੇਗਾ। ਇਥੋਂ ਤਕ ਕਿ ਇਕ ਆਮ ਉਪਭੋਗੀ ਦੁਆਰਾ ਕੀਤੀ ਸ਼ਿਕਾਇਤ ਤੇ ਵੀ ਕਮਿਸ਼ਨ ਇਨ੍ਹਾਂ ਦੀ ਜਾਂਚ-ਪੜਤਾਲ (enquiry) ਕਰੇਗਾ। ਇਸ ਕੰਮ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਵੀ ਸਰਕਾਰ ਨੇ ਕਈ ਸੁਧਾਰ ਤੇ ਨਿਯਮ ਲਾਗੂ ਕੀਤੇ ਹਨ ਤਾਂ ਕਿ ਕਮਿਸ਼ਨ ਜ਼ਿਆਦਾ ਸੁਯੋਗਤਾ ਨਾਲ ਕੰਮ ਕਰ ਸਕੇ।

**2.3.3.5.2.2 ਛੋਟੇ ਖੇਤਰਾਂ ਵਿਚ ਕੀਤੀਆਂ ਤਬਦੀਲੀਆਂ (Policy Changes in Small Sector)**

ਛੋਟੇ ਉਦਯੋਗਾਂ ਦੇ ਖੇਤਰ ਵਿਚ ਤਬਦੀਲੀ ਇਸ ਪ੍ਰਕਾਰ ਕੀਤੀ ਗਈ ਕਿ ਅਰਥ ਵਿਵਸਥਾ ਵਿਚ ਇਨ੍ਹਾਂ ਦਾ ਯੋਗਦਾਨ ਉਤਪਾਦਨ ਵਧਾਉਣ, ਰੁਜ਼ਗਾਰ ਪੈਦਾ ਕਰਨ ਅਤੇ ਬਰਾਮਦਾਂ ਵਧਾਉਣ ਵਿਚ ਵੱਧ ਤੋਂ ਵੱਧ ਹੋਵੇ। ਇਸ ਖੇਤਰ ਦੇ ਵਿਕਾਸ ਦੇ ਰਸਤੇ ਵਿਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਕੁਝ ਹੇਠਾਂ ਲਿਖੇ ਕਦਮ ਚੁੱਕੇ ਗਏ :-

**(i) ਨਿਵੇਸ਼ ਸੀਮਾ (Investment Limit)**

ਛੋਟੇ ਪੈਮਾਨੇ ਦੇ ਉਦਯੋਗ ਸਹਾਇਕ ਉਦਯੋਗ ਅਤੇ ਬਰਾਮਦ ਦੀਆਂ ਵਸਤਾਂ ਪੈਦਾ ਕਰਨ ਵਾਲੇ ਉਦਯੋਗਾਂ ਲਈ ਨਿਵੇਸ਼ ਸੀਮਾ 60 ਲੱਖ ਰੁਪਏ ਅਤੇ 75 ਲੱਖ ਰੁਪਏ ਕ੍ਰਮਵਾਰ ਨਿਰਧਾਰਿਤ ਕੀਤੀ ਗਈ। ਇਹ ਨਿਵੇਸ਼ ਸੀਮਾ ਬਹੁਤ ਛੋਟੇ ਯੂਨਿਟਾਂ ਵਾਸਤੇ 5 ਲੱਖ ਰੁਪਏ ਕਰ ਦਿੱਤੀ ਗਈ। ਇਸ ਵਿਚ ਇਨ੍ਹਾਂ ਤੇ ਸਥਾਨੀਕਰਨ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਇਸ ਤੋਂ ਇਲਾਵਾ ਉਹ ਸਾਰੇ ਯੂਨਿਟ ਜਿਹੜੇ ਸੇਵਾਵਾਂ ਅਤੇ ਵਿਵਸਾਏ (Service and Business) ਨਾਲ ਸੰਬੰਧਤ ਹਨ, ਭਾਵੇਂ ਉਹ ਕਿਸੇ ਵੀ ਜਗ੍ਹਾ ਜਾਂ ਸਥਾਨ ਉਪਰ ਸਥਿਤ ਹਨ, ਛੋਟੇ ਪੈਮਾਨੇ ਦੇ ਉਦਯੋਗ ਹੀ ਮੰਨੇ ਜਾਣਗੇ ਅਤੇ ਉਨ੍ਹਾਂ ਦੀ ਨਿਵੇਸ਼ ਸੀਮਾ ਬਹੁਤ ਹੀ ਛੋਟੇ ਯੂਨਿਟ (tiny enterprise) ਦੀ ਤਰ੍ਹਾਂ ਹੀ ਨਿਰਭਰ ਹੋਵੇਗੀ।

**(ii) ਵਿੱਤੀ ਸਹਾਇਤਾ (Financial Support)**

ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਸਥਾਨੀਕਰਨ ਲਈ ਭੂਮੀ ਲੈਣ ਲਈ ਤਰਜੀਹ ਬਿਜਲੀ ਦੇ ਕੁਨੈਕਸ਼ਨ ਲੈਣ ਸੰਬੰਧੀ ਅਤੇ ਚੰਗੀ ਤਕਨੀਕ ਖਰੀਦਣ ਵਾਸਤੇ ਸਹੂਲਤ ਆਦਿ ਵਿਚ ਇਕ ਵਾਰ ਸਹਾਇਤਾ ਅਤੇ ਸਹੂਲਤ ਦਿੱਤੀ ਜਾਵੇਗੀ। ਜਦੋਂ ਕਿ ਬਹੁਤ ਹੀ ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਇਸ ਪ੍ਰਕਾਰ ਦੀ ਸਹਾਇਤਾ ਕਈ ਵਾਰ ਵੀ ਦਿੱਤੀ ਜਾਂਦੀ ਰਹੇਗੀ। ਸਰਕਾਰੀ ਖਰੀਦ ਵੇਲੇ ਯੂਨਿਟਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕਈ ਮਜ਼ਦੂਰਾਂ ਦੇ ਨਿਯਮ ਜੋ ਦੂਜੇ ਖੇਤਰ ਵਿਚ ਲਾਗੂ ਹੁੰਦੇ ਹਨ,

ਇੱਥੇ ਇਨ੍ਹਾਂ ਕਾਨੂੰਨਾਂ ਤੋਂ ਛੋਟ ਹੋਵੇਗੀ।

ਇਕੁਇਟੀ ਸਹਾਇਤਾ ਵਾਸਤੇ ਨੈਸ਼ਨਲ ਇਕੁਇਟੀ ਫੰਡ ਸਕੀਮ (National Equity Fund Schemes) ਦਾ ਕੰਮ ਕਰਨ ਦਾ ਘੇਰਾ ਵਧਾ ਦਿੱਤਾ ਗਿਆ ਤਾਂ ਕਿ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ 10 ਲੱਖ ਰੁਪਏ ਜਾਂ 15 ਪ੍ਰਤੀਸ਼ਤ ਤਕ ਦੀ ਇਕੁਇਟੀ ਸਹਾਇਤਾ ਦਿੱਤੀ ਜਾ ਸਕੇ। 10 ਲੱਖ ਤਕ ਦੀ ਕੰਮਕਾਰੀ ਪੂੰਜੀ (Working Capital) ਅਤੇ 20 ਲੱਖ ਤਕ ਦੀ ਪੂੰਜੀ ਲਗਾਉਣ ਵਾਲੇ ਪ੍ਰਾਜੈਕਟਾਂ ਨੂੰ ਪੂਰੇ ਕਰਨ ਲਈ ਸਿੰਗਲ ਵਿੰਡੋ ਸਕੀਮ (Single Window Loan Scheme) ਦਾ ਕੰਮ ਵੀ ਵਧਾਇਆ ਹੈ। ਇਸ ਤੋਂ ਇਲਾਵਾ ਹੋਰ ਵਿੱਤੀ ਸੰਸਥਾਵਾਂ (State Finance Corporation) ਅਤੇ (State Small Industrial Development Corporation) ਵੀ ਕਮਰਸ਼ੀਅਲ ਬੈਂਕ ਦੁਆਰਾ ਪ੍ਰਦਾਨ ਕਰਨਗੀਆਂ। ਇਸ ਕੰਮ ਲਈ ਇਕ ਖਾਸ ਏਜੰਸੀ ਦੀ ਸਥਾਪਨਾ ਕੀਤੀ ਜਾਵੇਗੀ ਜਿਹੜੀ ਛੋਟੇ ਪੈਮਾਨੇ ਦੇ ਖੇਤਰਾਂ ਦੀਆਂ ਕਰਜ਼ੇ ਸੰਬੰਧੀ ਜ਼ਰੂਰਤਾਂ ਦਾ ਜਾਇਜ਼ਾ ਲਵੇਗੀ। ਛੋਟੇ ਪੈਮਾਨੇ ਦੇ ਉਦਯੋਗਾਂ ਦੀ ਸਹਾਇਤਾ ਵਾਸਤੇ ਦੂਜੇ ਉਦਯੋਗਾਂ ਅਤੇ ਯੂਨਿਟਾਂ ਨੂੰ 24 ਪ੍ਰਤੀਸ਼ਤ ਤਕ ਦੇ ਸ਼ੇਅਰ ਦੀ ਆਗਿਆ ਹੋਵੇਗੀ। ਇਸ ਨਾਲ ਸਹਾਇਕ ਅਤੇ ਦੂਜੇ ਸਬ-ਸਹਾਇਕ ਯੂਨਿਟ ਵੀ ਨਿਵੇਸ਼ ਕਰਨ ਲਈ ਉਤਸ਼ਾਹਿਤ ਹੋਣਗੇ। ਇਨ੍ਹਾਂ ਉਦਯੋਗਾਂ ਦੇ ਬਿਲਾਂ ਦੀ ਜਲਦੀ ਅਤੇ ਤਰਜੀਹ ਦੇ ਆਧਾਰ ਤੇ ਅਦਾਇਗੀ ਕਰਨ ਲਈ ਵੀ ਲੋੜੀਂਦੇ ਕਾਨੂੰਨ ਪਾਸ ਕੀਤੇ ਜਾ ਰਹੇ ਹਨ।

**(iii) ਹੋਰ ਅਧਾਰਕ ਸੰਰਚਨਾਤਮਕ ਸਹੂਲਤਾਂ (Basic Infrastructural Facilities)**

ਰਾਜ ਸਰਕਾਰਾਂ ਅਤੇ ਵਿੱਤੀ ਸੰਸਥਾਵਾਂ ਦੀ ਸ਼ਮੂਲੀਅਤ ਦੇ ਨਾਲ ਨਾਲ ਇਕ ਨਵੀਂ ਸਕੀਮ, (Integrated Infrastructural Development) ਸ਼ੁਰੂ ਕੀਤੀ ਗਈ। ਇਸ ਸਕੀਮ ਤਹਿਤ ਕੁਝ ਇਸ ਪ੍ਰਕਾਰ ਦੇ ਹੋਰ ਸੈਲ ਬਣਾਏ ਗਏ ਜਿਹੜੇ ਇਨ੍ਹਾਂ ਉਦਯੋਗਾਂ ਵਿਚ ਨਵੀਂ ਤਕਨੀਕ ਅਤੇ ਜ਼ਰੂਰਤ ਅਨੁਸਾਰ ਕੱਚੇ ਮਾਲ ਦਾ ਪ੍ਰਬੰਧ ਕਰਨਗੇ। ਉਤਪਾਦਨ ਦੇ ਆਦਿ ਤੋਂ ਅੰਤ ਤਕ ਸਾਰੇ ਕੰਮ ਵਿਚ ਤਾਲਮੇਲ ਲਿਆਉਣਾ ਵੀ ਸੈਲ ਦਾ ਕੰਮ ਹੋਵੇਗਾ।

**(iv) ਵਸਤਾਂ ਦੀ ਮਾਰਕੀਟਿੰਗ ਅਤੇ ਬਰਾਮਦ (Marketing and Exports)**

ਇਨ੍ਹਾਂ ਛੋਟੇ ਪੈਮਾਨੇ ਦੇ ਉਦਯੋਗਾਂ ਦੀ ਵਿਕਰੀ ਵਧਾਉਣ ਲਈ National Small Industries Development Organisations ਦੀ ਸਹਾਇਤਾ ਲਈ ਜਾਵੇਗੀ। ਇਸ ਖੇਤਰ ਦੇ ਛੋਟੇ ਅਤੇ ਸਹਾਇਕ ਯੂਨਿਟਾਂ ਨੂੰ ਸਰਵਜਨਕ ਖੇਤਰ ਦੇ ਵੱਡੇ ਯੂਨਿਟਾਂ ਨਾਲ ਮਿਲਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਇਸ ਸੰਗਠਨ (SIDO) ਦੀ ਸਹਾਇਤਾ ਨਾਲ ਵਸਤਾਂ ਬਾਹਰ ਭੇਜਣ ਦਾ ਕੰਮ ਵੀ ਵਧੇਗਾ। ਇਸ ਸੰਗਠਨ ਵਿਚ ਇਕ Export Development Centre ਦੀ ਸਥਾਪਨਾ ਕੀਤੀ ਗਈ। ਇਸ ਦਾ ਮੁੱਖ ਕੰਮ ਵੱਖ-ਵੱਖ ਖੇਤਰਾਂ ਦਾ ਜਾਇਜਾ ਲੈਣਾ ਅਤੇ ਬਰਾਮਦਾਂ ਉਤਸ਼ਾਹਿਤ ਕਰਨਾ ਸੀ।

**(v) ਹੋਰ ਸਹੂਲਤਾਂ (Other Measures)**

ਛੋਟੇ ਖੇਤਰਾਂ ਵਿਚ ਉਦਮਾਂ ਦੇ ਵਿਕਾਸ ਲਈ ਕਈ ਹੋਰ ਕਦਮ ਵੀ ਚੁੱਕੇ ਗਏ ਜਿਵੇਂ ਕਈ ਤਰ੍ਹਾਂ ਦੇ ਗੁੰਝਲਦਾਰ ਨਿਯਮਾਂ ਆਦਿ ਨੂੰ ਸੋਧ ਕੇ ਸਿੱਧੇ ਤੇ ਸਪਸ਼ਟ ਰੂਪ ਵਿਚ ਲਾਗੂ ਕਰਨਾ, ਘਰੇਲੂ ਉਦਯੋਗ ਖਾਸ ਕਰਕੇ ਪਿੰਡਾਂ ਵਿਚ ਖੋਹਲੇ ਜਾਣ ਵਾਲਿਆਂ ਨੂੰ ਕੱਚੇ ਮਾਲ ਅਤੇ ਹੋਰ ਸਹੂਲਤਾਂ ਆਸਾਨੀ ਨਾਲ ਮੁਹੱਈਆ ਕਰਵਾਉਣੀਆਂ। ਇਨ੍ਹਾਂ ਵਿਚ ਹੱਥ ਖੱਡੀ, ਖਾਦੀ ਗ੍ਰਾਮ ਉਦਯੋਗ ਆਦਿ ਸ਼ਾਮਲ ਹਨ।

ਛੋਟੇ ਪੈਮਾਨੇ ਦੇ ਖੇਤਰ ਲਈ ਖਾਸ ਨੀਤੀ ਬਣਾ ਕੇ ਲਾਗੂ ਕਰਨ ਦਾ ਮਕਸਦ ਇਹੀ ਸੀ ਕਿ ਇਨ੍ਹਾਂ ਨੂੰ ਵੱਡੇ ਪੈਮਾਨੇ ਦੇ ਉਦਯੋਗਾਂ ਨਾਲ ਇਸ ਪ੍ਰਕਾਰ ਮਿਲਾਇਆ ਜਾਵੇ ਕਿ ਦੋਵੇਂ ਖੇਤਰਾਂ ਦਾ ਆਪਸੀ

ਤਾਲਮੇਲ ਵਧੇ। ਇਸ ਖੇਤਰ ਵਿਚ ਦੇਸ਼ ਵਿਆਪੀ ਰੁਜ਼ਗਾਰ ਮੁਹੱਈਆ ਕਰਨ ਦੀ ਸਮਰਥਾ ਹੈ। ਇਸ ਖੇਤਰ ਵਿਚ ਉਹ ਵਸਤਾਂ ਵੀ ਸੌਖੀ ਤਰ੍ਹਾਂ ਪੈਦਾ ਕੀਤੀਆਂ ਜਾ ਸਕਦੀਆਂ ਸਨ ਜਿਹੜੀਆਂ ਸਿਰਫ ਬਰਾਮਦਾਂ ਵਧਾ ਕੇ ਵਿਦੇਸ਼ੀ ਸਿੱਕੇ ਤੋਂ ਹੋਣ ਵਾਲੀ ਆਮਦਨ ਵਿਚ ਵਾਧਾ ਕਰ ਸਕਦੀਆਂ ਹਨ। ਇਸ ਖੇਤਰ ਲਈ ਨੀਤੀ ਦੇ ਪੱਧਰ ਤੇ ਕੀਤੀਆਂ ਤਬਦੀਲੀਆਂ ਵੱਡੇ ਪੈਮਾਨੇ ਦੇ ਖੇਤਰ ਵਾਂਗ ਹੀ ਜ਼ਿਆਦਾ ਉਦਾਰਵਾਦੀ ਹਨ। ਇਸ ਨਾਲ ਇਸ ਖੇਤਰ ਵਿਚ ਵੀ ਮੁਕਾਬਲੇ ਦੀ ਭਾਵਨਾ ਉਜਾਗਰ ਹੋਵੇਗੀ। ਇਸ ਦਾ ਨਤੀਜਾ ਸਿੱਧੇ ਰੂਪ ਵਿਚ ਉਤਪਾਦਨ ਵਿਚ ਗੁਣਾਤਮਕ ਤਬਦੀਲੀ ਹੈ।

**ਸਵੈ ਅਭਿਆਸ ਲਈ ਪ੍ਰਸ਼ਨ**

1. 1991 ਦੀ ਉਦਯੋਗਿਕ ਨੀਤੀ ਵਿਚ ਸਰਵਜਨਕ ਖੇਤਰ ਦੀ ਭੂਮਿਕਾ ਕੀ ਸੀ?

2. ਨਵੀਂ ਉਦਯੋਗਿਕ ਨੀਤੀ ਵੱਡੇ ਉਦਯੋਗਾਂ ਵਾਸਤੇ ਉਲੀਕਿਆਂ ਸਿਫਾਰਸ਼ਾ ਬਾਰੇ ਤੁਸੀਂ ਕੀ ਜਾਣਦੇ ਹੋ? ਕੇਵਲ ਮੁੱਖ ਨੁਕਤੇ ਹੀ ਲਿਖੋ।

### 2.3.3.5.3 ਨਵੀਂ ਉਦਯੋਗਿਕ ਨੀਤੀ ਦਾ ਮੁਲਾਂਕਣ (Evaluation of New Industrial Policy)

ਨਵੀਂ ਉਦਯੋਗਿਕ ਨੀਤੀ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ। ਇਸ ਦਾ ਮੁੱਖ ਮਕਸਦ ਦੇਸ਼ ਅਤੇ ਅੰਤਰਰਾਸ਼ਟਰੀ ਪੱਧਰ ਤੇ ਮੁਕਾਬਲੇ ਵਧਾਉਣਾ ਅਤੇ ਉਤਪਾਦਨ ਦੇ ਨਾਲ ਨਾਲ ਉਤਪਾਦਕਤਾ ਨੂੰ ਵਧਾਉਣਾ ਹੈ। ਇਸ ਲਈ ਉਦਯੋਗਿਕ ਨੀਤੀ ਜ਼ਿਆਦਾ ਉਦਾਰਵਾਦੀ ਹੈ ਜਿਹੜੀ ਨਿਜੀਕਰਣ ਨੂੰ ਉਤਸ਼ਾਹਿਤ ਕਰੇ। ਕਈ ਕਿਸਮ ਦੀਆਂ ਬੇ-ਲੋੜੀਆਂ ਬੰਦਸ਼ਾਂ ਵੱਡੇ ਉਦਯੋਗਿਕ ਘਰਾਣਿਆਂ ਉਪਰੋਂ ਵੀ ਹਟਾ ਲਈਆਂ ਗਈਆਂ ਹਨ। ਇਹ ਵਿਚਾਰ ਦਿੱਤਾ ਜਾਂਦਾ ਹੈ ਕਿ ਉਤਪਾਦਨ ਦੇ ਸਾਧਨਾਂ ਦੀ ਪੂਰੀ ਸੁਯੋਗ ਵਰਤੋਂ ਨਾਲ ਅਤੇ ਵਿਵੇਕੀਕਰਣ ਨਾਲ, ਨਵੀਂ ਤਕਨੀਕ ਭਾਰਤ ਵਿਚ ਆਵੇਗੀ। ਇਸ ਨਾਲ ਉਦਯੋਗਿਕ ਵਿਕਾਸ ਦੇ ਵਾਧੇ ਦੀ ਦਰ ਵੀ ਵਧੇਗੀ। ਇਸ ਉਤਪਾਦਨ ਦੇ ਵਾਧੇ ਦੀ ਦਰ ਨੂੰ ਸਾਰੀ ਆਰਥਕਤਾ ਦਾ ਆਧਾਰ ਮੰਨਦੇ ਹੋਏ ਜ਼ਿਆਦਾ ਤਰਜੀਹ ਦਿੱਤੀ ਗਈ ਹੈ।

ਪਰ ਦੂਜੇ ਇਸ ਨੀਤੀ ਦੇ ਆਲੋਚਕ ਵੀ ਹਨ ਜਿਹੜੇ ਹੇਠਾਂ ਦਿੱਤੇ ਪੱਖਾਂ ਨੂੰ ਲੈ ਕੇ ਇਸ ਨੀਤੀ ਦਾ ਵਿਰੋਧ ਕਰਦੇ ਹਨ। ਉਨ੍ਹਾਂ ਅਨੁਸਾਰ ਇਹ ਕੁਝ ਕੁ ਮੁਸ਼ਕਲਾਂ ਹਨ ਜਿਨ੍ਹਾਂ ਵੱਲ ਖਾਸ ਧਿਆਨ ਦੇਣ ਦੀ ਜ਼ਰੂਰਤ ਹੈ।

**(i) ਸਮਾਜਿਕ ਨਿਆਂ ਅਤੇ ਬਰਾਬਰੀ :**

ਵੱਡੇ ਇਜਾਰੇਦਾਰੀ ਘਰਾਣਿਆਂ ਲਈ (MRTP Act) ਦੀਆਂ ਸੀਮਾਵਾਂ ਹਟਾਉਣਾ, ਬਹੁਕੌਮੀ ਵਿਦੇਸ਼ੀ ਕੰਪਨੀਆਂ ਨੂੰ ਖੁੱਲ੍ਹਾ ਸੱਦਾ, ਬਹੁਤ ਸਾਰੇ ਉਦਯੋਗਾਂ ਨੂੰ ਲਾਇਸੈਂਸ ਲੈਣ ਤੋਂ ਛੋਟ ਅਤੇ ਸਰਵਜਨਕ ਖੇਤਰ ਦੇ ਅਧਿਕਾਰ ਅਧੀਨ ਕਈ ਉਦਯੋਗਾਂ ਦਾ ਨਿਜੀਕਰਣ ਆਦਿ ਕੁਝ ਕਦਮ ਐਸੇ ਹਨ ਜਿਹੜੇ ਵੱਡੇ ਇਜਾਰੇਦਾਰੀ ਘਰਾਣਿਆਂ ਦੇ ਨਾ ਕੇਵਲ ਜਾਇਦਾਦ ਦੇ ਰੂਪ ਵਿਚ ਸਾਧਨ ਹੀ ਵਧਾਉਣਗੇ ਸਗੋਂ

ਇਨ੍ਹਾਂ ਦੀ ਵੱਡੀ ਪੱਧਰ ਤੇ ਆਮਦਨ ਵਧਾਉਣ ਵਿਚ ਹੀ ਸਹਾਈ ਹੋਣਗੇ। ਇਸ ਨਾਲ ਦੇਸ਼ ਵਿਚ ਪਹਿਲਾ ਤੋਂ ਹੀ ਆਮਦਨ ਵਿਚਲੀ ਨਾ-ਬਰਾਬਰੀ ਹੋਰ ਵੀ ਵਧੇਗੀ। ਉਦਯੋਗਿਕ ਖੇਤਰ ਵਿਚ ਸਿਰਫ ਉਹ ਵਸਤਾ ਪੈਦਾ ਕਰਨ ਵਲ ਧਿਆਨ ਦਿੱਤਾ ਜਾਵੇਗਾ। ਜਿਹੜੀਆਂ ਕੇਵਲ ਸਮਾਜ ਦੇ ਉਪਰਲੇ ਵਰਗ ਵਿਚ ਹੀ ਵਰਤੀਆਂ ਜਾਣਗੀਆਂ। ਉਹ ਵਸਤਾਂ ਜਿਨ੍ਹਾਂ ਦਾ ਉਪਭੋਗ ਆਮ ਜਨਤਾ ਲੋਕ ਕਰਦੇ ਹਨ, ਉਨ੍ਹਾਂ ਨੂੰ ਆਸਾਨੀ ਨਾਲ ਅੱਖੋਂ ਪਰੋਖੇ ਕਰ ਦਿੱਤਾ ਜਾਵੇਗਾ। ਇਸ ਕਿਸਮ ਦੇ ਸੁਧਾਰ ਲਾਗੂ ਕਰਕੇ ਸਰਕਾਰ ਨੇ ਸਮਾਜਿਕ ਨਿਆਂ ਅਤੇ ਬਰਾਬਰੀ ਦੇ ਅਸੂਲ ਨੂੰ ਨਜ਼ਰ ਅੰਦਾਜ ਕੀਤਾ। ਇਸ ਦੀ ਲੰਮੇ ਸਮੇਂ ਵਿਚ ਔਕੜ ਪੇਸ਼ ਆ ਸਕਦੀ ਹੈ ਜਿਸ ਨੂੰ ਦੇਸ਼ ਲਈ ਉਸ ਸਮੇਂ ਬਰਦਾਸ਼ਤ ਕਰਨਾ ਔਖਾ ਹੋਵੇਗਾ।

**(ii) ਆਤਮ ਨਿਰਭਰਤਾ (Self Reliance) :**

ਨਵੀਂ ਉਦਯੋਗਿਕ ਨੀਤੀ ਵਿਚ ਮੁੱਖ ਜ਼ੋਰ ਇਸ ਗੱਲ ਉਪਰ ਦਿੱਤਾ ਜਾ ਰਿਹਾ ਹੈ ਕਿ ਆਪਣੇ ਉਦਯੋਗਿਕ ਖੇਤਰ ਨੂੰ ਦੁਨੀਆਂ ਭਰ ਦੀ ਆਰਥਕਤਾ ਨਾਲ ਜੋੜ ਦਿੱਤਾ ਜਾਵੇ। ਇਸ ਦਾ ਨਤੀਜਾ ਇਹ ਹੋਵੇਗਾ ਕਿ ਹੌਲੀ-ਹੌਲੀ ਉਹ ਹੀ ਉਤਪਾਦਨ ਹੋਣ ਲਗੇਗਾ ਜਿਹੜਾ ਵਿਦੇਸ਼ੀ ਮਾਰਕੀਟ ਵਿਚ ਵਿਕਦਾ ਹੈ। ਇਸ ਕੰਮ ਲਈ ਸਾਡੇ ਉਦਯੋਗਾਂ ਨੂੰ ਵਿਦੇਸ਼ੀ ਤਕਨੀਕ ਦੀ ਜ਼ਰੂਰਤ ਪਵੇਗੀ। ਵਿਤੀ ਸਹਾਇਤਾ ਲਈ ਵਿਦੇਸ਼ੀ ਕੰਪਨੀਆਂ ਭਾਰਤ ਵਿਚ ਮੰਨ ਚਾਹੇ ਢੰਗਾਂ ਨਾਲ ਨਿਵੇਸ਼ ਕਰਨਗੀਆਂ। ਇਸ ਨਾਲ ਨਾ ਕੇਵਲ ਵਿੱਤੀ ਸਗੋਂ ਤਕਨੀਕ ਅਤੇ ਮਾਰਕੀਟ ਲਈ ਸਾਨੂੰ ਵਿਦੇਸ਼ਾਂ ਉਪਰ ਨਿਰਭਰ ਹੋਣਾ ਪਵੇਗਾ। ਇਸ ਨਾਲ ਲੰਬੇ ਸਮੇਂ ਦਾ ਆਤਮ ਨਿਰਭਰਤਾ ਦਾ ਉਦੇਸ਼ ਪੂਰਾ ਨਹੀਂ ਹੋ ਸਕੇਗਾ। ਦੂਜੇ ਭੁਗਤਾਨ ਦੀ ਬੇਸ਼ੀ (Balance of Payment) ਵਿਚ ਹੋਰ ਵੀ ਨਿਘਾਰ ਆਵੇਗਾ।

**(iii) ਰੁਜ਼ਗਾਰ (Employment) :**

ਭਾਰਤ ਵੱਡੀ ਪੱਧਰ ਤੇ ਬੇਰੁਜ਼ਗਾਰੀ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਇਹ ਇਕ ਪਾਸੇ ਤਾਂ ਵੱਧ ਰਹੀ ਵਸੋਂ ਕਾਰਨ ਹੈ ਤੇ ਦੂਜੇ ਪਾਸੇ ਲੋੜੀਂਦੇ ਰੁਜ਼ਗਾਰ ਦੇ ਮੌਕਿਆਂ ਦਾ ਘੱਟ ਵਿਸਥਾਰ ਹੋਣ ਕਰਕੇ ਹੈ। 1980 ਦੇ ਦਹਾਕੇ ਵਿਚ ਨਿੱਜੀ ਖੇਤਰ ਵਲੋਂ ਕੋਈ ਵੀ ਰੋਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਗਏ। ਜਿੰਨੇ ਵੀ ਰੁਜਗਾਰ ਲੋਕਾਂ ਨੂੰ ਦਿੱਤੇ ਗਏ ਉਹ ਸਾਰੇ ਸਰਵਜਨਕ ਖੇਤਰ ਅਤੇ ਘਰੇਲੂ ਅਤੇ ਛੋਟੇ ਉਦਯੋਗਾਂ ਦੁਆਰਾ ਹੀ ਪੈਦਾ ਕੀਤੇ ਗਏ। ਹੁਣ ਨਵੀਂ ਘੋਸ਼ਿਤ ਕੀਤੀ ਨੀਤੀ ਨਾਲ ਇਹ ਦੋਵੇਂ ਖੇਤਰ ਹੋਰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਗੇ ਜਦੋਂ ਕਿ ਨਿੱਜੀ ਖੇਤਰ (ਘਰੇਲੂ ਅਤੇ ਵਿਦੇਸ਼ੀ) ਦਾ ਖੁਲ-ਏ-ਆਮ ਬਿਨ੍ਹਾਂ ਕਿਸੇ ਰੋਕ-ਟੋਕ ਹੋਰ ਵੀ ਵਿਸਥਾਰ ਹੋਵੇਗਾ।

ਇਸ ਲਈ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਨਵੀਂ ਉਦਯੋਗਿਕ ਨੀਤੀ ਦਾ ਉਦੇਸ਼ ਮੁੱਖ ਰੂਪ ਵਿਚ ਉਤਪਾਦਨ ਅਤੇ ਉਤਪਾਦਕਤਾ ਦੀ ਦਰ ਨੂੰ ਵਧਾਉਣਾ ਹੈ ਪਰ ਇਸ ਨਾਲ ਪੰਜ ਸਾਲਾ ਯੋਜਨਾਵਾਂ ਦੇ ਮੁੱਖ ਉਦੇਸ਼ ਜਿਵੇਂ ਸਮਾਜਿਕ ਬਰਾਬਰੀ, ਆਤਮ ਨਿਰਭਰਤਾ, ਰੁਜਗਾਰ ਅਤੇ ਖੇਤਰੀ ਅਸੰਤੁਲਨ ਖਤਮ ਕਰਨਾ ਆਦਿ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। ਇਸ ਨਾਲ ਨਿਜੀਕਰਣ ਉਤਸ਼ਾਹਿਤ ਹੁੰਦਾ ਹੈ। ਵਿਦੇਸ਼ੀ ਬਹੁ ਕੌਮੀ ਕੰਪਨੀਆਂ ਦਾ ਵਿਸਥਾਰ ਹੋਵੇਗਾ। ਵੱਡੇ ਪੂੰਜੀਪਤੀ ਅਤੇ ਇਜਾਰੇਦਾਰੀ ਘਰਾਣਿਆਂ ਦੇ ਵਿਸਥਾਰ ਨਾਲ ਸਿਰਫ ਸਮਾਜ ਦੇ ਉਪਰਲੇ ਕੁਝ ਕੁ ਪ੍ਰਤੀਸ਼ਤ ਲੋਕਾਂ ਨੂੰ ਇਸ ਨੀਤੀ ਤੋਂ ਠੀਕ ਹੀ ਲਾਭ ਹੋਵੇਗਾ ਪਰ ਇਹ ਨੀਤੀ ਆਮ ਜਨਤਾ ਦੇ ਆਮ ਤੌਰ ਤੇ ਖਿਲਾਫ ਹੀ ਜਾਂਦੀ ਹੈ।

**2.3.4 ਉਦਾਰੀਕਰਣ ਵੱਲ ਝੁਕਾਓ (Trends towards Liberalisation) :** 1993 ਤੋਂ ਬਾਅਦ ਸਰਕਾਰ ਨੇ ਉਨ੍ਹਾਂ 18 ਉਦਯੋਗਾਂ ਦੀ ਲਿਸਟ ਵਿਚੋਂ 3 ਉਦਯੋਗ ਹੋਰ ਕੱਢ ਦਿੱਤੇ ਜਿਨ੍ਹਾਂ ਨੂੰ ਜ਼ਰੂਰੀ ਲਾਇਸੈਂਸ ਪ੍ਰਾਪਤ ਕਰਨ ਦੀ ਸੂਚੀ ਵਿਚ ਰੱਖਿਆ ਗਿਆ ਸੀ। ਜਿਹੜੀਆਂ ਜ਼ਰੂਰੀ ਵਸਤਾਂ ਲਾਇਸੈਂਸਿੰਗ

ਦੇ ਘੇਰੇ ਵਿਚੋਂ ਕੱਢੀਆਂ ਗਈਆਂ ਉਹ ਸਨ – ਕਾਰਾਂ, ਚਿੱਟੀਆਂ ਵਸਤੂਆਂ (ਫ਼ਰਿਜ਼, ਕਪੜੇ ਧੋਣ ਵਾਲੀਆਂ ਮਸ਼ੀਨਾਂ, ਏਅਰ ਕੰਡੀਸ਼ਨਰ ਆਦਿ) ਅਤੇ ਕੱਚੀਆਂ ਖੱਲਾਂ ਅਤੇ ਚਮੜਾ। ਇਹ ਸਾਰਾ ਕੁਝ ਡੀ-ਰਿਜ਼ਰਵੇਸ਼ਨ ਦੀ ਨੀਤੀ ਤਹਿਤ ਕੀਤਾ ਗਿਆ, ਜਿਹੜਾ ਰਾਖਵੇਂਕਰਨ ਦੀ ਨੀਤੀ ਦੇ ਉਲਟ ਹੈ, ਜਿਸ ਦਾ ਮੁੱਖ ਮਕਸਦ ਸੀ ਕਿ ਇਨ੍ਹਾਂ ਵਸਤਾਂ ਦੇ ਉਤਪਾਦਨ ਵਿਚ ਹੋਰ ਨਿਵੇਸ਼ ਵੱਧੇ। ਇਸ ਤੋਂ ਇਲਾਵਾ ਇਸ ਦੇ ਹੱਕ ਵਿਚ ਇਹ ਵੀ ਦਲੀਲ ਦਿੱਤੀ ਗਈ ਕਿ ਭਾਰਤ ਵਿਚ ਮਧ-ਵਰਗ ਦੀ ਸ਼੍ਰੇਣੀ ਦੀ ਵਸੋਂ ਵਿਚੋਂ ਵਾਧਾ ਹੋ ਰਿਹਾ ਹੈ। ਇਸ ਵਾਸਤੇ ਇਹ ਵਸਤਾਂ ਹੁਣ 'ਆਰਾਮ' ਦੀਆਂ ਨਹੀਂ ਸਗੋਂ 'ਜ਼ਰੂਰੀ ਵਸਤਾਂ' ਹੋ ਗਈਆਂ ਹਨ। ਇਸ ਲਈ ਇਨ੍ਹਾਂ ਵਸਤਾਂ ਦੇ ਉਤਪਾਦਨ ਵਿਚ ਵੀ ਵਾਧਾ ਹੋਣਾ ਚਾਹੀਦਾ ਹੈ। ਖਲਾਂ ਆਦਿ ਉਪਰ ਲਾਇਸੈਂਸਿੰਗ ਵਰਗੀਆਂ ਰੋਕਾਂ ਹਟਾਉਣ ਦਾ ਕਾਰਨ 'ਨਿਰਯਾਤ ਵਧਾਉਣਾ' ਦੱਸਿਆ ਗਿਆ।

ਇਵੇਂ ਹੀ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਤ ਕਰਨ ਵਾਸਤੇ ਕਈ ਸਵੈ ਮਨਜ਼ੂਰੀ ਦੀਆਂ (auto matic approval) ਸਕੀਮਾਂ ਸ਼ੁਰੂ ਕੀਤੀਆਂ ਗਈਆਂ। ਵਿਦੇਸ਼ੀ ਨਿਵੇਸ਼ ਨੂੰ ਹੁਣ ਉਦਾਰੀਕਰਣ ਦੀ ਨੀਤੀ ਤਹਿਤ ਸੰਰਚਨਾਤਮਕ ਖੇਤਰ, ਮੁੱਢਲੇ ਅਤੇ ਖਾਸ ਮਹੱਤਵ ਵਾਲੇ ਖੇਤਰ, ਨਿਰਯਾਤ ਯੁਕਤ ਉਦਯੋਗਾਂ ਆਦਿ ਵਿਚ ਨਿਵੇਸ਼ ਕਰਨ ਅਤੇ ਕਾਰੋਬਾਰ ਕਰਨ ਦੀ ਵੀ ਇਜਾਜ਼ਤ ਦੇ ਦਿੱਤੀ ਗਈ ਹੈ।

ਇਸ ਉਦਾਰੀਕਰਣ ਦੀ ਨੀਤੀ ਦਾ ਪ੍ਰਭਾਵ ਇਹ ਪਿਆ ਹੈ ਕਿ :

- ਸਰਵਜਨਕ ਖੇਤਰ ਦੀ ਭੂਮਿਕਾ ਬਦਲ ਗਈ ਹੈ। ਜਿਹੜੇ ਖੇਤਰਾਂ ਵਿਚ ਨਿਵੇਸ਼ ਕੇਵਲ ਸਰਵਜਨਕ ਖੇਤਰ ਦੁਆਰਾ ਹੀ ਹੋਣਾ ਸੀ ਹੁਣ ਉਹ ਮਹੱਤਵਪੂਰਨ ਖੇਤਰਾਂ ਵਿਚ ਨਿੱਜੀ ਖੇਤਰ ਦੇ ਨਿਵੇਸ਼ ਅਤੇ ਵਿਦੇਸ਼ੀ ਨਿਵੇਸ਼ ਨੂੰ ਦਿੱਤੀ ਗਈ ਹੈ।
- ਲਾਇਸੈਂਸਿੰਗ ਦਾ ਖੇਤਰ ਵੀ ਸੁੰਘੇੜ ਕੇ ਛੋਟਾ ਕਰ ਦਿੱਤਾ ਹੈ। ਇਸ ਨਾਲ ਜ਼ਰੂਰੀ ਨਹੀਂ ਕਿ ਉਪਭੋਗੀ ਅਤੇ ਹੋਰ ਜ਼ਰੂਰਤ ਦੀਆਂ ਵਸਤਾਂ ਦੇ ਉਤਪਾਦਨ ਵਿਚ ਹੀ ਨਿਵੇਸ਼ ਹੋਵੇਗਾ, ਨਹੀਂ ਸਗੋਂ ਹੁਣ ਵਿਲਾਸਦਾ ਅਤੇ ਅਮੀਰ ਤਬਕੇ ਦੇ ਵਰਤੋਂ ਦੀਆਂ ਵਸਤਾਂ ਦਾ ਵੱਧ ਉਤਪਾਦਨ ਹੋਣ ਲਗਿਆ ਹੈ।
- ਉਤਪਾਦਨ ਦੇ ਢਾਂਚੇ ਵਿਚ ਜ਼ਿਕਰ ਯੋਗ ਤਬਦੀਲੀ ਹੋਈ ਹੈ। ਇਸ ਦਾ ਪ੍ਰਭਾਵ ਸਮੁੱਚੀ ਆਰਥਿਕ ਉਪਰ ਪਿਆ ਹੈ। ਬੇਰੁਜ਼ਗਾਰੀ ਵਿਚ ਵਾਧਾ, ਆਰਥਿਕ ਅਸੰਤੁਲਨ, ਗਰੀਬੀ, ਕੀਮਤਾਂ ਦਾ ਵਾਧਾ, ਅਰਥਾਤ ਮੁਦਰਾ ਸਫੀਤੀ, ਆਰਥਿਕ ਆਤਮ ਨਿਰਭਰਤਾ ਨੂੰ ਖਤਰਾ, ਸਮਾਜਿਕ ਨਾ-ਬਰਾਬਰੀ ਆਦਿ ਵਰਗੀਆਂ ਮੁਸ਼ਕਲਾਂ ਦਾ ਦੇਸ਼ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਲਈ ਜ਼ਰੂਰਤ ਇਸ ਗੱਲ ਦੀ ਹੈ ਕਿਜਹੜੀ ਵੀ ਰਣ-ਨੀਤੀ (strategy) ਜਾਂ ਜੁਗਤ ਆਰਥਿਕਤਾ ਦੇ ਵਿਕਾਸ ਵਾਸਤੇ ਉਲੀਕੀ ਜਾਂਦੀ ਹੈ, ਉਸ ਦਾ ਸੰਬੰਧ ਦੇਸ਼ ਦੀਆਂ ਘਰੇਲੂ ਹਾਲਤਾਂ ਨਾਲ ਹੋਣਾ ਚਾਹੀਦਾ ਹੈ। ਜ਼ਰੂਰੀ ਨਹੀਂ ਕਿ ਜਿਹੜੀਆਂ ਨੀਤੀਆਂ ਦੂਜੇ ਵਿਕਸਿਤ ਦੇਸ਼ਾਂ ਦੀ ਆਰਥਿਕਤਾ ਵਿਚ ਠੀਕ ਬੈਠਦੀਆਂ ਹਨ। ਉਹ ਭਾਰਤ ਦੀ ਵਿਕਾਸਸ਼ੀਲ ਆਰਥਿਕਤਾ ਵਿਚ ਵੀ ਉਵੇਂ ਹੀ ਲਾਗੂ ਹੋਣ।

## 2.3.5 ਸਾਰੰਸ਼ (Summary) :

ਇਸ ਪਾਠ ਵਿਚ ਅਸੀਂ ਭਾਰਤ ਵਿਚ ਉਦਯੋਗਿਕ ਨੀਤੀ ਬਾਰੇ ਵਿਆਖਿਆ ਕੀਤੀ ਹੈ। ਸਭ ਤੋਂ ਪਹਿਲਾਂ ਯੋਜਨਾਬੱਧ ਉਦਯੋਗਿਕ ਵਿਕਾਸ ਸ਼ੁਰੂ ਕਰਨ ਵਾਸਤੇ 1948 ਵਿਚ ਸਾਰੇ ਉਦਯੋਗਾਂ ਨੂੰ ਸ਼੍ਰੇਣੀ ਬੱਧ ਕੀਤਾ ਗਿਆ। 1956 ਵਿਚ ਵਿਸਥਾਰ ਸਹਿਤ ਉਦਯੋਗਿਕ ਢਾਂਚੇ ਦਾ ਅਧਿਐਨ ਕਰਨ ਉਪਰੰਤ ਆਧਾਰ-ਭੂਤ ਉਦਯੋਗਿਕ ਨੀਤੀ ਘੋਸ਼ਿਤ ਕੀਤੀ ਗਈ। ਇਹ ਉਹ ਸਮਾਂ ਸੀ ਜਦੋਂ ਦੂਜੀ ਪੰਜ ਸਾਲਾ ਯੋਜਨਾ ਵੀ ਤਿਆਰ ਹੋ ਚੁੱਕੀ ਸੀ। ਇਸ ਵਿਚ ਉਦਯੋਗਿਕ ਵਿਕਾਸ ਦੀ ਆਧਾਰ ਭੂਤ ਸਿਰਜਣਾ ਕਰਨੀ ਇਕ ਅਹਿਮ ਪਹਿਲੂ ਸੀ, ਜਿਸ ਤਹਿਤ 'ਭਾਰੀ ਉਦਯੋਗਾਂ ਦੀ ਨੀਤੀ' (Heavy Industry strategy) ਨੂੰ ਅਪਣਾਇਆ ਗਿਆ। ਇਸ ਤੋਂ ਬਾਅਦ ਜਿਉਂ ਜਿਉਂ ਦੇਸ਼ ਵਿਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ

ਤਬਦੀਲੀਆਂ ਹੁੰਦੀਆਂ ਗਈਆਂ ਉਵੇਂ ਉਵੇਂ ਹੀ ਉਦਯੋਗਿਕ ਨੀਤੀ ਵਿਚ ਵੱਡੇ ਜਾਂ ਛੋਟੇ ਉਦਯੋਗਾਂ ਦੀ ਪ੍ਰਾਥਮਿਕਤਾ (ਥੋੜੀ ਬਹੁਤ) ਬਦਲਦੀ ਗਈ ਅਤੇ ਉਨ੍ਹਾਂ ਕੁਝ ਨੁਕਤੇ ਉਦਯੋਗਿਕ ਨੀਤੀਆਂ ਵਿਚ ਸ਼ਾਮਲ ਹੁੰਦੇ ਗਏ ਅਤੇ ਕੁਝ ਕੁ ਨੂੰ ਛੱਡ ਦਿੱਤਾ ਜਾਂਦਾ ਰਿਹਾ। 1980-85 ਤੱਕ ਉਦਯੋਗਿਕ ਨੀਤੀਆਂ ਵਿਚ ਫੈਸਲਾ ਕੁਝ ਤਬਦੀਲੀਆਂ ਹੋਈਆਂ। ਇਹ ਤਬਦੀਲੀਆਂ ਲਾਇਸੈਂਸਿੰਗ ਪਾਲਿਸੀ ਵਿਚ ਲਗਾਈਆਂ ਰੋਕਾਂ ਜਾ ਬੰਧਸ਼ਾਂ ਦੇ ਵਿਰੁੱਧ ਸਨ। ਇਨ੍ਹਾਂ ਬੰਧਸ਼ਾਂ ਨੂੰ ਨਿੱਜੀ ਖੇਤਰ ਨੇ ਪਸੰਦ ਨਹੀਂ ਕੀਤਾ ਸੀ। 1985 ਤੋਂ ਬਾਅਦ ਨਿੱਜੀਕਰਣ ਦਾ ਸੰਕਲਪ ਹੋਰ ਵੀ ਭਾਰੂ ਹੋ ਗਿਆ।

1991 ਵਿਚ ਜੋ ਉਦਯੋਗਿਕ ਨੀਤੀ ਲਾਗੂ ਕੀਤੀ ਗਈ ਉਹ ਮੁੱਖ ਰੂਪ ਵਿਚ ਵਿਸ਼ਵੀਕਰਣ (Globalisation) ਦੇ ਸੰਕਲਪ ਤੋਂ ਪ੍ਰਭਾਵਿਤ ਹੋ ਕੇ ਕੀਤੀ ਗਈ ਸੀ। ਇਸ ਦਾ ਮੁੱਖ ਮੰਤਵ ਦੇਸ਼ ਦੀ ਆਰਥਿਕਤਾ ਨੂੰ ਵਿਸ਼ਵ ਦੀ ਆਰਥਿਕਤਾ ਨਾਲ ਜੋੜਦੇ ਹੋਏ ਮੁਕਾਬਲੇ ਦੀ ਦੌੜ ਵਿਚ ਸ਼ਾਮਲ ਹੋਣਾ ਸੀ। ਮੁੱਖ ਰੂਪ ਵਿਚ ਇਸ ਨੀਤੀ ਵਿਚ ਸਰਵਜਨਕ ਖੇਤਰ ਦੀ ਭੂਮਿਕਾ ਨੂੰ ਦੂਜੀ ਕਤਾਰ ਵਿਚ ਖੜ੍ਹਾ ਕਰਕੇ ਨਿੱਜੀ ਖੇਤਰ ਨੂੰ ਅੱਗੇ ਲਿਆਉਣਾ ਸੀ। ਜਿਸ ਦੌਰਾਨ ਨਿੱਜੀ ਖੇਤਰ ਅਤੇ ਹੋਰ ਵੱਡੇ ਵੱਡੇ ਇਜ਼ਾਰੇ ਦਾਰੀ ਘਰਾਣਿਆਂ ਉਪਰ MRTP Act ਤਹਿਤ ਲਗੀਆਂ ਰੋਕਾਂ ਨੂੰ ਲਗਭਗ ਖ਼ਤਮ ਹੀ ਕਰ ਦਿੱਤਾ ਗਿਆ। ਤਤਕਾਲੀਨ ਉਦਾਰੀਕਰਣ ਦੀ ਨੀਤੀ ਨਾਲ ਵਿਦੇਸ਼ੀ ਕੰਪਨੀਆਂ ਅਤੇ ਨਿਵੇਸ਼ ਨੂੰ ਖਾਸ ਮਹੱਤਵਪੂਰਣ ਖੇਤਰਾਂ ਵਿਚ ਵੀ ਨਿਵੇਸ਼ ਕਰਨ ਦੀ ਖੁਲ੍ਹ ਦੇ ਦਿੱਤੀ ਗਈ ਹੈ।

ਇਸ ਪ੍ਰਕਾਰ ਦੀ ਨੀਤੀ ਨਾਲ ਦੇਸ਼ ਦਾ ਆਤਮ-ਨਿਰਭਰਤਾ ਦਾ ਸੰਕਲਪ ਖਤਰੇ ਵਿਚ ਹੈ। ਸਮਾਜਿਕ ਤੌਰ ਤੇ ਦੇਸ਼ ਨੂੰ ਭਾਰੀ ਮਾਤਰਾ ਵਿਚ ਬੇਰੁਜ਼ਗਾਰੀ ਅਤੇ ਨਾ-ਬਰਾਬਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

### 2.3.6 ਪੜ੍ਹਨ – ਯੋਗ ਸਮੱਗਰੀ

ਇਸ ਪਾਠ ਵਾਸਤੇ ਪੜ੍ਹਨ-ਯੋਗ ਸਮੱਗਰੀ ਪਾਠ ਨੰਬਰ 9 ਵਾਲੀ ਹੀ ਹੈ।

### 2.3.7 ਲੰਬੇ ਉੱਤਰਾਂ ਵਾਲੇ ਪ੍ਰਸ਼ਨ

1. 1956 ਦੀ ਉਦਯੋਗਿਕ ਨੀਤੀ ਦੇ ਮੁੱਖ ਉਦੇਸ਼ ਕੀ ਸਨ? ਇਸ ਦੇ ਮੁੱਖ ਅੰਸ਼ਾਂ ਦੀ ਆਲੋਚਨਾਤਮਕ ਵਿਆਖਿਆ ਕਰੋ।
2. ਉਦਯੋਗਿਕ ਨੀਤੀ ਵਿਚ ਕੀਤੀਆਂ ਗਈਆਂ ਤਤਕਾਲੀਨ ਤਬਦੀਲੀਆਂ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਥਾਰ ਸਹਿਤ ਲਿਖੋ।

ਨੋਟ : 1. ਇਹ ਪਾਠ **D.E.C.** ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।
2. ਇਹ ਪਾਠ **SIM** ਵਿਚ ਲਿਖਿਆ ਗਿਆ ਹੈ।

**ਪਾਠ ਨੰਬਰ : 2.4** **ਲੇਖਿਕਾ : ਡਾ. ਕੰਵਲਜੀਤ ਕੌਰ ਗਿੱਲ**

## ਛੋਟੇ ਅਤੇ ਵੱਡੇ ਪੈਮਾਨੇ ਦੇ ਉਦਯੋਗਾਂ ਦਾ ਯੋਗਦਾਨ ਅਤੇ ਸਮੱਸਿਆਵਾਂ
## (Role and Problems of Small and Large Scale Industries)

*** ਰੂਪ ਰੇਖਾ**
**2.4.1 ਜਾਣ-ਪਛਾਣ**
**2.4.2 ਉਦੇਸ਼**
**2.4.3 ਛੋਟੇ ਪੈਮਾਨੇ ਦੇ ਉਦਯੋਗ**
**2.4.3.1 ਪਰਿਭਾਸ਼ਾ**
**2.4.4 ਛੋਟੇ ਪੈਮਾਨੇ ਦੇ ਉਦਯੋਗਾਂ ਦਾ ਵਾਧਾ ਅਤੇ ਵਿਕਾਸ**
**2.4.5 ਛੋਟੇ ਪੈਮਾਨੇ ਦੇ ਉਦਯੋਗਾਂ ਦਾ ਆਰਥਿਕ ਵਿਕਾਸ ਵਿਚ ਯੋਗਦਾਨ/ਮਹੱਤਵ**
**2.4.6 ਛੋਟੇ ਪੈਮਾਨੇ ਦੇ ਉਦਯੋਗਾਂ ਦੀਆਂ ਸਮੱਸਿਆਵਾਂ**
**2.4.7 ਵਿਕਾਸ ਲਈ ਸਰਕਾਰ ਦੁਆਰਾ ਚੁੱਕੇ ਗਏ ਕਦਮ**
**2.4.8 ਸਰਕਾਰੀ ਨੀਤੀ**
**2.4.9 ਛੋਟੇ ਪੈਮਾਨੇ ਦੇ ਉਦਯੋਗ ਅਤੇ ਉਦਯੋਗਿਕ ਨੀਤੀ ਵਿਚ ਤਤਕਾਲੀਨ ਤਬਦੀਲੀਆਂ**
**II**
**2.4.10 ਵੱਡੇ ਪੈਮਾਨੇ ਦੇ ਉਦਯੋਗਾਂ ਦੀ ਪਰਿਭਾਸ਼ਾ**
**2.4.10.1 ਵਿਸ਼ੇਸ਼ਤਾਈਆਂ**
**2.4.10.2 ਛੋਟੇ ਅਤੇ ਵੱਡੇ ਪੈਮਾਨੇ ਦੇ ਉਦਯੋਗਾਂ ਵਿਚਾਲੇ ਅੰਤਰ ਲਈ ਮਾਪਦੰਡ**
**2.4.11 ਵੱਡੇ ਪੈਮਾਨੇ ਦੇ ਉਦਯੋਗਾਂ ਦਾ ਮਹੱਤਵ**
**2.4.12 ਸਰਕਾਰ ਦੁਆਰਾ ਵੱਡੇ ਪੈਮਾਨੇ ਦੇ ਵਿਕਾਸ ਲਈ ਚੁੱਕੇ ਗਏ ਕਦਮ**
**2.4.13 ਸਾਰ ਅੰਸ਼**
**2.4.14 ਵੱਡੇ ਉੱਤਰਾਂ ਵਾਲੇ ਪ੍ਰਸ਼ਨ**
**2.4.15 ਪੜ੍ਹਨ-ਯੋਗ ਸਮੱਗਰੀ**

**2.4.1 ਜਾਣ ਪਛਾਣ (Introduction) :** ਉਦਯੋਗਿਕ ਖੇਤਰ ਨੂੰ ਸ਼੍ਰੇਣੀ-ਬੱਧ ਕਰਨ ਦੇ ਕਈ ਢੰਗ ਹਨ। ਇਕ ਢੰਗ ਉਤਪਾਦਨ ਦੇ ਆਕਾਰ ਜਾਂ ਪੈਮਾਨੇ ਨਾਲ ਸੰਬੰਧਤ ਹੈ, ਦੂਜਾ, ਇਸ ਦੀ ਮਾਲਕੀ ਨਿੱਜੀ ਜਾਂ ਸਰਵਜਨਕ ਅਤੇ ਤੀਜਾ ਵਸਤੂ ਦੇ ਸਰੂਪ (Nature of Commodity) ਨਾਲ ਸੰਬੰਧਤ ਅਰਥਾਤ ਆਦਾਨ-ਆਧਾਰਿਤ (Import-based) ਅਤੇ ਵਰਤੋਂ ਆਧਾਰਿਤ (Use based)। ਇਨ੍ਹਾਂ ਸਾਰਿਆਂ ਢੰਗਾਂ ਵਿਚੋਂ ਅਸੀਂ ਪਹਿਲੇ ਢੰਗ ਨੂੰ ਲੈਂਦੇ ਹਾਂ, ਜਿਹੜਾ ਉਦਯੋਗਿਕ ਯੂਨਿਟ ਦੇ ਆਕਾਰ ਅਤੇ ਪੈਮਾਨੇ (Scales) ਨਾਲ ਸੰਬੰਧਿਤ ਹੈ। ਆਕਾਰ ਦੇ ਲਿਹਾਜ ਨਾਲ ਉਦਯੋਗਿਕ ਯੂਨਿਟ ਦੀ ਪਰਿਭਾਸ਼ਾ ਦੇਣੀ ਕੁਝ ਮੁਸ਼ਕਲ ਜਾਪਦੀ ਹੈ। ਇਸ ਵਾਸਤੇ ਪੈਮਾਨੇ ਦੇ ਲਿਹਾਜ ਨਾਲ ਜਦੋਂ ਉਦਯੋਗਾਂ ਨੂੰ ਸ਼੍ਰੇਣੀ-ਬੱਧ (Classify) ਕੀਤਾ ਜਾਂਦਾ ਹੈ ਤਾਂ ਅਸੀਂ ਤਿੰਨ ਪ੍ਰਕਾਰ ਦੇ ਉਦਯੋਗਾਂ ਦੀ ਗੱਲ ਕਰਦੇ ਹਾਂ - ਛੋਟੇ ਪੈਮਾਨੇ ਦੇ ਉਦਯੋਗ, ਮੱਧ ਦਰਜ਼ੇ ਦੇ ਉਦਯੋਗ ਅਤੇ ਵੱਡੇ ਪੈਮਾਨੇ ਦੇ ਉਦਯੋਗ। ਛੋਟੇ ਪੈਮਾਨੇ ਦੇ ਉਦਯੋਗ ਵਿਚ ਕਈ ਵਾਰ ਘਰੇਲੂ ਉਦਯੋਗ ਵੀ ਸ਼ਾਮਲ ਕਰ ਲਏ ਜਾਂਦੇ ਹਨ।

ਇਸ ਪਾਠ ਵਿਚ ਅਸੀਂ ਪਹਿਲਾਂ ਛੋਟੇ ਪੈਮਾਨੇ ਦੇ ਉਦਯੋਗਾਂ ਬਾਰੇ ਵਿਚਾਰ ਕਰਾਂਗੇ ਕਿ ਇਨ੍ਹਾਂ ਦਾ ਭਾਰਤ ਵਰਗੀ ਵਿਕਾਸਸ਼ੀਲ ਅਰਥ ਵਿਵਸਥਾ ਵਿਚ ਕੀ ਯੋਗਦਾਨ ਹੈ, ਕੀ ਮਹੱਤਵ ਹੈ ਅਤੇ ਇਨ੍ਹਾਂ ਦਾ ਵਿਕਾਸ

ਕਿਵੇਂ ਹੋਇਆ ਹੈ। ਨਾਲ ਹੀ ਇਸ ਦੇ ਵਿਕਾਸ ਦੇ ਰਸਤੇ ਵਿਚ ਆਉਂਦੀਆਂ ਮੁਸ਼ਕਲਾਂ ਬਾਰੇ ਵੀ ਵਿਚਾਰ ਕੀਤਾ ਜਾਵੇਗਾ। ਦੂਜੇ ਪਾਸੇ ਬਹੁਤ ਵੱਡੇ ਪੈਮਾਨੇ ਦੇ ਉਦਯੋਗ ਹਨ। ਜੇਕਰ ਰੁਜ਼ਗਾਰ ਦੇ ਪੱਖ ਤੋਂ ਵੱਡੇ ਅਤੇ ਛੋਟੇ ਅਤੇ ਘਰੇਲੂ ਉਦਯੋਗ ਦਾ ਮਹੱਤਵ ਹੈ, ਤਾਂ ਉਦਯੋਗਿਕ ਬਰਾਮਦਾਂ ਦੇ ਪੱਖ ਤੋਂ ਵੱਡੇ ਪੈਮਾਨੇ ਦਾ ਵੀ ਆਰਥਿਕਤਾ ਵਿਚ ਮਹੱਤਵਪੂਰਨ ਸਥਾਨ ਹੈ। ਲੋਹਾਂ ਅਤੇ ਸਟੀਲ, ਚੀਨੀ, ਕਪੜਾ ਆਦਿ ਵਰਗੇ ਵੱਡੇ ਉਦਯੋਗਾਂ ਦਾ ਭਾਰਤ ਦੀ ਆਰਥਿਕਤਾ ਵਿਚ ਵੱਡਾ ਸਥਾਨ ਹੈ। ਇਨ੍ਹਾਂ ਵੱਡੇ ਉਦਯੋਗਾਂ ਦੇ ਮਹੱਤਵ ਅਤੇ ਯੋਗਦਾਨ ਬਾਰੇ ਵੀ ਇਸ ਪਾਠ ਸਮੱਗਰੀ ਜਾਣਕਾਰੀ ਪ੍ਰਾਪਤ ਕੀਤੀ ਜਾਵੇ ਗੀ।

**2.4.2 ਉਦੇਸ਼ (Objectives) :** ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਹੇਠਾਂ ਲਿਖੇ ਵਿਸ਼ਿਆਂ ਬਾਰੇ ਜਾਣਕਾਰੀ ਹਾਸਲ ਹੋਵੇਗੀ :

- ਛੋਟੇ ਪੈਮਾਨੇ ਦੇ ਉਦਯੋਗ ਅਤੇ ਵੱਡੇ ਪੈਮਾਨੇ ਦੇ ਉਦਯੋਗਾਂ ਵਿਚ ਕੀ ਅੰਤਰ ਹੈ;
- ਛੋਟੇ ਪੈਮਾਨੇ ਦੇ ਉਦਯੋਗ ਅਤੇ ਵੱਡੇ ਪੈਮਾਨੇ ਦੇ ਉਦਯੋਗਾਂ ਵਿਚ ਕੀ ਮਹੱਤਤਾ ਹੈ;
- ਉਦਯੋਗਾਂ ਦੇ ਵਿਕਾਸ ਵਾਸਤੇ ਸਮੁੱਚੇ ਰੂਪ ਵਿਚ ਸਰਕਾਰੀ ਨੀਤੀ ਕੀ ਹੈ।

**2.4.3 ਛੋਟੇ ਪੈਮਾਨੇ ਦੇ ਉਦਯੋਗ (Small Scale Industries) :** ਛੋਟੇ ਪੈਮਾਨੇ ਦੇ ਉਦਯੋਗਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕਰਨ ਤੋਂ ਪਹਿਲਾਂ ਚੰਗਾ ਹੋਵੇਗਾ ਕਿ ਸਭ ਤੋਂ ਪਹਿਲਾਂ ਅਸੀਂ ਇਹ ਦੇਖੀਏ ਕਿ ਛੋਟੇ ਪੈਮਾਨੇ ਅਤੇ ਘਰੇਲੂ ਉਦਯੋਗਾਂ ਵਿਚਾਲੇ ਕੀ ਅੰਤਰ ਹੈ। ਆਮ ਤੌਰ ਤੇ ਘਰੇਲੂ ਅਤੇ ਛੋਟੇ ਉਦਯੋਗਾਂ ਨੂੰ ਇਕੋ ਹੀ ਗਰੁੱਪ ਵਿਚ ਲਿਆ ਜਾਂਦਾ ਹੈ। ਪਰ ਕੁਝ ਵਿਸ਼ੇਸ਼ਤਾਈਆਂ ਕਰਕੇ ਕਈ ਵਾਰ ਇਨ੍ਹਾਂ ਨੂੰ ਵੱਖਰੇ ਤੌਰ ਤੇ ਵੀ ਲਿਆ ਜਾਂਦਾ ਹੈ ਜਿਵੇਂ :

**(i)** **ਸਥਾਨ :** ਘਰੇਲੂ ਉਦਯੋਗ ਆਮ ਤੌਰ ਤੇ ਪਿੰਡਾਂ ਵਿਚ ਹੀ ਕਾਰੀਗਰਾਂ ਦੇ ਘਰਾਂ ਆਦਿ ਵਿਚ ਹੀ ਹੁੰਦੇ ਹਨ। ਛੋਟੇ ਪੈਮਾਨੇ ਦੇ ਉਦਯੋਗ ਸ਼ਹਿਰੀ ਅਤੇ ਸ਼ਹਿਰੀ ਸਥਾਨਾਂ ਤੇ ਉਦਯੋਗਿਕ ਖੇਤਰਾਂ ਵਿਚ ਲਗਾਏ ਜਾਂਦੇ ਹਨ।

**(ii)** **ਕਿਰਤੀ ਅਤੇ ਮਜ਼ਦੂਰ :** ਘਰੇਲੂ ਉਦਯੋਗਾਂ ਵਿਚ ਉੱਦਮੀ ਆਪਣੇ ਹੀ ਸਾਧਨਾਂ ਉਪਰ ਆਪਣੇ ਹੀ ਪਰਿਵਾਰ ਦੇ ਜੀਆਂ ਦੀ ਮਦਦ ਨਾਲ ਕੰਮ ਕਰਦਾ ਹੈ। ਜਦੋਂ ਕਿ ਛੋਟੇ ਉਦਯੋਗਾਂ ਵਿਚ ਪ੍ਰਬੰਧਕ ਅਤੇ ਸੰਗਠਨ ਕਰਦਾ ਮੁਕਾਬਲਤਨ ਵੱਧ ਪੂੰਜੀ ਦਾ ਪ੍ਰਯੋਗ ਕਰਦੇ ਹੋਏ, ਮਜ਼ਦੂਰੀ ਉੱਪਰ ਰੱਖੇ ਮਜ਼ਦੂਰਾਂ, ਕਿਰਤੀਆਂ ਦੀ ਸਹਾਇਤਾ ਨਾਲ ਉਤਪਾਦਨ ਕਰਦਾ ਹੈ।

**(iii)** **ਪੂੰਜੀ ਨਿਵੇਸ਼ ਅਤੇ ਮਸ਼ੀਨਰੀ :** ਘਰੇਲੂ ਉਦਯੋਗਾਂ ਵਿਚ ਬਹੁਤ ਹੀ ਘੱਟ ਪੂੰਜੀ ਅਤੇ ਸਧਾਰਨ ਸੰਦਾਂ ਦਾ ਪ੍ਰਯੋਗ ਹੁੰਦਾ ਹੈ ਅਤੇ ਛੋਟੇ ਉਦਯੋਗਾਂ ਵਿਚ ਮੁਕਾਬਲਤਨ ਜ਼ਿਆਦਾ ਪੂੰਜੀ ਨਿਵੇਸ਼ ਨਾਲ ਬਿਜਲੀ ਦੀ ਸ਼ਕਤੀ ਨਾਲ ਚੱਲਣ ਵਾਲੀ ਮਸ਼ੀਨਰੀ ਅਤੇ ਉਤਪਾਦਨ ਦੇ ਆਧੁਨਿਕ ਢੰਗਾਂ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ।

**(iv)** **ਉਤਪਾਦਨ ਦੀ ਮੰਗ :** ਘਰੇਲੂ ਉਦਯੋਗਾਂ ਦੁਆਰਾ ਉਤਪਾਦਿਤ ਉਤਪਾਦਨ ਸਥਾਨਕ ਮੰਡੀ ਦੀਆਂ ਜ਼ਰੂਰਤਾਂ ਜਾਂ ਆਰਡਰ ਤੇ ਤਿਆਰ ਕੀਤੀਆਂ ਜ਼ਰੂਰਤਾਂ ਅਨੁਸਾਰ ਹੁੰਦਾ ਹੈ। ਜਦੋਂ ਕਿ ਛੋਟੇ ਉਦਯੋਗਾਂ ਦਾ ਮਾਲ ਭਾਵੇਂ ਆਰਡਰ ਤੇ ਤਿਆਰ ਹੋਵੇ ਫਿਰ ਵੀ ਦੂਰ ਦੁਰਾਡੇ ਦੀ ਮੰਡੀਆਂ ਦੀਆਂ ਜ਼ਰੂਰਤਾਂ ਵਾਸਤੇ ਹੁੰਦਾ ਹੈ।

**2.4.3.1 ਛੋਟੇ ਪੈਮਾਨੇ ਦੇ ਉਦਯੋਗਾਂ ਦੀ ਪਰਿਭਾਸ਼ਾ (Definition of Small Scale Industries):** ਛੋਟੇ ਪੈਮਾਨੇ ਦੇ ਉਦਯੋਗਾਂ ਦੀ ਪਰਿਭਾਸ਼ਾ ਸਮੇਂ ਸਮੇਂ ਤੋਂ ਬਦਲਦੀ ਰਹੀ ਹੈ। ਇਸ ਦੀ ਪਰਿਭਾਸ਼ਾ ਦੇਣ ਵਾਸਤੇ ਕਈ ਮਾਪਦੰਡ (Criteria) ਰੱਖੇ ਗਏ ਜਿਹੜੇ ਹੇਠਾਂ ਲਿਖੇ ਅਨੁਸਾਰ ਹਨ :

- **ਸ਼ਕਤੀ ਦਾ ਪ੍ਰਯੋਗ :** ਸਭ ਤੋਂ ਪਹਿਲਾਂ ਇਨ੍ਹਾਂ ਉਦਯੋਗਾਂ ਨੂੰ ਦੋ ਗਰੁੱਪਾਂ ਵਿਚ ਵੰਡਿਆ

ਗਿਆ। ਇਕ ਉਹ ਜਿਹੜੇ ਸ਼ਕਤੀ ਦਾ ਪ੍ਰਯੋਗ ਕਰਦੇ ਹਨ ਅਤੇ ਦੂਜੇ ਜਿਹੜੇ ਨਹੀਂ ਕਰਦੇ। ਇਸ ਅਨੁਸਾਰ ਸ਼ਕਤੀ ਦਾ ਪ੍ਰਯੋਗ ਕਰਦੇ ਹੋਏ ਜਿਹੜੇ ਉਦਯੋਗ 50 ਜਾਂ ਇਸ ਤੋਂ ਘੱਟ ਕਿਰਤੀ ਕੰਮ ਤੇ ਲਗਾਉਂਦੇ ਹਨ; ਜਾਂ ਬਿਨਾਂ ਸ਼ਕਤੀ ਦੇ ਪ੍ਰਯੋਗ ਤੋਂ 100 ਜਾਂ ਇਸ ਤੋਂ ਘੱਟ ਕਿਰਤੀ ਕੰਮ ਤੇ ਲਗਾਉਂਦੇ ਹਨ ਉਨ੍ਹਾਂ ਨੂੰ ਛੋਟੇ ਪੈਮਾਨੇ ਦੇ ਉਦਯੋਗ ਕਿਹਾ ਜਾਂਦਾ ਸੀ।

- **ਪ੍ਰਬੰਧ ਅਤੇ ਮੈਨੇਜਮੈਂਟ ਦਾ ਆਧਾਰ** ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਪ੍ਰਬੰਧਕ ਅਤੇ ਮੈਨੇਜਰ ਆਮ ਤੌਰ ਤੇ ਇਕੋ ਹੀ ਉੱਦਮੀ ਹੁੰਦਾ ਸੀ। ਮੁੱਖ ਰੂਪ ਵਿਚ ਸੰਗਠਨ ਨੂੰ ਵਿਅਕਤੀਗਤ ਤੌਰ ਤੇ ਇਕੱਲੀ ਮਲਕੀਅਤ (Individual proprietership) ਜਾਂ ਵੱਧ ਤੋਂ ਵੱਧ ਸਾਂਝੇਦਾਰੀ ਨਾਲ ਚਲਾਇਆ ਜਾਂਦਾ ਸੀ। ਇਹ ਮਾਪ ਦੰਡ ਦੀ ਪਰੀਭਾਸ਼ਾ ਕਈ ਵਾਰ ਵੱਡੇ ਵੱਡੇ ਉਦਯੋਗਿਕ ਘਰਾਣਿਆਂ ਨਾਲ ਭੁਲੇਖਾ ਪਾ ਦਿੰਦੀ ਹੈ। ਜਿਹੜੇ ਇਕੋ ਹੀ ਉਦਮੀ ਦੇ ਅਧਿਕਾਰ ਖੇਤਰ ਵਿਚ ਹੁੰਦੇ ਹਨ ਪਰ ਉਹ ਬਹੁਤ ਵੱਡੀ ਸਲਤਨਤ ਦੇ ਮਾਲਕ ਹੁੰਦੇ ਹਨ। ਜਿਵੇਂ ਅੰਬਾਨੀ ਹਾਊਸ, ਟਾਟਾ, ਬਿਰਲਾ ਆਦਿ।
- **ਪੂੰਜੀ ਨਿਵੇਸ਼ :** ਆਧੁਨਿਕ ਸਮੇਂ ਵਿਚ ਉਦਯੋਗਾਂ ਨੂੰ ਪੂੰਜੀ ਨਿਵੇਸ਼ ਸੀਮਾਂ ਦੀ ਸਹਾਇਤਾ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ। ਪਰ ਇਹ ਪੂੰਜੀ ਨਿਵੇਸ਼ ਦੀ ਸੀਮਾਂ ਵੀ ਸਮੇਂ ਸਮੇਂ ਤੇ ਬਦਲਦੀ ਰਹੀ ਹੈ। ਸਭ ਤੋਂ ਪਹਿਲਾਂ 1966 ਵਿਚ ਇਸ ਰਾਸ਼ੀ ਦੀ ਸੀਮਾਂ 7.5 ਲੱਖ ਰੁਪਏ ਨਿਰਧਾਰਿਤ ਕੀਤੀ ਗਈ। 1975 ਵਿਚ ਸਰਕਾਰੀ ਤੌਰ ਤੇ ਐਲਾਨ ਕੀਤਾ ਗਿਆ ਕਿ ਜਿਹਨਾਂ ਉਦਯੋਗਾਂ ਵਿਚ ਨਿਵੇਸ਼ 10 ਲੱਖ ਰੁਪਏ ਤੱਕ ਹੈ ਉਹ ਛੋਟੇ ਪੈਮਾਨੇ ਦੇ ਉਦਯੋਗ ਮੰਨੇ ਜਾਣਗੇ। ਇਥੇ ਰੁਜ਼ਗਾਰ ਵਿਚ ਲੱਗੇ ਕਿਰਤੀਆਂ ਦੀ ਗਿਣਤੀ ਦਾ ਕੋਈ ਜ਼ਿਕਰ ਨਹੀਂ ਸੀ। ਇਸ ਤੋਂ ਬਾਅਦ ਛੋਟੇ ਪੈਮਾਨੇ ਦੇ ਉਦਯੋਗ ਅਤੇ ਸਹਾਇਕ ਉਦਯੋਗ (Ancillary Units) ਦੀ ਸੀਮਾਂ ਵਿਚ ਹਰ ਉਦਯੋਗਿਕ ਨੀਤੀ ਵਿਚ ਵਾਧਾ ਕੀਤਾ ਗਿਆ। ਜਿਹੜਾ ਹੇਠਾਂ ਲਿਖੇ ਅਨੁਸਾਰ ਹੈ :

**ਤਾਲਿਕਾ – 1**

**ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਪੂੰਜੀ ਨਿਵੇਸ਼ ਸੀਮਾਂ**

**(Capital Investment Limits in SSI)**

| ਸਮਾਂ (Period) | ਛੋਟੇ ਪੈਮਾਨੇ ਦੇ ਉਦਯੋਗ (Small Scale Industries) | ਸਹਾਇਕ ਉਦਯੋਗ (Ancillary Industries) | ਬਹੁਤ ਹੀ ਛੋਟੇ ਉਦਯੋਗ (Tiny Units) |
|---|---|---|---|
| 1975 | 10 lakh | 20 lakh | 1 lakh |
| 1980 | 20 lakh | 25 lakh | 2 lakh |
| 1985 | 35 lakh | 45 lakh | ---- |
| 1990-91 | 60 lakh | 75 lakh | 5 lakh |
| 1997 | 3 Crores | 75 lakh | 25 lakh |
| 2000 | 1 Crore (reduced) | 75 lakh | 25 lakh |
| 2006 | Between 25 lakh and 5 crore | ---- | Less then 25 lakh |

2 ਅਕਤੂਬਰ, 2006 ਤੋ ਵੱਡੇ ਅਤੇ ਛੋਟੇ ਮਾਧਿਆਮ ਸੈਕਟਰ ਨੂੰ ਮਾਈਕਰੋ, ਛੋਟੇ ਅਤੇ ਮਧਿਅਮ ਉਦਯੋਗਾਂ ਵਿਚ ਵਿਭਾਜਤ ਕਰ ਦਿਤਾ ਗਿਆ ਹੈ। ਇਹ ਵਿਭਾਜਨ Micro, small and medium Enterprises Development Act, 2006 ਦੇ ਤਹਿਤ ਕੀਤਾ ਗਿਆ ਹੈ। ਇਸ ਵਿਚ ਉਤਪਾਦਨ (manufacturing) ਅਤੇ (service) ਉਦਯੋਗਾਂ ਦੀ ਵਿਨੇਸ਼ ਸੀਮਾ ਵੀ ਅਲੱਗ ਕਰ ਦਿਤੀ ਗਈ, ਜੋ ਕਿ ਹੇਠ ਲਿਖੇ ਅਨੁਸਾਰ ਹੈ:

| | **ਉਤਪਾਦਨ ਉਦਯੋਗ** (Manufacturing) | **ਪਲਾਂਟ ਅਤੇ ਮਸ਼ੀਨਰੀ ਵਿਚ ਨਿਵੇਸ਼ ਸੀਮਾ** |
|---|---|---|
| 1) | ਮਾਈਕਰੋ ਉਦਯੋਗ | 25 ਲੱਖ ਰੁ: ਤੱਕ |
| 2) | ਛੋਟੇ ਉਦਯੋਗ | 25 ਲੱਖ ਤੋ 5 ਕਰੋੜ ਰੁ: ਤੱਕ |
| 3) | ਮਧਿਅਮ ਉਦਯੋਗ | 5 ਕਰੋੜ ਤੋ 10 ਕਰੋੜ ਰੁ: ਤੱਕ ਦਰਮਿਆਨ |
| | **ਸੇਵਾਵਾਂ ਉਦਯੋਗ** (Service enterprises) | **ਔਜ਼ਾਰ** (Equipment) **ਵਿਚ ਨਿਵੇਸ਼ ਸੀਮਾ** |
| 1) | ਮਾਈਕਰੋ | 10 ਲੱਖ ਰੁ: ਤੋ ਘੱਟ |
| 2) | ਛੋਟੇ | 10 ਲੱਖ ਤੋ 2 ਕਰੋੜ ਰੁ: ਦਰਮਿਆਨ |
| 3) | ਮਧਿਅਮ | 2 ਕਰੋੜ ਤੋ 5 ਕਰੋੜ ਰੁ: ਦਰਮਿਆਨ |

**2.4.4 ਛੋਟੇ ਪੈਮਾਨੇ ਦੇ ਉਦਯੋਗਾਂ ਦਾ ਵਾਧਾ ਅਤੇ ਵਿਕਾਸ :** ਵੱਡੀ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਉਤਪਾਦਨ ਦਾ ਪੈਮਾਨਾ ਅਤੇ ਸਰੂਪ ਬਦਲ ਗਿਆ। ਇਸ ਨਾਲ ਛੋਟੇ ਪੈਮਾਨੇ ਅਤੇ ਖਾਸ ਕਰਕੇ ਘਰੇਲੂ ਹੱਥ ਖੱਡੀ ਦੇ ਉਦਯੋਗਾਂ ਨੂੰ ਭਾਰੀ ਨੁਕਸਾਨ ਹੋਇਆ। ਕਾਰੀਗਰਾਂ ਦੀ ਹਾਲਤ ਤਾਂ ਹੋਰ ਵੀ ਖਰਾਬ ਹੋ ਗਈ ਕਿਉਂਕਿ ਮਸ਼ੀਨਾਂ ਨਾਲ ਬਣਾਇਆ ਮਾਲ ਮੰਡੀ ਵਿਚ ਆਉਣਾ ਸ਼ੁਰੂ ਹੋ ਗਿਆ ਸੀ। ਕਈ ਘਰੇਲੂ ਅਤੇ ਬਹੁਤ ਛੋਟੇ ਉਦਯੋਗ ਤਾਂ ਹੁਣ ਅਲੋਪ ਹੀ ਹੋ ਰਹੇ ਹਨ ਜਿਵੇਂ ਕੋਹਲੂ ਨਾਲ ਬੀਜਾਂ ਵਿਚੋਂ ਤੇਲ ਕੱਢਣਾ, ਮਿੱਟੀ ਦੇ ਭਾਂਡੇ ਬਣਾਉਣਾ, ਹੱਥ ਨਾਲ ਸਿਲਾਈ-ਕਢਾਈ ਦਾ ਕੰਮ ਆਦਿ। ਪਰ ਫਿਰ ਵੀ ਜਿੱਥੇ ਕਿਤੇ ਦਸਤਕਾਰੀ ਦੇ ਕੰਮ ਦੀ ਜ਼ਰੂਰਤ ਹੈ ਉੱਥੇ ਇਨ੍ਹਾਂ ਉਦਯੋਗਾਂ ਨੂੰ ਸਰਪਰਸਤੀ ਅਤੇ ਸੁਰੱਖਿਆ ਮਿਲੀ ਹੈ ਅਤੇ ਕਈ ਉਦਯੋਗ ਜਿਹੜੇ ਹੁਨਰ (skill) ਨਾਲ ਸਬੰਧਿਤ ਹਨ ਉਹ ਮੁੱੜ ਸੁਰਜੀਤ ਹੋਏ ਹਨ। ਸਗੋਂ ਉਹ ਮਸ਼ੀਨੀ ਮਾਲ ਦਾ ਮੁਕਾਬਲਾ ਵੀ ਕਰ ਰਹੇ ਹਨ।

ਆਜ਼ਾਦੀ ਤੋਂ ਬਾਅਦ ਭਾਰਤ ਵਿਚ ਯੋਜਨਾਬੱਧ ਵਿਕਾਸ ਸ਼ੁਰੂ ਹੋ ਗਿਆ ਸੀ। ਪੰਜ ਸਾਲਾ ਯੋਜਨਾਵਾਂ ਵਿਚ ਉਦਯੋਗਿਕ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਭਾਰਤ ਦੀ ਅਰਥ ਵਿਵਸਥਾ ਇਕ ਐਸੀ ਅਰਥ ਵਿਵਸਥਾ ਹੈ ਜਿੱਥੇ ਪੂੰਜੀਗਤ ਸਾਧਨ ਘੱਟ ਹਨ ਅਤੇ ਮਨੁੱਖੀ ਸ਼ਕਤੀ ਜ਼ਿਆਦਾ ਹੈ। ਇਸ ਵਿਸ਼ੇਸ਼ਤਾਈ ਨੂੰ ਧਿਆਨ ਵਿਚ ਰੱਖਦੇ ਹੋਏ ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਵੱਲ ਖਾਸ ਤਵਜੋਂ ਦਿੱਤੀ ਗਈ ਕਿਉਂਕਿ ਇਹ ਕਿਰਤ ਪ੍ਰਧਾਨ ਉਦਯੋਗ ਹਨ ਇਥੇ ਵੱਡੇ ਪੈਮਾਨੇ ਦੇ ਉਦਯੋਗ ਦੇ ਮੁਕਾਬਲੇ ਕਿਰਤ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ।

1950-51 ਤੋਂ ਲੈ ਕੇ 2001-02 ਛੋਟੇ ਪੈਮਾਨੇ ਦੇ ਉਦਯੋਗਾਂ ਦਾ ਸਫ਼ਰ ਕਾਫੀ ਸੰਤੋਸ਼ਜਨਕ ਹੈ। ਜਿਸ ਤੋਂ ਸਾਨੂੰ ਇਸ ਸਮੇਂ ਦੌਰਾਨ ਛੋਟੇ ਉਦਯੋਗਾਂ ਦੇ ਵਿਕਾਸ ਅਤੇ ਵਾਧੇ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿਕਾਸ ਜਾਂ ਵਾਧੇ ਨੂੰ ਕਈ ਪੱਖਾਂ ਤੋਂ ਜਾਣਿਆ ਜਾ ਸਕਦਾ ਹੈ।

- ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਲਗੇ ਯੂਨਿਟਾਂ ਦੀ ਗਿਣਤੀ
- ਉਤਪਾਦਨ
- ਰੁਜ਼ਗਾਰ
- ਬਰਾਮਦਾਂ ਵਿਚ ਵਾਧਾ ਆਦਿ

ਹੇਠਾਂ ਦਿੱਤੀ ਤਾਲਿਕਾ - 2 ਵਿਚ ਇਨ੍ਹਾਂ ਸਾਰੇ ਪੱਖਾਂ ਦੀ ਜਾਣਕਾਰੀ ਅੰਕੜਿਆਂ ਦੀ ਸਹਾਇਤਾ ਨਾਲ ਦਿੱਤੀ ਗਈ ਹੈ।

**ਤਾਲਿਕਾ – 2**

**ਛੋਟੇ ਪੈਮਾਨੇ ਦੇ ਖੇਤਰ ਦਾ ਵਿਕਾਸ**

| ਸਾਲ | ਯੂਨਿਟਾਂ ਦੀ ਗਿਣਤੀ ਲੱਖਾਂ ਵਿੱਚ | | | ਉਤਪਾਦਨ (ਰੁ: ਕਰੋੜ) | ਰੁਜ਼ਗਾਰ | ਬਰਾਮਦਾਂ |
|---|---|---|---|---|---|---|
| | ਰਜਿਸਟਰਡ | ਅਨਰਜਿਸਟਰਡ | ਕੁੱਲ | ਚਾਲੂ ਕੀਮਤਾਂ ਉਪਰ | (ਲੱਖ) | (ਰੁ: ਕਰੋੜ) |
| 1994-95 | 11.61 | 67.99 | 79.60 | 1,22,210 | 191,40 | 29,068 |
| 1997-98 | 12.04 | 77.67 | 89.71 | 1,89,178 | 213.16 | 44,442 |
| 2000-01 | 13.10 | 88.00 | 101.10 | 2,61,289 | 239.09 | 69,797 |
| 2002-03 | 15.91 | 93.58 | 109.49 | 3,11,993 | 260.21 | 86,013 |
| 2005-06 | 18.71 | 104.71 | 123.42 | 4,76201 | 294.91 | N.A. |
| 2007-08 | ----- | ----- | 133.68 | 695126 | 322.28 | N.A. |
| 2013-14 | ----- | ----- | 488.46 | NA | 1114.29 | 849573 |

ਸਰੋਤ : Ministry of Small Scale Industries, Taken from Economic Survey 2003-04, p-150 and Economic Survey (2006-07) p-149

N.A. - Not Available ; Figures for 2013-14 pertain to MSME sector

- **ਰਜਿਸਟਰਡ ਅਤੇ ਅਨਰਜਿਸਟਰਡ ਯੂਨਿਟਾਂ ਵਿਚ ਵਾਧਾ :** ਤਾਲਿਕਾ – 2 ਦੇ ਅੰਕੜੇ Third All India Census of SSIs 2004 ਉਪਰ ਆਧਾਰਿਤ ਹਨ। ਇਨ੍ਹਾਂ ਅੰਕੜਿਆਂ ਤੋਂ ਸਾਨੂੰ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਯੂਨਿਟਾਂ ਵਿਚ ਹੋਏ ਵਾਧੇ ਬਾਰੇ ਪਤਾ ਲਗਦਾ ਹੈ। 1994–95 ਤੋਂ ਲੈਕੇ 2005–06 ਤੱਕ ਕੁੱਲ ਯੂਨਿਟਾਂ ਦੀ ਗਿਣਤੀ 79.60 ਲੱਖ ਤੋਂ ਵੱਧ ਕੇ 118.53 ਲੱਖ ਹੋ ਗਈ। 2002–03 ਵਿਚ ਇਨ੍ਹਾਂ ਯੂਨਿਟਾ ਦੀ ਗਿਣਤੀ 123.42 ਲੱਖ ਹੋ ਗਈ। ਅਨਰਜਿਸਟਰਡ ਯੂਨਿਟਾਂ ਦੀ ਗਿਣਤੀ 67.99 ਲੱਖ ਸੀ ਜਿਹੜੀ ਵੱਧਕੇ 2005–06 ਵਿਚ 104.71 ਹੋ ਗਈ।
- **ਉਤਪਾਦਨ (Production) :** ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਕੁਲ ਉਤਪਾਦਨ ਦੀ ਮਾਤਰਾ ਵੀ ਵਧੀ ਹੈ। 1994–95 ਵਿਚ ਲਗਭਗ 80 ਲੱਖ ਯੂਨਿਟਾਂ ਦੁਆਰਾ 1,22,210 ਕਰੋੜ ਦੇ ਮੁਲ ਦਾ ਉਤਪਾਦਨ ਹੋਇਆ। ਇਹ ਕੁਲ ਉਤਪਾਦਨ 2005–06 ਵਿਚ 4,76,201 ਕਰੋੜ ਰੁਪਏ ਤੱਕ ਪਹੁੰਚ ਗਿਆ। ਇਹ ਅੰਕੜੇ ਮੌਜੂਦਾ (ਚਾਲੂ) ਕੀਮਤਾਂ ਅਨੁਸਾਰ ਹਨ। ਪਰੰਤੂ ਜੇ ਕਰ ਅਸੀ ਇਸ ਉਤਪਾਦਨ ਦੇ ਵਾਧੇ ਦੀ ਦਰ ਵੱਲ ਧਿਆਨ ਦੇਈਏ ਤਾਂ ਸਾਨੂੰ ਪਤਾ ਲੱਗੇਗਾ ਕਿ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਯੂਨਿਟਾਂ ਦੁਆਰਾ ਉਤਪਾਦਿਤ ਉਤਪਾਦਨ ਦੀ ਦਰ ਦੇ ਵਾਧੇ ਵਿਚ ਪਿਛਲੇ ਸਾਲ ਦੇ ਮੁਕਾਬਲੇ ਘਾਟਾ ਹੋਇਆ ਹੈ।
- **ਰੁਜ਼ਗਾਰ (Employment) :** ਆਮ ਧਾਰਨਾ ਹੈ ਕਿ ਛੋਟੇ ਪੈਮਾਨੇ ਦੇ ਉਦਯੋਗ ਵਧੇਰੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਦੇ ਹਨ। ਇਹ ਉਦਯੋਗ ਕਿਰਤ–ਗਹਿਣ (Labour Intensive) ਹੁੰਦੇ ਹਨ। ਤਾਲਿਕਾ–2 ਦੇ ਅੰਕੜਿਆਂ ਅਨੁਸਾਰ 1994–95 ਵਿਚ 191.40 ਲੱਖ ਕਿਰਤੀਆਂ ਨੂੰ ਰੁਜ਼ਗਾਰ ਪ੍ਰਾਪਤ ਹੋਇਆ। ਇਨ੍ਹਾਂ ਕਿਰਤੀਆਂ/ਕਾਮਿਆਂ ਦੀ ਗਿਣਤੀ 2005–2006 ਵਿਚ ਵੱਧ ਕੇ 294.91 ਲੱਖ ਹੋ ਗਈ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਹੋ ਰਹੇ ਹਨ। ਪਰ ਇਨ੍ਹਾਂ ਵਿਚ ਵਾਧੇ ਦੀ ਦਰ ਕੋਈ ਬਹੁਤੀ ਸੰਤੋਸ਼ਜਨਕ ਨਹੀਂ ਹੈ।
- **ਬਰਾਮਦਾਂ (Exports) :** ਛੋਟੇ ਪੈਮਾਨੇ ਦੇ ਉਦਯੋਗਾਂ ਦੁਆਰਾ ਉਤਪਾਦਿਤ ਖਾਸ ਤੌਰ ਤੇ ਹੁਨਰ ਅਤੇ ਕਾਰੀਗਰੀ ਨਾਲ ਸੰਬੰਧਿਤ ਬਹੁਤ ਛੋਟੇ (Tiny) ਉਦਯੋਗਾਂ ਦੀਆਂ ਵਸਤਾਂ ਦੀ ਅੰਤਰਰਾਸ਼ਟਰੀ ਮੰਡੀ ਵਿਚ ਬਹੁਤ ਜ਼ਿਆਦਾ ਮੰਗ ਹੈ। 1994–95 ਦੌਰਾਨ ਇਨ੍ਹਾਂ ਉਦਯੋਗਾਂ ਦੁਆਰਾ ਉਤਪਾਦਿਤ 29068

ਕਰੋੜ ਰੁਪਏ ਦਾ ਮਾਲ ਬਾਹਰ ਭੇਜਿਆ ਗਿਆ ਅਤੇ 1995–96 ਦੌਰਾਨ 36470 ਕਰੋੜ ਰੁਪਏ ਦਾ। ਪਿਛਲੇ ਸਾਲ ਦੇ ਮੁਕਾਬਲੇ ਵਿਚ 25.5 ਪ੍ਰਤੀਸ਼ਤ ਵਾਧਾ ਹੋਇਆ। 1999–2000 ਦੌਰਾਨ 54200 ਕਰੋੜ ਰੁਪਏ ਦੀਆਂ ਬਰਾਮਦਾਂ ਸਨ ਜਿਹੜੀਆਂ ਵਧਕੇ ਅਗਲੇ ਸਾਲ (2000–01 ਦੌਰਾਨ) 69797 ਕਰੋੜ ਰੁਪਏ ਦੀਆਂ ਹੋ ਗਈਆਂ। ਇਸ ਸਮੇਂ ਪਿਛਲੇ ਸਾਲ ਨਾਲੋਂ ਇਹ ਵਾਧਾ ਸਭ ਤੋਂ ਜ਼ਿਆਦਾ (28.8 ਪ੍ਰਤੀਸ਼ਤ) ਸੀ। ਇਸ ਵਿਆਖਿਆ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਛੋਟੇ ਪੈਮਾਨੇ ਦੇ ਉਦਯੋਗਾਂ ਤੋਂ ਵੀ ਵਿਦੇਸ਼ੀ ਕਰੰਸੀ ਦੀ ਕਮਾਈ ਹੁੰਦੀ ਹੈ।

**ਸਵੈ-ਅਭਿਆਸ ਲਈ ਪ੍ਰਸ਼ਨ**

ੳ. ਛੋਟੇ ਪੈਮਾਨੇ ਦੇ ਉਦਯੋਗਾਂ ਵਿਚਲੇ ਯੂਨਿਟਾਂ ਦੀ ਗਿਣਤੀ ਬਾਰੇ ਤੁਸੀਂ ਕੀ ਜਾਣਦੇ ਹੋ?

_______________

_______________

_______________

_______________

_______________

ਅ. ਛੋਟੇ ਪੈਮਾਨੇ ਦੇ ਉਦਯੋਗਾਂ ਦੇ ਉਤਪਾਦਨ ਵਿਚ ਵਾਧੇ ਦੀ ਦਰ ਬਾਰੇ ਸੰਖੇਪ ਵਿਚ ਲਿਖੋ।

_______________

_______________

_______________

_______________

_______________

### 2.4.5 ਛੋਟੇ ਪੈਮਾਨੇ ਦੇ ਉਦਯੋਗਾਂ ਦਾ ਆਰਥਿਕ ਵਿਕਾਸ ਵਿਚ ਯੋਗਦਾਨ ਅਤੇ ਮਹੱਤਵ (Role and Importance of Small Scale Industries in Indian Economy) :

ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦੀ ਆਰਥਿਕ ਵਿਕਾਸ ਵਿਚ ਬਹੁਤ ਮਹੱਤਤਾ ਹੈ ਕਿਉਂਕਿ ਇਨ੍ਹਾਂ ਉਦਯੋਗਾਂ ਦਾ ਬਹੁਤ ਹੀ ਮਹੱਤਵਪੂਰਨ ਖਿਤਿਆਂ ਵਿਚ ਯੋਗਦਾਨ ਹੈ। ਇਨ੍ਹਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਹੀ ਪੀ.ਸੀ. ਮਹਾਲਨੋਬੀਸ (P.C. Mahalanobis) ਜਿਹੜੇ ਦੂਜੀ ਪੰਜ ਸਾਲਾ ਯੋਜਨਾਂ ਦੇ ਨੀਤੀ ਘੜਤਾ ਹਨ, ਨੇ ਕਿਹਾ ਸੀ ਕਿ ਪੂੰਜੀਗਤ ਸਾਧਨਾਂ ਦੀ ਥੁੜ ਨੂੰ ਧਿਆਨ ਵਿਚ ਰੱਖਦੇ ਹੋਏ ਥੋੜ੍ਹੇ ਸਮੇਂ ਦੌਰਾਨ ਵੱਡੀਆਂ ਫੈਕਟਰੀਆਂ ਦੁਆਰਾ ਕਾਫ਼ੀ ਰੁਜ਼ਗਾਰ ਮੁਹੱਈਆਂ ਨਹੀਂ ਕੀਤਾ ਜਾ ਸਕਦਾ। ਇਸ ਲਈ ਸਾਨੂੰ ਘਰੇਲੂ ਅਤੇ ਛੋਟੇ ਉਦਯੋਗਾਂ ਬਾਰੇ ਹੀ ਸੋਚਣਾ ਪਵੇਗਾ। ਇਨ੍ਹਾਂ ਵਾਸਤੇ ਕਾਫੀ ਘੱਟ ਪੂੰਜੀ ਦੀ ਜ਼ਰੂਰਤ ਹੁੰਦੀ ਹੈ; ਸਿਰਫ ਛੇ ਜਾਂ ਸਤ ਸੌ ਰੁਪਏ ਨਾਲ ਹੀ ਇਕ ਪਰਿਵਾਰ ਨੂੰ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਵੱਡੇ ਉਦਯੋਗਾਂ ਦੇ ਮੁਕਾਬਲੇ ਇਨ੍ਹਾਂ ਘਰੇਲੂ ਅਤੇ ਛੋਟੇ ਉਦਯੋਗਾਂ ਵਿਚ ਦਸ ਤੋਂ ਪੰਦਰਾਂ ਗੁਣਾ ਜ਼ਿਆਦਾ ਰੁਜ਼ਗਾਰ ਇਸੇ ਨਿਵੇਸ਼ ਨਾਲ ਦਿੱਤਾ ਜਾ ਸਕਦਾ ਹੈ। (In view of the meagerness of capital resources there is no possibility, in the short run, for creating much employment through the factory industries. Now consider the household or cottage industries. They require very little capital. About six or seven hundred rupees would get an artisan family started. With any given investment, employment posibilities would be ten to fifteen times greater in comparison with corresponding factory industries)''

1990 ਦੇ ਸਮੇਂ ਦੀ ਅਰਥਵਿਵਸਥਾ ਦੀ ਸਥਿਤੀ ਦੇ ਲਿਹਾਜ਼ ਨਾਲ ਇਹ ਉਪਰ ਦਿੱਤੇ ਵਿਚਾਰ ਸਹੀ ਜਾਪਦੇ ਹਨ ਕਿ 6 ਜਾਂ 7 ਸੌ ਰੁਪਏ ਦੀ ਸਹਾਇਤਾ ਨਾਲ ਕੋਈ ਵੀ ਨਿੱਜੀ ਤੌਰ ਤੇ ਕੰਮ ਸ਼ੁਰੂ ਕੀਤਾ ਜਾ ਸਕਦਾ ਸੀ। ਪਰ ਇਤਨਾ ਜ਼ਰੂਰ ਹੈ ਕਿ ਭਾਰਤ ਦੀ ਅਰਥ ਵਿਵਸਥਾ ਜਿੱਥੇ ਮਨੁੱਖੀ ਸ਼ਕਤੀ ਜ਼ਿਆਦਾ ਹੈ ਅਤੇ ਪੂੰਜੀਗਤ ਸਾਧਨ ਘੱਟ ਹਨ ਉੱਥੇ ਛੋਟੇ ਅਤੇ ਘਰੇਲੂ ਉਦਯੋਗਾਂ ਦਾ ਵਿਕਾਸ ਹੀ ਇਕੋ ਇਕ ਢੰਗ ਰਹਿ ਜਾਂਦਾ ਹੈ ਜਿਸ ਨਾਲ ਆਰਥਿਕ ਵਿਕਾਸ ਅਤੇ ਉਦਯੋਗੀਕਰਨ ਦੀ ਦਰ ਨੂੰ ਵਧਾਇਆ ਜਾ ਸਕਦਾ ਹੈ। ਛੋਟੇ ਪੈਮਾਨੇ ਦੇ ਉਦਯੋਗਾਂ ਦਾ ਹੇਠ ਲਿਖੇ ਕਾਰਨਾਂ ਕਰਕੇ ਮਹੱਤਵ ਹੈ ਜਿਨ੍ਹਾਂ ਵਿਚ ਇਨ੍ਹਾਂ ਦੁਆਰਾ ਵਰਨਣਯੋਗ ਯੋਗਦਾਨ ਪਾਇਆ ਗਿਆ ਹੈ।

**2.4.5.1 ਛੋਟੇ ਪੈਮਾਨੇ ਦੇ ਉਦਯੋਗਾਂ ਦੇ ਯੂਨਿਟ :** ਛੋਟੇ ਪੈਮਾਨੇ ਦੇ ਉਦਯੋਗ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਅਤੇ ਉਤਪਾਦਨ ਦੇ ਨਾਲ ਨਾਲ ਉਤਪਾਦਿਕਤਾ ਵਧਾਉਣ ਵਿਚ ਕਾਫੀ ਮਹੱਤਵਪੂਰਨ ਸਥਾਨ ਰੱਖਦੇ ਹਨ। ਇਹੀ ਕਾਰਨ ਹੈ ਕਿ 1950–51 ਤੋਂ ਬਾਅਦ ਯੋਜਨਾਕਾਲ ਦੌਰਾਨ ਇਨ੍ਹਾਂ ਦਾ ਵਿਕਾਸ ਅਤੇ ਵਾਧਾ ਤੇਜ਼ੀ ਨਾਲ ਹੋ ਰਿਹਾ ਹੈ। ਕਈ ਖੇਤਰਾਂ ਵਿਚ ਤਾਂ ਇਹ ਵੱਡੇ ਉਦਯੋਗਾਂ ਦੇ ਉਤਪਾਦਨ ਨਾਲ ਹੀ ਮੁਕਾਬਲਾ ਕਰਦੇ ਹਨ। ਇਸੇ ਲਈ 1950–51 ਤੋਂ 2003–04 ਤੱਕ ਇਨ੍ਹਾਂ ਦੇ ਯੂਨਿਟਾਂ ਦੀ ਗਿਣਤੀ ਵਿਚ ਕਈ ਗੁਣਾ ਵਾਧਾ ਹੋਇਆ ਹੈ (ਦੇਖੋ ਤਾਲਿਕਾ–2)

**2.4.5.2 ਉਤਪਾਦਨ :** ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਘਰੇਲੂ ਅਤੇ ਛੋਟੇ ਉਦਯੋਗਾਂ ਵਿਚ ਉਤਪਾਦਨ ਆਮ ਤੌਰ ਤੇ ਘਰੇਲੂ ਮੰਡੀ ਵਾਸਤੇ ਹੀ ਹੁੰਦਾ ਹੈ। ਇਸ ਲਈ ਇਨ੍ਹਾਂ ਵਿਚ ਉਤਪਾਦਨ ਦੀ ਲਾਗਤ ਘੱਟ ਹੁੰਦੀ ਹੈ। ਦੂਜੇ ਪਾਸੇ ਤਕਨੀਕੀ ਉਨਤੀ ਅਤੇ ਮਸ਼ੀਨੀਕਰਣ ਤੇ ਬਿਜਲੀ ਨਾਲ ਚੱਲਣ ਵਾਲੀ ਮੋਟਰ ਨੇ ਵੀ ਉਤਪਾਦਨ ਦੀ ਲਾਗਤ ਨੂੰ ਘਟਾਉਣ ਵਿਚ ਸਹਾਇਤਾ ਕੀਤੀ ਹੈ।ਇਵੇਂ ਹੀ ਉਤਪਾਦਨ ਨਾਲ ਸੰਬੰਧਿਤ ਹੋਰ ਉਪਰਲੀਆਂ ਲਾਗਤਾਂ (overhead cost) ਛੋਟੇ ਉਦਯੋਗਾਂ ਵਿਚ ਨਹੀਂ ਹੁੰਦੀਆਂ। ਇਸ ਲਈ ਥੋੜੀ ਪੂੰਜੀ ਦੀ ਸਹਾਇਤਾ ਨਾਲ ਹੀ ਇਥੇ ਕਾਰੋਬਾਰ ਸ਼ੁਰੂ ਕੀਤਾ ਜਾ ਸਕਦਾ ਹੈ। ਐਸ.ਆਈ.ਡੀ.ਓ. (SIDO) ਦੇ ਅਨੁਸਾਰ 1971 ਵਿਚ ਛੋਟੇ ਉਦਯੋਗਾਂ ਦੁਆਰਾ 4050 ਕਰੋੜ ਰੁਪਏ ਦੇ ਮੁਲ ਦਾ ਉਤਪਾਦਨ ਹੋਇਆ। ਇਸ ਤੋਂ ਬਾਅਦ 1987 ਵਿਚ ਦੂਜੇ ਆਲ ਇੰਡੀਆਂ ਸੈਂਸ (All India Census) ਦੀ ਰਿਪੋਰਟ SSIs ਬਾਰੇ ਪ੍ਰਕਾਸ਼ਿਤ ਹੋਈ। ਜਿਸ ਨੇ ਛੋਟੇ ਉਦਯੋਗਾਂ ਦੀ ਗਿਣਤੀ ਇਸ ਦੇ ਰਜਿਸਟਰਡ ਅਤੇ ਅਨਰਜਿਸਟਰਡ ਯੂਨਿਟ ਅਤੇ ਇਨ੍ਹਾਂ ਦੁਆਰਾ ਉਤਪਾਦਿਤ ਮਾਲ ਬਾਰੇ ਜਾਣਕਾਰੀ ਦਿੱਤੀ। ਇਵੇਂ ਹੀ ਸਾਡੇ ਪਾਸ CSO ਦੇ ਅੰਕੜੇ ਹਨ ਜਿਨ੍ਹਾਂ ਮੁਤਾਬਕ ਮੈਨੂੰਫੈਕਚਰਿੰਗ ਐਂਟਰਪਰਾਇਜਜ਼ ਸਰਵੇਖਣ, 1994–95 ਵਿਚ ਲਗਭਗ 20 ਪ੍ਰਤੀਸ਼ਤ ਯੂਨਿਟ ਐਸੇ ਹਨ ਜਿਨ੍ਹਾਂ ਵਿਚ ਮੁਖ ਰੂਪ ਵਿਚ ਲੱਕੜੀ ਦਾ ਸਮਾਨ ਤਿਆਰ ਹੁੰਦਾ ਸੀ? 16.5 ਪ੍ਰਤੀਸ਼ਤ ਵਿਚ ਖਾਧ ਪਦਾਰਥ (Food product) ਅਤੇ 15.1 ਪ੍ਰਤੀਸ਼ਤ ਯੂਨਿਟ ਰਿਪੇਅਰ ਦੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਸਨ। ਇਸ ਤੋਂ ਇਲਾਵਾ ਸੂਤੀ ਕਪੜਾ ਉਦਯੋਗ, ਹੌਜ਼ਰੀ ਅਤੇ ਗਾਰਮੈਂਟਸ ਵਿਚ 13.1 ਪ੍ਰਤੀਸ਼ਤ ਯੂਨਿਟ ਸਨ। 9.8 ਪ੍ਰਤੀਸ਼ਤ ਯੂਨਿਟ ਬੀਵਰੇਜ਼ (Beverages) ਅਤੇ ਤੰਬਾਕੂ ਨਾਲ ਸੰਬੰਧਤ ਪਦਾਰਥਾਂ ਦਾ ਉਤਪਾਦਨ ਕਰਦੇ ਸਨ। ਬਾਕੀ ਦੇ ਯੂਨਿਟਾਂ ਵਿਚ ਉੱਨ, ਸਿਲਕ, ਸਿੰਥੇਟਿਕ ਕਪੜਾ, ਪਟਸਨ, ਕਾਗਜ਼, ਪ੍ਰਿੰਟਿੰਗ, ਚਮੜਾ ਅਤੇ ਚਮੜੇ ਦੀਆਂ ਵਸਤਾਂ, ਰਸਾਇਣਿਕ ਪਦਾਰਥ, ਧਾਤਾਂ ਨਾਲ ਸਬੰਧਤ ਪਦਾਰਥ, ਇਲੈਕਟਰੀਕਲ ਅਤੇ ਨਾਨ–ਇਲੈਕਟਰੀਕਲ ਮਸ਼ੀਨਰੀ ਅਤੇ ਆਵਾਜਾਈ ਨਾਲ ਸੰਬੰਧਤ ਸਾਜੋ ਸਮਾਨ ਦਾ ਉਤਪਾਦਨ ਕਰ ਰਹੇ ਹਨ।

**2.4.5.3 ਰੁਜ਼ਗਾਰ : (ਦੇਖੋ ਤਾਲਿਕਾ –2)**

**2.4.5.4 ਬਰਾਮਦਾਂ :** ਇਸ ਤਾਲਿਕਾ 2 ਵਿਚ ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਹੋ ਰਹੇ ਉਤਪਾਦਨ ਦੇ ਨਾਲ ਬਰਾਮਦਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

ਛੋਟੇ ਉਦਯੋਗਾਂ ਵਿਚ ਕੁਲ ਨਿਵੇਸ਼ 1972 ਵਿਚ 2233 ਕਰੋੜ ਸੀ ਜਿਹੜਾ ਵੱਧ ਕੇ 1985-86 ਵਿਚ 9585 ਕਰੋੜ ਹੋ ਗਿਆ। ਇਸ ਨਿਵੇਸ਼ ਨੇ ਪੂੰਜੀ ਨਿਰਮਾਣ ਵਿਚ ਕਾਫੀ ਹਿੱਸਾ ਪਾਇਆ ਸੀ।

**2.4.5.5 ਆਮਦਨ ਅਤੇ ਧਨ ਦੌਲਤ ਦੀ ਇਕਸਾਰ ਵੰਡ :** ਛੋਟੇ ਉਦਯੋਗਾਂ ਵਿਚ ਵੱਡੇ ਉਦਯੋਗਾਂ ਦੇ ਮੁਕਾਬਲੇ ਇਹ ਵੀ ਲਾਭ ਹੈ ਕਿ ਇੱਥੇ ਮਜ਼ਦੂਰਾਂ ਦੀ ਲੁੱਟ ਖਸੁੱਟ ਦੇ ਘੱਟ ਸ਼ੰਕੇ ਹੋਣ ਕਰਕੇ ਧਨ ਦੀ ਅਸਮਾਨਤਾ ਵੀ ਘੱਟਦੀ ਹੈ। ਵੱਡੇ ਉਦਯੋਗਾਂ ਵਿਚ ਆਮ ਤੌਰ ਤੇ ਉਤਪਾਦਨ ਦਾ ਪੱਧਰ ਇਕ ਸੀਮਾ ਤੋਂ ਬਾਅਦ ਇਤਨਾ ਜ਼ਿਆਦਾ ਵੱਧ ਜਾਂਦਾ ਹੈ ਕਿ ਉਹ ਅਜਾਰੇਦਾਰੀ ਦੀ ਹਾਲਤ ਵਿਚ ਪਹੁੰਚ ਜਾਂਦਾ ਹੈ। ਉਥੇ ਆਮਦਨ ਦਾ ਕੁਝ ਕੁ ਹੱਥਾਂ ਵਿਚ ਇਕਤਰਿਤ ਹੋਣਾ ਸੁਭਾਵਿਕ ਹੈ। ਇਸ ਨਾਲ ਧਨ ਦੀ ਅਸਮਾਨ ਵੰਡ ਹੁੰਦੀ ਹੈ, ਜਿਹੜੀ ਸਮਾਜਿਕ ਨਿਆਂ ਦੇ ਖਿਲਾਫ ਹੈ।

ਪਰ ਛੋਟੇ ਉਦਯੋਗਾਂ ਵਿਚ ਆਮਦਨ ਸਾਰੇ ਮਜ਼ਦੂਰਾਂ ਤੇ ਕੰਮ ਕਰਨ ਵਾਲਿਆਂ ਵਿਚ ਲਗਭਗ ਇਕੋ ਜਿਹੀ ਵੰਡੀ ਜਾਂਦੀ ਹੈ। ਇਸ ਦੇ ਨਾਲ ਹੀ ਜਿਹੜੇ ਵਾਧੂ ਕਦਰ ਕੀਮਤ ਪੈਦਾ ਕਰਦੇ ਹਨ ਉਹ ਉਨ੍ਹਾਂ ਵਿਚ ਵੰਡੀ ਜਾਂਦੀ ਹੈ। ਇਸ ਨਾਲ ਸਮਾਜਿਕ ਲੜਾਈ ਝਗੜੇ ਵੀ ਪੈਦਾ ਨਹੀਂ ਹੁੰਦੇ। ਜਿੰਨੇ ਜ਼ਿਆਦਾ ਘਰੇਲੂ ਅਤੇ ਛੋਟੇ ਉਦਯੋਗਾਂ ਵਿਚ ਵਿਕਾਸ ਹੋਵੇਗਾ ਉਨ੍ਹਾਂ ਜ਼ਿਆਦਾ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਮਜ਼ਦੂਰ ਦੂਰ-ਦੂਰ ਤੱਕ ਫੈਲੇ ਹੋਣ ਕਰਕੇ ਦੇਸ਼ ਦੇ ਹਰ ਕੋਨੇ ਵਿਚ ਰੁਜ਼ਗਾਰ ਪੈਦਾ ਕੀਤਾ ਜਾ ਸਕਦਾ ਹੈ ਤੇ ਉਨ੍ਹਾਂ ਦੀ ਆਮਦਨ ਵਧਾਈ ਜਾ ਸਕਦੀ ਹੈ। ਇਸ ਨਾਲ ਅਸਿੱਧੇ ਤੌਰ ਤੇ ਇਲਾਕਾਈ ਅਸਮਾਨਤਾ ਦੀ ਸਮੱਸਿਆ ਵੀ ਹੱਲ ਹੋਣ ਵਿਚ ਮਦਦ ਮਿਲਦੀ ਹੈ।

ਇਕ ਵਿਚਾਰ ਇਹ ਵੀ ਦਿੱਤਾ ਜਾਂਦਾ ਹੈ ਕਿ ਛੋਟੇ ਉਦਯੋਗਾਂ ਵਿਚ ਉਤਪਾਦਕਤਾ ਘੱਟ ਹੋਣ ਕਰਕੇ ਜਿਹੜੀ ਵੀ ਆਮਦਨ ਹੁੰਦੀ ਹੈ ਉਹ ਘੱਟ ਹੁੰਦੀ ਹੈ, ਜਿਸ ਨਾਲ ਜੀਵਨ ਪੱਧਰ ਨੀਵਾਂ ਹੀ ਰਹਿੰਦਾ ਹੈ। ਭਾਰਤ ਵਰਗੇ ਦੇਸ਼ ਵਿਚ ਵੱਧ ਆਮਦਨ ਅਤੇ ਘੱਟ ਆਮਦਨ ਵਿਚੋਂ ਚੋਣ ਦਾ ਸੁਆਲ ਹੀ ਨਹੀਂ। ਸਗੋਂ ਸੁਆਲ ਹੈ ਬੇਰੁਜ਼ਗਾਰੀ ਜਾਂ ਕੰਮ ਦਾ ਜਿਸ ਦਾ ਜੁਆਬ ਸਾਨੂੰ ਘਰੇਲੂ ਅਤੇ ਛੋਟੇ ਉਦਯੋਗਾਂ ਨੂੰ ਵਿਕਸਿਤ ਕਰਕੇ ਹੀ ਮਿਲਦਾ ਹੈ।

**2.4.5.6 ਸਾਧਨਾਂ ਦੀ ਪੂਰੀ ਅਤੇ ਸੁਯੋਗ ਵਰਤੋਂ :** ਦੇਸ਼ ਦੇ ਕਈ ਸਾਧਨ ਅੱਜ ਤੱਕ ਅਜਿਹੇ ਹਨ ਜਿਨ੍ਹਾਂ ਦੀ ਵਰਤੋਂ ਨਹੀਂ ਹੋ ਸਕਦੀ, ਜਿਵੇਂ ਪਰਿਵਾਰਿਕ ਮਜ਼ਦੂਰੀ, ਕਾਰੀਗਰੀ, ਹੁਨਰ। ਕਈ ਤਰ੍ਹਾਂ ਦੇ ਹੁਨਰ ਅਜੇ ਤਕ ਪ੍ਰਫੁਲਤ ਨਹੀਂ ਹੋ ਸਕੇ। ਉਨ੍ਹਾਂ ਉਪਰ ਥੋੜ੍ਹੀ ਜਿਹੀ ਪੂੰਜੀ ਨਿਵੇਸ਼ ਕਰਕੇ ਹੀ ਉਸ ਨੂੰ ਰੁਜ਼ਗਾਰ ਦੇ ਰੂਪ ਵਿਚ ਨਿਖਾਰਿਆ ਜਾ ਸਕਦਾ ਹੈ। ਇਸ ਦੇ ਨਾਲ ਜਿਥੇ ਇਕ ਪਾਸੇ ਰੁਜ਼ਗਾਰ ਪੈਦਾ ਹੋਵੇਗਾ ਦੂਜੇ ਪਾਸੇ ਬਿਨ੍ਹਾਂ ਪ੍ਰਯੋਗ ਨਾ ਹੋ ਰਹੇ ਸਾਧਨਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਜਾ ਸਕੇਗਾ।

ਇਸ ਤੋਂ ਇਲਾਵਾ ਛੋਟੇ ਉਦਯੋਗਾਂ ਦਾ ਮਹੱਤਵ ਕੀਮਤਾਂ ਨੂੰ ਇਕ ਸੀਮਾ ਤੋਂ ਬਾਅਦ ਵੱਧਣ ਤੋਂ ਰੋਕਣ ਵਿਚ ਵੀ ਹੈ। ਜਿਵੇਂ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਜ਼ਰੂਰਤ ਹੈ ਮੁੱਢਲੇ ਅਤੇ ਭਾਰੀ ਉਦਯੋਗਾਂ ਦੇ ਵਿਕਾਸ ਕਰਨ ਦੀ। ਪਰ ਇਹ ਉਦਯੋਗ ਐਸੇ ਹਨ ਜਿਨ੍ਹਾਂ ਨੂੰ ਪੂਰਾ ਕਰਨ ਵਿਚ ਕਾਫੀ ਸਮਾਂ ਲੱਗਦਾ ਹੈ, ਪਰ ਜਿਹੜੇ ਮਜ਼ਦੂਰਾਂ ਨੂੰ ਮਜ਼ਦੂਰੀ ਅਤੇ ਕਰਮਚਾਰੀਆਂ ਨੂੰ ਤਨਖਾਹਾਂ ਮਿਲਦੀਆਂ ਹਨ ਉਸ ਨਾਲ ਖਰੀਦ ਸ਼ਕਤੀ ਤਾਂ ਪੈਦਾ ਹੋ ਜਾਂਦੀ ਹੈ ਪਰ ਵਸਤੂ ਮਾਰਕੀਟ ਵਿਚ ਅਜੇ ਆਈ ਨਹੀਂ ਹੁੰਦੀ। ਇਸ ਨਾਲ ਮੰਗ ਅਤੇ ਪੂਰਤੀ ਦੇ ਨਿਯਮ ਅਨੁਸਾਰ ਕੀਮਤਾਂ ਵਿਚ ਵਾਧਾ ਹੋਣਾ ਸੁਭਾਵਕ ਹੈ। ਇਸ ਦਾ ਇਕੋ ਇਕ ਹੱਲ ਇਹ ਹੈ ਕਿ ਉਹ ਪੈਸਾ ਛੋਟੇ ਉਦਯੋਗਾਂ ਦੇ ਵਿਕਾਸ ਵਿਚ ਲਗਾਇਆ ਜਾਵੇਗਾ ਜਿਨ੍ਹਾਂ ਦਾ ਮੁੱਖ ਉਦੇਸ਼ ਘਰੇਲੂ ਅਤੇ ਖਾਸ (ਉਪਭੋਗੀ) ਵਸਤਾਂ ਪੈਦਾ ਕਰਨਾ ਹੀ ਹੋਵੇ। ਇਸ ਦੇ ਨਾਲ ਹੀ ਵਿਦੇਸ਼ੀ ਵਪਾਰ ਦਾ ਸੰਤੁਲਨ ਕਾਇਮ ਰੱਖਣ ਵਿਚ ਵੀ ਇਹ ਉਦਯੋਗ ਕਾਫੀ ਹੱਦ ਤਕ ਸਹਾਇਕ ਹੁੰਦੇ ਹਨ। 1990-91 ਵਿਚ 9100 ਕਰੋੜ ਰੁਪਏ ਅਤੇ 2002-03 ਵਿਚ 86013

ਕਰੋੜ ਰੁਪਏ ਦਾ ਮਾਲ ਇਨ੍ਹਾਂ ਉਦਯੋਗਾਂ ਦੁਆਰਾ ਬਾਹਰ ਭੇਜਿਆ ਗਿਆ। ਇਨ੍ਹਾਂ ਨੂੰ ਸ਼ੁਰੂ ਕਰਨ ਲਈ ਵਾਧੂ ਪੂੰਜੀ ਜੁਟਾਉਣ ਦੀ ਥਾਂ ਵਿਦੇਸ਼ੀ ਮੁਦਰਾ ਦੀ ਜ਼ਰੂਰਤ ਨਹੀਂ। ਸਗੋਂ ਇਹ ਉਦਯੋਗ ਇਸ ਤਰ੍ਹਾਂ ਦੀਆਂ ਕਲਾਤਮਕ ਵਸਤੂਆਂ ਪੈਦਾ ਕਰਦੇ ਹਨ ਜਿਹੜੀਆਂ ਬਰਾਮਦ ਹੁੰਦੀਆਂ ਹਨ ਅਤੇ ਜਿਨ੍ਹਾਂ ਤੋਂ ਵਿਦੇਸ਼ੀ ਮੁਦਰਾ ਕਮਾਈ ਜਾ ਸਕਦੀ ਹੈ, ਜਿਵੇਂ ਪਿੱਤਲ ਦੇ ਭਾਂਡਿਆ ਉਪਰ ਮੀਨਾਕਾਰੀ ਦਾ ਕੰਮ, ਹਾਥੀ ਦੇ ਦੰਦ ਦੀਆਂ ਵਸਤਾਂ ਕਈ ਤਰ੍ਹਾਂ ਦੇ ਸ਼ਾਲ-ਦੁਸ਼ਾਲੇ ਆਦਿ।

**2.4.6 ਛੋਟੇ ਉਦਯੋਗਾਂ ਦੇ ਵਿਕਾਸ ਦੇ ਰਾਹ ਵਿਚ ਔਕੜਾਂ :** ਛੋਟੇ ਉਦਯੋਗਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਅਤੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਕਰਕੇ ਜਿੰਨਾ ਇਨ੍ਹਾਂ ਦਾ ਮਹੱਤਵ ਹੈ ਅਤੇ ਜਿੰਨਾ ਯੋਗਦਾਨ ਆਰਥਕ ਵਿਕਾਸ ਵਿਚ ਇਹ ਉਦਯੋਗ ਪਾ ਸਕਦੇ ਹਨ, ਇਹ ਨਹੀਂ ਪਾ ਰਹੇ। ਜਿੰਨੀ ਦੇਰ ਤੱਕ ਇਨ੍ਹਾਂ ਮੁਸ਼ਕਲਾਂ ਨੂੰ ਦੂਰ ਨਹੀਂ ਕੀਤਾ ਜਾਂਦਾ, ਇਹ ਪੂਰੀ ਤਰ੍ਹਾਂ ਵਿਕਾਸ ਨਹੀਂ ਕਰ ਸਕਦੇ। ਛੋਟੇ ਉਦਯੋਗਾਂ ਦੇ ਵਿਕਾਸ ਵਿਚ ਹੇਠ ਲਿਖੀਆਂ ਔਕੜਾਂ ਹਨ।

**(i) ਕੱਚੇ ਮਾਲ ਦੀ ਪੂਰਤੀ :** ਛੋਟੇ ਉਦਯੋਗਾਂ ਦੀ ਕੱਚੇ ਮਾਲ ਦੀ ਪ੍ਰਾਪਤੀ ਵਿਚ ਕਈ ਕਿਸਮ ਦੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਜਿਵੇਂ ਜਦੋਂ ਕੱਚਾ ਮਾਲ ਚਾਹੀਦਾ ਹੈ, ਉਸ ਵੇਲੇ ਉਪਲਬੱਧ ਨਹੀਂ ਜਿੰਨੀ ਮਾਤਰਾ ਵਿਚ ਚਾਹੀਦਾ ਹੈ, ਉਨੀ ਮਾਤਰਾ ਵਿਚ ਨਹੀਂ ਮਿਲਦਾ। ਕੀਮਤ ਜ਼ਿਆਦਾ ਅਦਾ ਕਰਨੀ ਪੈਂਦੀ ਹੈ, ਕਿਉਂਕਿ ਵੱਡੇ ਉਦਯੋਗਪਤੀ ਮਾਲ ਨੂੰ ਥੋਕ ਦੇ ਭਾਅ ਜ਼ਿਆਦਾ ਮਾਤਰਾ ਵਿਚ ਖਰੀਦ ਲੈਂਦੇ ਹਨ। ਪਰ ਇਨ੍ਹਾਂ ਛੋਟੇ ਉਦਯੋਗਾਂ ਵਾਲਿਆਂ ਨੂੰ ਪਰਚੂਨ ਵਿਚ ਹੀ ਕੱਚਾ ਮਾਲ ਮਿਲਦਾ ਹੈ। ਇਸ ਤਰ੍ਹਾਂ ਜਿਹੜੇ ਆਡਰ ਸਮੇਂ ਪੂਰੇ ਕਰਨ ਲਈ ਹੁੰਦੇ ਹਨ ਅਤੇ ਮਾਲ ਵੀ ਸਮੇਂ ਸਿਰ ਅਤੇ ਪੂਰੀ ਮਿਕਦਾਰ ਵਿਚ ਨਹੀਂ ਮਿਲਦਾ ਜਿਸ ਨਾਲ ਤਿਆਰ ਮਾਲ ਦੀ ਕੁਆਲਿਟੀ 'ਚ ਫਰਕ ਪੈਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਨੂੰ ਕਈ ਵਾਰ ਕੱਚਾ ਮਾਲ ਵਪਾਰੀਆਂ ਅਤੇ ਵਿਚੋਲਿਆਂ ਕੋਲੋਂ ਵੀ ਖਰੀਦਣਾ ਪੈਂਦਾ ਹੈ ਜਿਹੜੇ ਉਨ੍ਹਾਂ ਦੀ ਮਜ਼ਦੂਰੀ ਦਾ ਨਜ਼ਾਇਜ਼ ਫਾਇਦਾ ਉਠਾ ਜਾਂਦੇ ਹਨ।

**(ii) ਵਿੱਤੀ ਸਹੂਲਤਾਂ ਦੀ ਕਮੀ :** 1964 ਤੋਂ ਪਹਿਲਾਂ ਜਦੋਂ ਬੈਂਕਾਂ ਦਾ ਅਜੇ ਰਾਸ਼ਟਰੀਕਰਨ ਨਹੀਂ ਸੀ ਹੋਇਆ ਸਾਰੇ ਹੀ ਛੋਟੇ ਵਪਾਰੀ ਮਹਾਜਨਾਂ (Money Lenders) ਤੋਂ ਕਰਜ਼ਾ ਲਿਆ ਕਰਦੇ ਸਨ। ਉਂਝ ਵੀ ਉਸ ਵੇਲੇ ਕਰਜ਼ਾ ਦੇਣ ਦੀਆਂ ਸ਼ਰਤਾਂ ਕਾਫੀ ਸਖਤ ਸਨ। ਮਹਾਜਨ ਜ਼ਿਆਦਾ ਵਿਆਜ ਦੀ ਦਰ ਲੈਂਦੇ ਸਨ। ਛੋਟੇ ਉਦਯੋਗਾਂ ਦੇ ਮਾਲਕਾਂ ਨੂੰ ਮਹਿੰਗੇ ਕੱਚਾ ਮਾਲ ਖ਼ਾਸ ਵਪਾਰੀਆਂ ਅਤੇ ਵਿਚੋਲਿਆਂ ਕੋਲੋਂ ਹੀ ਖਰੀਦਣਾ ਪੈਂਦਾ ਸੀ ਅਤੇ ਕਈ ਵਾਰ ਲਾਗ ਤੋਂ ਵੀ ਘੱਟ ਕੀਮਤ ਤੇ ਵੇਚਣਾ ਪੈਂਦਾ ਸੀ।

ਹੁਣ ਬੈਂਕਾਂ ਦੇ ਰਾਸ਼ਟਰੀਕਰਣ ਤੋਂ ਬਾਦ ਕਮਰਸ਼ੀਅਲ ਬੈਂਕਾਂ ਤੋਂ ਕਰਜ਼ਾ ਲੈਣ ਦੀ ਸਹੂਲਤ ਹੋ ਗਈ ਹੈ। ਭਾਵੇਂ ਅੱਗੇ ਨਾਲੋਂ ਹਾਲਤ ਵਿਚ ਕਾਫੀ ਸੁਧਾਰ ਹੈ, ਪਰ ਫਿਰ ਵੀ ਜਿੰਨੇ ਵਿੱਤ ਦੀ ਇਨ੍ਹਾਂ ਉਦਯੋਗਾਂ ਨੂੰ ਜ਼ਰੂਰਤ ਹੈ ਉਨੀ ਮਿਕਦਾਰ ਵਿਚ ਸਸਤੇ ਸੂਦ ਦੀ ਦਰ ਤੇ ਕਰਜ਼ਾ ਨਹੀਂ ਮਿਲਦਾ। ਦੂਜੇ ਪਾਸੇ ਉਨ੍ਹਾਂ ਦੇ ਆਪਣੇ ਵਿੱਤੀ ਸਾਧਨ ਇਤਨੇ ਨਹੀਂ ਹੁੰਦੇ ਕਿ ਬਚਤਾਂ ਕਰਕੇ ਨਿਵੇਸ਼ ਕੀਤਾ ਜਾ ਸਕੇ। ਇਸ ਹਾਲਤ ਵਿਚ ਬੈਂਕ ਵੀ ਬਿਨ੍ਹਾਂ ਸਕਿਉਰਟੀ ਦੇ (unsecured) ਕਰਜ਼ੇ ਨਹੀਂ ਦਿੰਦੇ ਤਾਂ ਹੋਰ ਵੀ ਮੁਸ਼ਕਲ ਹੋ ਜਾਂਦੀ ਹੈ।

**(iii) ਉਤਪਾਦਨ ਦੇ ਪੁਰਾਣੇ ਢੰਗ ਤਰੀਕੇ :** ਜ਼ਿਆਦਾ ਘਰੇਲੂ ਅਤੇ ਛੋਟੇ ਉਦਯੋਗਾਂ ਵਿਚ ਅਜੇ ਵੀ ਉਤਪਾਦਨ ਦੇ ਢੰਗ ਪੁਰਾਣੇ ਹੀ ਹਨ। ਤਕਨੀਕੀ ਤਬਦੀਲੀ ਬਹੁਤ ਹੀ ਘੱਟ ਲਾਗੂ ਹੁੰਦੀ ਹੈ। ਇਸ ਨਾਲ ਉਹ ਵੱਡੇ ਉਦਯੋਗਾਂ ਦੇ ਉਤਪਾਦਨ ਨਾਲ ਮੁਕਾਬਲਾ ਨਹੀਂ ਕਰ ਸਕਦੇ। ਕਈ ਛੋਟੇ ਉਦਯੋਗਾਂ ਵਾਲੇ ਤਾਂ ਇੰਨਾਂ ਪੜ੍ਹੇ ਲਿਖੇ ਨਹੀਂ ਹਨ ਜਿਹੜੇ ਕਿ ਆਧੁਨਿਕ ਮਸ਼ੀਨਰੀ ਦੇ ਲਾਭਾਂ ਪ੍ਰਤੀ ਜਾਗਰੂਕ ਹੋਣ।

**(iv) ਮੰਡੀ ਦੀਆਂ ਸਹੂਲਤਾਂ ਦੀ ਕਮੀ :** ਮੰਡੀ ਦੀਆਂ ਪੂਰੀਆਂ ਸਹੂਲਤਾਂ ਨਾ ਹੋਣ ਕਰਕੇ ਵੀ ਛੋਟੇ ਵਪਾਰੀ ਨੂੰ ਆਪਣਾ ਮਾਲ ਮਹਾਜਨ ਜਾਂ ਵਿਚੋਲਿਆ ਕੋਲ ਵੇਚਣਾ ਪੈਂਦਾ ਹੈ ਜਿਹਨਾਂ ਕੋਲੋਂ ਕਈ ਵਾਰ

ਉਹ ਆਪਣੀਆਂ ਵਿੱਤੀ ਲੋੜਾਂ ਨੂੰ ਪੂਰੀਆਂ ਕਰਨ ਵਾਸਤੇ ਕਰਜ਼ੇ ਲੈਂਦਾ ਹੈ। ਇਹ ਵਿਚੋਲੇ ਅਤੇ ਮਹਾਜਨ ਉਸ ਤਿਆਰ ਮਾਲ ਦੀ ਬਹੁਤ ਹੀ ਘੱਟ ਕੀਮਤ ਅਦਾ ਕਰਦੇ ਹਨ। ਦੂਜੇ ਪਾਸੇ ਜੇਕਰ ਕਈ ਵਾਰ ਛੋਟਾ ਵਪਾਰੀ ਆਪਣਾ ਮਾਲ ਮੰਡੀ ਵਿਚ ਲੈ ਵੀ ਜਾਂਦਾ ਹੈ ਤਾਂ ਉਸ ਦੀ ਸੌਦੇਬਾਜੀ ਕਰਨ ਦੀ ਸ਼ਕਤੀ ਬਹੁਤ ਘੱਟ ਹੁੰਦੀ ਹੈ। ਨਾ ਹੀ ਉਹ ਇੰਨਾ ਕਰ ਸਕਦਾ ਹੈ ਕਿ ਇੰਤਜ਼ਾਰ ਕਰ ਲਵੇ ਜਾਂ ਮਾਲ ਵਾਪਸ ਲੈ ਆਵੇ ਅਤੇ ਜਦੋਂ ਕੀਮਤ ਵੱਧ ਮਿਲੇ ਉਸ ਵੇਲੇ ਮਾਰਕੀਟ ਵਿਚ ਲਿਜਾਵੇ। ਉਸ ਨੇ ਆਪਣਾ ਕਰਜ਼ਾ ਨਿਰਧਾਰਤ ਸਮੇਂ ਅੰਦਰ ਅੰਦਰ ਉਤਾਰਨਾ ਹੁੰਦਾ ਹੈ। ਇਸ ਲਈ ਉਹ ਮਹਾਜਨਾਂ ਕੋਲ ਹੀ ਮਾਲ ਵੇਚਣਾ ਬੇਹਤਰ ਸਮਝਦਾ ਹੈ। ਭਾਵੇਂ ਮਜ਼ਦੂਰ ਯੂਨੀਅਨਾਂ ਅਤੇ ਸਹਿਕਾਰੀ ਸਭਾਵਾਂ ਦੁਆਰਾ ਇਹ ਕੰਮ ਕੁਝ ਹੱਦ ਤੱਕ ਸੌਖਾ ਹੋਇਆ ਹੈ ਪਰ ਤਸਲੀਬਖਸ਼ ਨਹੀਂ।

**(v) ਵੱਡੇ ਪੈਮਾਨੇ ਦੇ ਉਦਯੋਗਾਂ ਨਾਲ ਮੁਕਾਬਲਾ :** ਸਭ ਤੋਂ ਵੱਡੀ ਮੁਸ਼ਕਲ ਜਿਹੜੀ ਛੋਟੇ ਉਦਯੋਗਾਂ ਦੇ ਵਪਾਰੀਆਂ ਨੂੰ ਸਹਿਣੀ ਪੈਂਦੀ ਹੈ ਵੱਡੇ ਉਤਪਾਦਕਾਂ ਨਾਲ ਮੁਕਾਬਲਾ। ਆਧੁਨਿਕ ਅਤੇ ਮਹਿੰਗੀ ਤਕਨੀਕ ਵੱਡੇ ਉਤਪਾਦਕ ਵਰਤੋਂ ਵਿਚ ਲਿਆਉਂਦੇ ਹਨ। ਉਨ੍ਹਾਂ ਦਾ ਪ੍ਰਬੰਧ ਵੀ ਕਾਫੀ ਮਾਹਿਰ ਪ੍ਰਬੰਧਕਾਂ ਦੁਆਰਾ ਚਲਾਇਆ ਜਾਂਦਾ ਹੈ। ਵੱਡੇ ਪੈਮਾਨੇ ਤੇ ਉਤਪਾਦਨ ਕਰਨ ਦੇ ਆਪਣੇ ਹੀ ਲਾਭ ਹਨ। ਪਰ ਦੂਜੇ ਪਾਸੇ ਛੋਟੇ ਉਤਪਾਦਕ ਇਹ ਸਾਰਾ ਕੁਝ ਨਹੀਂ ਕਰ ਸਕਦੇ। ਪੂੰਜੀ ਸਾਧਨਾਂ ਦੀ ਕਮੀ, ਹੋਣ ਕਰਕੇ ਉਹ ਆਧੁਨਿਕ ਅਤੇ ਮਹਿੰਗੀਆਂ ਮਸ਼ੀਨਾਂ ਨਹੀਂ ਲਗਾ ਸਕਦੇ, ਨਾ ਹੀ ਇਸ਼ਤਿਹਾਰਬਾਜ਼ੀ ਦੁਆਰਾ ਆਪਣੇ ਮਾਲ ਦੀ ਨੁਮਾਇਸ਼ ਉਪਭੋਗੀਆਂ ਤਕ ਕਰ ਸਕਦੇ ਹਨ।

ਕੁਝ ਹੋਰ ਵੀ ਮੁਸ਼ਕਲਾਂ ਹਨ ਜਿਹੜੀਆਂ ਛੋਟੇ ਅਤੇ ਘਰੇਲੂ ਉਦਯੋਗਾਂ ਨੂੰ ਸਹਿਣੀਆਂ ਪੈਂਦੀਆਂ ਹਨ ਜਿਵੇਂ ਟੈਕਸ ਆਦਿ, ਜਿਨ੍ਹਾਂ ਨਾਲ ਉਤਪਾਦਨ ਦੀ ਲਾਗਤ ਵਿਚ ਹੋਰ ਵੀ ਵਾਧਾ ਹੁੰਦਾ ਹੈ। ਚੰਗੀਆਂ ਆਵਾਜਾਈ ਸੰਬੰਧੀ ਸਹੂਲਤਾਂ ਦੀ ਵੀ ਕਮੀ ਹੈ, ਸੁਧਾਰ ਅਤੇ ਖੋਜ ਵੱਲ ਕੋਈ ਦਿਲਚਸਪੀ ਨਹੀਂ ਹੁੰਦੀ ਜਿਸ ਨਾਲ ਉਤਪਾਦਨ ਦੇ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ।

ਥੋੜ੍ਹੇ ਲਫ਼ਜ਼ਾਂ ਵਿਚ ਕਿਹਾ ਜਾ ਸਕਦਾ ਹੈ ਕਿ ਭਾਵੇਂ ਛੋਟੇ ਉਦਯੋਗਾਂ ਦੀ ਮਹੱਤਤਾ ਨੂੰ ਸਮਝਿਆ ਜਾ ਰਿਹਾ ਹੈ ਤੇ ਕੁਝ ਔਕੜਾਂ ਨੂੰ ਹੱਲ ਕਰਨ ਲਈ ਕਦਮ ਵੀ ਚੁੱਕੇ ਜਾ ਰਹੇ ਹਨ ਤਾਂ ਵੀ ਮੁਕਾਬਲਤਨ ਇਨ੍ਹਾਂ ਉਦਯੋਗਾਂ ਦੀ ਹਾਲਤ ਪਹਿਲਾਂ ਨਾਲੋਂ ਕੋਈ ਵਧੇਰੇ ਚੰਗੀ ਨਹੀਂ।

ਪੰਜ ਸਾਲਾ ਯੋਜਨਾਵਾਂ ਤਹਿਤ ਜਿਹੜੇ ਸਰਕਾਰ ਨੇ ਇਨ੍ਹਾਂ ਉਦਯੋਗਾਂ ਦੀ ਸਹਾਇਤਾ ਲਈ ਠੋਸ ਕਦਮ ਚੁੱਕੇ ਹਨ ਉਹ ਇਸ ਪ੍ਰਕਾਰ ਹਨ :

**2.4.7 ਛੋਟੇ ਉਦਯੋਗਾਂ ਦੇ ਵਿਕਾਸ ਲਈ ਸਰਕਾਰ ਦੁਆਰਾ ਚੁੱਕੇ ਗਏ ਕਦਮ :** ਅਸੀਂ ਦੇਖਿਆ ਹੈ ਕਿ ਛੋਟੇ ਉਦਯੋਗਾਂ ਦੇ ਵਿਕਾਸ ਦੇ ਰਾਹ ਵਿਚ ਜਿਹੜੀਆਂ ਔਕੜਾਂ ਪੇਸ਼ ਆਉਂਦੀਆਂ ਹਨ ਸਾਰੀਆਂ ਹੀ ਇਕ ਦੂਜੇ ਤੋਂ ਪ੍ਰਭਾਵਿਤ ਹੁੰਦਆਂ ਹਨ ਅਤੇ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਵੀ ਇਕੱਠੇ ਹੀ ਲਭਿਆ ਜਾਵੇ।

1948 ਵਿਚ ਪਹਿਲੀ ਉਦਯੋਗਿਕ ਨੀਤੀ ਬਣਾਈ ਗਈ ਅਤੇ 1956 ਵਿਚ ਦੂਜੀ। ਇਨ੍ਹਾਂ ਨੀਤੀਆਂ ਵਿਚ ਹੀ ਛੋਟੇ ਉਦਯੋਗਾਂ ਦੀ ਮਹੱਤਤਾ ਨੂੰ ਜਾਣਦੇ ਹੋਏ ਇਨ੍ਹਾਂ ਦੇ ਵਿਕਾਸ ਵੱਲ ਖਾਸ ਧਿਆਨ ਦਿੱਤਾ ਜਾਣ ਲੱਗਿਆ। 1950 ਤੋਂ ਬਾਅਦ ਕਈ ਸਪੈਸ਼ਲ ਕਮੇਟੀਆਂ ਬਣਾਈਆਂ ਜਿਨ੍ਹਾਂ ਨੇ ਕੁਝ ਸੁਝਾਅ ਦਿੱਤੇ। ਇਨ੍ਹਾਂ ਵਿਚੋਂ ਕੁਝ ਸੁਝਾਅ ਹੇਠ ਲਿਖੇ ਹਨ ਜਿਹੜੇ ਛੋਟੇ ਉਦਯੋਗਾਂ ਦੀ ਭੂਮਿਕਾ ਨੂੰ ਬੇਹਤਰ ਬਣਾ ਸਕੇ ਹਨ ਤਾਂ ਕਿ ਆਰਥਿਕ ਵਿਕਾਸ ਵਿਚ ਇਹ ਚੰਗਾ ਯੋਗਦਾਨ ਪਾ ਸਕਣ।

**(i) ਠੀਕ ਅਤੇ ਚੰਗੇ ਉੱਦਮਾਂ ਦੀ ਚੋਣ (Selection of right type of Industries) :** ਇਹ ਕਿਹਾ ਜਾਂਦਾ ਹੈ ਜੇਕਰ ਠੀਕ ਅਤੇ ਚੰਗੇ ਉਦਯੋਗਾਂ ਦੀ ਸਹੀ ਅਰਥਾਂ ਵਿਚ ਚੋਣ ਕੀਤੀ ਜਾਵੇਗੀ ਤਾਂ ਉਹ ਦੇਸ਼ ਦੇ ਵਿਕਾਸ ਵਿਚ ਕਾਫ਼ੀ ਹਿੱਸਾ ਪਾ ਸਕਦੇ ਹਨ। ਇਸ ਲਈ ਸਾਨੂੰ ਉਨ੍ਹਾਂ ਉਦਯੋਗਾਂ ਦੀ

ਚੋਣ ਕਰਨੀ ਚਾਹੀਦੀ ਹੈ ਜਿਹੜੇ ਭਵਿੱਖ ਵਿਚ ਆਪ ਉੱਨਤੀ ਕਰ ਸਕਦੇ ਹੋਣ ਤੇ ਬਿਨ੍ਹਾਂ ਮਦਦ ਤੋਂ ਆਪਣੇ ਪੈਰਾਂ ਤੇ ਖੜੇ ਹੋ ਸਕਣ। ਇਹ ਉਦਯੋਗ ਹੇਠਾਂ ਲਿਖੀ ਕਿਸਮ ਦੇ ਹੋ ਸਕਦੇ ਹਨ :

ੳ. ਉਹ ਉਦਯੋਗ ਜਿਹੜੇ ਉਤਪਾਦਨ ਵਾਸਤੇ ਖਾਸ ਕਿਸਮ ਦੀ ਮੁਹਾਰਤ ਜਾਂ ਕਲਾ ਚਾਹੁੰਦੇ ਹਨ ਜਾਂ ਜਿਹੜਾ ਕੰਮ ਵੱਡੇ ਪੈਮਾਨੇ ਤੇ ਹੋ ਹੀ ਨਹੀਂ ਸਕਦਾ ਜਿਵੇਂ ਕਲਾਤਮਕ ਦਸਤਕਾਰੀ ਤੇ ਸ਼ਿਲਪਕਾਰੀ ਦਾ ਕੰਮ, ਸੋਨੇ ਚਾਂਦੀ ਦੇ ਗਹਿਣੇ ਬਣਾਉਣ ਦਾ ਕੰਮ ਜਾਂ ਹਾਥੀ ਦੰਦ ਆਦਿ ਦਾ ਕੰਮ।

ਅ. ਜਿਹੜੇ ਉਦਯੋਗ ਦੂਜੇ ਵੱਡੇ ਉਦਯੋਗਾਂ ਵਾਸਤੇ ਵਸਤਾਂ ਦਾ ਉਤਪਾਦਨ ਕਰਦੇ ਹਨ ਜਿਵੇਂ ਮਸ਼ੀਨਾਂ ਦੇ ਪੁਰਜ਼ੇ, ਰੂੰ ਦੀ ਕਤਾਈ ਅਤੇ ਬਨਸਪਤੀ ਤੇਲ ਆਦਿ।

ੲ. ਜਿਨ੍ਹਾਂ ਉਦਯੋਗਾਂ ਵਿਚ ਖ਼ਾਸ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਹੀ ਬਣਦੀਆਂ ਹਨ ਜਿਵੇਂ ਨਕਲੀ ਲੱਤਾਂ, ਬਾਹਾਂ ਬਣਾਉਣ ਦੀ ਫੈਕਟਰੀ ਆਦਿ।

ਸ. ਉਹ ਯੂਨਿਟ ਜਿਥੇ ਕੁਲ-ਉਤਪਾਦਨ ਦੀ ਕਿਸੇ ਇਕ ਹਾਲਤ ਦਾ ਕੰਮ ਹੀ ਹੁੰਦਾ ਹੋਵੇ ਜਿਵੇਂ ਪੁਰਜ਼ਿਆਂ ਨੂੰ ਇਕੱਠਾ ਕਰਨਾ ਜਾਂ ਸਾਰੇ ਉਤਪਾਦਿਤ ਮਾਲ ਨੂੰ ਆਖਰੀ ਛੋਹ ਦੇਣਾ। ਇਹੋ ਜਿਹੇ ਯੂਨਿਟ ਪੂਰਾ ਉਤਪਾਦਨ ਨਹੀਂ ਕਰਦੇ, ਕੇਵਲ ਉਤਪਾਦਨ ਵਿਚ ਹਿੱਸਾ ਹੀ ਪਾਉਂਦੇ ਹਨ।

ਹ. ਕੁਝ ਉਦਯੋਗ ਐਸੇ ਹਨ ਜਿਨ੍ਹਾਂ ਵਿਚ ਮਾਲ ਤਿਆਰ ਹੋਣ ਉਪਰੰਤ ਉਸ ਵਸਤੂ ਦਾ ਭਾਰ ਵੀ ਵੱਧ ਜਾਂਦਾ ਹੈ ਅਤੇ ਉਸ ਦੀ ਟਰਾਂਸਪੋਰਟ ਲਾਗਤ ਵੱਧ ਜਾਂਦੀ ਹੈ ਜਿਵੇਂ ਲੱਕੜੀ ਦਾ ਫਰਨੀਚਰ, ਇੱਟਾਂ ਦਾ ਭੱਠਾ ਆਦਿ।

ਇਹ ਜਿਹੇ ਉਦਯੋਗਾਂ ਦੇ ਕੁਝ ਯੂਨਿਟ ਹੁੰਦੇ ਹਨ ਜਿਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ ਤਾਂ ਹੀ ਉਹ ਵਿਕਾਸ ਕਰ ਸਕਦੇ ਹਨ।

**(ii) ਉਤਪਾਦਨ ਦੇ ਤਰੀਕਿਆਂ ਵਿਚ ਆਧੁਨਿਕਤਾ ਲਾਗੂ ਕਰਨਾ (Additional better methods of production and improved implements) :** ਅਸੀਂ ਜਾਣਦੇ ਹਾਂ ਕਿ ਘਰੇਲੂ ਅਤੇ ਛੋਟੇ ਉਦਯੋਗ ਅਜੇ ਵੀ ਪੁਰਾਣੇ ਢੰਗ ਤਰੀਕਿਆਂ ਦੀ ਵਰਤੋਂ ਨਾਲ ਹੀ ਉਤਪਾਦਨ ਕਰਦੇ ਹਨ। ਕਾਰਣ ਭਾਵੇਂ ਅਨਪੜ੍ਹਤਾ ਹੋਵੇ ਜਾਂ ਵਿੱਤੀ ਸਹੂਲਤਾਂ ਦੀ ਘਾਟ। ਪਰ ਨਜ਼ਰੀਏ ਦੀ ਤਬਦੀਲੀ ਵੀ ਇਕ ਖਾਸ ਵਿਸ਼ੇਸ਼ਤਾ ਰੱਖਦੀ ਹੈ ਕਿ ਆਧੁਨਿਕਤਾ ਨੂੰ ਕੰਮ ਕਰਨ ਦੇ ਢੰਗ ਵਿਚ ਲਿਆਂਦਾ ਜਾਵੇ। ਇਸ ਕੰਮ ਲਈ ਨਵੀਆਂ ਹੋ ਰਹੀਆਂ ਖੋਜਾਂ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਤੋਂ ਸਹਾਇਤਾ ਲਈ ਜਾ ਸਕਦੀ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਸੰਬੰਧੀ ਸੰਬੰਧਿਤ ਵਿਅਕਤੀਆਂ ਨੂੰ ਜਾਣੂ ਕਰਵਾਇਆ ਜਾਵੇ ਜੋ ਲੋੜ ਪੈਣ ਤੇ ਜ਼ਰੂਰੀ ਸਹੂਲਤਾਂ ਦਾ ਪ੍ਰਬੰਧ ਕਰਨ ਤਾਂ ਕਿ ਆਧੁਨਿਕ ਸੰਦ ਅਤੇ ਤਕਨੀਕ ਨੂੰ ਲਾਗੂ ਕਰਨਾ ਆਸਾਨ ਹੋ ਜਾਵੇ।

**(iii) ਉਤਪਾਦਨ ਦੀ ਕਿਸਮ ਅਤੇ ਪੱਧਰ ਨੂੰ ਸੁਧਾਰਨਾ (Improvement in the production of goods and their quality) :** ਛੋਟੇ ਉਦਯੋਗਾਂ ਦੀ ਇਹ ਮੁਸ਼ਕਲ ਰਹੀ ਹੈ ਕਿ ਉਹ ਵੱਡੇ ਉਦਯੋਗਾਂ ਦਾ ਮੁਕਾਬਲਾ ਇਸ ਲਈ ਵੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਦੁਆਰਾ ਉਤਪਾਦਤ ਵਸਤਾਂ ਦਾ ਮਿਆਰ ਨੀਵਾਂ ਹੁੰਦਾ ਹੈ। ਇਸ ਦੇ ਕਾਰਣ ਮਿਲਾਵਟ, ਹੇਰਾ ਫੇਰੀ ਜਾਂ ਹੋਰ ਵੀ ਹੋ ਸਕਦੇ ਹਨ, ਪਰ ਸਵਾਲ ਹੈ ਕਿ ਉਤਪਾਦਨ, ਉੱਚੀ ਮਿਆਰ (ਪੱਧਰ) ਦਾ ਹੋਵੇ ; ਇਸ ਲਈ ਸਰਕਾਰ ਨੂੰ ਹੀ ਅੱਗੇ ਆਉਣਾ ਪਵੇਗਾ ਕਿ ਹੇਰਾ ਫੇਰੀ ਅਤੇ ਮਿਲਾਵਟ ਆਦਿ ਵਿਰੁੱਧ ਕਾਨੂੰਨ ਬਣਾਏ ਜਾਣ। ਵਸਤਾਂ ਦਾ ਸਟੈਂਡਰਡ ਮਿਥਿਆ ਜਾਵੇ। ਜਿਸ ਨਾਲ ਇਨ੍ਹਾਂ ਦਾ ਪੱਧਰ ਕਾਇਮ ਹੋ ਸਕੇ ਅਤੇ ਵੱਡੇ ਉਦਯੋਗਾਂ ਨਾਲ ਇਹ ਮੁਕਾਬਲੇ ਤੇ ਖੜੇ ਹੋ ਸਕਣ।

**(iv) ਵਿੱਤੀ ਸਹੂਲਤਾਂ (Provision of Finance) :** ਇਨ੍ਹਾਂ ਉਦਯੋਗਾਂ ਦੀ ਮੁੱਖ ਔਕੜ ਵਿੱਤੀ ਸਹੂਲਤਾਂ

ਦੀ ਘਾਟ ਹੈ। ਸਮੇਂ ਸਿਰ ਉਚਿਤ ਦਰਾਂ ਤੇ ਕਰਜ਼ਾ ਨਾ ਮਿਲਣ ਕਰਕੇ ਕੰਮ ਵੀ ਸਮੇਂ ਸਿਰ ਸ਼ੁਰੂ ਨਹੀਂ ਹੋ ਸਕਦੇ। ਸਰਕਾਰ ਵਲੋਂ ਜਿਹੜੀਆਂ ਵਿੱਤੀ ਸੰਸਥਾਵਾਂ ਦੀ ਸਥਾਪਨਾ ਕੀਤੀ ਜਾਂਦੀ ਹੈ ਉਸ ਦਾ ਬਹੁਤਾ ਹਿੱਸਾ ਵੱਡੇ ਉਦਯੋਗਪਤੀ ਆਪਣੀ ਉੱਚੀ ਪੁਜੀਸ਼ਨ ਕਰਕੇ ਲੈ ਜਾਂਦੇ ਹਨ। ਇਸ ਲਈ ਇਨ੍ਹਾਂ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਆਪਣੇ ਕਰਜ਼ਿਆਂ ਦੀ ਇਸ ਰਾਸ਼ੀ ਇਨ੍ਹਾਂ ਛੋਟੇ ਤੇ ਘਰੇਲੂ ਉਦਯੋਗਾਂ ਦੇ ਵਿਕਾਸ ਲਈ ਰੱਖਣ। ਨਹੀਂ ਤਾਂ ਛੋਟੇ ਉਦਯੋਗਪਤੀਆਂ ਨੂੰ ਫਿਰ ਮਹਾਜਨਾਂ ਕੋਲ ਭੱਜਣਾ ਪਵੇਗਾ, ਜਿਹੜੇ ਸਮੇਂ ਸਿਰ ਅਤੇ ਬਿਨਾਂ ਸਕਿਉਰਟੀ ਤੋਂ ਕਰਜ਼ਾ ਤਾਂ ਦੇ ਦਿੰਦੇ ਹਨ ਪਰੰਤੂ ਉਨ੍ਹਾਂ ਦੇ ਕਰਜ਼ੇ ਦੀਆਂ ਦਰਾਂ ਕਾਫੀ ਉੱਚੀਆਂ ਹੁੰਦੀਆਂ ਹਨ।

ਸਰਕਾਰ ਹੁਣ ਛੋਟੇ ਉਦਯੋਗਾਂ ਲਈ ਖ਼ਾਸ ਸਹੂਲਤਾਂ ਦਾ ਪ੍ਰਬੰਧ ਕਰ ਰਹੀ ਹੈ। ਸਟੇਟ ਇਨਡਸਟਰੀਅਲ ਫਾਈਨੈਂਸ ਕਾਰਪੋਰੇਸ਼ਨ (State Industrial Finance Corporation), Small Industries Development Bank of India (SIDBI)) ਅਤੇ ਕਮਰਸ਼ੀਅਲ ਬੈਂਕ (Commercial Bank) ਛੋਟੇ ਉਦਯੋਗਾਂ ਨੂੰ ਕਾਫੀ ਸਹੂਲਤਾਂ ਦਿੰਦੇ ਹਨ। ਪਰੰਤੂ ਲੋੜ ਹੈ ਛੋਟੇ ਉਦਯੋਗਪਤੀਆਂ ਨੂੰ ਕਰਜ਼ੇ ਦੇ ਕੇ ਕੰਮ ਵੀ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਨ ਦੀ।

**(v) ਮੰਡੀ ਦੀਆਂ ਸਹੂਲਤਾਂ (Provision of Marketing Facilities) :** ਮੰਡੀ ਦੀਆਂ ਸਹੂਲਤਾਂ ਲਈ ਸਰਕਾਰ ਹੇਠਾਂ ਲਿਖੇ ਕਦਮ ਚੁੱਕ ਸਕਦੀ ਹੈ :

(ੳ) ਉਤਪਾਦਕਾਂ ਨੂੰ ਇਹ ਨਿਸ਼ਚਿਤ ਹੋਣਾ ਚਾਹੀਦਾ ਹੈ ਕਿ ਉਹ ਆਪਣਾ ਮਾਲ ਜਿਹੜਾ ਠੀਕ ਪੱਧਰ ਦਾ ਹੈ, ਜੇਕਰ ਮਾਰਕੀਟ ਵਿਚ ਲਿਆਉਂਦੇ ਹਨ ਤਾਂ ਉਨ੍ਹਾਂ ਨੂੰ ਇਸ ਦੀ ਉਚਿਤ ਰਕਮ ਵੀ ਮਿਲ ਜਾਵੇਗੀ। ਇਸ ਲਈ ਸਰਕਾਰ ਨੂੰ ਖ਼ਾਸ ਸ਼ਰਤਾਂ ਅਤੇ ਨਿਸਮ ਬਣਾਉਂਣੇ ਚਾਹੀਦੇ ਹਨ।

(ਅ) ਕੁਝ ਕਲਾਤਮਕ ਵਸਤਾਂ ਵਾਸਤੇ ਵਿਦੇਸ਼ੀ ਮੰਡੀ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ ਅਤੇ ਨਿਸ਼ਚਿਤ ਆਰਡਰ ਲਏ ਜਾ ਸਕਦੇ ਹਨ। ਇਸ ਲਈ ਉਤਪਾਦਕ ਉਤਸ਼ਾਹਿਤ ਹੋ ਕੇ ਕੰਮ ਕਰੇਗਾ ਅਤੇ ਉਸ ਨੂੰ ਉਸ ਮਾਲ ਬਦਲੇ ਅਨੁਚਿਤ ਕੀਮਤ ਮਿਲਣ ਦਾ ਡਰ ਨਹੀਂ ਹੋਵੇਗਾ।

(ੲ) ਘਰੇਲੂ ਮੰਡੀ ਵਿਚ ਮੰਗ ਦਾ ਪਤਾ ਲਗਾ ਕੇ ਉਸ ਅਨੁਸਾਰ ਸਰਕਾਰ ਨੂੰ ਉਤਪਾਦਨ ਕਰਨਾ ਚਾਹੀਦਾ ਹੈ ਤਾਂ ਕਿ ਪੂਰਤੀ ਮੰਗ ਅਨੁਸਾਰ ਹੋਵੇ।

(ਸ) ਛੋਟੇ ਉਤਪਾਦਕਾਂ ਦੇ ਤਿਆਰ ਮਾਲ ਦਾ ਕੁਝ ਪ੍ਰਤੀਸ਼ਤ ਸਰਕਾਰ ਨੂੰ ਚਾਹੀਦਾ ਹੈ ਤਾਂ ਕਿ ਵਿੱਤੀ ਲੋੜਾਂ ਪੂਰੀਆਂ ਕਰਨ ਵਿਚ ਦੇਰੀ ਨਾ ਹੋਵੇ।

(ਹ) ਇਸ ਤੋਂ ਇਲਾਵਾ ਛੋਟੇ ਉਤਪਾਦਕਾਂ ਲਈ ਸਹਿਕਾਰੀ ਮੰਡੀਆਂ ਦਾ ਪ੍ਰਬੰਧ ਵੀ ਕੀਤਾ ਜਾਣਾ ਚਾਹੀਦਾ ਹੈ ਜਿਥੇ ਲੁੱਟ ਖਸੁੱਟ ਦੀ ਸੰਭਾਵਨਾ ਘੱਟ ਜਾਂਦੀ ਹੈ।

**(vi) ਵੱਡੇ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਉਤਪਾਦਨ ਦਾ ਖੇਤਰ ਵੱਖਰਾ ਕਰਨਾ (Demarcation of Spheres of Large and Small Scale Industries) :** ਜਿਹੜੀਆਂ ਵਸਤੂਆਂ ਛੋਟੇ ਉਦਯੋਗਾਂ ਵਿਚ ਚੰਗੀ ਤਰ੍ਹਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ ਉਨ੍ਹਾਂ ਦਾ ਉਤਪਾਦਨ ਵੱਡੇ ਪੈਮਾਨੇ ਦੇ ਉਦਯੋਗਾਂ ਵਿਚ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਮੁਕਾਬਲੇ ਦੀ ਨੌਬਤ ਹੀ ਨਾ ਆਵੇ ਜਾਂ ਫਿਰ ਉਸ ਉਤਪਾਦਨ ਦੀ ਵੱਡੇ ਪੈਮਾਨੇ ਵਿਚ ਉੱਚਤਮ ਸੀਮਾ ਨਿਰਧਾਰਤ ਕਰ ਦੇਣੀ ਚਾਹੀਦੀ ਹੈ ਜਿਹੜੀ ਅਖੀਰ ਵਿਚ ਛੋਟੇ ਉਦਯੋਗਾਂ ਲਈ ਰਾਖਵੀਂ ਰੱਖਣੀ ਹੋਵੇ। ਦੂਜੇ ਪਾਸੇ ਜਿਹੜੇ ਵਸਤੂ ਦਾ ਉਤਪਾਦਨ ਵੱਡੇ ਪੈਮਾਨੇ ਦੇ ਉਦਯੋਗਾਂ ਵਿਚ ਹੀ ਲਾਭਦਾਇਕ ਢੰਗ ਨਾਲ ਹੋ ਸਕਦਾ ਹੋਵੇ ਉਸ ਨੂੰ ਛੋਟੇ ਉਦਯੋਗਾਂ ਵਿਚੋਂ ਬੰਦ ਕਰਵਾਇਆ ਜਾ ਸਕਦਾ ਹੇ ਅਤੇ ਉਥੋਂ ਦੇ ਕਰਮਚਾਰੀਆਂ ਨੂੰ ਕਈ ਹੋਰ ਕੰਮਾਂ ਵਿਚ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਵਸਤੂਆਂ ਦੇ ਉਤਪਾਦਨ ਲਈ ਸੈਕਟਰ ਜਾਂ ਪੈਮਾਨੇ ਨਿਰਧਾਰਤ ਕਰਨ ਤੋਂ ਭਾਵ ਇਹ ਨਹੀਂ ਕ ਦੋਵੇਂ ਤਰ੍ਹਾਂ ਦੇ ਉਦਯੋਗਾਂ ਨੂੰ ਅਲੱਗ ਕਰ ਦਿੱਤਾ ਜਾਵੇ

, ਇਸ ਤੋਂ ਭਾਵ ਹੈ ਕਿ ਦੋਵੇਂ ਆਪੋ ਆਪਣੀ ਥਾਂ ਜ਼ਿਆਦਾ ਅਸਰਦਾਇਕ ਢੰਗ ਨਾਲ ਉਤਪਾਦਨ ਕਰਨ ਅਤੇ ਯੋਗ ਭੂਮਿਕਾ ਨਿਭਾਉਣ।

ਸਾਰੇ ਸੁਝਾਵਾਂ ਦਾ ਮਕਸਦ ਇਹੀ ਹੈ ਕਿ ਇਕ ਅਜਿਹਾ ਵਿਸ਼ਾਲ ਸਾਂਝਾ ਪ੍ਰੋਗਰਾਮ ਉਲੀਕਿਆ ਜਾਵੇ ਜਿਸ ਨਾਲ ਧਨ ਦੀ ਨਾ ਬਰਾਬਰੀ ਅਤੇ ਬੇਰੁਜ਼ਗਾਰੀ ਜਿਹੜੀ ਕਿ ਗਰੀਬੀ ਨੂੰ ਜਨਮ ਦਿੰਦੀ ਹੈ, ਦੀ ਸਮੱਸਿਆ ਹੱਲ ਹੋ ਸਕੇ। ਕਿਉਂਕਿ ਇਸ ਨਾਲ ਵੀ ਅੱਗੇ ਦੇਸ਼ ਦੀਆਂ ਕਈ ਸਮੱਸਿਆਵਾਂ ਜੁੜੀਆਂ ਹੋਈਆਂ ਹਨ।

**2.4.8 ਛੋਟੇ ਉਦਯੋਗਾਂ ਪ੍ਰਤੀ ਸਰਕਾਰ ਦੀ ਨੀਤੀ ਅਤੇ ਇਨ੍ਹਾਂ ਦੇ ਵਿਕਾਸ ਲਈ ਚੁੱਕੇ ਗਏ ਕਦਮ (Government Policy) :** ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਛੋਟੇ ਉਦਯੋਗਾਂ ਦੇ ਵਿਕਾਸ ਲਈ ਉਚਿਤ ਕਦਮ ਚੁੱਕੇ ਹਨ ਤਾਂ ਕਿ ਇਹ ਦੇਸ਼ ਦੇ ਆਰਥਿਕ ਵਿਕਾਸ ਵਿਚ ਯੋਗਦਾਨ ਪਾ ਸਕਣ ਅਤੇ ਇਨ੍ਹਾਂ ਨਾਲ ਜੁੜੀਆਂ ਕਈ ਹੋਰ ਸਮੱਸਿਆਵਾਂ ਜਿਵੇਂ ਬੇਰੁਜ਼ਗਾਰੀ , ਧਨ ਦੀ ਅਸਮਾਨਤਾ, ਗਰੀਬੀ ਆਦਿ ਦੇ ਕਾਬੂ ਪਾਇਆ ਜਾ ਸਕੇ। ਸਰਕਾਰ ਨੇ ਸਿਰਫ ਨੀਤੀਆਂ ਹੀ ਨਹੀਂ ਬਣਾਈਆਂ ਜਾਂ ਪ੍ਰੋਗਰਾਮ ਹੀ ਨਹੀਂ ਉਲੀਕੇ, ਸਗੋਂ ਕਈ ਤਰ੍ਹਾਂ ਦੇ ਵਿਭਾਗ ਵੀ ਸਥਾਪਿਤ ਕੀਤੇ ਹਨ ਜਿਹੜੇ ਇਨ੍ਹਾਂ ਦੀ ਦੇਖ-ਭਾਲ ਕਰਨ ਦੇ ਨਾਲ ਨਾਲ ਨਿਯਮਾਂ ਨੂੰ ਵੀ ਲਾਗੂ ਕਰਨ ਵਿਚ ਮਦਦ ਕਰਦੇ ਹਨ। ਸਰਕਾਰ ਦੁਆਰਾ ਵਿੱਤ ਸੰਬੰਧੀ, ਮੰਡੀਆਂ ਸੰਬੰਧੀ ਅਤੇ ਹੋਰ ਸਹੂਲਤਾਂ ਲਈ ਹੇਠ ਲਿਖੇ ਕਦਮ ਚੁੱਕੇ ਹਨ :

(i) ਛੋਟੇ ਉਦਯੋਗਾਂ ਦੀ ਸਹਾਇਤਾ ਲਈ ਵੱਡੇ ਪੈਮਾਨੇ ਦੇ ਉਦਯੋਗਾਂ ਦੁਆਰਾ ਉਤਪਾਦਿਤ ਕਈ ਵਸਤਾਂ ਤੇ ਆਯਾਤ ਜਾਂ ਨਿਰਯਾਤ ਕਰ ਲਗਾਉਣਾ।

(ii) ਇਨ੍ਹਾਂ ਦੀਆਂ ਵਸਤਾਂ ਉਪਰ ਸਬਸਿਡੀ ਦੇਣਾ ਜਾਂ ਥੋੜ੍ਹੇ ਚਿਰ ਲਈ ਸੁਰੱਖਿਆ (Protection) ਪ੍ਰਦਾਨ ਕਰਨਾ। ਜਿਵੇਂ ਸਿਲਕ ਦੀਆਂ ਸਾੜ੍ਹੀਆਂ ਉਪਰ ਕਿਹਾ ਗਿਆ ਹੈ ਕਿ 60 ਪ੍ਰਤੀਸ਼ਤ ਕੀਮਤਾਂ ਮਿੱਲਾਂ ਅਤੇ 40 ਪ੍ਰਤੀਸ਼ਤ ਕੀਮਤ ਹੈਂਡਲੂਮ ਵਾਲਿਆਂ ਨੂੰ ਮਿਲੇਗਾ। ਇਵੇਂ ਹੀ ਮਿੱਲ ਦੇ ਕੱਪੜੇ ਉਪਰ ਕਰ ਲਗਾ ਕੇ ਹੱਥਖੱਡੀ ਦੇ ਕੱਪੜੇ ਉਪਰ ਛੋਟ (discount) ਦਿੱਤੀ ਜਾਂਦੀ ਹੈ।

(iii) ਖਾਦੀ ਅਤੇ ਪੇਂਡੂ ਦਸਤਕਾਰੀ ਬੋਰਡ ਦੀ ਸਥਾਪਨਾ ਤਾਂ ਕਿ ਪੇਂਡੂ ਉਦਯੋਗ ਅਤੇ ਦਸਤਕਾਰੀ ਉਤਸ਼ਾਹਿਤ ਹੋਵੇ।

(iv) 1954 ਵਿਚ ਬੋਰਡ ਆਫ ਸਮਾਲ ਇਨਡਸਟਰੀਜ਼ ਖੋਲ੍ਹਿਆ ਗਿਆ। ਇਵੇਂ ਕਈ ਤਰ੍ਹਾਂ ਦੀਆਂ ਸੰਸਥਾਵਾਂ ਅਤੇ ਸੰਗਠਨਾਂ ਦੀ ਸਥਾਪਨਾ ਕੀਤੀ ਗਈ ਜਿਵੇਂ ਕਿ Central Small Industries Organisation and Industrial Extension Services ਇਸ ਤੋਂ ਇਲਾਵਾ ਕਈ ਛੋਟੇ ਛੋਟੇ ਟਰੇਨਿੰਗ ਸੈਂਟਰ ਵੀ ਖੋਲ੍ਹੇ ਗਏ ਹਨ ਜਿਥੇ ਉਤਪਾਦਕਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਕਿ ਉਹ ਆਪ ਥੋੜ੍ਹੀ ਪੂੰਜੀ ਨਾਲ ਕੋਈ ਵੀ ਕਿੱਤਾ ਸ਼ੁਰੂ ਕਰ ਸਕਣ। I.T.I. ਸੈਂਟਰ ਇਨ੍ਹਾਂ ਪ੍ਰੋਗਰਾਮਾਂ ਦੀ ਲੜੀ ਦਾ ਹੀ ਇਕ ਹਿੱਸਾ ਹਨ। ਇਸ ਤੋਂ ਇਲਾਵਾ ਸਰਕਾਰ ਦੁਆਰਾ ਕਈ ਹੋਰ ਬੋਰਡਾਂ ਦੀ ਵੀ ਸਥਾਪਨਾ ਕੀਤੀ ਗਈ ਜਿਹੜੇ ਇਨ੍ਹਾਂ ਦੁਆਰਾ ਉਤਪਾਦਿਤ ਵਸਤੂਆਂ ਦੀ ਨੁਮਾਇਸ਼ ਕਰਦੇ ਹਨ, ਕਟੌਤੀ ਕੀਤੇ ਮਾਲ ਨੂੰ ਵੇਚਦੇ ਹਨ ਅਤੇ ਕਈ ਹੋਰ ਪ੍ਰਕਾਰ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਦੇ ਹਨ। ਇਹ ਕੁਝ ਬੋਰਡ ਹਨ :- Cottage Industries Board, All India Handicrafts Board., All India Handloom Board, Central Marketing Organisation ਆਦਿ। ਕਈ ਫੋਕਲ ਪੁਆਇੰਟ ਰੱਖੇ ਗਏ ਹਨ ਜਿਨ੍ਹਾਂ ਤੋਂ ਛੋਟੇ ਉਦਯੋਗਾਂ ਨੂੰ ਸ਼ੁਰੂ ਕਰਨ ਦੀਆਂ ਸਹੂਲਤਾਂ ਦਾ ਪ੍ਰਬੰਧ ਹੈ।

(v) ਵਿੱਤੀ ਸਹੂਲਤਾਂ (Financial Facilities) : ਕਰਜ਼ੇ ਦੀਆਂ ਸਹੂਲਤਾਂ ਲਈ ਕਮਰਸ਼ੀਅਲ ਬੈਂਕਾਂ ਦੀ ਸਥਾਪਨਾ ਅਤੇ ਸਹਿਕਾਰੀ ਸੰਸਥਾਵਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸਟੇਟ ਕੋਆਪਰੇਟਿਵ ਬੈਂਕ ਸਸਤੇ ਦਰ ਤੇ ਇਨ੍ਹਾਂ ਨੂੰ ਕਰਜ਼ੇ ਮੁਹੱਈਆਂ ਕਰਦੇ ਹਨ।

State Aid of Industries Act ਦੇ ਤਹਿਤ ਸਰਕਾਰਾਂ ਛੋਟੇ ਉਦਯੋਗਾਂ ਨੂੰ ਕਰਜ਼ੇ ਦਿੰਦੀਆਂ ਹਨ। ਇਵੇਂ ਹੀ State Financial Corporation ਅਤੇ SIDBI ਖ਼ਾਸ ਤੌਰ ਤੇ ਇਨ੍ਹਾਂ ਛੋਟੇ ਉਦਯੋਗਾਂ ਦੀ ਸਹਾਇਤਾ ਵਾਸਤੇ ਸਥਾਪਿਤ ਕੀਤੀਆਂ ਗਈਆਂ ਹਨ। ਰਿਜ਼ਰਵ ਬੈਂਕ ਨੇ ਜਿਹੜੀ Credit Guarantee Scheme ਸ਼ੁਰੂ ਕੀਤੀ ਸੀ ਉਹ ਕਾਫੀ ਉਪਯੋਗੀ ਸਿੱਧ ਹੋ ਰਹੀ ਹੈ। ਇਵੇਂ ਹੀ ਸਟੇਟ ਬੈਂਕ ਆਫ ਇੰਡੀਆ ਦੀਆਂ ਬਰਾਂਚਾਂ ਨੂੰ ਖ਼ਾਸ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਛੋਟੇ ਉਦਯੋਗਾਂ ਨੂੰ ਆਸਾਨ ਕਿਸ਼ਤਾਂ ਅਤੇ ਘੱਟ ਸੂਦ ਤੇ ਕਰਜ਼ੇ ਦੇਣ।

**2.4.9 ਛੋਟੇ ਪੈਮਾਨੇ ਦੇ ਉਦਯੋਗ ਅਤੇ ਉਦਯੋਗਿਕ ਨੀਤੀ ਵਿਚ ਤਤਕਾਲਨ ਤਬਦੀਲੀਆਂ (Small Scale Industries and Industrial Policy)** : ਭਾਵੇਂ 1948 ਦੀ ਉਦਯੋਗਿਕ ਨੀਤੀ ਤੋਂ ਲੈ ਕੇ ਹਰ ਉਦਯੋਗਿਕ ਨੀਤੀ ਵਿਚ ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਖਾਸ ਸਥਾਨ ਪ੍ਰਾਪਤ ਰਿਹਾ ਹੈ। ਫਿਰ ਵੀ 1991 ਦੀ ਉਦਯੋਗਿਕ ਨੀਤੀ ਵਿਚ ਵੱਡੇ ਪੈਮਾਨੇ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਵਾਸਤੇ ਵੱਖੋ ਵੱਖਰੇ ਪ੍ਰੋਗਰਾਮ ਉਲੀਕੇ ਗਏ। ਇਨ੍ਹਾਂ ਬਾਰੇ ਤੁਸੀ ਵਿਸਥਾਰ ਸਹਿਤ ਪਿਛਲੇ ਪਾਠਾਂ ਵਿਚ ਪੜ੍ਹ ਆਏ ਹੋ। ਪਰ ਸੰਖੇਪ ਵਿਚ ਹੇਠ ਕੁਝ ਸੰਕੇਤ ਦਿੱਤੇ ਗਏ ਹਨ।

- ਛੋਟੇ, ਸਹਾਇਕ ਅਤੇ ਬਹੁਤ ਛੋਟੇ ਉਦਯੋਗਾਂ ਦੀ ਨਿਵੇਸ਼ ਸੀਮਾਂ ਵਿਚ ਵਾਧਾ ਕੀਤਾ ਗਿਆ ਹੈ।
- ਵਿੱਤੀ ਸਹਾਇਤਾ ਲਈ ਚੁੱਕੇ ਗਏ ਠੋਸ ਕਦਮ।
- ਸੰਰਚਨਾਤਮਕ ਸਹੂਲਤਾਂ ਤਾਂ ਕਿ ਕੱਚੇ ਮਾਲ ਦੀ ਪ੍ਰਾਪਤੀ ਅਤੇ ਤਿਆਰ ਮਾਲ ਦੀ ਡਿਲੀਵਰੀ ਆਸਾਨੀ ਨਾਲ ਹੋ ਸਕੇ;
- ਮੰਡੀ ਸਹੂਲਤਾਂ ਅਤੇ ਮਾਲ ਨੂੰ ਅੰਤਰ-ਰਾਸ਼ਟਰੀ ਮੰਡੀ ਵਿਚ ਵੇਚਣ ਦੀਆਂ ਸਹੂਲਤਾਂ ਇਸ ਵਾਸਤੇ Price Preference Policy ਤਿਆਰ ਕੀਤੀ ਗਈ, ਜਿਸ ਨੂੰ ਬਾਅਦ ਵਿਚ ਵਾਪਸ ਲੈ ਲਿਆ ਗਿਆ ਹੈ।
- ਆਧੁਨੀਕੀਕਰਣ, ਤਕਨੀਕ ਅਤੇ ਕੁਆਲਟੀ ਦੇ ਪੱਧਰ ਨੂੰ ਉਚਾ ਚੁੱਕਣਾ ਤਾਂ ਕਿ ਮਾਲ ਘਰੇਲੂ ਮੰਡੀ ਦੇ ਨਾਲ ਨਾਲ ਅੰਤਰ-ਰਾਸ਼ਟਰੀ ਮੰਡੀ ਵਿਚ ਵੀ ਮੁਕਾਬਲਾ ਕਰ ਸਕੇ।
- ਉਦਮ (Entrepreneurship) ਨੂੰ ਉਤਸ਼ਾਹਿਤ ਕਰਨਾ।
- ਪਿੰਡਾਂ ਦੇ ਦਸਤਕਾਰੀ ਅਤੇ ਹੱਥਖਡੀ ਦੇ ਕਾਰਜਾ ਨੂੰ ਉਤਸ਼ਾਹਿਤ ਕਰਨਾ।
- ਛੋਟੇ ਉਦਯੋਗਾਂ ਦੁਆਰਾ ਉਤਪਾਦਿਤ ਵਸਤਾਂ ਦਾ ਰਾਖਵੀਕਰਣ।

ਛੋਟੇ ਉਦਯੋਗਾਂ ਦੁਆਰਾ ਉਤਪਾਦਿਤ ਵਸਤਾਂ ਨੂੰ ਰਿਜ਼ਰਵ ਕਰਨ ਦੀ ਨੀਤੀ 1967 ਵਿਚ ਲਾਗੂ ਕਰ ਦਿੱਤੀ ਗਈ ਸੀ ਜਿਸ ਨੂੰ ਠੀਕ ਅਤੇ ਸਹੀ ਢੰਗ ਨਾਲ 1984 ਵਿਚ ਹੀ ਲਾਗੂ ਕੀਤਾ ਜਾ ਸਕਿਆ। ਹੁਣ 47 ਆਈਟਮਾਂ ਦੀ ਥਾਂ ਤੇ ਇਨ੍ਹਾਂ ਦੀ ਗਿਣਤੀ 1984 ਵਿਚ 873 ਕਰ ਦਿੱਤੀ ਗਈ ਹੈ। ਪਰ ਹੁਣ ਦਿਨ-ਬ-ਦਿਨ ਇਹ ਰਿਜ਼ਰਵ ਕੀਤੇ ਆਈਟਮਾਂ ਦੀ ਗਿਣਤੀ ਲਗਾਤਾਰ ਘਟਾਈ ਜਾ ਰਹੀ ਹੈ। ਆਰਥਿਕ ਸਰਵੇਖਣ 2003-04 ਦੇ ਅਨੁਸਾਰ ਇਨ੍ਹਾਂ ਆਈਟਮਾਂ ਜਾਂ ਵਸਤਾਂ ਦੀ ਗਿਣਤੀ ਹੁਣ 675 ਰਹਿ ਗਈ ਹੈ।* 2003-04 ਵਿਚ ਛੋਟੇ ਪੈਮਾਨੇ ਦੇ ਉਦਯੋਗਿਕ ਖੇਤਰ ਵਾਸਤੇ ਹੇਠਾਂ ਲਿਖੇ ਮੁੱਖ ਨੁਕਤੇ ਰੱਖੇ ਗਏ :

- ਜੂਨ 2003 ਵਿਚ ਉਨ੍ਹਾਂ 75 ਆਈਟਮਾਂ ਨੂੰ ਰਿਜ਼ਰਵ ਆਈਟਮਾਂ ਦੀ ਸ਼੍ਰੇਣੀ ਵਿਚੋਂ ਕੱਢ ਦਿੱਤਾ ਗਿਆ ਜਿਨ੍ਹਾਂ ਦੇ ਸੰਬੰਧ ਕੈਮੀਕਲਜ਼ ਅਤੇ ਉਨ੍ਹਾਂ ਤੋਂ ਤਿਆਰ ਹੁੰਦੀਆਂ ਵਸਤਾਂ ਨਾਲ ਸੀ, ਜਿਵੇਂ ਚਮੜਾ ਅਤੇ ਚਮੜੇ ਦੀਆਂ ਵਸਤਾਂ ਲਬਾਟਰੀ ਦਾ ਕੁਝ ਸਮਾਨ ਆਦਿ।
- ਸਟੇਸ਼ਨਰੀ ਦੇ ਖੇਤਰ ਦੇ 13 ਅਤੇ ਦਵਾਈਆਂ ਦੇ ਫਾਰਮਾਸਿਊਟਿਕਲਜ਼ ਦੇ ਖੇਤਰ ਦੇ 10 ਆਈਟਮਾਂ ਦੇ ਸੰਬੰਧ ਵਿਚ ਇਨ੍ਹਾਂ ਦੇ ਪਲਾਂਟ ਦੇ ਮਸ਼ੀਨਰੀ ਦੇ ਨਿਵੇਸ਼ ਸੀਮਾਂ ਵਿਚ 1 ਕਰੋੜ ਰੁਪਏ ਤੋਂ 5 ਕਰੋੜ ਰੁਪਏ ਤੱਕ ਦਾ ਚੋਣਵਾਂ ਵਾਧਾ ਕੀਤਾ ਗਿਆ।

---

* ਜਨਵਰੀ 22, 2007 ਨੂੰ ਰਿਜ਼ਰਵ ਆਈਟਮਾਂ ਦੀ ਗਿਣਤੀ 239 ਰਹਿ ਗਈ ਸੀ।

- ਸੰਨ 2003-04 ਦੇ ਯੂਨੀਅਨ ਬੱਜਟ ਵਿਚ ਬੈਂਕਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਇਸ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਖੇਤਰ ਨੂੰ ਕਰਜਾ ਦੇਣ ਵਾਲੇ ਇਸ ਗੱਲ ਦਾ ਧਿਆਨ ਰੱਖਣਗੇ ਕਿ ਇਹ ਉਨ੍ਹਾਂ ਦੀ ਪਰਾਇਮ ਲੈਂਡਿੰਗ ਰੇਟ (Prime Lending Rate) ਤੋਂ ਘੱਟ ਅਤੇ 2 ਪ੍ਰਤੀਸ਼ਤ ਵਿਆਜ਼ ਦਰ ਤੋਂ ਵੱਧ ਦੀ ਸੀਮਾਂ ਦੇ ਅੰਦਰ ਅੰਦਰ ਹੋਵੇ। ਸਰਵਜਨਕ ਖੇਤਰ ਦੇ ਸਾਰੇ ਬੈਂਕਾਂ ਨੇ ਇਸ ਸਿਧਾਂਤ ਨੂੰ ਅਪਣਾ ਲਿਆ ਹੈ।
- ਕੰਪੋਜ਼ਿਟ ਲੋਨ ਲਿਮਿਟ (Composite Loan Limit) ਨੂੰ ਵਧਾ ਕੇ 25 ਲੱਖ ਰੁਪਏ ਤੋਂ 50 ਲੱਖ ਰੁਪਏ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਛੋਟੇ ਯੂਨਿਟਾਂ ਦੀ ਕਾਰਗੁਜ਼ਾਰੀ ਦੇਖਦੇ ਹੋਏ ਵੀ ਕਰਜੇ ਨੂੰ ਸੋਖਿਆ ਕਰਨ ਦਾ ਸੁਝਾਓ ਹੈ।
- ਕਰੈਡਿਟ ਗਰੰਟੀ ਸਕੀਮ ਦੇ ਤਹਿਤ 5 ਲੱਖ ਰੁਪਏ ਦੀ ਕਰਜੇ ਦੀ ਨਿਊਨਤਮ ਸੀਮਾਂ ਨੂੰ ਹਟਾ ਦਿੱਤਾ ਗਿਆ ਹੈ। ਇਸ ਸਕੀਮ ਤਹਿਤ ਹੁਣ 25 ਲੱਖ ਰੁਪਏ ਤਕ ਦਾ ਕਰਜਾ ਲਿਆ ਜਾ ਸਕਦਾ ਹੈ। ਸਾਰੇ ਦੇਸ਼ ਵਿਚ ਇਨ੍ਹਾਂ ਦੀ ਸਹੂਲਤਾਂ ਵਾਸਤੇ 417 ਸਪੈਸ਼ਲ ਬੈਂਕਾਂ ਦੀਆਂ ਬ੍ਰਾਂਚਾਂ ਖੋਲ੍ਹ ਦਿੱਤੀਆਂ ਗਈਆਂ ਹਨ।
- ਜੁਲਾਈ 2003 ਵਿਚ 60 ਇਹੋ ਜਿਹੇ ਸਥਾਨਾਂ ਦੀ ਸ਼ਨਾਖਤ ਕੀਤੀ ਗਈ ਜਿੱਥੇ ਵੱਧ ਤੋਂ ਵੱਧ ਵਿਕਾਸ ਕੀਤਾ ਜਾਵੇਗਾ।
- ਛੋਟੇ ਉਦਯੋਗਾਂ ਦੀਆਂ ਵਿਤ ਸੰਬੰਧੀ ਮੁਸ਼ਕਲਾਂ ਨੂੰ ਹੱਲ ਕਰਨ ਵਾਸਤੇ Small and Medium Enterprise (SME) ਫੰਡ ਦੀ ਸਥਾਪਨਾ ਕੀਤੀ ਗਈ ਜਿਹੜਾ 10,000 ਕਰੋੜ ਰੁਪਏ ਤਕ ਦਾ ਹੋਵੇਗਾ। SIDBI ਦੇ ਤਹਿਤ ਕਰਜਾ ਮੁਕਾਬਲਤਨ ਦਰਾਂ ਤੇ ਛੋਟ ਪੈਮਾਨੇ ਦੇ ਖੇਤਰ ਨੂੰ ਮੁਹੱਈਆਂ ਕੀਤਾ ਜਾਵੇਗਾ।
- ਲਘੂ ਉਦਮੀ ਕਰੈਡਿਟ ਕਾਰਡ ਸਕੀਮ (Udyog Credit Card Scheme) ਤਹਿਤ ਕਰਜੇ ਦੀ ਸੀਮਾ ਨੂੰ 2 ਲੱਖ ਰੁਪਏ ਤੋਂ ਵੱਧਾ ਕੇ 10 ਲੱਖ ਰੁਪਏ ਤੱਕ ਕਰ ਦਿੱਤਾ ਗਿਆ ਹੈ। ਇਹ ਵਿਵਸਥਾ ਖਾਸ ਕਰਕੇ ਉਨ੍ਹਾਂ ਵਾਸਤੇ ਹੋਵੇਗੀ ਜਿਨ੍ਹਾਂ ਦੀ ਕਾਰਗੁਜ਼ਾਰੀ ਸੰਤੋਸ਼ਜਨਕ ਹੋਵੇਗੀ।

**ਨੋਟ :** ਇਹ ਸਾਰੇ ਸੰਕੇਤ Economic Survey 2003-04 ਵਿਚੋਂ Box 7.3 Policy Initiative on SSI Sector in 2003-04 page 151 ਤੋਂ ਧੰਨਵਾਦ ਸਹਿਤ ਲਏ ਗਏ ਹਨ।

**II**

## ਵੱਡੇ ਪੈਮਾਨੇ ਦੇ ਉਦਯੋਗਾਂ ਦੀ ਮਹੱਤਤਾ ਅਤੇ ਯੋਗਦਾਨ

ਪਾਠ ਦੇ ਪਹਿਲੇ ਭਾਗ ਵਿਚ ਅਸੀਂ ਪੜ੍ਹ ਆਏ ਹਾਂ ਕਿ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਛੋਟੇ ਉਦਯੋਗਾਂ ਦੀ ਬਹੁਤ ਮਹੱਤਤਾ ਹੈ ਕਿਉਂਕ ਛੋਟੇ ਉਦਯੋਗਾਂ ਵਿਚ ਕਿਰਮ-ਸ਼ਕਤੀ ਦਾ ਪ੍ਰਯੋਗ ਵੱਧ ਹੁੰਦਾ ਹੈ ਅਤੇ ਭਾਰਤ ਵਿਚ ਪੂੰਜੀ ਦੇ ਮੁਕਾਬਲੇ ਤੇ ਕਿਰਤ ਸ਼ਕਤੀ ਵਧੇਰੇ ਹੈ।

ਦੂਜੇ ਪਾਸੇ ਵੱਡੇ ਉਦਯੋਗਾਂ ਦੀ ਵੀ ਉਤਨੀ ਹੀ ਮਹੱਤਤਾ ਹੈ ਜਿਤਨੀ ਕਿ ਛੋਟੇ ਉਦਯੋਗਾਂ ਦੀ। ਵੱਡੇ ਉਦਯੋਗਾਂ ਵਿਚ ਮੁਢਲੇ ਉਦਯੋਗ ਸੀਮਿੰਟ, ਲੋਹਾਂ ਆਦਿ ਤੋਂ ਲੈ ਕੇ ਜ਼ਰੂਰਤ ਦੀਆਂ ਉਪਭੋਗੀ ਵਸਤਾਂ ਚੀਨੀ, ਕਪੜਾ ਆਦਿ ਦਾ ਉਤਪਾਦਨ ਕੀਤਾ ਜਾਂਦਾ ਹੈ।

**2.4.10 ਵੱਡੇ ਉਦਯੋਗਾਂ ਦੀ ਪਰਿਭਾਸ਼ਾ :** ਵੱਡੇ ਉਦਯੋਗਾਂ ਦੀ ਪਰਿਭਾਸ਼ਾ ਪੂੰਜੀ ਨਿਵੇਸ਼ ਦੇ ਲਿਹਾਜ ਨਾਲ ਕੀਤੀ ਜਾ ਸਕਦੀ ਹੈ। ਛੋਟੇ ਉਦਯੋਗਾਂ ਲਈ ਨਿਸ਼ਚਿਤ ਕੀਤੀ ਪੂੰਜੀ ਨਿਵੇਸ਼ ਸੀਮਾਂ ਤੋਂ ਵੱਧ ਨਿਵੇਸ਼ ਵਾਲੇ ਉਦਯੋਗਾਂ ਨੂੰ ਵੱਡੇ ਉਦਯੋਗ ਦੀ ਸ੍ਰੇਣੀ ਵਿਚ ਰੱਖਿਆ ਜਾਂਦਾ ਹੈ। ਇਨ੍ਹਾਂ ਉਦਯੋਗਾਂ ਵਿਚ ਆਧੁਨਿਕ ਤਕਨੀਕ ਦੀ ਵਰਤੋਂ ਹੋਣ ਕਾਰਨ ਉਤਪਾਦਨ ਦਾ ਪੈਮਾਨਾ ਵੱਡਾ ਹੁੰਦਾ ਹੈ।

ਇਸ ਪਰਿਭਾਸ਼ਾ ਦੇ ਲਿਹਾਜ਼ ਨਾਲ ਅਸੀਂ ਵੱਡੇ ਪੈਮਾਨੇ ਦੇ ਉਦਯੋਗਾਂ ਦੀਆਂ ਹੇਠਾਂ ਲਿਖੀਆਂ ਵਿਸ਼ੇਸ਼ਤਾਈਆਂ ਦੇ ਸਕਦੇ ਹਾਂ :

### 2.4.10.1 ਵਿਸ਼ੇਸ਼ਤਾਈਆਂ :

- ਛੋਟੇ ਉਦਯੋਗਾਂ ਦੇ ਮੁਕਾਬਲੇ ਤੇ ਵੱਧ ਪੂੰਜੀ ਨਿਵੇਸ਼ :
- ਅਤਿ ਆਧੁਨਿਕ ਤਕਨੀਕ ਦੀ ਵਰਤੋਂ;
- ਕਿਰਤ ਦੀ ਵੰਡ ਅਤੇ ਸਮਰਥਾ ਵੱਧ ਤੋਂ ਵੱਧ ਵਰਤੋਂ;
- ਅਧਿਕ ਵਿੱਤੀ ਸਾਧਨਾਂ ਦੀ ਪ੍ਰਾਪਤੀ ਵਾਸਤੇ ਮੰਡੀ ਵਿਚ ਸ਼ੇਅਰਾਂ, ਡਿਬੈਂਚਰਾਂ ਆਦਿ ਦੀ ਖਰੀਦ-ਵੇਚ।
- ਕੁਸ਼ਲ ਅਤੇ ਸੁਯੋਗ ਮੈਨੇਜਮੈਂਟ ਦੀ ਸਹੂਲੀਅਤ;
- ਟਰੇਡ ਯੂਨੀਅਨ ਦੀ ਹੋਂਦ ਕਾਰਨ ਕਿਰਤ ਕਾਨੂੰਨਾਂ ਦੀ (Labour Laws) ਵਿਵਸਥਾ।

ਵੱਡੇ ਪੈਮਾਨੇ ਦੇ ਉਦਯੋਗਾਂ ਦੀਆਂ ਉਪਰ ਦਿੱਤੀਆਂ ਵਿਸ਼ੇਸ਼ਤਾਈਆਂ ਕਾਰਨ ਹੀ ਇਨ੍ਹਾਂ ਨੂੰ ਛੋਟੇ ਪੈਮਾਨੇ ਦੇ ਉਦਯੋਗਾਂ ਤੋਂ ਵੱਖਰੇ ਕਰਕੇ ਦੇਖਿਆ ਜਾਂਦਾ ਹੈ। ਇਨ੍ਹਾਂ ਵਿਚਾਲੇ ਅੰਤਰ ਹੇਠਾਂ ਲਿਖੇ ਮਾਪ ਦੰਡਾਂ ਦੀ ਸਹਾਇਤਾ ਨਾਲ ਕੀਤਾ ਜਾ ਸਕਦਾ ਹੈ।

- ਨਿਵੇਸ਼ ਦੀ ਮਾਤਰਾ
- ਕਿਰਤੀਆਂ ਦੀ ਸੰਖਿਆ
- ਉਤਪਾਦਨ ਦੀ ਤਕਨੀਕ
- ਪੂੰਜੀ ਸਾਧਨਾਂ ਦੀ ਇਕਤ੍ਰੀਕਰਨ ਦੇ ਵਸੀਲੇ
- ਉਤਪਾਦਨ ਦਾ ਪੱਧਰ
- ਖੋਜ ਅਤੇ ਵਿਕਾਸ ਦੀ ਸੁਵਿਧਾ
- ਅੰਦਰਲੀਆਂ ਅਤੇ ਬਾਹਰਲੀਆਂ ਬੱਚਤਾ
- ਮੈਨੇਜਮੈਂਟ ਦਾ ਜ਼ਿਆਦਾ ਕੁਸ਼ਲ ਅਤੇ ਪ੍ਰੋਫੈਸ਼ਨਲ ਵਿਅਕਤੀਆਂ ਦੇ ਹੱਥਾਂ ਵਿਚ ਹੋਣਾ।

### 2.4.11 ਵੱਡੇ ਪੈਮਾਨੇ ਦੇ ਉਦਯੋਗਾਂ ਦਾ ਮਹੱਤਵ (Importance of Large Scale Industries)

: ਵੱਡੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਕਾਰਨ ਹੀ ਉਦਯੋਗੀਕਰਣ ਸੰਭਵ ਹੋਇਆ ਹੈ। ਅਸੀਂ ਜਾਣਦੇ ਹਾਂ ਕਿ ਉਦਯੋਗੀਕਰਣ ਦੀ ਇਕ ਵਿਕਾਸਸ਼ੀਲ ਅਰਥ ਵਿਵਸਥਾ ਵਿਚ ਕਿਤਨੀ ਮਹੱਤਤਾ ਹੈ। ਅਸਲ ਵਿਚ ਆਰਥਿਕ ਵਿਕਾਸ ਅਤੇ ਉਦਯੋਗੀਕਰਣ ਦਾ ਸਿੱਧਾ ਸੰਬੰਧ ਹੈ ਅਤੇ ਇਹ ਕੇਵਲ ਵੱਡੇ ਪੈਮਾਨੇ ਦੇ ਉਦਯੋਗਾਂ ਦੇ ਕਾਰਨ ਹੀ ਸੰਭਵ ਹੈ। ਕਿਉਂਕਿ ਵੱਡੇ ਪੈਮਾਨੇ ਦੇ ਉਦਯੋਗਾਂ ਦੁਆਰਾ ਹਰ ਪ੍ਰਕਾਰ ਦੀਆਂ ਉਪਭੋਗੀ ਵਸਤੂਆਂ (consumer goods) ਅਤੇ ਪੂੰਜੀਗਤ ਵਸਤੂਆਂ (capital goods) ਅਤੇ ਮੁੱਢਲੇ ਅਤੇ ਭਾਰੀ ਉਦਯੋਗਾਂ ਦੀਆਂ ਵਸਤੂਆਂ (Basic and Heavy Industries) ਪੈਦਾ ਕੀਤੀਆਂ ਜਾਂਦੀਆਂ ਹਨ। ਵੱਡੇ ਉਦਯੋਗਾਂ ਦੀ ਹੇਠਾਂ ਲਿਖੇ ਕਾਰਨਾ ਕਾਰਨ ਮਹੱਤਤਾ ਹੈ ;

**(i) ਖੇਤੀ ਵਿਕਾਸ ਵਿਚ ਸਹੂਲੀਅਤ :** ਵੱਡੇ ਪੈਮਾਨੇ ਦੇ ਉਦਯੋਗਾਂ ਦਾ ਵਿਕਾਸ ਖੇਤੀਬਾੜੀ ਵਿਕਾਸ ਵਿਚ ਸਹਾਇਤਾ ਕਰਦਾ ਹੈ। ਅਸਲ ਵਿਚ ਉਦਯੋਗਿਕ ਖੇਤਰ ਅਤੇ ਖੇਤੀਬਾੜੀ ਖੇਤਰ ਕਈ ਪੱਖਾਂ ਤੋਂ ਇਕ ਦੂਜੇ ਤੇ ਨਿਰਭਰ ਕਰਦੇ ਹਨ। ਜਿਵੇਂ ਕੱਚਾ ਮਾਲ, ਮੰਡੀ, ਉਤਪਾਦਨ ਦੇ ਸਾਧਨ (Agriculture and Industries are dependent on each other for raw material, factors of production and market) ਚੀਨੀ ਉਦਯੋਗ, ਕਪੜਾ ਉਦਯੋਗ, ਪਟਸਨ ਉਦਯੋਗ ਆਦਿ ਖੇਤੀਬਾੜੀ ਤੋਂ ਆਪਣਾ ਕੱਚਾ ਮਾਲ ਪ੍ਰਾਪਤ ਕਰਦੇ ਹਨ ਅਤੇ ਮਸ਼ੀਨ ਟੂਲਜ਼, ਟਰੈਕਟਰ, ਰਸਾਇਣਿਕ ਖਾਦਾਂ, ਕੀਟ ਨਾਸ਼ਕ ਦਵਾਈਆਂ ਪੈਟਰੋਲ/ਡੀਜ਼ਲ ਆਦਿ ਦੇ ਉਦਯੋਗ ਆਪਣਾ ਤਿਆਰ ਮਾਲ ਖੇਤੀਬਾੜੀ ਖੇਤਰ ਨੂੰ ਕੱਚੇ ਮਾਲ ਦੇ ਰੂਪ ਵਿਚ ਮੁਹੱਈਆ ਕਰਵਾਉਂਦੇ ਹਨ। ਇਸੇ ਤਰ੍ਹਾਂ ਇਕ ਦੂਜੇ ਖੇਤਰ ਦੁਆਰਾ ਉਤਪਾਦਨ ਲਈ ਲੋੜੀਂਦੇ ਸਾਧਨ ਕਿਰਤ ਸ਼ਕਤੀ ਪੂੰਜੀ ਆਦਿ ਲਈ ਆਪਸ ਵਿਚ ਨਿਰਭਰਤਾ ਹੈ

ਅਤੇ ਅੰਤ ਵਿਚ ਤਿਆਰ ਮਾਲ ਦੀ ਮੰਡੀ ਹੋਣਾ ਹਰ ਵਾਸਤੇ ਲਾਜ਼ਮੀ ਹੈ। ਉਹ ਵੀ ਇਸ ਆਪਸ ਵਿਚ ਦੀ ਨਿਰਭਰਤਾ ਤੋਂ ਭਲੀ ਭਾਂਤੀ ਜ਼ਾਹਿਰ ਹੁੰਦੀ ਹੈ। ਇਨ੍ਹਾਂ ਸਾਰੇ ਤੱਥਾਂ ਕਾਰਨ ਹੀ ਕਿਹਾ ਜਾਂਦਾ ਹੈ ਕਿ ਜਿੰਨੇ ਜ਼ਿਆਦਾ ਉਦਯੋਗ ਵਿਕਸਿਤ ਹੋਣਗੇ ਉਨ੍ਹਾਂ ਹੀ ਖੇਤੀਬਾੜੀ ਦੇ ਖੇਤਰ ਵਿਚ ਵੀ ਵਿਕਾਸ ਹੋਵੇਗਾ।

**(ii)** **ਢਾਂਚਾਗਤ ਸਹੂਲਤਾਂ ਵਿਚ ਵਾਧਾ :** ਢਾਂਚਾਗਤ ਸਹੂਲਤਾਂ ਜਿਵੇਂ ਆਵਾਜਾਈ ਅਤੇ ਸੰਚਾਰ, ਬਿਜਲੀ ਦੀ ਪੂਰਤੀ, ਜਲ-ਸੇਵਾਵਾਂ ਆਦਿ ਦੇ ਨਾਲ ਨਾਲ ਹੋਰ ਸੰਸਥਾਗਤ ਸੇਵਾਵਾਂ ਦਾ ਵਿਕਾਸ ਵੱਡੇ ਪੈਮਾਨੇ ਦੇ ਉਦਯੋਗਾਂ ਦੁਆਰਾ ਸੰਭਵ ਹੋ ਜਾਂਦਾ ਹੈ। ਕਿਉਂਕਿ ਜੇਕਰ ਇਹ ਸਹੂਲਤਾਂ ਉਪਲਬਧ ਹੋਣਗੀਆਂ ਤਾਂ ਹੀ ਵੱਡੇ ਉਦਯੋਗਾਂ ਦੀ ਸਥਾਪਨਾਂ ਅਤੇ ਵਿਕਾਸ ਹੁੰਦਾ ਹੈ। ਢਾਂਚਾਗਤ ਸਹੂਲਤਾਂ ਵਿਚ ਵਾਧਾ ਅਤੇ ਵੱਡੇ ਉਦਯੋਗਾਂ ਦੇ ਵਿਕਾਸ ਦਾ ਵੀ ਪਰਸਪਰ ਸੰਬੰਧ ਹੀ ਹੈ।

**(iii)** **ਰਾਸ਼ਟਰੀ ਆਮਦਨ ਵਿਚ ਵਾਧਾ :** ਇਹ ਆਮ ਧਾਰਨਾ ਹੈ ਕਿ ਕੋਈ ਦੇਸ਼ ਜਿੰਨ੍ਹਾਂ ਉਦਯੋਗਿਕ ਵਿਕਾਸ ਵਿਚ ਵਿਕਸਿਤ ਹੋਵੇਗਾ, ਉਸਦੀ ਰਾਸ਼ਟਰੀ ਆਮਦਨ ਉਤਨੀ ਹੀ ਜ਼ਿਆਦਾ ਹੋਵੇਗੀ। ਇਸ ਤੱਥ ਨੂੰ ਕਈ ਪੱਖਾਂ ਤੋਂ ਸਚ ਮੰਨਿਆ ਜਾਂਦਾ ਹੈ ਜਿਵੇਂ ਉਦਯੋਗਿਕ ਵਿਕਾਸ ਨਾਲ ਰੁਜ਼ਗਾਰ ਵਿਚ ਵਾਧਾ ਹੁੰਦਾ ਹੈ, ਉਤਪਾਦਨ ਵਿਚ ਵਾਧਾ ਹੁੰਦਾ, ਲੋਕਾਂ ਦੀ ਖਰੀਦ ਸ਼ਕਤੀ ਦਾ ਵਾਧਾ ਹੁੰਦਾ ਹੈ, ਜਿਸ ਕਾਰਨ ਮੰਗ ਵਿਚ ਵਾਧਾ ਹੁੰਦਾ ਹੈ। ਇਸ ਵਧੀ ਹੋਈ ਮੰਗ ਨੂੰ ਪੂਰਾ ਕਰਨ ਵਾਸਤੇ ਹੋਰ ਉਤਪਾਦਨ ਕੀਤਾ ਜਾਂਦਾ ਹੈ। ਇਸ ਪ੍ਰਕਾਰ ਮੰਗ ਅਤੇ ਪੂਰਤੀ ਦਾ ਇਹ ਚੱਕਰ ਉਦਯੋਗੀਕਰਨ ਦੇ ਵਿਕਾਸ ਦੁਆਰਾ ਰਾਸ਼ਟਰੀ ਆਮਦਨ ਵਿਚ ਵਾਧਾ ਕਰਦਾ ਹੈ।

**(iv)** **ਸਾਧਨਾਂ ਦਾ ਸਦਉਪਯੋਗ :** ਜਿਸ ਪ੍ਰਕਾਰ ਛੋਟੇ ਪੈਮਾਨੇ ਦੇ ਉਦਯੋਗਾਂ ਦੁਆਰਾ ਕੁਦਰਤੀ, ਮਨੁੱਖੀ ਅਤੇ ਹੋਰ ਸਾਧਨਾਂ ਦੇ ਪ੍ਰਯੋਗ ਵਿਚ ਵਾਧਾ ਹੁੰਦਾ ਹੈ ਉਸੇ ਤਰ੍ਹਾਂ ਵੱਡੇ ਪੈਮਾਨੇ ਦੇ ਉਦਯੋਗਾਂ ਵਿਚ ਵੀ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਵਧੇਰੇ ਵਰਤੋਂ ਹੋਣ ਲਗਦੀ ਹੈ। ਭਾਰਤ ਵਿਚ ਅਜੇ ਵੀ ਕੁਦਰਤੀ ਸਾਧਨਾਂ ਦੇ ਅਜਿਹੇ ਭੰਡਾਰ ਹਨ ਜਿਹੜੇ ਅਣਵਰਤੇ ਪਏ ਹਨ। ਇਨ੍ਹਾਂ ਸਾਧਨਾਂ ਦੀ ਸੁਚੱਜੇ ਢੰਗ ਨਾਲ ਵਰਤੋਂ ਹੋਣ ਕਾਰਨ ਆਰਥਿਕ ਵਿਕਾਸ ਵੀ ਗਤੀਸ਼ੀਲ ਹੁੰਦਾ ਹੈ।

**(v)** **ਨਿਰਯਾਤ ਪ੍ਰੋਤਸਾਹਨ ਤੇ ਆਯਾਤ ਪ੍ਰਤਿਸਥਾਪਨ :** ਵੱਡੇ ਪੈਮਾਨੇ ਦੇ ਉਦਯੋਗਾਂ ਦੁਆਰਾ ਭਾਰਤ ਹੁਣ ਅਜਿਹੀ ਸਥਿਤੀ ਵਿਚ ਪਹੁੰਚਣ ਦੇ ਯੋਗ ਹੋ ਗਿਆ ਹੈ ਕਿ ਜਿਹੜੀਆਂ ਵਸਤਾਂ ਤਾਂ ਉਤਪਾਦਨ ਘਰੇਲੂ ਤੌਰ ਤੇ ਹੋ ਸਕਦਾ ਹੈ ਉਨ੍ਹਾਂ ਦਾ ਆਯਾਤ ਨਾ ਕੀਤਾ ਜਾਵੇ। ਇਸ ਪ੍ਰਕ੍ਰਿਆ ਨੂੰ ਆਯਾਤ ਪ੍ਰਤਿਸਥਾਪਨ ਕਿਹਾ ਜਾਂਦਾ ਹੈ। ਦੂਜੇ ਪਾਸੇ ਘਰੇਲੂ ਮੰਡੀ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋਏ ਜਦੋਂ ਵਾਧੂ ਉਤਪਾਦਨ ਨੂੰ ਬਾਹਰ ਭੇਜਿਆ ਜਾਂਦਾ ਹੈ ਤਾਂ ਇਸ ਨੂੰ ਨਿਰਯਾਤ ਪ੍ਰੋਤਸਾਹਨ ਕਿਹਾ ਜਾਂਦਾ ਹੈ। ਇਹ ਵੱਡੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਦਾ ਹੀ ਨਤੀਜਾ ਹੈ ਕਿ ਭਾਰਤ ਦਾ ਨਿਰਯਾਤ ਪਹਿਲਾਂ ਦੇ ਮੁਕਾਬਲੇ ਦੇ ਕਾਫੀ ਮਿਕਦਾਰ ਵਿਚ ਵਧਿਆ ਹੈ ਅਤੇ ਭਾਰੀ ਮਸ਼ੀਨਰੀ ਆਦਿ ਲਈ ਜਿਥੇ ਸਾਨੂੰ ਵਿਦੇਸ਼ਾਂ ਉਪਰ ਨਿਰਭਰ ਕਰਨਾ ਪੈਂਦਾ ਸੀ ਉਸ ਦਾ ਉਤਪਾਦਨ ਭਾਰਤ ਵਿਚ ਹੀ ਹੋਣ ਲੱਗਿਆ ਹੈ। ਇਸ ਦਾ ਅਸਰ ਸਿੱਧੇ ਰੂਪ ਵਿਚ ਭੁਗਤਾਨ ਦੀ ਬਾਕੀ (Balance of Payment) ਅਤੇ ਵਪਾਰ ਦੀ ਬਾਕੀ (Balance of Trade) ਉਪਰ ਪੈਂਦਾ ਹੈ।

**(vi)** **ਪੂੰਜੀ ਨਿਰਮਾਣ ਵਿਚ ਵਾਧਾ :** ਪੂੰਜੀ ਨਿਰਮਾਣ ਦੀ ਪ੍ਰਕ੍ਰਿਆ ਦਾ ਸੰਬੰਧ ਬੱਚਤਾਂ ਅਤੇ ਨਿਵੇਸ਼ ਨਾਲ ਹੈ।ਬੱਚਤਾਂ ਨਿਵੇਸ਼ ਦਾ ਰੂਪ ਉਸ ਵਕਤ ਧਾਰਦੀਆਂ ਹਨ ਜਦੋਂ ਇਕ ਦੇਸ਼ ਵਿਚ ਬੱਚਤਾਂ ਕਾਫੀ ਮਿਕਦਾਰ ਵਿਚ ਹੋਣ ਦੂਜਾ ਇਨ੍ਹਾਂ ਬੱਚਤਾਂ ਨੂੰ ਇਕੱਠਿਆਂਤ ਕਰਨ ਦੇ ਸ੍ਰੋਤ ਹੋਣ ਅਤੇ ਤੀਜਾ ਇਨ੍ਹਾਂ ਸ੍ਰੋਤਾਂ ਦੁਆਰਾ ਇਕਤ੍ਰਿਤ ਕੀਤੀਆਂ ਬੱਚਤਾਂ ਨਿਵੇਸ਼ ਕਰਨ ਵਾਸਤੇ ਆਸਾਨ ਕਿਸ਼ਤਾਂ ਉਪਰ ਉਪਲਬਧ ਹੋਣ। ਵੱਡੇ ਉਦਯੋਗ ਇਹ ਸਾਰਾ ਕੁਝ ਸੰਭਵ ਕਰਦੇ ਹਨ। ਲੋਕਾਂ ਨੂੰ ਉਦਯੋਗਾਂ ਵਿਚ ਰੁਜ਼ਗਾਰ ਮੁਹੱਈਆਂ ਕਰਵਾ

ਕੇ ਆਮਦਨੀ ਵਿਚ ਵਾਧਾ ਹੁੰਦਾ ਹੈ, ਲੋਕਾਂ ਦੀ ਬੱਚਤ ਪ੍ਰਵਿਰਤੀ ਤਬਦੀਲ ਹੁੰਦੀ ਹੈ। ਦੂਜੇ ਪਾਸੇ ਹੋਰ ਸ੍ਰੋਤ ਪਾਸੋਂ ਵਿੱਤੀ ਪ੍ਰਬੰਧ ਕਰਨ ਵਾਸਤੇ ਵਿੱਤੀ ਸੰਸਥਾਵਾਂ ਦੀ ਸਥਾਪਨਾ ਹੁੰਦੀ ਹੈ ਜਿਹੜੀ ਲੋਕਾਂ ਦੀਆਂ ਬੱਚਤਾਂ ਇਕੱਠੀਆਂ ਕਰਕੇ ਇਨ੍ਹਾਂ ਵਿੱਤੀ ਸੰਸਥਾਵਾਂ ਦੁਆਰਾ ਉੱਦਮੀਆਂ ਨੂੰ ਨਿਵੇਸ਼ ਕਰਨ ਵਾਸਤੇ ਮੁਹੱਈਆਂ ਕਰਵਾਉਂਦੀਆਂ ਹਨ। ਇਹ ਨਿਵੇਸ਼ ਪੂੰਜੀ ਨਿਰਮਾਣ ਵਿਚ ਸਹਾਈ ਹੁੰਦਾ ਹੈ।

**(viii) ਖੋਜ ਅਤੇ ਵਿਕਾਸ :** ਵੱਡੇ ਉਦਯੋਗਾਂ ਵਿਚ ਆਧੁਨਿਕ ਤਕਨੀਕ ਦਾ ਪ੍ਰਯੋਗ ਹੁੰਦਾ ਹੈ। ਇਸ ਤਕਨੀਕ ਵਿਚ ਹੋਰ ਸੁਧਾਰ ਲਿਆਉਣ ਵਾਸਤੇ ਇਹ ਉਦਯੋਗ ਆਪਣਾ ਹੀ ਖੋਜ ਅਤੇ ਵਿਕਾਸ (Research and Development) ਦਾ ਵਿਭਾਗ ਸਥਾਪਤ ਕਰਦੇ ਹਨ। ਜਿੱਥੇ ਵੱਡੇ-ਵੱਡੇ ਸਿਖਿੱਅਤ ਅਤੇ ਯੋਗ ਵਿਗਿਆਨੀਆਂ, ਇੰਜੀਨੀਅਰਾਂ ਆਦਿ ਦੀਆਂ ਸੇਵਾਵਾਂ ਦੁਆਰਾ ਹੋਰ ਵਿਕਾਸ ਦੀਆਂ ਸੰਭਾਵਨਾਵਾਂ ਉੱਨਤ ਕੀਤੀਆਂ ਜਾਂਦੀਆਂ ਹਨ। ਇਹ ਸਾਰਾ ਕੁਝ ਇਕ ਛੋਟਾ ਉਤਪਾਦਕ ਨਹੀਂ ਕਰ ਸਕਦਾ। ਕਿਉਂਕਿ ਉਸ ਪਾਸ ਵਿੱਤੀ ਅਤੇ ਹੋਰ ਸਾਧਨ ਉਚਿਤ ਮਾਤਰਾ ਵਿਚ ਉਪਲਬਧ ਨਹੀਂ ਹੁੰਦੇ।

ਇਨ੍ਹਾਂ ਉਪਰ ਦਿੱਤੇ ਸਾਰੇ ਨੁਕਤਿਆਂ ਤੋਂ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਸਮੁੱਚੇ ਉਦਯੋਗਿਕ ਵਿਕਾਸ ਅਤੇ ਆਰਥਿਕ ਵਿਕਾਸ ਵਾਸਤੇ ਵੱਡੇ ਉਦਯੋਗਾਂ ਦਾ ਕਾਫੀ ਮਹੱਤਵ ਅਤੇ ਯੋਗਦਾਨ ਹੈ। ਇਨ੍ਹਾਂ ਦੀ ਸਹਾਇਤਾ ਨਾਲ ਹੀ ਮੁੱਢਲੇ ਅਤੇ ਭਾਰੀ ਉਦਯੋਗਾਂ ਦੀ ਸਥਾਪਨਾ ਕੀਤੀ ਜਾ ਸਕਦੀ ਹੈ ਜੋ ਉਦਯੋਗਿਕ ਵਿਕਾਸ ਦਾ ਆਧਾਰ ਹਨ। ਇਹੀ ਕਾਰਨ ਹੈ ਕਿ ਦੂਜੀ ਪੰਜ ਸਾਲਾ ਯੋਜਨਾ ਵਿਚ ਮੁੱਢਲੇ ਅਤੇ ਭਾਰੀ ਉਦਯੋਗਾਂ ਨੂੰ ਵਿਕਸਿਤ ਕਰਨ ਦੀ ਜੁਗਤ ਨੂੰ Heavy Industry Strategy ਨੂੰ ਅਪਣਾਇਆ ਗਿਆ ਸੀ। ਇਸ ਨਾਲ ਉਦਯੋਗਿਕ ਵਿਕਾਸ ਦੀ ਨੀਂਹ ਰੱਖੀ ਗਈ ਸੀ।

ਭਾਵੇਂ ਛੋਟੇ ਪੈਮਾਨੇ ਦੇ ਉਦਯੋਗਾਂ ਵਾਂਗ ਹੀ ਵੱਡੇ ਪੈਮਾਨੇ ਦੇ ਉਦਯੋਗਾਂ ਨੂੰ ਵੀ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਫਿਰ ਵੀ ਕਈ ਪਖਾਂ ਤੋਂ ਇਨ੍ਹਾਂ ਦੀ ਸਥਿਤੀ ਛੋਟੇ ਉਦਯੋਗਾਂ ਦੇ ਮੁਕਾਬਲੇ ਤੇ ਸੰਤੋਸ਼ਜਨਕ ਹੈ।

**2.4.12 ਸਰਕਾਰ ਦੁਆਰਾ ਵੱਡੇ ਪੈਮਾਨੇ ਦੇ ਉਦਯੋਗਾਂ ਪ੍ਰਤੀ ਚੁੱਕੇ ਗਏ ਕਦਮ** : ਹਰ ਇਕ ਉਦਯੋਗਿਕ ਨੀਤੀ ਵਿਚ ਵੱਡੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਵਾਸਤੇ ਉਚੇਚਾ ਯਤਨ ਕੀਤੇ ਗਏ ਹਨ। ਪਰੰਤੂ 1991 ਦੀ ਉਦਯੋਗਿਕ ਨੀਤੀ ਵਿਚ ਵੱਡੇ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਵਾਸਤੇ ਵੱਖਰੇ ਤੌਰ ਤੇ ਪ੍ਰੋਗਰਾਮ ਉਲੀਕੇ ਗਏ।

ਵੱਡੇ ਪੈਮਾਨੇ ਦੇ ਉਦਯੋਗਾਂ ਨਾਲ ਸੰਬੰਧਿਤ ਹੇਠਾਂ ਲਿਖੇ ਕਦਮ ਚੁੱਕੇ ਗਏ :

(ੳ) ਸਰਵਜਨਕ ਖੇਤਰ ਦੇ ਘੇਰੇ ਵਿਚ ਆਉਂਦੇ ਉਦਯੋਗਾਂ ਦੀ ਸੂਚੀ

(ਅ) ਲਾਇਸੈਂਸ ਦੀ ਛੋਟ (ਕੁਝ ਉਦਯੋਗਾਂ ਵਾਸਤੇ)

(ੲ) ਉਦਯੋਗਾਂ ਵਿਚ ਵਿਦੇਸ਼ੀ ਨਿਵੇਸ਼ ਅਤੇ ਤਕਨੀਕ

(ਸ) ਐਮ.ਆਰ.ਟੀ.ਪੀ. ਐਕਟ ਦੀ ਧਾਰਾ ਖਤਮ ਕਰਨਾ

ਇਨ੍ਹਾਂ ਸਾਰਿਆਂ ਦਾ ਵਿਸਥਾਰ ਸਹਿਤ ਵਰਨਣ ਅਸੀਂ ਪਿਛਲੇ ਅਧਿਆਏ ਵਿਚ ਕਰ ਆਏ ਹਾਂ। ਸਮੁੱਚੇ ਰੂਪ ਵਿਚ ਇਨ੍ਹਾਂ ਸਾਰਿਆਂ ਯਤਨਾਂ ਤੋਂ ਭਾਵ ਹੈ ਕਿ 1948 ਅਤੇ 1956 ਦੌਰਾਨ ਜੋ ਉਦਯੋਗਿਕ ਨੀਤੀਆਂ ਘੋਸ਼ਿਤ ਕੀਤੀਆਂ ਗਈਆਂ ਉਸ ਨਾਲ ਛੋਟੇ ਅਤੇ ਵੱਡੇ ਉਦਯੋਗਾਂ ਵਿਚ ਸ਼ਲਾਘਾਯੋਗ ਵਾਧਾ ਹੋਇਆ। ਮੁੱਢਲੇ ਅਤੇ ਭਾਰੀ ਉਦਯੋਗਾਂ ਦੇ ਵਿਕਾਸ ਨਾਲ ਉਦਯੋਗਿਕ ਢਾਂਚੇ ਦੀ ਆਧਾਰਭੂਤ ਸਿਰਜਣਾ ਹੋ ਗਈ ਸੀ ਪਰ ਨਾਲ ਹੀ ਬਹੁਤ ਵੱਡੇ ਉਦਯੋਗਾਂ ਉਪਰ ਨਿਯੰਤ੍ਰਣ ਅਤੇ ਕੰਟਰੋਲ ਰੱਖਣ ਵਾਸਤੇ ਲਾਇਸੈਂਸਿੰਗ ਪਾਲਿਸੀ ਅਤੇ ਐਮ.ਆਰ.ਟੀ.ਪੀ. ਐਕਟ (MRTP Act) ਵੀ ਲਾਗੂ ਕਰ ਦਿੱਤਾ ਗਿਆ। ਇਸ ਨੂੰ ਬਹੁਤ ਵੱਡੇ ਉਦਯੋਗ ਅਤੇ ਉਦਯੋਗਪਤੀ ਆਪਣੇ ਕੰਮ ਕਾਜ ਵਿਚ ਬੇਲੋੜੀਂਦੀ ਦਖ਼ਲਅੰਦਾਜ਼ੀ

ਸਮਝਣ ਲੱਗੇ।ਉਨ੍ਹਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਇਨ੍ਹਾਂ ਕੰਟਰੋਲ ਅਤੇ ਸਖਤੀਆਂ ਵਿਚ ਸਰਕਾਰ ਨੇ ਕੁਝ ਢਿਲ ਦੇ ਦਿੱਤੀ। ਇਸ ਢਿਲ ਨੇ ਹੀ 1991 ਦੀ ਨਵੀਂ ਉਦਯੋਗਿਕ ਨੀਤੀ ਵਿਚ ਡੀ-ਲਾਇਸੈਂਸਿੰਗ ਅਤੇ ਡੀ-ਕੰਟਰੋਲ ਦਾ ਰੂਪ ਧਾਰ ਲਿਆ।

ਇਸ ਦੇ ਬਾਵਜੂਦ ਸਰਕਾਰ ਦੁਆਰਾ ਵਿੱਤੀ ਅਤੇ ਕਰਜੇ ਦੀਆਂ ਸਹੂਲਤਾਂ ਪ੍ਰਦਾਨ ਕਰਨੀਆਂ, ਵਿਦੇਸ਼ੀ ਮੁਕਾਬਲੇ ਤੋਂ ਸੁਰੱਖਿਆ, ਸੰਰਚਨਾਤਮਕ ਢਾਂਚੇ ਦਾ ਵਿਕਾਸ, ਬੀਮਾਰ ਉਦਯੋਗਿਕ ਇਕਾਈਆਂ ਨੂੰ ਮੁੜ ਬਹਾਲ ਕਰਨ ਸੰਬੰਧੀ ਨੀਤੀ, ਉਦਯੋਗਿਕ ਵਸਤਾਂ ਦਾ ਮਿਆਰੀਕਰਨ, ਨਿਰਯਾਤ ਪ੍ਰੋਤਸਾਹਨ ਕਰਨ ਵਾਲੇ ਉਦਯੋਗਾਂ ਨੂੰ ਵਿਸ਼ੇਸ਼ ਸਹੂਲਤਾਂ ਆਦਿ ਵਰਗੇ ਠੋਸ ਕਦਮ ਚੁੱਕੇ ਗਏ ਹਨ। ਸਿਟੇ ਵਜੋਂ ਇਸ ਵਕਤ ਜਿੰਨੇ ਵੀ ਵੱਡੇ ਪੈਮਾਨੇ ਦੇ ਉਦਯੋਗ ਹਨ ਉਨ੍ਹਾਂ ਦੇ ਕੁਲ ਉਤਪਾਦਨ ਵਿਚ ਵਾਧਾ ਹੋ ਰਿਹਾ ਹੈ (ਵੱਡੇ ਪੈਮਾਨੇ ਦੇ ਪ੍ਰਮੁੱਖ ਉਦਯੋਗ ਹਨ ਕੋਲਾ, ਲੋਹਾ ਅਤੇ ਸਟੀਲ, ਸੀਮਿੰਟ, ਚੀਨੀ, ਟੈਕਸਟਾਈਲਜ਼, ਬਿਜਲੀ ਉਤਪਾਦਨ, ਪੈਟਰੋਲੀਅਮ ਅਤੇ ਪੈਟਰੋਲਅਮ ਉਤਪਾਦਨ ਆਦਿ) ਨਾਲ ਹੀ ਇਨ੍ਹਾਂ ਉਦਯੋਗਾਂ ਵਿਚ ਰੁਜ਼ਗਾਰ ਦੇ ਮੌਕੇ ਵੀ ਵੱਧ ਤੋਂ ਵੱਧ ਉਤਪੰਨ ਹੋ ਰਹੇ ਹਨ।

ਪਰੰਤੂ ਬਹੁਤ ਵੱਡੇ ਉਦਯੋਗਾਂ ਲਈ ਨਿਯੰਤ੍ਰਣ ਅਤੇ ਕੰਟਰੋਲ ਦੀ ਨੀਤੀ ਦਾ ਹੋਣਾ ਵੀ ਲਾਜ਼ਮੀ ਹੈ। ਕਿਉਂਕਿ ਵੱਡੇ ਉਦਯੋਗ ਕਈ ਵਾਰ ਇਕੱਠੇ ਹੋ ਕੇ ਇਜਾਰੇਦਾਰੀ ਦਾ ਰੂਪ ਧਾਰ ਲੈਂਦੇ ਹਨ ਅਤੇ ਅੱਗੇ ਚਲਕੇ ਵੱਡੇ ਵੱਡੇ ਇਜ਼ਾਰੇਦਾਰ ਵੱਡੇ ਵੱਡੇ 'ਘਰਾਣੇ' (Monopoly Houses) ਬਣ ਜਾਂਦੇ ਹਨ। ਇਸ ਨਾਲ ਆਰਥਿਕ ਸ਼ਕਤੀ ਕੁਝ ਕੁ ਹੱਥਾਂ ਵਿਚ ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਹੜੀ ਯੋਜਨਾ ਬੱਧ ਆਰਥਿਕ ਵਿਕਾਸ ਦੇ ਉਦੇਸ਼ ਸੰਤੁਲਿਤ ਵਿਕਾਸ ਅਤੇ ਆਰਥਿਕ ਬਰਾਬਰਤਾ ਦੇ ਉਲਟ ਜਾਂਦੀ ਹੈ।

**2.4.13 ਸਾਰ ਅੰਸ਼ (Summary) :** ਇਸ ਪਾਠ ਦੇ ਪਹਿਲੇ ਭਾਗ ਵਿਚ ਅਸੀਂ ਛੋਟੇ ਪੈਮਾਨੇ ਦੇ ਉਦਯੋਗਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਹੈ ਸਭ ਤੋਂ ਪਹਿਲਾਂ ਅਸੀਂ ਇਹ ਵੇਖਿਆ ਹੈ ਕਿ ਛੋਟੇ ਅਤੇ ਘਰੇਲੂ ਉਦਯੋਗਾਂ ਵਿਚ ਕੀ ਅੰਤਰ ਹੈ ਅਤੇ ਇਸ ਅੰਤਰ ਨੂੰ ਕਿਹੜੇ ਕਿਹੜੇ ਪੱਖ ਲੈਕੇ ਦਸਦੇ ਹਾਂ। ਇਸ ਤੋਂ ਬਾਅਦ ਛੋਟੇ ਉਦਯੋਗਾਂ ਦੀ ਪਰੀਭਾਸ਼ਾ ਵੀ ਕਈ ਵੱਖੋਂ ਵੱਖਰੇ ਪੱਖ ਲੈਕੇ ਕੀਤੀ ਗਈ ਹੈ।ਮੁੱਖ ਰੂਪ ਵਿਚ ਛੋਟੇ ਪੈਮਾਨੇ ਦੇ ਉਦਯੋਗਾਂ ਦੀ ਪਰੀਭਾਸ਼ਾ ਨਿਵੇਸ਼ ਸੀਮਾ ਦੀ ਸਹਾਇਤਾ ਨਾਲ ਹੀ ਕੀਤੀ ਜਾਂਦੀ ਹੈ। 1991 ਦੀ ਉਦਯੋਗਿਕ ਨੀਤੀ ਵਿਚ ਛੋਟੇ ਪੈਮਾਨੇ ਦੇ ਉਦਯੋਗ, ਸਹਾਇਕ ਉਦਯੋਗ ਕੇਵਲ ਬਰਾਮਦਾਂ ਦੀਆਂ ਵਸਤਾਂ ਦਾ ਉਤਪਾਦਨ ਕਰਨ ਵਾਲੇ ਉਦਯੋਗ ਅਤੇ ਬਹੁਤ ਹੀ ਛੋਟੇ ਉਦਯੋਗਾਂ ਦੀ ਵੱਖੋਂ ਵੱਖਰੀ ਸਪਸ਼ਟ ਤੌਰ ਤੇ ਪਰੀਭਾਸ਼ਾ ਦਿੱਤੀ ਗਈ ਹੈ।

ਛੋਟੇ ਉਦਯੋਗਾਂ ਦਾ ਅਰਥ ਵਿਵਸਥਾ ਦੇ ਵਿਕਾਸ ਵਿਚ ਮਹੱਤਵਪੂਰਨ ਸਥਾਨ ਹੈ, ਇਸੇ ਲਈ ਇਸ ਦਾ ਯੋਗਦਾਨ ਵੀ ਮਹੱਤਵ ਰੱਖਦਾ ਹੈ। ਖਾਸ ਤੌਰ ਤੇ ਰੁਜ਼ਗਾਰ, ਉਤਪਾਦਨ, ਸੰਤੁਲਿਤ ਵਿਕਾਸ, ਕੱਚੇ ਮਾਲ ਅਤੇ ਹੋਰ ਅਣਵਰਤੇ ਸਾਧਨਾਂ ਦਾ ਪ੍ਰਯੋਗ ਆਦਿ ਦੇ ਖੇਤਰਾਂ ਵਿਚ, ਭਾਵੇਂ ਛੋਟੇ ਉਦਯੋਗਾਂ ਦਾ ਆਰਥਿਕ ਵਿਕਾਸ ਵਿਚ ਇਤਨਾ ਜ਼ਿਆਦਾ ਮਹੱਤਵ ਹੈ, ਫਿਰ ਵੀ ਕਈ ਪੱਖਾਂ ਤੋਂ ਇਨ੍ਹਾਂ ਦੀ ਕਾਰਗੁਜ਼ਾਰੀ ਸੰਤੋਸ਼ਜਨਕ ਨਹੀ ਕਿਉਂਕਿ ਇਨ੍ਹਾਂ ਨੂੰ ਵੱਡੇ ਉਦਯੋਗਾਂ ਦੇ ਮੁਕਾਬਲੇ ਕਈ ਪ੍ਰਕਾਰ ਦੀਆ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਾਸਤੇ ਸਰਕਾਰ ਦੁਆਰਾ ਠੋਸ ਕਦਮ ਵੀ ਚੁੱਕੇ ਗਏ ਹਨ ਅਤੇ ਉਦਯੋਗਿਕ ਨੀਤੀਆਂ ਅਤੇ ਖਾਸ ਤੌਰ ਤੇ ਸਰਕਾਰ ਦੇ ਯੂਨੀਅਨ ਬਜਟ ਵਿਚ ਸਪੈਸ਼ਲ ਜ਼ਿਕਰ ਕੀਤਾ ਗਿਆ ਹੈ ਕਿ ਇਨ੍ਹਾਂ ਦੇ ਵਿਕਾਸ ਵਾਸਤੇ ਕਿੰਨੇ ਆਈਟਮ ਰਿਜ਼ਰਵ ਹੋਣਗੇ ਅਤੇ ਵਿੱਤੀ ਜਾਂ ਮੰਡੀ ਸਹੂਲਤਾਂ ਕਿਵੇਂ ਮੁਹੱਈਆਂ ਕੀਤੀਆਂ ਜਾਣਗੀਆਂ।

ਪਰੰਤੂ ਕੇਵਲ ਨੀਤੀਆਂ ਬਣਾ ਦੇਣ ਨਾਲ ਅਤੇ ਪ੍ਰੋਗਰਾਮ ਉਲੀਕਣ ਨਾਲ ਹੀ ਸਮੱਸਿਆ ਹਲ ਨਹੀਂ ਹੋ ਜਾਂਦੀ। ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਜਿਹੜੇ ਵੀ ਪ੍ਰੋਗਰਾਮ ਉਲੀਕੇ ਜਾਂਦੇ ਹਨ ਉਨ੍ਹਾਂ ਨੂੰ ਪੂਰੀ ਤਨਦੇਹੀ ਨਾਲ ਲਾਗੂ ਕੀਤਾ ਜਾਵੇ।

**2.4.14 ਵੱਡੇ ਉੱਤਰਾਂ ਵਾਲੇ ਪ੍ਰਸ਼ਨ :**

1. ਛੋਟੇ ਪੈਮਾਨੇ ਦੇ ਉਦਯੋਗਾਂ ਦੀਆਂ ਕੀ ਸਮੱਸਿਆਵਾਂ ਹਨ। ਉਨ੍ਹਾਂ ਨੂੰ ਦੂਰ ਕਰਨ ਵਾਸਤੇ ਤੁਸੀਂ ਕੀ ਸੁਝਾਅ ਦਿਓਗੇ।
2. ਛੋਟੇ ਪੈਮਾਨੇ ਦੇ ਉਦਯੋਗਾਂ ਦੀ ਮਹੱਤਤਾ ਅਤੇ ਯੋਗਦਾਨ ਬਾਰੇ ਵਿਸਥਾਰ ਸਹਿਤ ਲਿਖੋ।

**2.4.15 ਪੜ੍ਹਨ ਯੋਗ ਸਮੱਗਰੀ :**

ਕੰਵਲਜੀਤ ਕੌਰ ਗਿੱਲ : ਉਦਯੋਗਿਕ ਅਰਥ ਵਿਗਿਆਨ
Gaurav Datt & Ashwani Mahajan : Datt & Sundharam Indian Economy (latest ed.)
S.K. Mishra & V.K. Puri : Indian Economy (latest ed.)

**ਪਾਠ ਨੰਬਰ : 2.5 (ੳ)** **ਲੇਖਿਕਾ : ਡਾ. ਕੰਵਲਜੀਤ ਕੌਰ ਗਿੱਲ**

# ਭਾਰਤ ਵਿਚ ਸਰਵਜਨਕ ਖੇਤਰ ਦਾ ਵਿਕਾਸ ਅਤੇ ਯੋਗਦਾਨ

**(Growth and Role of Public Sector in India)**


* **ਰੂਪ ਰੇਖਾ**

**2.5.1 ਭੂਮਿਕਾ**

**2.5.2 ਉਦੇਸ਼**

**2.5.3 ਸਰਵਜਨਕ ਖੇਤਰ**

**2.5.3.1 ਸਰਵਜਨਕ ਖੇਤਰ ਦਾ ਭਾਵ**

**2.5.3.2 ਸਰਵਜਨਕ ਖੇਤਰ ਦਾ ਆਰੰਭ ਅਤੇ ਵਿਚਾਰ**

**2.5.3.3 ਸਰਵਜਨਕ ਖੇਤਰ ਦੀ ਜ਼ਰੂਰਤ**

**2.5.3.4 ਸਰਵਜਨਕ ਖੇਤਰ ਦੇ ਉਦੇਸ਼**

**2.5.4 ਸਰਵਜਨਕ ਖੇਤਰ ਦਾ ਵਾਧਾ ਅਤੇ ਵਿਕਾਸ**

**2.5.4.1 ਕੇਂਦਰੀ ਸਰਕਾਰ ਦੇ ਉਦਮਾਂ ਵਿਚ ਨਿਵੇਸ਼**

**2.5.4.2 ਨਿਵੇਸ਼ ਦਾ ਵਿਵਰਣ**

**2.5.5 ਸਰਵਜਨਕ ਖੇਤਰ ਦਾ ਭਾਰਤੀ ਅਰਥ ਵਿਵਸਥਾ ਵਿਚ ਯੋਗਦਾਨ**

**2.5.5.1 ਰੁਜ਼ਗਾਰ ਦੇ ਮੌਕੇ**

**2.5.5.2 ਘਰੇਲੂ ਉਤਪਾਦਨ ਵਿਚ ਹਿੱਸਾ**

**2.5.5.3 ਪੂੰਜੀ ਨਿਰਮਾਣ ਵਿਚ ਹਿੱਸਾ**

**2.5.5.4 ਸੰਰਚਨਾਤਮਕ ਵਿਕਾਸ**

**2.5.5.4.1 ਪਛੜੇ ਖੇਤਰਾਂ ਦਾ ਵਿਕਾਸ**

**2.5.5.5 ਮਜ਼ਬੂਤ ਉਦਯੋਗਿਕ ਆਧਾਰ ਦੀ ਸਥਾਪਨਾ**

**2.5.5.6 ਨਿਰਯਾਤ ਪ੍ਰੋਤਸਾਹਨ ਅਤੇ ਆਯਾਤ ਪ੍ਰਤੀਸਥਾਪਨ**

**2.5.6 ਸਰਵਜਨਕ ਖੇਤਰ ਦੀ ਕਾਰਜ ਕੁਸ਼ਲਤਾ**

**2.5.6.1 ਕੁਸ਼ਲ ਭੂਮਿਕਾ ਦੇ ਮਾਪ ਵੰਡ ਅਤੇ ਕਾਰਗੁਜ਼ਾਰੀ**

**2.5.7 ਸਰਵਜਨਕ ਖੇਤਰ ਨੂੰ ਦਰਪੇਸ਼ ਮੁਸ਼ਕਲਾਂ ਅਤੇ ਉਪਾਓ**

**2.5.8 ਸਾਰੰਸ਼**


**2.5.1 ਭੂਮਿਕਾ :** ਭਾਰਤ ਦੀ ਅਰਥ ਵਿਵਸਥਾ ਮਿਸ਼ਰਤ ਅਰਥ ਵਿਵਸਥਾ ਹੈ। ਇਸ ਤੋਂ ਭਾਵ ਹੈ ਕਿ ਸਰਵਜਨਕ ਖੇਤਰ ਅਤੇ ਨਿੱਜੀ ਖੇਤਰ (Public Sector and Private Sector) ਸਮੁੱਚੇ ਆਰਥਿਕ ਵਿਕਾਸ ਵਿਚ ਦੋਵੇਂ ਮਿਲ ਕੇ ਹਿੱਸਾ ਪਾ ਰਹੇ ਹਨ। ਭਾਵੇਂ ਸਰਵਜਨਕ ਖੇਤਰ ਇਸ ਵਿਕਾਸ ਲਈ ਮੁੱਖ ਭੂਮਿਕਾ ਨਿਭਾਉਂਦਾ ਹੈ ਫਿਰ ਵੀ ਇਸ ਨੂੰ ਨਿੱਜੀ ਖੇਤਰ ਦੀ ਸਹਾਇਤਾ ਲੈਣੀ ਪੈਂਦੀ ਹੈ। ਸਗੋਂ ਦਿਨ-ਬ-ਦਿਨ ਨਿੱਜੀ ਖੇਤਰ ਦੀ ਭੂਮਿਕਾ ਹਰ ਇਕ ਖੇਤਰ ਵਿਚ ਵੱਧ ਹੀ ਰਹੀ ਹੈ।

ਆਜ਼ਾਦੀ ਤੋਂ ਪਹਿਲਾਂ ਸਹੀ ਅਰਥਾਂ ਵਿਚ ਸਰਵਜਨਕ ਖੇਤਰ ਹੋਂਦ ਵਿਚ ਨਹੀਂ ਸੀ। ਵਿਕਾਸ ਦੀ ਜ਼ਿੰਮੇਵਾਰੀ ਨਿੱਜੀ ਹੱਥਾਂ ਵਿਚ ਹੀ ਸੀ। ਨਿੱਜੀ ਖੇਤਰ ਦੇ ਕੰਮ ਕਾਜ ਦੇ ਤਰੀਕਿਆਂ ਬਾਰੇ ਵਿਦਵਾਨਾਂ ਅਤੇ ਬੁੱਧੀਜੀਵੀਆਂ ਵਿਚ ਕਾਫੀ ਮੱਤ ਭੇਦ ਸਨ ਪਰੰਤੂ ਇਸ ਵਿਚਾਰ ਨਾਲ ਸਾਰੇ ਸਹਿਮਤ ਸਨ ਕਿਉਂਕਿ

ਨਿੱਜੀ ਖੇਤਰ ਕੇਵਲ ਨਿੱਜੀ ਲਾਭ ਦੀ ਅਧਿਕਤਾ ਦੇ ਮਨਸ਼ੇ ਨਾਲ ਹੀ ਕੰਮ ਕਰਦਾ ਹੈ, ਇਥੇ ਨਿੱਜੀ ਸੁਆਰਥ ਭਾਰੂ ਹੈ ਇਸ ਵਾਸਤੇ ਸਰਵਜਨਕ ਖੇਤਰ ਦਾ ਹੋਣਾ ਵੀ ਜ਼ਰੂਰੀ ਹੈ। ਇਸ ਆਸ਼ੇ ਦੇ ਨਾਲ ਹੀ ਆਜ਼ਾਦੀ ਤੋਂ ਬਾਅਦ ਯੋਜਨਾਕਾਰਾਂ ਨੇ ਸਮਾਜਵਾਦੀ ਢਾਂਚੇ ਅਨੁਸਾਰ ਆਰਥਿਕਤਾ ਨੂੰ ਉਸਾਰਨ ਵਾਸਤੇ ਸਰਵਜਨਕ ਖੇਤਰ ਨੂੰ ਖਾਸ ਅਹਿਮਅਤ ਦਿੱਤੀ।

ਪਾਠ (6ੳ)ਵਿਚ ਸਰਵਜਨਕ ਖੇਤਰ ਦਾ ਆਰੰਭ, ਵਿਕਾਸ ਅਤੇ ਯੋਗਦਾਨ ਬਾਰੇ ਚਰਚਾ ਕੀਤੀ ਜਾਵੇ ਗੀ। ਪਾਠ ਦੇ ਦੂਜੇ ਭਾਗ (6 ਅ) ਵਿਚ ਅਸੀਂ ਨਿੱਜੀ ਖੇਤਰ ਬਾਰੇ ਵਿਚਾਰ ਕਰਾਂਗੇ। ਅਸੀਂ ਇਹ ਵੀ ਜਾਨਣ ਦਾ ਯਤਨ ਕਰਾਂਗੇ ਕਿ 1950 ਤੋਂ 1990 ਤੱਕ ਸਰਵਜਨਕ ਖੇਤਰ ਦੀ ਕੀ ਭੂਮਿਕਾ ਜਾਂ ਕੀ ਯੋਗਦਾਨ ਰਿਹਾ ਹੈ ਅਤੇ ਉਸ ਤੋਂ ਬਾਅਦ ਨਵੀਂ ਆਰਥਿਕ ਨੀਤੀ ਲਾਗੂ ਹੋ ਜਾਣ ਕਾਰਨ ਸਰਵਜਨਕ ਖੇਤਰ ਦੀ ਭੂਮਿਕਾ ਵਿਚ ਤਬਦੀਲੀ ਆਈ ਅਤੇ ਨਿੱਜੀ ਖੇਤਰ ਦੀ ਮਹੱਤਤਾ ਵੱਧ ਗਈ ਹੈ।

**2.5.2 ਉਦੇਸ਼ :** ਪਾਠ ਨੂੰ ਦੋ ਭਾਗਾਂ 6ੳ ਅਤੇ 6ਅ ਵਿਚ ਵੰਡ ਕੇ ਅਧਿਐਨ ਕਰਨ ਦਾ ਉਦੇਸ਼ ਹੈ :

- ਸਰਵਜਨਕ ਖੇਤਰ ਅਤੇ ਨਿੱਜੀ ਖੇਤਰ ਦੇ ਸੰਕਲਪ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਾਪਤ ਕਰਨਾ;
- ਦੋਵਾਂ ਖੇਤਰਾਂ ਦੀ ਅਰਥ ਵਿਵਸਥਾ ਦੇ ਵਖੋਂ ਵੱਖਰੇ ਖੇਤਰਾਂ ਵਿਚ ਭੂਮਿਕਾ ਅਤੇ ਯੋਗਦਾਨ ਬਾਰੇ ਜਾਨਣਾ; ਅਤੇ
- ਨਵੀਂ ਉਦਯੋਗਿਕ ਨੀਤੀ (1991) ਲਾਗੂ ਹੋਣ ਉਪਰੰਤ ਦੋਵਾਂ ਖੇਤਰਾਂ ਦੀ ਮਹੱਤਤਾ ਵਿਚ ਆਈ ਤਬਦੀਲੀ ਪਿਛੇ 'ਮਕਸਦ' ਬਾਰੇ ਜਾਗਰੂਕ ਹੋਣਾ।

### 2.5.3.0 ਸਰਵਜਨਕ ਖੇਤਰ ਦਾ ਵਿਕਾਸ ਅਤੇ ਯੋਗਦਾਨ (Growth and Role of Public Sector)

**2.5.3.1 ਸਰਵਜਨਕ ਖੇਤਰ ਦਾ ਭਾਵ (Meaning of Public Sector) :** ਸਰਵਜਨਕ ਖੇਤਰ ਤੋਂ ਭਾਵ ਹੈ ਕਿ 'ਉਤਪਾਦਨ ਦੇ ਸਾਧਨਾਂ ਦੀ ਜਨਤਕ ਮਾਲਕੀ' (Stae Ownership of Means of Production)। ਇਤਿਹਾਸਕ ਤੌਰ ਤੇ ਸਮਾਜ ਵਿਚ ਮਾਲਕੀ ਦੀਆਂ ਦੋ ਬੁਨਿਆਦੀ ਸ਼ਕਲਾਂ ਦੇਖਣ ਵਿਚ ਆਈਆਂ ਹਨ : ਜਨਤਕ ਅਤੇ ਨਿੱਜੀ। ਆਦਿ ਕਮਿਊਨੀ ਪ੍ਰਣਾਲੀ ਦਾ ਖਾਸ ਲੱਛਣ ਜਨਤਕ ਮਾਲਕੀ ਸੀ ਅਤੇ ਸਮਾਜਵਾਦ (socialism) ਦਾ ਖਾਸ ਲੱਛਣ ਵੀ ਜਨਤਕ ਮਾਲਕੀ ਹੀ ਹੈ। ਇਸੇ ਲਈ ਕਈ ਵਾਰ ਸਰਵਜਨਕ ਖੇਤਰ ਦੇ ਵੱਧਦੇ ਪ੍ਰਭਾਵ ਨੂੰ ਦੇਖਦੇ ਹੋਏ ਇਹ ਸ਼ੰਕਾਂ ਪੈਦਾ ਹੋ ਜਾਂਦੀ ਹੈ ਕਿ ਕੀ ਅਰਥ ਵਿਵਸਥਾ ਦਾ ਵਿਕਾਸ ਸਮਾਜਵਾਦੀ ਲੀਹਾਂ ਉਪਰ ਹੀ ਹੋ ਰਿਹਾ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਭਾਰਤ ਦੀ ਅਰਥ ਵਿਵਸਥਾ ਮਿਸ਼ਰਤ ਅਰਥ ਵਿਵਸਥਾ ਹੈ। ਇਸ ਲਈ ਇਥੇ ਦੋਵੇਂ ਸਰਵਜਨਕ ਅਤੇ ਨਿੱਜੀ ਖੇਤਰ ਇਕੋ ਜਿਹੀ ਭੂਮਿਕਾ ਨਿਭਾ ਰਹੇ ਹਨ। ਇਸ ਲਈ ਇਹ ਕਹਿਣਾ ਉਚਿਤ ਨਹੀਂ ਕਿ ਭਾਰਤ ਦੀ ਅਰਥ ਵਿਵਸਥਾ ਦਾ ਵਿਕਾਸ ਸਮਾਜਵਾਦੀ ਲੀਹਾਂ ਉਪਰ ਹੋ ਰਿਹਾ ਹੈ। ਭਾਵੇਂ ਸ਼ੁਰੂ ਸ਼ੁਰੂ ਵਿਚ ਯੋਜਨਾਕਾਰਾਂ ਦਾ ਮੁਖ ਉਦੇਸ਼ ਇਹੀ ਸੀ ਕਿ ਆਰਥਿਕ ਵਿਕਾਸ ਵਿਚ ਸਰਵਜਨਕ ਖੇਤਰ ਨੂੰ ਜ਼ਿਆਦਾ ਮਹੱਤਵ ਦਿੰਦੇ ਹੋਏ ਸਮਾਜਵਾਦੀ ਢਾਂਚੇ ਅਨੁਸਾਰ ਹੀ ਵਿਕਾਸ ਹੋਵੇਗਾ।

**2.5.3.2 ਸਰਵਜਨਕ ਖੇਤਰ ਦਾ ਆਰੰਭ ਅਤੇ ਵਿਚਾਰ (dea of Public Sector and its Establishment):** 1947 ਤੋਂ ਪਹਿਲਾਂ ਭਾਰਤੀ ਅਰਥ ਵਿਸਥਾ ਵਿਚ ਕੋਈ ਸਰਵਜਨਕ ਖੇਤਰ ਨਹੀਂ ਸੀ। ਕੇਵਲ ਕੁਝ ਕੁ ਮਹੱਤਵਪੂਰਣ ਖੇਤਰ ਜਿਵੇਂ ਰੇਲਵੇ, ਪੋਸਟ ਅਤੇ ਤਾਰ ਵਿਭਾਗ, ਬੰਦਰਗਾਹਾਂ ਆਦਿ ਹੀ ਸਰਕਾਰੀ ਖੇਤਰ ਅਧੀਨ ਸਨ ਪਰ ਇਸ ਗੱਲ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ ਕਿ ਆਰਥਿਕ ਵਿਕਾਸ ਅਤੇ ਮੁੱਖ ਰੂਪ ਵਿਚ ਉਦਯੋਗਿਕ ਵਿਕਾਸ ਦਾ ਸਾਰਾ ਕੰਮ ਕਾਜ ਸਰਕਾਰੀ ਹੱਥਾਂ

ਵਿਚ ਹੋਣਾ ਚਾਹੀਦਾ ਹੈ। ਅਸਲ ਵਿਚ ਇਹ ਵਿਚਾਰ ਕੋਈ ਨਵਾਂ ਨਹੀਂ ਸੀ। ਨੈਸ਼ਨਲ ਲਿਬਰੇਸ਼ਨ ਅੰਦੋਲਨ ਦੌਰਾਨ ਹੀ ਭਾਰਤ ਦੇ ਮੁੱਖੀਆਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਸੀ ਕਿ ਆਜ਼ਾਦ ਭਾਰਤ ਦੀ ਉੱਨਤੀ ਅਤੇ ਵਿਕਾਸ ਕਿਸ ਪ੍ਰਕਾਰ ਦੇ ਮਾਡਲ ਉਪਰ ਆਧਾਰਿਤ ਹੋਵੇਗਾ? ਸਭ ਤੋਂ ਪਹਿਲਾਂ ਪ੍ਰਸਿੱਧ ਭਾਰਤੀ ਪ੍ਰਸਾਸ਼ਕ ਵਿਸਵੇਸਵਰੀਆ (Visvesvarya) ਨੇ ਯੋਜਨਾ ਦਾ ਇਕ ਖਰੜਾ ਤਿਆਰ ਕੀਤਾ ਜਿਸ ਵਿਚ ਸਰਵਜਨਕ ਖੇਤਰ ਦੁਆਰਾ ਕੀਤੇ ਜਾਣ ਵਾਲੇ ਨਿਵੇਸ਼ ਦਾ ਜ਼ਿਕਰ ਕੀਤਾ ਗਿਆ। ਇਸ ਦੌਰਾਨ ਵੱਖੋ-ਵੱਖਰੀਆਂ ਮਜ਼ਦੂਰਾਂ ਅਤੇ ਉਦਯੋਗਪਤੀਆਂ ਦੀਆਂ ਜੱਥੇਬੰਦੀਆਂ ਨੇ ਆਪੋ ਆਪਣੇ ਵਿਚਾਰ ਦਿੰਦੇ ਹੋਏ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਨਿਵੇਸ਼ ਵੱਧ ਤੋਂ ਵੱਧ ਸਰਵਜਨਕ ਖੇਤਰ ਦੁਆਰਾ ਹੀ ਹੋਣਾ ਚਾਹੀਦਾ ਹੈ। ਇਸੇ ਨਾਲ ਹੀ ਇਕ ਪਾਸੇ ਮਜ਼ਦੂਰਾਂ ਦੇ ਹਿੱਤਾਂ ਦੀ ਅਤੇ ਦੂਜੇ ਪਾਸੇ ਉਦਯੋਗਪਤੀਆਂ ਦੁਆਰਾ ਵੱਧ ਤੋਂ ਵੱਧ ਉਤਪਾਦਨ ਕਰਨ ਦੀ ਗੱਲ ਕੀਤੀ ਜਾ ਸਕਦੀ ਹੈ।

ਸਹੀ ਅਰਥਾਂ ਵਿਚ ਸਰਵਜਨਕ ਖੇਤਰ ਦਾ ਮੁੱਢ ਆਜ਼ਾਦੀ ਤੋਂ ਬਾਅਦ ਉਸ ਵੇਲੇ ਸ਼ੁਰੂ ਹੋਇਆ ਜਦੋਂ 1948 ਵਿਚ ਉਦਯੋਗਿਕ ਨੀਤੀ ਦੀ ਘੋਸ਼ਣਾ ਕੀਤੀ ਗਈ ਅਤੇ 1956 ਦੀ ਉਦਯੋਗਿਕ ਨੀਤੀ ਦੌਰਾਨ ਇਸਦਾ ਵਿਸਥਾਰ ਹੋਣਾ ਸ਼ੁਰੂ ਹੋ ਗਿਆ। ਉਦਯੋਗਿਕ ਨੀਤੀ ਵਿਚ ਕੁਝ ਖਾਸ ਖੇਤਰ ਨਿਸ਼ਚਿਤ ਕਰ ਦਿੱਤੇ ਗਏ ਜਿਨ੍ਹਾਂ ਅਨੁਸਾਰ ਨਿਵੇਸ਼ ਕੇਵਲ ਸਰਵਜਨਕ ਖੇਤਰ ਵਿਚ ਹੀ ਹੋਣਾ ਸੀ। ਕਿਉਂਕਿ ਲਗਾਤਾਰ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਨਿੱਜੀ ਖੇਤਰ ਦੇ ਕਾਰੋਬਾਰ ਚਲਾਉਣ ਦਾ ਮੁੱਖ ਮੁੱਦਾ ਕੇਵਲ ਲਾਭ ਕਮਾਉਣਾ ਹੀ ਹੁੰਦਾ ਹੈ। ਉਹ ਸਮਾਜਿਕ ਹਿਤ ਅਤੇ ਭਲਾਈ ਨੂੰ ਦੂਜੇ ਮੁੱਦਿਆਂ ਵਿਚ ਰੱਖਦੇ ਹਨ ਵਿਕਾਸ ਦਰ ਦਸ਼ਾ ਅਤੇ ਦਿਸ਼ਾ ਦੇ ਪਖੋਂ ਜ਼ਰੂਰਤ ਅਨੁਸਾਰ ਨਾ ਹੋਣ ਅਸੰਤੁਲਨ ਦੀ ਅਵਸਥਾ ਪੈਦਾ ਹੋ ਜਾਂਦੀ ਹੈ। ਇਵੇਂ ਹੀ ਉਤਪਾਦਨ ਲੋੜ ਅਨੁਸਾਰ ਅਤੇ ਯੋਜਨਾਬਧ ਤਰੀਕੇ ਨਾਲ ਨਾ ਹੋਣ ਕਰਕੇ ਕਈ ਹੋਰ ਮੁਸ਼ਕਲਾਂ ਪੈਦਾ ਹੋ ਜਾਂਦੀਆਂ ਹਨ ਜਿਹੜੀਆਂ ਪੂੰਜੀਵਾਦੀ ਸਮਾਜ (Capitalist Society) ਦੀ ਦੇਣ ਹਨ ਜਿਵੇਂ ਬੇਰੁਜ਼ਗਾਰੀ, ਵਾਧੂ ਉਤਪਾਦਨ, ਕੀਮਤਾਂ ਵਿਚ ਵਾਧਾ, ਗਰੀਬੀ ਆਦਿ। ਇਨ੍ਹਾਂ ਸਾਰੇ ਨੁਕਤਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਵਜਨਕ ਖੇਤਰ ਦੀ ਭੂਮਿਕਾ ਵੱਲ ਵਧੇਰੇ ਧਿਆਨ ਦਿੱਤਾ ਗਿਆ।

**2.5.3.3 ਸਰਵਜਨਕ ਖੇਤਰ ਦੀ ਜ਼ਰੂਰਤ (Need for Public Sector) :** ਜਦੋਂ ਭਾਰਤ ਆਜ਼ਾਦ ਹੋਇਆ ਤਾਂ ਸਹੀ ਅਰਥਾਂ ਵਿਚ ਸਰਵਜਨਕ ਖੇਤਰ ਨਾ-ਮਾਤਰ ਹੀ ਸੀ। ਜਿੰਨਾ ਵੀ ਵਿਕਾਸ ਹੋ ਰਿਹਾ ਸੀ ਉਹ ਨਿੱਜੀ ਖੇਤਰ ਦੁਆਰਾ ਹੀ ਸੀ। ਨਿੱਜੀ ਖੇਤਰ ਦੇ ਕਾਰੋਬਾਰ ਚਲਾਉਣ ਦੇ ਆਪਣੇ ਹੀ ਸਿਧਾਂਤ ਅਤੇ ਉਦੇਸ਼ ਹੁੰਦੇ ਹਨ। ਹੋ ਸਕਦਾ ਹੈ ਕਿ ਜਿਹੜੇ ਉਦੇਸ਼ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਲਈ ਲਾਹੇਵੰਦ ਹੋਣ ਉਹੀ ਉਦੇਸ਼ ਸਮਾਜ ਦੇ ਨਜ਼ਰੀਏ ਤੋਂ ਹਾਨੀਕਾਰਕ ਹੋਣ। ਇਸ ਪ੍ਰਕਾਰ ਨਿੱਜੀ ਖੇਤਰ ਦਾ ਉਦੇਸ਼ ਸਮੁੱਚੇ ਸਮਾਜ ਦੀ ਭਲਾਈ ਨਹੀਂ ਹੁੰਦਾ। ਇਸ ਕਰਕੇ ਜਦੋਂ ਆਰਥਿਕ ਵਿਕਾਸ ਸ਼ੁਰੂ ਕੀਤਾ ਗਿਆ ਅਤੇ ਉਦਯੋਗਿਕ ਨੀਤੀ ਦੀ ਪ੍ਰੀਭਾਸ਼ਾ ਦਿੱਤੀ ਗਈ ਤਾਂ ਇਹ ਖਾਸ ਧਿਆਨ ਰੱਖਿਆ ਗਿਆ ਕਿ ਨਿੱਜੀ ਖੇਤਰ ਨੂੰ ਨਿਯੰਤਨ ਵਿਚ ਰੱਖਦੇ ਹੋਏ ਸਰਵਜਨਕ ਖੇਤਰ ਦਾ ਵੱਧ ਤੋਂ ਵੱਧ ਵਿਕਾਸ ਕੀਤਾ ਜਾਵੇ। ਅੰਗ੍ਰੇਜ਼ਾਂ ਦੇ ਭਾਰਤ ਵਿਚੋਂ ਜਾਣ ਵੇਲੇ ਭਾਰਤ ਦੀ ਅਰਥ ਵਿਵਸਥਾ ਦੀ ਹਾਲਤ ਬਹੁਤ ਮਾੜੀ ਸੀ। ਹਰ ਪਾਸੇ ਅਸੰਤੁਲਣ ਦੀ ਅਵਸਥਾ ਸੀ। ਦੇਸ਼ ਦੀ ਅਰਥ ਵਿਵਸਥਾ ਅਣਵਿਕਸਿਤ ਅਤੇ ਪਛੜੀ ਹੋਈ (underdeveloped and backward) ਸੀ। ਮੁੱਖ ਰੂਪ ਵਿਚ ਖੇਤੀ ਪ੍ਰਧਾਨ ਸਮਾਜ ਸੀ ਜਿਸ ਕਾਰਨ ਉਦਯੋਗਿਕ ਆਧਾਰ ਵੀ ਮਾੜਾ ਹੀ ਸੀ। ਵੱਡੀ ਪੱਧਰ ਤੇ ਬੇਰੁਜ਼ਗਾਰੀ ਗਰੀਬੀ ਹੋਣ ਕਾਰਨ ਬੱਚਤਾਂ ਅਤੇ ਨਿਵੇਸ਼ ਦਾ ਪੱਧਰ ਵੀ ਨੀਵਾਂ ਸੀ, ਸੰਰਚਨਾਤਮਕ ਸਹੂਲਤਾਂ ਨਾ-ਮਾਤਰ ਸਨ। ਇਸ ਹਾਲਤ ਵਿਚ ਅਰਥ ਵਿਵਸਥਾ ਨੂੰ ਵਿਕਾਸ ਦੇ ਰਾਹ ਉੱਪਰ ਲਿਆਉਣ ਵਾਸਤੇ ਵੱਡੇ ਉੱਦਮ/ਧੱਕੇ (Big Push) ਦੀ ਜ਼ਰੂਰਤ ਸੀ। ਇਹ ਵੱਡਾ ਧੱਕਾ ਨਿੱਜੀ ਖੇਤਰ ਵਲੋਂ ਆਉਣ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ

ਕਿਉਂਕਿ ਇਸ ਖੇਤਰ ਪਾਸ ਪਹਿਲਾਂ ਹੀ ਵਿੱਤੀ ਫੰਡਾਂ ਦੇ ਨਾਲ ਨਾਲ ਮੈਨੇਜੀਰੀਅਲ ਯੋਗਤਾ ਦੀ ਵੀ ਘਾਟ ਸੀ, ਨਾ ਹੀ ਨਿੱਜੀ ਖੇਤਰ ਉਨ੍ਹਾਂ ਖੇਤਰਾਂ ਜਾਂ ਪ੍ਰੋਜੈਕਟਾਂ ਵਿਚ ਨਿਵੇਸ਼ ਕਰਦਾ ਹੈ ਜਿੱਥੇ ਪ੍ਰਤੀਫਲ ਘੱਟ ਹੋਵੇ ਅਤੇ ਗਰਭਕਾਲ (gestation period) ਜ਼ਿਆਦਾ ਹੋਵੇ। ਇਨ੍ਹਾਂ ਹਾਲਤਾਂ ਵਿਚ ਇਹੀ ਮਹਿਸੂਸ ਕੀਤਾ ਗਿਆ ਅਤੇ ਕੁਝ ਹੱਦ ਤੱਕ ਇਹ ਨਿਸ਼ਚਿਤ ਵੀ ਸੀ ਕਿ ਸਮੁੱਚੇ ਅਤੇ ਸੰਤੁਲਿਤ ਆਰਥਿਕ ਵਿਕਾਸ ਵਾਸਤੇ ਵੱਡੀ ਪੱਧਰ ਉਤੇ ਨਿਵੇਸ਼ ਕੇਵਲ ਸਰਵਜਨਕ ਖੇਤਰ ਹੀ ਕਰੇਗਾ।

ਇਨ੍ਹਾਂ ਦਲੀਲਾਂ ਕਾਰਨ ਹੀ ਸਰਵਜਨਕ ਖੇਤਰ ਦੇ ਵਿਸਥਾਰ ਅਤੇ ਵਿਕਾਸ ਦੀ ਜ਼ਰੂਰਤ ਯਕੀਨੀ ਹੋ ਗਈ, ਸੰਖੇਪ ਵਿਚ ਹੇਠਾਂ ਦਿੱਤੇ ਕਾਰਨ ਸਪਸ਼ਟ ਕਰਦੇ ਹਨ ਕਿ ਸਰਵਜਨਕ ਖੇਤਰ ਦੀ ਸਥਾਪਨਾ ਅਤੇ ਵਿਕਾਸ ਦੀ ਕੀ ਜ਼ਰੂਰਤ ਸੀ।

- ਅਰਥ ਵਿਵਸਥਾ ਦੇ ਮੁੱਢਲੇ ਖੇਤਰ (Core Sector) ਦੇ ਵਾਧੇ ਦੀ ਦਰ ਵਿਚ ਤੇਜ਼ੀ ਲਿਆਉਣੀ।
- ਆਰਥਿਕ ਵਿਕਾਸ ਲਈ ਆਰਥਿਕ ਪਖੋਂ ਸਭ ਤੋਂ ਮਹੱਤਵਪੂਰਨ ਖਿਤਿਆ (strategically important sectors) ਨੂੰ ਆਪਣੇ ਕਾਬੂ ਵਿਚ ਰੱਖਣਾ। ਇਹ ਖਿਤੇ ਹਨ – ਰੇਲਵੇ, ਡਾਕ ਅਤੇ ਤਾਰ, ਪ੍ਰਮਾਣੂ ਊਰਜਾ ਅਤੇ ਸ਼ਕਤੀ ਅਤੇ ਕੌਮੀ ਸੁਰੱਖਿਆ;
- ਕੁਝ ਚੋਣਵੇਂ ਖੇਤਰਾਂ ਵਿਚ ਨਿੱਜੀ ਇਜ਼ਾਰੇਦਾਰੀਆਂ ਅਤੇ ਬਹੁ-ਕੌਮੀ ਕੰਪਨੀਆਂ ਦੇ ਮੁਕਾਬਲੇ ਤੇ ਸਮਾਨੰਤਰ ਸ਼ਕਤੀ ਦੀ ਵਰਤੋਂ।
- ਆਮ ਵਰਤੋਂ ਦੀਆਂ ਵਸਤਾਂ ਦਾ ਉਤਪਾਦਨ ਵਾਲੇ ਉਦਯੋਗਾਂ ਦੀ ਸਥਾਪਨਾ ਕਰਨਾ ਤਾਂ ਕਿ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਬਹੁਤ ਜ਼ਿਆਦਾ ਵਾਧਾ ਨਾ ਹੋ ਜਾਵੇ :
- ਬਿਮਾਰ ਘੋਸ਼ਿਤ ਕੀਤੇ ਉਦਯੋਗਿਕ ਯੂਨਿਟਾਂ ਨੂੰ ਅਪਨਾਉਣਾ :
- ਨਿਰੰਤਰ ਆਰਥਿਕ ਵਿਕਾਸ ਲਈ ਵਪਾਰਕ ਬੱਚਤਾਂ ਦੀ ਸਹੀ ਵਰਤੋਂ ਕਰਨਾਂ ਅਤੇ
- ਆਰਥਿਕ ਵਿਕਾਸ ਵਾਸਤੇ ਮੁੱਢਲੇ ਢਾਂਚੇ (Basic Structure) ਦੀ ਸਥਾਪਨਾ ਕਰਨਾ।

ਇਨ੍ਹਾਂ ਉਪਰ ਦਿੱਤੇ ਕਾਰਨਾਂ ਤੋਂ ਇੰਜ ਲਗਦਾ ਹੈ ਕਿ ਸਮਾਜਿਕ ਅਤੇ ਆਰਥਿਕ ਵਿਕਾਸ ਦੇਸ਼ ਨੂੰ ਸਮਾਜਵਾਦ ਵੱਲ ਲੈ ਜਾਵੇਗਾ ਪਰ ਜਦੋਂ ਇਹ ਉਦੇਸ਼ ਵੀ ਨਾਲ ਹੀ ਦਿੱਤਾ ਜਾਂਦਾ ਹੈ ਕਿ ਸਰਵਜਨਕ ਖੇਤਰ ਦਾ ਵਿਕਾਸ ਨਿੱਜੀ ਖੇਤਰ ਵਿਚ ਹੋ ਰਹੇ ਨਿਵੇਸ਼ ਦੀ ਸਹਾਇਤਾ ਲਈ ਵੀ ਹੋਵੇਗਾ ਅਤੇ ਸਰਵਜਨਕ ਖੇਤਰ ਦਾ ਵਿਕਾਸ ਨਿੱਜੀ ਖੇਤਰ ਨਾਲ ਮੁਕਾਬਲਾ ਕਰਨ ਲਈ ਨਹੀਂ ਸਗੋਂ ਵਿੱਤੀ ਸਾਧਨਾਂ ਵਿਚ ਸਹਾਇਤਾ ਕਰਨ ਵਾਸਤੇ ਹੈ ਤਾਂ ਉਦੇਸ਼ਾਂ ਦਾ ਸਹੀ ਅਰਥਾਂ ਵਿਚ ਚਿੱਤਰ ਸਪਸ਼ਟ ਹੋ ਜਾਂਦਾ ਹੈ। ਉਦਯੋਗਿਕ ਨੀਤੀ ਵਿਚ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਜਿਹੜੇ ਖੇਤਰਾਂ ਵਿਚ ਨਿਵੇਸ਼ ਕਰਨਾ ਆਸਾਨ ਨਹੀਂ ਜਾਂ ਜਿਹੜੇ ਖੇਤਰ ਜੋਖਮ ਭਰੇ ਹਨ, ਅਨਿਸ਼ਚਿਤਤਾ ਜ਼ਿਆਦਾ ਹੈ, ਨਿਵੇਸ਼ ਤੋਂ ਲਾਭ ਦਾ ਪ੍ਰਤੀਫਲ ਘੱਟ ਹੈ ਜਾਂ ਫਿਰ ਇਕੋ ਵਾਰ ਕਾਫੀ ਜ਼ਿਆਦਾ ਮਾਤਰਾ ਵਿਚ ਨਿਵੇਸ਼ ਦੀ ਜ਼ਰੂਰਤ ਹੈ ਉਨ੍ਹਾਂ ਖੇਤਰਾਂ ਵਿਚ ਸਰਵਜਨਕ ਖੇਤਰ ਹੀ ਨਿਵੇਸ਼ ਕਰੇਗਾ, ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਸਰਵਜਨਕ ਖੇਤਰ ਦਾ ਨਿਵੇਸ਼ ਕਰਨ ਦੇ ਇਹ ਉਦੇਸ਼ ਹੇਠਾਂ ਲਿਖੇ ਹਨ:

**2.5.3.4 ਸਰਵਜਨਕ ਖੇਤਰ ਦੇ ਉਦੇਸ਼ (Objectives of Public Sector)** : ਭਾਵੇਂ ਸਰਵਜਨਕ ਖੇਤਰ ਦੇ ਉਦੇਸ਼ ਇਸ ਦੀ ਸਥਾਪਨਾ ਅਤੇ ਵਿਕਾਸ ਕਰਨ ਦੀ ਜ਼ਰੂਰਤ ਦੇ ਨਾਲ ਕਾਫੀ ਹਦ ਤੱਕ ਮਿਲਕੇ ਜੁੜਦੇ ਹਨ ਪਰ ਫਿਰ ਵੀ ਇਸ ਦੇ ਵੱਖਰੇ ਤੌਰ ਤੇ ਉਲੀਕੇ ਗਏ ਉਦੇਸ਼ ਹੇਠਾਂ ਲਿਖੇ ਹਨ:

- ਸੰਰਚਨਾਤਮਕ ਢਾਂਚੇ ਦੀ ਸਥਾਪਨਾ ਅਤੇ ਵਿਸਥਾਰ ਨਾਲ ਸਮੁੱਚੇ ਆਰਥਿਕ ਵਿਕਾਸ ਦੀ ਦਰ ਵਿਚ ਵਾਧਾ ਕਰਨਾ।
- ਆਰਥਿਕ ਵਿਕਾਸ ਵਾਸਤੇ ਵਿੱਤੀ ਸਾਧਨ ਪੈਦਾ ਕਰਨੇ
- ਆਮਦਨ ਅਤੇ ਧਨ ਦੀ ਸਮਾਨ ਵੰਡ ਨੂੰ ਉਤਸ਼ਾਹਿਤ ਕਰਨਾ

- ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨੇ;
- ਸੰਤੁਲਿਤ ਖੇਤਰੀ ਵਿਕਾਸ ਦੇ ਯਤਨ ਕਰਨੇ;
- ਛੋਟੇ ਅਤੇ ਸਹਾਇਕ ਉਦਯੋਗਾਂ ਦੇ ਵਿਕਾਸ ਵੱਲ ਖਾਸ ਤਵਜੋਂ ਦੇਣਾ ਅਤੇ
- ਨਿਰਯਾਤ ਪ੍ਰੋਤਸਾਹਨ (Export Promotion) ਅਤੇ ਆਯਾਤ ਪ੍ਰਤੀਸਥਾਪਨ (Import Substitution) ਲਈ ਯਤਨ ਕਰਨੇ।

ਸ਼ੁਰੂ ਵਿਚ ਪ੍ਰਬੰਧਕੀ ਤੌਰ ਤੇ ਸਰਵਜਨਕ ਖੇਤਰ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ।

ਵਿਭਾਗੀ ਪ੍ਰਬੰਧ (Departmentally Managed)
ਵਿਭਾਗੀ ਬੋਰਡ ਦਾ ਪ੍ਰਬੰਧ (Managed by Departmental Board)
ਪਬਲਿਕ ਕਾਰਪੋਰੇਸ਼ਨ (Public Corporations) ਅਤੇ
ਪਬਲਿਕ ਕੰਪਨੀਆਂ (Organised as Public Companies)

**ਸਵੈ-ਅਭਿਆਸ ਲਈ ਪ੍ਰਸ਼ਨ**

(ੳ) ਤੁਹਾਡੇ ਵਿਚਾਰ ਅਨੁਸਾਰ ਸਰਵਜਨਕ ਖੇਤਰ ਦੀ ਸਥਾਪਨਾ ਦੀ ਕੀ ਜ਼ਰੂਰਤ ਸੀ?

___

___

___

___

___

(ਅ) ਸਰਵਜਨਕ ਖੇਤਰ ਦੀ ਵਿਭਾਗੀ ਜਾਂ ਪ੍ਰਬੰਧਕੀ ਵੰਡ ਬਾਰੇ ਤੁਸੀਂ ਕੀ ਜਾਣਦੇ ਹੋ?

___

___

___

___

___

## 2.5.4 ਸਰਵਜਨਕ ਖੇਤਰ ਦਾ ਵਾਧਾ ਅਤੇ ਵਿਕਾਸ (Evolution and Growth of Public Sector) :

(i) ਆਜ਼ਾਦੀ ਤੋਂ ਬਾਅਦ ਸਹੀ ਅਰਥਾਂ ਵਿਚ ਸਰਵਜਨਕ ਖੇਤਰ ਦਾ ਵਿਕਾਸ 1948 ਵਿਚ ਉਦਯੋਗਿਕ ਨੀਤੀ ਦੀ ਘੋਸ਼ਣਾ ਤੋਂ ਬਾਅਦ ਸ਼ੁਰੂ ਹੋਇਆ ਅਤੇ 1956 ਦੀ ਉਦਯੋਗਿਕ ਨੀਤੀ ਵਿਚ ਇਸਦੇ ਵਿਕਾਸ ਵੱਲ ਉਚੇਚੇ ਤੌਰ ਤੇ ਧਿਆਨ ਦਿੱਤਾ ਗਿਆ। ਇਵੇਂ ਹੀ 1950–51 ਦੌਰਾਨ ਪੰਜ ਸਾਲਾ ਯੋਜਨਾਵਾਂ ਵਿਚ ਸਰਵਜਨਕ ਖੇਤਰ ਦੁਆਰਾ ਕੀਤੇ ਜਾਣ ਵਾਲੇ ਨਿਵੇਸ਼ ਅਤੇ ਕੁਲ ਬਜਟ ਵਿਚ ਵਿੱਤੀ ਸਾਧਨਾਂ ਨੂੰ ਵਿਸ਼ੇਸ਼ ਸਥਾਨ ਪਰਦਾਨ ਕੀਤਾ ਗਿਆ।

ਪਹਿਲੀਆਂ ਦੋਵੇਂ ਉਦਯੋਗਿਕ ਨੀਤੀਆਂ ਵਿਚ ਸਾਰੇ ਉਦਯੋਗਿਕ ਖੇਤਰ ਦੀ ਉਦਯੋਗਾਂ ਦੀ ਮਹੱਤਤਾ ਅਨੁਸਾਰ ਵੰਡ ਕੀਤੀ ਗਈ ਅਤੇ ਇਹ ਮਿਥਿਆ ਗਿਆ ਕਿ ਉਹ ਉਦਯੋਗ ਜਿਹੜੇ ਸਭ ਤੋਂ ਮਹੱਤਵਪੂਰਨ ਹਨ; ਸੁਰੱਖਿਆ ਦੇ ਪੱਖ ਤੋਂ ਅਹਿਮੀਅਤ ਰੱਖਦੇ ਹਨ, ਸੰਰਚਨਾਤਮਕ ਢਾਂਚੇ ਦਾ ਆਧਾਰ ਹਨ, ਉਨ੍ਹਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਕੇਵਲ ਸਰਵਜਨਕ ਖੇਤਰ ਦੀ ਹੋਵੇਗੀ। (Exclusive monopoly of the State) ਦੂਜੇ ਖੇਤਰ ਵਿਚ ਉਹ ਉਦਯੋਗ ਰੱਖੇ ਗਏ ਜਿਨ੍ਹਾਂ ਦੇ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਤਾਂ ਸਰਕਾਰ ਦੀ ਹੋਵੇਗੀ ਪਰ ਜੇਕਰ ਨਿੱਜੀ ਖੇਤਰ ਚਾਹੇ ਤਾਂ ਆਪਣੀ

ਜ਼ਿੰਮੇਵਾਰੀ ਤੇ ਨਿਵੇਸ਼ ਕਰ ਸਕਦਾ ਹੈ। ਪਰ ਨਾਲ ਹੀ ਇਹ ਸ਼ਰਤ ਵੀ ਰੱਖੀ ਗਈ ਕਿ ਸਰਕਾਰ ਜਦੋਂ ਚਾਹੇ ਨਿੱਜੀ ਖੇਤਰ ਦੀ ਸੰਪਤੀ ਜਾਂ ਇਸ ਦੇ ਅਧਿਕਾਰ ਅਧੀਨ ਆਉਂਦੇ ਉਦਮਾਂ (enterprises) ਦਾ 15 ਸਾਲ ਦੇ ਸਮੇਂ ਵਿਚ ਕਿਸੇ ਵੇਲੇ ਵੀ ਰਾਸ਼ਟਰੀਕਰਨ ਕਰ ਸਕਦਾ ਹੈ। (Progressively owned by the State) ਬਾਕੀ ਦੇ ਰਹਿੰਦੇ ਖੇਤਰਾਂ ਨੂੰ ਤੀਜੀ ਸ਼੍ਰੇਣੀ ਦੇ ਵਿਚ ਰੱਖਿਆ ਗਿਆ, ਜਿਸ ਵਿਚ ਸਰਵਜਨਕ ਖੇਤਰ ਦੇ ਨਾਲ ਨਾਲ ਨਿੱਜੀ ਖੇਤਰ ਵੀ ਨਿਵੇਸ਼ ਕਰ ਸਕਦਾ ਸੀ। ਉਦਯੋਗਿਕ ਨੀਤੀਆਂ ਵਿਚ ਸਮੇਂ ਸਮੇਂ ਤੇ ਬਦਲਦੇ ਹਾਲਤਾਂ ਅਨੁਸਾਰ ਸੁਧਾਰ ਕੀਤੇ ਗਏ।

(ii) ਇਵੇਂ ਹੀ ਪੰਜ ਸਾਲਾ ਯੋਜਨਾਵਾਂ ਤਹਿਤ ਸਰਵਜਨਕ ਖੇਤਰ ਦਾ ਵਿਕਾਸ ਹੋਇਆ। ਪੰਜ ਸਾਲਾ ਯੋਜਨਾਵਾਂ ਦੀ ਜੁਗਤ ਵਿਚ ਜਿਵੇਂ ਜਿਵੇਂ ਤਬਦੀਲੀ ਹੁੰਦੀ ਗਈ ਉਵੇਂ ਉਵੇਂ ਹੀ ਸਰਵਜਨਕ ਖੇਤਰ ਦੀ ਭੂਮਿਕਾ ਵੀ ਪ੍ਰਭਾਵਿਤ ਹੁੰਦੀ ਰਹੀ ਹੈ। ਪਰ ਫਿਰ ਵੀ ਹੇਠਾਂ ਦਿੱਤੇ ਕੁਝ ਨੁਕਤਿਆਂ ਦੀ ਸਹਾਇਤਾ ਨਾਲ ਅਸੀਂ ਨਿਸ਼ਚੇ ਹੀ ਕਹਿ ਸਕਦੇ ਹਾਂ ਕਿ 1950-51 (ਪਹਿਲੀ ਪੰਜ ਸਾਲਾ ਯੋਜਨਾ) ਤੋਂ ਲੈਕੇ ਹੁਣ ਤਕ ਸਰਵਜਨਕ ਖੇਤਰ ਨੇ ਕਈ ਖਿਤਿਆਂ ਵਿਚ ਬਹੁਤ ਹੀ ਤੇਜ਼ੀ ਨਾਲ ਵਿਕਾਸ ਕੀਤਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸਰਵਜਨਕ ਖੇਤਰ ਦੇ ਵਿਕਾਸ ਦੇ ਦੋ ਜ਼ਰੀਏ ਸਨ – ਪਹਿਲਾ, ਪੰਜ ਸਾਲਾ ਯੋਜਨਾਵਾਂ ਅਤੇ ਦੂਜਾ, ਉਦਯੋਗਿਕ ਨੀਤੀਆਂ।

**2.5.4.1 ਕੇਂਦਰੀ ਸਰਕਾਰ ਦੇ ਉਦਮਾਂ ਵਿਚ ਨਿਵੇਸ਼ ਦਾ ਵਾਧਾ (Growth of Investment in Central Government Enterprises) :** ਕੇਂਦਰੀ ਸਰਕਾਰ ਦੇ ਉਦਮਾਂ ਵਿਚ ਵਾਧੇ ਦੇ ਨਾਲ ਨਾਲ ਕੇਂਦਰ ਵੱਲੋਂ ਇਨ੍ਹਾਂ ਉਦਮਾਂ ਵਿਚ ਕੀਤੇ ਜਾ ਰਹੇ ਹਰ ਨਿਵੇਸ਼ ਵਿਚ ਵੀ ਕਈ ਗੁਣਾ ਵਾਧਾ ਹੋਇਆ ਹੈ। ਇਹ ਤਾਲਿਕਾ ਨੰਬਰ 1 ਵਿਚ ਦਿੱਤਾ ਗਿਆ ਹੈ।

ਤਾਲਿਕਾ – 1

**ਯੋਜਨਾ ਕਾਲ ਦੌਰਾਨ ਕੇਂਦਰ ਸਰਕਾਰ ਦੇ ਉਦਯੋਗਾਂ ਦੀ ਗਿਣਤੀ ਅਤੇ ਨਿਵੇਸ਼**

(**Growth of Investment in Central Government Enterprises**)

| 31 ਮਾਰਚ ਵੇਲੇ | | ਯੂਨਿਟਾਂ ਦੀ ਗਿਣਤੀ | ਕੁਲ ਨਿਵੇਸ਼ (ਰੁਪਏ ਕਰੋੜ) |
|---|---|---|---|
| 1951 | (ਪਹਿਲੀ ਯੋਜਨਾ) | 5 | 29 |
| 1956 | (ਦੂਜੀ ਯੋਜਨਾ) | 21 | 81 |
| 1961 | (ਤੀਜੀ ਯੋਜਨਾ) | 47 | 948 |
| 1969 | (ਚੌਥੀ ਯੋਜਨਾ) | 84 | 3897 |
| 1974 | (ਪੰਜਵੀਂ ਯੋਜਨਾ) | 122 | 6237 |
| 1980 | (ਛੇਵੀਂ ਯੋਜਨਾ) | 179 | 18150 |
| 1990 | | 233 | 99330 |
| 2002 | (ਦਸਵੀਂ ਯੋਜਨਾ) | 240 | 324632 |
| 2010 | | 217 | 579920 |
| 2012 | | 225 | 729228 |
| 2014 | | 234 | 992971 |

**Source :** Datt & Sundharam Indian Economy :- Gaurav Datt and Ashwani Mahajan.

ਤਾਲਿਕਾ–1 ਤੋਂ ਸਪਸ਼ਟ ਹੈ ਕਿ ਕੇਂਦਰੀ ਸਰਕਾਰ ਦੁਆਰਾ ਪੰਜ ਸਾਲਾ ਯੋਜਨਾਵਾਂ ਦੌਰਾਨ ਭਾਰੀ ਨਿਵੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਦਯੋਗਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ। ਪਹਿਲੀ ਯੋਜਨਾ ਦੇ ਸ਼ੁਰੂ ਹੋਣ ਵੇਲੇ ਕੇਂਦਰ ਸਰਕਾਰ ਦੇ ਉਦਮਾਂ ਦੀ ਗਿਣਤੀ ਕੇਵਲ 5 ਸੀ, ਜਿਸ ਵਿਚ 29 ਕਰੋੜ ਰੁਪਏ ਦਾ ਨਿਵੇਸ਼ ਸੀ। ਦੂਜੀ ਯੋਜਨਾ ਵਿਚ ਇਨ੍ਹਾਂ ਉਦਯੋਗਾਂ ਵਿਚ 4 ਗੁਣਾ ਤੋਂ ਵੱਧ ਵਾਧਾ ਹੋਇਆ ਅਰਥਾਤ 5 ਤੋਂ ਗਿਣਤੀ ਵੱਧਕੇ 21 ਹੋ ਗਈ ਅਤੇ ਨਿਵੇਸ਼ 81 ਕਰੋੜ ਰੁਪਏ ਹੋ ਗਿਆ। ਇਸ ਦਾ ਕਾਰਨ ਇਹ ਸੀ ਕਿ ਦੂਜੀ ਯੋਜਨਾ ਦੌਰਾਨ ਭਾਰੀ ਉਦਯੋਗਾਂ ਦੀ ਨੀਤੀ ਨੂੰ ਅਪਣਾਇਆ ਗਿਆ, ਜਿਸ ਤਹਿਤ ਲੋਹਾਂ ਅਤੇ ਇਸਪਾਤ ਦੇ ਉਦਯੋਗ ਅਤੇ ਹੋਰ ਅਧਾਰ ਭੂਤ ਉਦਯੋਗਾਂ ਵਿਚ ਨਿਵੇਸ਼ ਕੀਤਾ ਗਿਆ। ਇਸ ਤੋਂ ਬਾਅਦ ਕੇਂਦਰ ਦੇ ਉਦਮਾਂ ਵਿਚ ਲਗਾਤਾਰ ਵਾਧਾ ਹੁੰਦਾ ਗਿਆ ਜਿਹੜਾ 1990–91 ਤਕ ਜਾਰੀ ਰਿਹਾ। ਇਸ ਤੋਂ ਬਾਅਦ ਨਵੀਂ ਆਰਥਿਕ ਨੀਤੀ ਦੀ ਘੋਸ਼ਣਾ ਕੀਤੀ ਗਈ। ਸਰਵਜਨਕ ਖੇਤਰ ਦੀ ਕਈ ਕਾਰਨਾਂ ਕਰਕੇ ਆਲੋਚਨਾ ਹੋਈ ਅਤੇ ਇਥੇ ਅਪ-ਨਿਵੇਸ਼ (Disinvestment) ਦੀ ਨੀਤੀ ਲਾਗੂ ਹੋ ਗਈ ਹੈ। ਜਿਸ ਕਾਰਨ ਕੇਂਦਰ ਦੇ ਉਦਯੋਗਾਂ ਵਿਚ ਕੁਝ ਕਮੀ ਆਈ ਹੈ। ਫਿਰ ਵੀ ਜੇਕਰ ਯੋਜਨਾ ਕਾਲ ਦੇ ਆਰੰਭ ਤੋਂ ਲੈ ਕੇ ਹੁਣ ਦਸਵੀਂ ਪੰਜ ਸਾਲਾ ਯੋਜਨਾ ਤੱਕ ਵਿਕਾਸ ਨੂੰ ਦੇਖੀਏ ਤਾਂ ਇਸ ਵਿਚ ਨਿਸਚੇ ਹੀ ਭਾਰੀ ਵਾਧਾ ਹੋਇਆ ਨਜ਼ਰ ਆਉਂਦਾ ਹੈ।

**2.5.4.2 ਕੇਂਦਰੀ ਸਰਕਾਰ ਦੇ ਉਦਯੋਗਾਂ ਵਿਚ ਨਿਵੇਸ਼ ਦਾ ਵਿਵਰਣ (Break up of Investment in Central Government Enterprises) :** ਨਿਵੇਸ਼ ਵਿਵਰਣ ਤੋਂ ਭਾਵ ਹੈ ਕਿ ਸਰਕਾਰੀ ਖੇਤਰ ਦੁਆਰਾ ਇਸ ਕਿਸਮ ਦੇ ਉਦਯੋਗਾਂ ਵਿਚ ਨਿਵੇਸ਼ ਹੋ ਰਿਹਾ ਹੈ ਅਤੇ ਇਸ ਨਿਵੇਸ਼ ਵਿਚ ਕਿਸ ਪ੍ਰਕਾਰ ਦੀ ਤਬਦੀਲੀ ਆਈ ਹੈ। ਕੇਂਦਰ ਸਰਕਾਰ ਦੇ ਉਦਯੋਗਾਂ ਨੂੰ ਅਸੀ ਤਿੰਨ ਸ਼੍ਰੇਣੀਆਂ ਵਿਚ ਵੰਡਦੇ ਹਾਂ। ਇਹ ਸ਼੍ਰੇਣੀਆਂ ਹਨ :

- ਉਸਾਰੀ ਅਧੀਨ ਉਦਯੋਗ;
- ਵਸਤਾਂ ਦਾ ਉਤਪਾਦਨ ਕਰਨ ਅਤੇ ਵੇਚਣ ਵਾਲੇ ਉਦਯੋਗ ਅਤੇ
- ਸੇਵਾਵਾਂ ਪ੍ਰਦਾਨ ਕਰਨ ਵਾਲੇ ਉਦਯੋਗ।

ਇਨ੍ਹਾਂ ਉੱਪਰ ਦਿੱਤੀਆਂ ਤਿੰਨ ਸ਼੍ਰੇਣੀਆਂ ਵਿਚੋਂ ਸਭ ਤੋਂ ਵੱਧ ਨਿਵੇਸ਼ ਦੂਜੀ ਸ਼੍ਰੇਣੀ ਦੇ ਉਦਯੋਗਾਂ ਵਿਚ ਹੋ ਰਿਹਾ ਹੈ। ਇਸ ਸ਼੍ਰੇਣੀ ਵਿਚ ਸਟੀਲ, ਕੋਲਾ ਅਤੇ ਲਿਗਨਾਈਟ, ਪੈਟਰੋਲੀਅਮ, ਪਾਵਰ, ਖਾਦਾਂ, ਕੈਮੀਕਲਜ਼ ਅਤੇ ਫਾਰਮਾਸੀਊਟੀਕਲਜ਼, ਖਣਿਜ਼ ਅਤੇ ਧਾਤਾਂ, ਟੈਕਸਟਾਈਲ, ਇੰਜੀਨੀਅਰਿੰਗ ਦਾ ਸਮਾਨ, ਉਪਭੋਗ ਦੀਆਂ ਵਸਤਾਂ, ਆਵਾਜਾਈ ਦਾ ਸਾਜ਼ੋ ਸਮਾਜ ਅਤੇ ਐਗਰੋ ਬੇਸਡ ਉਦਯੋਗ ਆਉਂਦੇ ਹਨ। ਸੇਵਾਵਾਂ ਪ੍ਰਦਾਨ ਕਰਨ ਵਾਲੇ ਉੱਦਮ ਜਾਂ ਉਦਯੋਗ ਹਨ – ਵਿੱਤੀ ਸੇਵਾਵਾਂ, ਉਦਯੋਗਿਕ ਵਿਕਾਸ ਅਤੇ ਤਕਨੀਕੀ ਸਲਾਹ ਸੇਵਾਵਾਂ, ਆਵਾਜਾਈ ਦੀਆਂ ਸੇਵਾਵਾਂ, ਸੰਚਾਰ ਸੇਵਾਵਾਂ ਅਤੇ ਹੋਰ ਫੁਟਕਲ ਸੇਵਾਵਾਂ। ਇਨ੍ਹਾਂ ਦਾ ਵਿਵਰਣ ਸਹਿਤ ਨਿਵੇਸ਼ ਤਾਲਿਕਾ – 2 ਵਿਚ ਸਪਸ਼ਟ ਹੈ।

**ਤਾਲਿਕਾ – 2**

**ਕੇਂਦਰੀ ਸਰਕਾਰ ਦੇ ਉਦਯੋਗਾਂ ਵਿਚ ਨਿਵੇਸ਼ ਦਾ ਵਿਵਰਣ**

**(Break-up of Investment in Central Government Enterprises)**

| | | 1980–81 | 1990–91 | 2003–04 | 2004–05 | 2008–09 |
|---|---|---|---|---|---|---|
| 1. | ਉਸਾਰੀ ਅਧੀਨ ਉਦਯੋਗ | 1884 | 69 | 6155 | 6618 | 492 |
| | (Enterprises Under Construction) | (8.9) | (0.6) | (1.8) | (1.8) | (.06) |
| 2. | ਵਸਤਾਂ ਦਾ ਉਤਪਾਦਨ/ਵੇਚਣ ਵਾਲੇ ਉਦਯੋਗ | 15,423 | 8,6586 | 213392 | 211058 | – |
| | (Enterprises Producing/Selling Goods) | (73.0) | (76.5) | (61.1) | (59.0) | – |

| | | | | | |
|---|---|---|---|---|---|
| 3. ਸੇਵਾਵਾਂ ਪ੍ਰਦਾਨ ਕਰਨ ਵਾਲੇ ਉਦਯੋਗ (Enterprises Producing Services) | 38.19 (18.1) | 25956 (22.9) | 129662 (37.1) | 140173 (39.2) | 209047 (25.6) |
| ਕੁੱਲ ਨਿਵੇਸ਼ (ਕਰੋੜ ਰੁਪਏ) | 21,126 (100.0) | 1138234 (100.0) | 349209 (100.0) | 357849 (100.0) | 815140 (100.0) |

ਨੋਟ : ਬਰੈਕਟਾਂ ਵਿਚ ਕੁੱਲ ਦਾ ਪ੍ਰਤੀਸ਼ਤ ਦਰਸਾਇਆ ਗਿਆ ਹੈ।

**Source :** Datt & Sundharam Indian Economy :- Gaurav Datt and Ashwani Mahajan.

ਤਾਲਿਕਾ–2 ਦੇ ਵਿਵਰਣ ਤੋਂ ਪਤਾ ਲੱਗਦਾ ਹੈ ਕਿ 1980–81 ਦੇ ਮੁਕਾਬਲੇ ਉਸਾਰੀ ਅਧੀਨ ਉਦਯੋਗਾਂ ਦਾ ਨਿਵੇਸ਼ ਤੇਜ਼ੀ ਨਾਲ ਘਟਿਆ ਹੈ ਭਾਵੇਂ 1990–91 ਦੌਰਾਨ ਇਨ੍ਹਾਂ ਉਦਯੋਗਾਂ ਵਿਚ ਨਿਵੇਸ਼। ਪ੍ਰਤੀਸ਼ਤ ਤੋਂ ਵੀ ਘੱਟ ਸੀ। ਇਵੇਂ ਹੀ ਵਸਤਾਂ ਦਾ ਉਤਪਾਦਨ ਕਰਨ ਵਾਲੇ ਉਦਯੋਗਾਂ ਵਿਚ 1990–91 ਦੌਰਾਨ ਕੁਝ ਵਾਧਾ ਹੋਇਆ, ਪਰ ਫਿਰ ਇਸ ਦਾ ਪ੍ਰਤੀਸ਼ਤ ਘੱਟ ਕੇ 61.1 ਤੱਕ ਰਹਿ ਗਿਆ। ਦੂਜੀ ਸ਼੍ਰੇਣੀ ਵਿਚ ਦਿੱਤੇ ਉਦਯੋਗਾਂ ਵਿਚ ਸਭ ਤੋਂ ਵੱਧ ਨਿਵੇਸ਼ ਪਾਵਰ (19.5 ਪ੍ਰਤੀਸ਼ਤ), ਅਤੇ ਪੈਟਰੋਲੀਅਮ (9.2 ਪ੍ਰਤੀਸ਼ਤ) ਵਿਚ ਹੋਇਆ ਹੈ। ਭਾਵੇਂ ਸਰਕਾਰ ਦੀ ਨੀਤੀ ਐਗਰੋ ਬੇਸਡ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਦੀ ਹੈ ਪਰ ਇਨ੍ਹਾਂ ਉਦਯੋਗਾਂ ਵਿਚ ਨਿਵੇਸ਼ ਨਾ–ਮਾਤਰ ਹੋ ਰਿਹਾ ਹੈ, ਜਿਹੜਾ ਕਾਫੀ ਚਿੰਤਾ ਦਾ ਵਿਸ਼ਾ ਹੈ। ਇਸ ਦੇ ਮੁਕਾਬਲੇ ਤੇ ਸੇਵਾਵਾਂ ਵਿਚ ਨਿਵੇਸ਼ ਲਗਾਤਾਰ ਵੱਧ ਰਿਹਾ ਹੈ। 1980–81 ਵਿਚ 18.1 ਪ੍ਰਤੀਸ਼ਤ ਤੋਂ ਵੱਧ ਕੇ 2003–04 ਵਿਚ 37.1 ਪ੍ਰਤੀਸ਼ਤ ਹੋ ਗਿਆ ਹੈ।ਇਨ੍ਹਾਂ ਸੇਵਾਵਾਂ ਵਿਚ ਸਭ ਤੋਂ ਵੱਧ ਮਹੱਤਵ ਵਿੱਤੀ ਸੇਵਾ (21.2 ਪ੍ਰਤੀਸ਼ਤ) ਦਾ ਹੈ। ਜਿਹੜਾ 1990–91 ਵਿਚ 11.8 ਪ੍ਰਤੀਸ਼ਤ ਸੀ। ਦੂਜਾ ਸਥਾਨ ਦੂਰ ਸੰਚਾਰ ਦੀਆਂ ਸੇਵਾਵਾਂ ਦਾ ਹੈ ਜਿਥੇ 2003–04 ਦੌਰਾਨ 6.2 ਪ੍ਰਤੀਸ਼ਤ ਨਿਵੇਸ਼ ਹੋਇਆ। ਉੱਪਰ ਦਿੱਤੀ ਵਿਆਖਿਆ ਤੋਂ ਹੁਣ ਤੁਸੀਂ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਭਲੀ–ਭਾਂਤ ਦੇ ਸਕਦੇ ਹੋ।

(ੳ) ਕੇਂਦਰੀ ਸਰਕਾਰ ਦੇ ਉਦਯੋਗਾਂ ਵਿਚ ਨਿਵੇਸ਼ ਵਿਚ ਤਬਦੀਲੀ ਕਿਸ ਵੇਲੇ ਆਈ ਅਤੇ ਕਿਉਂ?

(ਅ) ਕੇਂਦਰੀ ਸਰਕਾਰ ਦੇ ਉਦਯੋਗਾਂ ਵਿਚ ਨਿਵੇਸ਼ ਦੇ ਵਿਵਰਣ ਤੋਂ ਕੀ ਭਾਵ ਹੈ?

**2.5.5 ਸਰਵਜਨਕ ਖੇਤਰ ਦੀ ਭਾਰਤੀ ਅਰਥ ਵਿਵਸਥਾ ਵਿਚ ਯੋਗਦਾਨ (Role of Public Sector in Indian Economy) :** ਸਰਵਜਨਕ ਖੇਤਰ ਪਿਛਲੇ 50–55 ਸਾਲਾਂ ਤੋਂ ਆਰਥਿਕ ਵਿਕਾਸ ਵਿਚ ਕਾਫੀ ਯੋਗਦਾਨ ਪਾ ਰਿਹਾ ਹੈ। ਆਰਥਿਕ ਵਿਕਾਸ ਦੀ ਦਰ ਦੇ ਵਾਧੇ ਵਿਚ ਇਸ ਖੇਤਰ ਦੀ ਖਾਸ ਭੂਮਿਕਾ ਰਹੀ ਹੈ। ਨਾ–ਕੇਵਲ ਉਦਯੋਗ ਹੀ, ਸਗੋਂ ਹੋਰ ਬਹੁਤ ਸਾਰੇ ਖੇਤਰਾਂ ਵਿਚ

ਇਸ ਦਾ ਮਹੱਤਵਪੂਰਨ ਯੋਗਦਾਨ ਹੈ। ਉਦਯੋਗਿਕ ਵਿਕਾਸ ਵਿਚ ਤੇਜ਼ੀ ਧਨ ਦੀ ਬਰਾਬਰ ਵੰਡ, ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨੇ, ਆਯਾਤ ਪ੍ਰਤੀਸਥਾਪਨ ਅਤੇ ਨਿਰਯਾਤ ਵਧਾ ਕੇ (ਪ੍ਰੋਤਸਾਹਨ) ਆਦਿ ਕਾਰਜਾਂ ਨਾਲ ਸਰਵਜਨਕ ਖੇਤਰ ਆਪਣੀ ਨਿਰੰਤਰ ਭੂਮਿਕਾ ਨਿਭਾ ਰਿਹਾ ਹੈ। ਸਰਵਜਨਕ ਖੇਤਰ ਦੀ ਭਾਰਤੀ ਅਰਥ ਵਿਵਸਥਾ ਵਿਚ ਕੀ ਭੂਮਿਕਾ ਹੈ ਜਾਂ ਇਸ ਨੇ ਕੀ ਯੋਗਦਾਨ ਪਾਇਆ ਹੈ, ਉਹ ਹੇਠਾਂ ਦਿੱਤੀ ਵਿਆਖਿਆ ਤੋਂ ਸਪਸ਼ਟ ਹੈ।

**2.5.5.1 ਸਰਵਜਨਕ ਖੇਤਰ ਦਾ ਰੁਜ਼ਗਾਰ ਵਿਚ ਹਿੱਸਾ (Share of Public Sector in Employment):** ਸਰਵਜਨਕ ਖੇਤਰ ਵਿਚ ਦੋ ਪ੍ਰਕਾਰ ਦੀਆਂ ਸ਼੍ਰੇਣੀਆਂ (categories) ਹਨ ਜਿਹੜੀਆਂ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਦੀਆਂ ਹਨ। ਇਕ ਸਰਕਾਰ ਦਾ ਪ੍ਰਬੰਧਕੀ ਵਿਭਾਗ, ਸੁਰੱਖਿਆ ਅਤੇ ਹੋਰ ਸਰਕਾਰੀ ਅਦਾਰੇ ਜਿਵੇਂ ਸਿਹਤ, ਸਿੱਖਿਆ, ਖੋਜ ਅਤ ਵਿਕਾਸ ਅਤੇ ਹੋਰ ਅਜਿਹੇ ਕੰਮ ਜਿਹੜੇ ਆਰਥਿਕ ਵਿਕਾਸ ਵਾਸਤੇ ਲੋੜੀਂਦੇ ਹਨ, ਦੂਜੇ ਖਾਸ ਸਰਵਜਨਕ ਖੇਤਰ ਜਿਸ ਵਿਚ ਉਹ ਆਰਥਿਕ ਉੱਦਮ (enterprises) ਜਿਹੜੇ ਕੇਂਦਰ ਰਾਜ ਅਤੇ ਲੋਕਲ ਜਾਂ ਸਥਾਨਕ ਸਰਕਾਰਾਂ ਦੀ ਮਾਲਕੀ ਹੇਠ ਆਉਂਦੇ ਹਨ। ਤਾਲਿਕਾ ਨੰਬਰ-3 ਵਿਚ ਸਰਵਜਨਕ ਖੇਤਰ ਦੁਆਰਾ ਰੁਜ਼ਗਾਰ ਬਾਰੇ ਸਪਸ਼ਟ ਕੀਤਾ ਗਿਆ ਹੈ ਕਿ 1981 ਤੋਂ ਲੈ ਕੇ 2008 ਤੱਕ ਕੁਲ ਰੁਜ਼ਗਾਰ ਪੈਦਾ ਕਰਨ ਦਾ ਕੀ ਰੁਝਾਨ ਰਿਹਾ ਹੈ।

**ਤਾਲਿਕਾ – 3**

**ਭਾਰਤ ਵਿਚ ਸਰਵਜਨਕ ਅਤੇ ਨਿੱਜੀ ਖੇਤਰ ਦੁਆਰਾ ਰੁਜ਼ਗਾਰ (ਲੱਖਾਂ ਵਿਚ)**

**(Public and Private Sector Employment in India) In Lakhs**

| ਸਾਲ<br>**Year** | ਸਰਵਜਨਕ ਖੇਤਰ<br>**Public Sector** | ਨਿੱਜੀ ਖੇਤਰ<br>**Private Sector** | ਕੁਲ<br>**Total** |
|---|---|---|---|
| 1981 | 155 | 74 | 229 |
| 1991 | 190 | 77 | 267 |
| 2001 | 191 | 87 | 278 |
| 2005 | 180 | 84 | 264 |
| 2008 | 177 | 98 | 275 |
| 2011 | 175 | 115 | 290 |
| 2012 | 176 | 120 | 296 |

Source : Datt and Sundharam Indian Economy

ਇਹ ਅੰਕੜੇ ਸਰਵਜਨਕ ਖੇਤਰ ਦੇ ਸੰਗਠਿਤ ਖੇਤਰ (Organised sector) ਦੇ ਹਨ। ਸਰਵਜਨਕ ਖੇਤਰ ਦੇ ਕਰਮਚਾਰੀ ਦੂਜਿਆਂ, ਨਿੱਜੀ ਖੇਤਰ ਦੇ ਕਰਮਚਾਰੀਆਂ ਨਾਲੋਂ ਕਈ ਪੱਖਾਂ ਵਿਚ ਬੇਹਤਰ ਹਨ:-

- ਰੁਜ਼ਗਾਰ ਦੀ ਨਿਸ਼ਚਿਤਤਾ;
- ਤਨਖਾਹ, ਮਜ਼ਦੂਰੀ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੇ ਭੱਤੇ, ਸਿਹਤ ਸੇਵਾਵਾਂ, ਪ੍ਰਾਵੀਡੈਂਡ ਫੰਡ, ਰਿਟਾਇਰਮੈਂਟ ਲਾਭ, ਪੈਨਸ਼ਨ ਆਦਿ;
- ਪਛੜੇ ਖੇਤਰਾਂ ਵਿਚ ਲਗੇ ਅਦਾਰਿਆਂ ਵਿਚ ਕੰਮ ਕਰਦੇ ਕਰਮਚਾਰੀਆਂ ਨੂੰ ਹੋਰ ਵੀ ਵਾਧੂ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ ਨਾਲ ਜੇਕਰ ਉਹ ਅਦਾਰੇ ਬੰਦ ਹੋ ਜਾਂਦੇ ਹਨ ਤਾਂ ਉਨ੍ਹਾਂ ਕਰਮਚਾਰੀਆਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਸਗੋਂ ਬਿਮਾਰ ਘੋਸ਼ਿਤ ਕੀਤੇ ਯੂਨਿਟਾਂ/ਅਦਾਰਿਆਂ ਦੇ ਕਰਮਚਾਰੀਆਂ ਨੂੰ ਕਿਸੇ ਹੋਰ ਅਦਾਰਿਆਂ ਵਿਚ ਰੁਜ਼ਗਾਰ ਦਿੱਤਾ ਜਾਂਦਾ ਹੈ।

**2.5.5.2 ਸਰਵਜਨਕ ਖੇਤਰ ਦਾ ਘਰੇਲੂ ਉਤਪਾਦ ਵਿਚ ਹਿੱਸਾ (Share of Public Sector in Gross Domestic Product)** : ਜਿਥੋਂ ਤੱਕ ਸਰਵਜਨਕ ਖੇਤਰ ਦਾ ਘਰੇਲੂ ਉਤਪਾਦ ਵਿਚ ਯੋਗਦਾਨ ਦਾ ਸਵਾਲ ਹੈ, ਪਿਛਲੇ ਪੰਜ ਦਹਾਕਿਆਂ ਤੋਂ ਇਸ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਚਾਲੂ ਕੀਮਤਾਂ ਤੇ 1950–51 ਵਿਚ ਇਹ ਹਿੱਸਾ 7.5 ਪ੍ਰਤੀਸ਼ਤ ਸੀ ਜਿਹੜਾ ਵੱਧ ਕੇ 1980–81 ਦੀਆਂ ਕੀਮਤਾਂ ਅਨੁਸਾਰ 1987–88 ਵਿਚ ਵੱਧਕੇ 25 ਪ੍ਰਤੀਸ਼ਤ ਹੋ ਗਿਆ। 1991–92 ਵਿਚ ਭਾਵੇਂ ਕੁਲ ਅੰਦਰੂਨੀ ਅਤੇ ਬਾਹਰਲੇ ਆਰਥਿਕ ਸੰਕਟ ਕਾਰਨ ਇਸ ਦਾ ਹਿੱਸਾ ਘੱਟ ਕੇ 23.2 ਪ੍ਰਤੀਸ਼ਤ ਅਤੇ 1995–96 ਵਿਚ 22.5 ਪ੍ਰਤੀਸ਼ਤ ਅਤੇ 1999–2000 ਵਿਚ 24.1 ਪ੍ਰਤੀਸ਼ਤ ਹੋ ਗਿਆ ਸੀ ਪਰੰਤੂ ਇਸ ਵਿਚ ਮੁੱੜ ਸੁਧਾਰ ਹੋ ਰਹੇ ਹਨ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਕੁਲ ਘਰੇਲੂ ਆਮਦਨ ਵਿਚ ਸਰਵਜਨਕ ਖੇਤਰ ਦਾ ਹਿੱਸਾ ਇਕ ਚੌਥਾਈ ਦੇ ਲਗਭਗ ਰਿਹਾ ਹੈ। ਇਸ ਵਿਚ ਜ਼ਿਆਦਾ ਖਰਚਾ ਸੁਰੱਖਿਆ ਅਤੇ ਲੋਕ ਪ੍ਰਸਾਸ਼ਨ ਆਦਿ ਉਪਰ ਹੈ।

**ਤਾਲਿਕਾ – 4**

**ਸਰਵਜਨਕ ਖੇਤਰ ਦਾ ਘਰੇਲੂ ਉਤਪਾਦਨ ਵਿਚ ਹਿੱਸਾ (ਚਾਲੂ ਕੀਮਤਾਂ ਉੱਪਰ)**

**(Share of Public Sector in GDP)**

| ਸਾਲ (**Year**) | ਸਰਵਜਨਕ ਖੇਤਰ (**Public Sector**) | ਨਿੱਜੀ ਖੇਤਰ (**Private Sector**) |
|---|---|---|
| 1950–51 | 7.5 | 92.5 |
| 1960–61 | 10.6 | 89.4 |
| 1970–71 | 14.5 | 85.5 |
| — | — | — |
| 1990–91 | 24.8 | 75.2 |
| 1999–2000 | 24.1 | 75.9 |
| 2002–03 | 23.6 | 76.4 |
| 2009–10 | 21.2 | 78.8 |

ਸਰੋਤ : ਤਾਲਿਕਾ – 3 ਵਾਲਾ ਹੀ (ibid)

**2.5.5.3 ਸਰਵਜਨਕ ਖੇਤਰ ਦਾ ਬੱਚਤਾਂ ਅਤੇ ਪੂੰਜੀ ਨਿਰਮਾਣ ਵਿਚ ਹਿੱਸਾ (Share of Public Sector in Savings and Capital Formation)** : ਯੋਜਨਾ ਕਾਲ ਦੌਰਾਨ ਕੁਲ ਘਰੇਲੂ ਬੱਚਤਾਂ ਵਿਚ ਵਾਧਾ ਹੋਣ ਕਾਰਨ ਪੂੰਜੀ ਨਿਰਮਾਣ ਵਿਚ ਵੀ ਵਾਧਾ ਹੋਇਆ ਹੈ। ਪਹਿਲੀ ਪੰਜ ਸਾਲਾ ਯੋਜਨਾ ਦੌਰਾਨ ਕੁਲ ਘਰੇਲੂ ਬੱਚਤਾਂ, ਕੁਲ ਰਾਸ਼ਟਰੀ ਉਤਪਾਦਨ ਦਾ 10.4 ਪ੍ਰਤੀਸ਼ਤ ਸਨ ਜਿਹੜੀਆਂ ਵੱਧ ਕੇ 2001–02 ਤੱਕ 24 ਪ੍ਰਤੀਸ਼ਤ ਹੋ ਗਈਆਂ। ਇਵੇਂ ਹੀ ਕੁਲ ਘਰੇਲੂ ਪੂੰਜੀ ਨਿਰਮਾਣ ਇਸੇ ਸਮੇਂ ਦੌਰਾਨ 10.7 ਪ੍ਰਤੀਸ਼ਤ ਤੋਂ ਵੱਧ ਕੇ 23.7 ਪ੍ਰਤੀਸ਼ਤ ਹੋ ਗਿਆ। ਬੱਚਤਾਂ ਅਤੇ ਪੂੰਜੀ ਨਿਰਮਾਣ ਨਾਲੋਂ ਨਾਲ ਚਲਦੇ ਹਨ।ਸਰਵਜਨਕ ਖੇਤਰ ਵਿਚ ਘਰੇਲੂ ਬੱਚਤਾਂ ਦੀ ਸਥਿਤੀ ਕੋਈ ਬਹੁਤੀ ਸੰਤੋਸ਼ਜਨਕ ਨਹੀਂ ਹੈ। ਇਸੇ ਲਈ ਪੂੰਜੀ ਨਿਰਮਾਣ ਵੀ ਜ਼ਿਆਦਾ ਨਿੱਜੀ ਖੇਤਰ ਦੁਆਰਾ ਹੀ ਹੋ ਰਿਹਾ ਹੈ।

ਇਨ੍ਹਾਂ ਬੱਚਤਾਂ ਦੇ ਸਰਵਜਨਕ ਖੇਤਰ ਵਿਚ ਘੱਟ ਹੋਣ ਦੇ ਕਈ ਕਾਰਨ ਹਨ ਜਿਵੇਂ :

- ਸਰਵਜਨਕ ਖੇਤਰ ਦੇ ਅਦਾਰਿਆਂ ਦੀ ਕੁਸ਼ਲਤਾ ਤਸਲੀਬਖਸ਼ ਨਹੀਂ, ਜਿਸ ਕਾਰਨ ਵਾਫਰ (surplus) ਬੱਚਤਾਂ ਘੱਟ ਹੁੰਦੀਆਂ ਹਨ :

- ਸਰਕਾਰੀ ਖਰਚਾ, ਆਮਦਨ ਨਾਲੋਂ ਜ਼ਿਆਦਾ ਹੋ ਰਿਹਾ ਹੈ।
- ਸਰਕਾਰ ਦਾ ਘਾਟੇ ਵਾਲਾ ਬਜਟ ਅਰਥਾਤ ਆਮਦਨ ਨਾਲੋਂ ਵੱਧ ਹੋ ਰਹੇ ਖਰਚਿਆਂ ਨੂੰ ਉਧਾਰ ਲੈ ਕੇ ਪੂਰਾ ਕਰਨਾ।

ਦੂਜੇ ਪਾਸੇ ਘੱਟ ਪੂੰਜੀ ਨਿਰਮਾਣ ਦੀ ਦਰ ਵੀ ਇਸੇ ਕਾਰਨ ਹੀ ਹੈ ਕਿ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਅਤੇ ਕਾਰਜਕੁਸ਼ਲਤਾ ਤਸੱਲੀਬਖਸ਼ ਨਹੀਂ ਹੈ ਕਿਉਂਕਿ :

- ਸਰਵਜਨਕ ਖੇਤਰ ਦਾ ਬਹੁਤਾ ਬਜਟ ਸੰਰਚਨਾਤਮਕ ਢਾਂਚੇ ਦੀ ਉਸਾਰੀ ਵਾਸਤੇ ਖਰਚ ਹੁੰਦਾ ਹੈ ਜਿਵੇਂ ਸੜਕਾਂ, ਬਿਲਡਿੰਗ, ਸਿੰਜਾਈ ਸਹੂਲਤਾਂ, ਪੁਲ ਨਿਰਮਾਣ ਆਦਿ। ਇਹ ਸਾਰੇ ਇਸ ਪ੍ਰਕਾਰ ਦੇ ਕੰਮ ਹਨ ਜਿੰਨ੍ਹਾਂ ਉਪਰ ਸਿਰਫ ਖਰਚਾ ਹੀ ਹੁੰਦਾ ਹੈ। ਭਾਵੇਂ ਇਨ੍ਹਾਂ ਦੀ ਆਰਥਿਕ ਵਿਕਾਸ ਵਿਚ ਵੱਡੀ ਭੂਮਿਕਾ ਹੈ ਪਰ ਸਿੱਧੇ ਰੂਪ ਵਿਚ ਇਨ੍ਹਾਂ ਦਾ ਉਤਪਾਦਨ ਵਿਚ ਕੋਈ ਰੋਲ ਨਹੀਂ ਹੈ। ਇਸ ਦੇ ਨਾਲ ਹੀ ਸਰਵਜਨਕ ਖੇਤਰ ਦੁਆਰਾ ਉਨ੍ਹਾਂ ਮੁੱਢਲੇ ਖੇਤਰਾਂ ਵਿਚ ਨਿਵੇਸ਼ ਹੋ ਰਿਹਾ ਹੈ। ਜਿੱਥੇ ਨਿਵੇਸ਼ ਦੀ ਮਾਤਰਾ ਜ਼ਿਆਦਾ ਹੈ (capital intensive) ਜਿਵੇਂ ਰੇਲਵੇਜ਼, ਲੋਹਾਂ ਅਤੇ ਇਸਪਾਤ, ਪਾਵਰ ਆਦਿ।
- ਸਰਵਜਨਕ ਖੇਤਰ ਦੇ ਨਿਵੇਸ਼ ਵਾਲੇ ਉਦਯੋਗਾਂ ਦਾ ਗਰਭਕਾਲ (Gestation Period) ਲੰਮਾ ਹੁੰਦਾ ਹੈ।
- ਇਕ ਹੋਰ ਕਾਰਨ ਸਰਵਜਨਕ ਖੇਤਰ ਦੀ ਘੱਟ ਕਾਰਜਕੁਸ਼ਲਤਾ ਬਾਰੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਨ੍ਹਾਂ ਅਦਾਰਿਆਂ ਵਿਚ ਸਮਰੱਥਾ ਉਪਯੋਗ (Capacity utilisation) ਵੀ ਘੱਟ ਹੁੰਦੀ ਹੈ ਜਿਸ ਕਾਰਨ ਪੂੰਜੀ ਦੇ ਮੁਕਾਬਲੇ ਉਤਪਾਦਨ ਘੱਟ ਹੁੰਦਾ ਹੈ ਅਰਥਾਤ ਉਤਪਾਦਨ ਪੂੰਜੀ ਅਨੁਪਾਤ ਘੱਟ ਹੈ :

**2.5.5.4 ਸਰਵਜਨਕ ਖੇਤਰ ਦੁਆਰਾ ਸੰਰਚਨਾਤਮਕ ਵਿਕਾਸ (nfrastructure Development by Public Sector) :** ਆਰਥਿਕ ਵਿਕਾਸ ਦਾ ਮੂਲ ਆਧਾਰ ਦੇਸ਼ ਵਿਚ ਸੰਰਚਨਾਤਮਕ ਢਾਂਚੇ ਦਾ ਵਿਕਾਸ ਹੁੰਦਾ ਹੈ। ਇਸ ਤੋਂ ਭਾਵ ਹੈ – ਆਵਾਜਾਈ ਤੇ ਸੰਚਾਰ ਤੇ ਸਾਧਨ, ਸ਼ਕਤੀ ਦੇ ਸੋਮੇ, ਮੁੱਢਲ ਅਤੇ ਆਧਾਰਭੂਤ ਉਦਯੋਗਾਂ ਦਾ ਵਿਕਾਸ ਆਦਿ ਉਪਰ ਵੱਧ ਤੋਂ ਵੱਧ ਖਰਚ ਕੀਤਾ ਜਾਵੇ। ਜਦੋਂ ਤੱਕ ਮੁੱਢਲਾ ਆਰਥਿਕ ਢਾਂਚਾ ਮਜ਼ਬੂਤ ਨਹੀਂ, ਆਰਥਿਕ ਵਿਕਾਸ ਵਿਚ ਤੇਜ਼ੀ ਸੰਭਵ ਨਹੀਂ ਪਰੰਤੂ ਇਸ ਪ੍ਰਕਾਰ ਦੇ ਢਾਂਚੇ ਦੀ ਉਸਾਰੀ ਵਾਸਤੇ ਭਾਰੀ ਮਾਤਰਾ ਵਿਚ ਪੂੰਜੀ ਨਿਵੇਸ਼ ਦੀ ਜ਼ਰੂਰਤ ਹੈ। ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ ਕਿ ਇਹੋ ਜਿਹੇ ਕਾਰਜ ਜਿੱਥੇ ਨਿਵੇਸ਼ ਭਾਰੀ ਮਾਤਰਾ ਵਿਚ ਹੋਵੇ, ਪ੍ਰਤੀਫਲ ਦੀ ਆਸ ਘਟ ਹੋਵੇ, ਪ੍ਰੋਜੈਕਟ ਦੇ ਸੰਪੂਰਨ ਹੋਣ ਵਿਚ ਸਮਾਂ ਜ਼ਿਆਦਾ ਲਗਦਾ ਹੋਵੇ ਉੱਥੇ ਨਿੱਜੀ ਖੇਤਰ ਨਿਵੇਸ਼ ਕਰਨ ਤੋਂ ਗੁਰੇਜ਼ ਕਰਦਾ ਹੈ।

ਅਸਲ ਵਿਚ ਸਰਵਜਨਕ ਖੇਤਰ ਦੀ ਸਥਾਪਨਾ ਦੀ ਜ਼ਰੂਰਤ ਹੀ ਇਸ ਕਾਰਨ ਸੀ ਕਿ ਵਿਕਾਸਸ਼ੀਲ ਅਰਥ ਵਿਵਸਥਾ ਵਾਸਤੇ ਸੰਰਚਨਾਤਮਕ ਢਾਂਚੇ ਦੀ ਉਸਾਰੀ ਕੀਤੀ ਜਾਵੇ ਜਿਸ ਉਪਰ ਹੋਰ ਉਦਯੋਗਿਕ ਵਿਕਾਸ ਹੋ ਸਕੇ।

**2.5.5.4.1 ਪਛੜੇ ਖੇਤਰਾਂ ਦਾ ਵਿਕਾਸ (Development of Backward Areas) :** ਖੇਤਰੀ ਅਸਮਾਨਤਾਵਾਂ ਨੂੰ ਦੂਰ ਕਰਨ ਵਾਸਤੇ ਅਤੇ ਸੰਤੁਲਿਤ ਵਿਕਾਸ ਲਈ ਸਰਵਜਨਕ ਖੇਤਰ ਉਨ੍ਹਾਂ ਇਲਾਕਿਆਂ ਵਿਚ ਨਿਵੇਸ਼ ਕਰ ਰਿਹਾ ਹੈ ਜਿਹੜੇ ਵਿੱਤੀ ਅਤੇ ਹੋਰ ਸਹੂਲਤਾਂ ਪਖੋਂ ਵਿਹੂਣੇ ਹਨ। ਜਿਵੇਂ ਦੂਜੀ ਪੰਜ ਸਾਲਾਂ ਯੋਜਨਾ ਦੌਰਾਨ ਤਿੰਨ ਸਟੀਲ ਪਲਾਂਟ – ਭਲਾਈ, ਰੂੜਕੇਲਾ ਅਤੇ ਦੁਰਗਾਪੁਰ ਵਿਚ ਲਗਾਏ ਗਏ। ਬਿਹਾਰ, ਉੜੀਸਾ,ਆਸਾਮ ਅਤੇ ਉਤਰ ਪ੍ਰਦੇਸ਼ ਵਿਚ ਖਾਦ ਦੇ ਉਦਯੋਗ ਲਗਾਏ ਗਏ ਹਨ। ਇਵੇਂ ਹੀ ਰਾਜਸਥਾਨ ਅਤੇ ਜੰਮੂ ਤੇ ਕਸ਼ਮੀਰ ਵਿਚ ਮਸ਼ੀਨ ਟੂਲਜ਼ ਦਾ ਪਲਾਂਟ ਲਗਾਇਆ ਗਿਆ। ਇਹ ਸਾਰਾ ਕੁਝ ਤਾਂ ਹੀ ਸੰਭਵ ਹੈ ਜਦੋਂ ਇਨ੍ਹਾਂ ਪਛੜੇ ਇਲਾਕਿਆਂ ਵਿਚ ਸੰਰਚਨਾਤਮਕ ਸਹੂਲਤਾਂ ਸਥਾਪਿਤ ਹੋ ਚੁੱਕੀਆਂ ਹੋਣ ਅਤੇ ਇਹ ਸਿਰਫ ਸਰਵਜਨਕ ਖੇਤਰ ਦੁਆਰਾ ਹੀ ਸੰਭਵ ਹੋਇਆ ਹੈ।

**2.5.5.5 ਮਜ਼ਬੂਤ ਉਦਯੋਗਿਕ ਆਧਾਰ ਦੀ ਸਥਾਪਨਾ (Establishing Strong Industrial Base) :** ਉਦਯੋਗਿਕ ਨੀਤੀ ਵਿਚ ਸਰਵਜਨਕ ਖੇਤਰ ਦੁਆਰਾ ਉਦਯੋਗਾਂ ਦੇ ਵਿਕਾਸ ਸੰਬੰਧੀ ਸ਼੍ਰੇਣੀਆਂ ਬਣਾ ਦੇਣ ਨਾਲ ਇਹ ਨਿਸ਼ਚਿਤ ਹੋ ਗਿਆ ਕਿ ਉਹ ਕਿਹੜੇ ਅਦਾਰੇ ਹੋਣਗੇ ਜਿਨ੍ਹਾਂ ਉਪਰ ਕੇਵਲ ਸਰਵਜਨਕ ਖੇਤਰ ਦੀ ਹੀ ਜ਼ਿੰਮੇਵਾਰੀ ਹੋਵੇਗੀ (exclusive monopoly of the state) ਇਵੇਂ ਹੀ ਪੰਜ ਸਾਲਾਂ ਯੋਜਨਾਵਾਂ ਵਿਚ ਵੀ ਸਰਵਜਨਕ ਖੇਤਰ ਦੇ ਨਿਵੇਸ਼ ਨੂੰ ਮਹੱਤਤਾ ਦਿੱਤੀ ਗਈ। ਸਿੱਟੇ ਵਜੋਂ 80 ਦੇ ਦੇਹਾਕੇ ਤਕ ਉਦਯੋਗਿਕ ਵਿਕਾਸ ਲਈ ਇਕ ਮਜ਼ਬੂਤ ਢਾਂਚੇ ਦੀ ਉਸਾਰੀ ਕਰਨ ਵਿਚ ਸਫਲ ਹੋ ਚੁਕਿਆ ਸੀ। ਸਰਵਜਨਕ ਖੇਤਰ ਦੁਆਰਾ ਮੁੱਖ ਰੂਪ ਵਿਚ ਮੁੱਢਲੇ ਅਤੇ ਮਹਤੱਵਪੂਰਨ ਉਦਯੋਗ (Basic and Strategic Industries) ਪੂੰਜੀਗਤ ਵਸਤਾਂ ਦੇ ਉਦਯੋਗ (Capital Goods Industries) ਅਤੇ ਕੁਝ ਹੱਦ ਤੱਕ ਉਪਭੋਗ ਦੀਆਂ ਵਸਤਾਂ ਦੇ ਉਦਯੋਗਾਂ (consumer goods industries) ਵਿਚ ਨਿਵੇਸ਼ ਕੀਤਾ ਗਿਆ। ਇਸ ਨਾਲ ਮਜ਼ਬੂਤ ਉਦਯੋਗਿਕ ਆਧਾਰ ਦੀ ਨੀਂਹ ਰੱਖੀ ਗਈ ਹੈ।

ਇਸ ਤੋਂ ਇਲਾਵਾ ਸਟੀਲ, ਕੋਲਾ, ਤਾਂਬਾਂ, ਜਿਸਤ (Zinc) ਅਤੇ ਕਈ ਹੋਰ ਧਾਤਾਂ ਆਦਿ ਭਾਰੀ ਮਸ਼ੀਨਰੀ ਆਦਿ ਦੇ ਮਹੱਤਵਪੂਰਨ ਅਤੇ ਆਧਾਰਭੂਤ ਉਦਯੋਗਾਂ ਵਿਚ ਸਰਵਜਨਕ ਖੇਤਰ ਦੁਆਰਾ ਵੱਧ ਤੋਂ ਵੱਧ ਨਿਵੇਸ਼ ਹੋ ਰਿਹਾ ਹੈ। ਕੋਲਾ, ਸਿੱਕਾ, ਤਾਂਬਾ, ਪੈਟਰੋਲੀਅਮ ਵਸਤਾਂ, ਹਾਈਡਰੋ ਅਤੇ ਸਟੀਮ ਟਰਬਾਈਨ (Hydro and Steam Turbines) ਆਦਿ ਦੇ ਖੇਤਰਾਂ ਵਿਚ ਤਾਂ ਸਰਵਜਨਕ ਖੇਤਰ ਦਾ ਲਗਭਗ 100 ਪ੍ਰਤੀਸ਼ਤ ਹਿੱਸਾ ਹੈ। ਇਨ੍ਹਾਂ ਕਾਰਨਾ ਕਰਕੇ ਹੀ ਭਾਰਤ ਉਦਯੋਗਿਕ ਖੇਤਰ ਦੇ ਕਈ ਖਿਤਿਆਂ ਵਿਚ ਆਤਮ ਨਿਰਭਰ ਵੀ ਹੋ ਚੁੱਕਾ ਹੈ।

**2.5.5.6 ਨਿਰਯਾਤ ਪ੍ਰੋਤਸਾਹਨ ਅਤੇ ਆਯਾਤ ਪ੍ਰਤੀਸਥਾਪਨ ਵਿਚ ਸਰਵਜਨਕ ਖੇਤਰ ਦਾ ਯੋਗਦਾਨ (Role of Public Sector in Export Promotion and Import Substitution):** ਆਯਾਤ ਪ੍ਰਤੀਸਥਾਪਨ ਅਤੇ ਨਿਰਯਾਤ ਪ੍ਰੋਤਸਾਹਨ ਦੁਆਰਾ ਅੰਤਰਰਾਸ਼ਟਰੀ ਪੱਧਰ ਉਪਰ ਇਸ ਖੇਤਰ ਦਾ ਕਾਫੀ ਯੋਗਦਾਨ ਹੈ। ਵਿਦੇਸ਼ੀ ਵਪਾਰ ਨੂੰ ਉਤਸ਼ਾਹਿਤ ਕਰਨ ਵਾਸਤੇ ਕਈ ਕਾਰਪੋਰੇਸ਼ਨਾਂ ਹੋਂਦ ਵਿਚ ਆਈਆਂ ਹਨ ਜਿਵੇਂ ਸਟੇਟ ਟਰੇਡਿੰਗ ਕਾਰਪੋਰੇਸ਼ਨ, ਮਿਨਰਲ ਐਂਡ ਮੈਟਲ ਟਰੇਡਿੰਗ ਕਾਰਪੋਰੇਸ਼ਨ ਆਦਿ। ਇਨ੍ਹਾਂ ਕਾਰਪੋਰੇਸ਼ਨਾਂ ਦੁਆਰਾ ਖਾਸ ਤੌਰ ਤੇ ਈਸਟ ਯੂਰਪੀਅਨ ਦੇਸ਼ਾਂ ਨਾਲ ਵਪਾਰ ਵਧਿਆ ਹੈ। ਇਥੋਂ ਤੱਕ ਕਿ ਨਿੱਜੀ ਖੇਤਰ ਦੇ ਵਪਾਰ ਦਾ ਵੀ ਕਾਫੀ ਹਿੱਸਾ ਇਨ੍ਹਾਂ ਕਾਰਪੋਰੇਸ਼ਨਾਂ ਦੁਆਰਾ ਹੋਣ ਲੱਗਿਆ ਹੈ। ਭਾਰਤ ਤੋਂ ਕੱਚੀਧਾਤ (Metal Ores) ਤੋਂ ਇਲਾਵਾ ਹੱਥ ਖੱਡੀ ਦਾ ਸਮਾਨ (Handicrafts) ਅਤੇ ਲਾਈਟ ਇੰਜੀਨਿਅਰਿੰਗ ਦੇ ਸਮਾਨ ਦੇ ਨਿਰਯਾਤ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਹਿੰਦੁਸਤਾਨ ਸਟੀਲ ਲਿਮਟਿਡ, ਭਾਰਤ ਇਨੈਕਟ੍ਰੋਨਿਕਸ ਲਿਮਟਿਡ ਅਤੇ ਹਿੰਦੁਸਤਾਨ ਮਸ਼ੀਨ ਟੂਲਜ਼ ਆਦਿ ਦੇ ਅਦਾਰਿਆਂ ਨੇ ਆਪਣੀਆਂ ਵਸਤਾਂ ਦਾ ਨਿਰਯਾਤ ਕਰਕੇ ਕਾਫੀ ਮਾਤਰਾ ਵਿਚ ਵਿਦੇਸ਼ੀ ਸਿੱਕਾ ਕਮਾਇਆ ਹੈ। ਸਰਵਜਨਕ ਅਦਾਰਿਆਂ ਵਲੋਂ ਕਮਾਏ ਗਏ ਵਿਦੇਸ਼ੀ ਸਿੱਕੇ ਦੀ ਮਾਤਰਾ 1984-85 ਵਿਚ 5830 ਕਰੋੜ ਰੁਪਏ ਸੀ ਜਿਹੜੀ ਵੱਧਕੇ 2001-02 ਵਿਚ 20,886 ਕਰੋੜ ਰੁਪਏ ਹੋ ਗਈ।

ਇਵੇਂ ਹੀ ਸਰਵਜਨਕ ਖੇਤਰ ਦੇ ਕੁਝ ਅਦਾਰੇ ਇਹੋ ਜਿਹੇ ਹਨ ਜਿਹੜੇ ਹੁਣ ਉਨ੍ਹਾਂ ਵਸਤਾਂ ਦਾ ਉਤਪਾਦਨ ਕਰਦੇ ਹਨ ਜਿਹੜੀਆਂ ਪਹਿਲਾਂ ਬਾਹਰੋਂ ਮੰਗਵਾਈਆਂ ਜਾਂਦੀਆਂ ਸਨ ਇਨ੍ਹਾਂ ਵਿਚ ਮੁੱਖ ਭੂਮਿਕਾ ਹਿੰਦੁਸਤਾਨ ਆਟੋਮੋਬਾਈਲਜ਼ ਲਿਮਟਿਡ (HAL), ਇੰਡੀਅਨ ਡਰੱਗਜ਼ ਅਤੇ ਫ਼ਾਰਮਾਸਿਊਟਿਕਲਜ਼ ਲਿਮਟਿਡ (IDPL), ਆਇਲ ਐਂਡ ਨੈਚੂਰਲ ਗੈਸ ਕਮਿਸ਼ਨ (ONGC) ਅਤੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ (IOCL) ਆਦਿ ਦੀ ਹੈ। ਭਾਵੇਂ ਪੂਰਨ ਰੂਪ ਵਿਚ ਕੋਈ ਵੀ ਦੇਸ਼ ਵਪਾਰ ਦੇ ਮਾਮਲੇ

ਵਿਚ ਆਤਮ ਨਿਰਭਰ ਨਹੀਂ ਹੁੰਦਾ ਪਰ ਫਿਰ ਵੀ ਸਰਵਜਨਕ ਖੇਤਰ ਦੇ ਇਨ੍ਹਾਂ ਅਦਾਰਿਆਂ ਦੀ ਸਹਾਇਤਾ ਨਾਲ ਕਾਫੀ ਹੱਦ ਤਕ ਭਾਰਤ ਆਪਣੀਆਂ ਵਰਤੋਂ ਦੀਆਂ ਉਹ ਵਸਤਾਂ ਦਾ ਉਤਪਾਦਨ ਕਰਨ ਵਿਚ ਕਾਮਯਾਬ ਹੋ ਗਿਆ ਹੈ ਜਿਹੜੀਆਂ ਪਹਿਲਾਂ ਵਿਦੇਸ਼ਾਂ ਤੋਂ ਮੰਗਵਾਈਆਂ ਜਾਂਦੀਆਂ ਸਨ। ਇਸ ਪ੍ਰਕਾਰ ਵਿਦੇਸ਼ੀ ਮੁਦਰਾ (ਕਰੰਸੀ) ਦੀ ਬੱਚਤ ਵੀ ਹੁੰਦੀ ਹੈ। ਜਿਸ ਨੂੰ ਹੋਰ ਮਸ਼ੀਨਰੀ ਆਦਿ ਦੇ ਆਯਾਤ ਲਈ ਵਰਤਿਆ ਜਾਂਦਾ ਹੈ।

ਉਪਰ ਦਿੱਤੀ ਵਿਆਖਿਆ ਤੋਂ ਅਸੀਂ ਕਹਿ ਸਕਦੇ ਹਾਂ ਕਿ ਸਰਵਜਨਕ ਖੇਤਰ ਦੀ ਵੱਖੋ ਵੱਖਰੇ ਖੇਤਰਾਂ ਵਿਚ ਅਹਿਮ ਭੂਮਿਕਾ ਹੈ ਅਤੇ ਇਸ ਪ੍ਰਕਾਰ ਇਨ੍ਹਾਂ ਖੇਤਰਾਂ ਵਿਚ ਸਰਵਜਨਕ ਖੇਤਰ ਦਾ ਅਹਿਮ ਯੋਗਦਾਨ ਹੈ। ਸੰਖੇਪ ਵਿਚ, ਰੁਜ਼ਗਾਰ ਦੇ ਮੌਕੇ ਮੁਹਈਆਂ ਕਰਨਾ, ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ, ਬੱਚਤਾਂ ਅਤੇ ਪੂੰਜੀ ਨਿਰਮਾਣ ਦੇ ਨਾਲ ਨਾਲ ਸਰਵਜਨਕ ਖੇਤਰ ਦੁਆਰਾ ਵਿਸਤ੍ਰਿਤ ਸੰਰਚਨਾਤਮਕ ਢਾਂਚੇ ਦੀ ਉਸਾਰੀ ਨਾਲ ਮਜ਼ਬੂਤ ਉਦਯੋਗਿਕ ਆਧਾਰ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਹੈ। ਪਛੜੇ ਖੇਤਰਾਂ ਵਿਚ ਨਿਵੇਸ਼ ਉਤਸ਼ਾਹਿਤ ਕਰਕੇ ਸੰਤੁਲਿਤ ਵਿਕਾਸ ਕਰਨਾ, ਨਿਰਯਾਤ ਵਧਾ ਕੇ ਅਤੇ ਆਯਾਤ ਹੋ ਰਹੀਆਂ ਵਸਤਾਂ ਦਾ ਘਰੇਲੂ ਉਤਪਾਦਨ ਸ਼ੁਰੂ ਕਰਕੇ ਸਰਵਜਨਕ ਖੇਤਰ ਨੇ ਹਰ ਖਿੱਤੇ ਵਿਚ ਆਪਣੀ ਹੋਂਦ ਦਾ ਪ੍ਰਭਾਵ ਦਿਖਾਇਆ ਹੈ।

**ਸਵੈ-ਅਭਿਆਸ ਲਈ ਪ੍ਰਸ਼ਨ (Self Check Exercise)**

(ੳ) ਸਰਵਜਨਕ ਖੇਤਰ ਦੁਆਰਾ ਸੰਰਚਨਾਤਮਕ ਢਾਂਚੇ ਦੀ ਉਸਾਰੀ ਰਾਹੀਂ ਭਾਰਤੀ ਅਰਥ ਵਿਵਸਥਾ ਦੇ ਵਿਕਾਸ ਵਿਚ ਕੀ ਯੋਗਦਾਨ ਹੈ?

______________________________

______________________________

______________________________

______________________________

______________________________

(ਅ) ਸਰਵਜਨਕ ਖੇਤਰ ਦਾ ਰੁਜ਼ਗਾਰ ਦੇ ਮੌਕੇ ਮੁਹੱਈਆਂ ਕਰਨ ਬਾਰੇ ਤੁਹਾਡੇ ਕੀ ਵਿਚਾਰ ਹਨ?

______________________________

______________________________

______________________________

______________________________

______________________________

**2.5.6 ਸਰਵਜਨਕ ਖੇਤਰ ਦੀ ਕਾਰਜਕੁਸ਼ਲਤਾ (Performance of Public Sector) :** ਸਰਵਜਨਕ ਖੇਤਰ ਦੀ ਆਰਥਿਕ ਵਿਕਾਸ ਵਿਚ ਅਤੇ ਖਾਸ ਤੌਰ ਤੇ ਉਦਯੋਗਿਕ ਵਿਕਾਸ ਵਿਚ ਪਾਏ ਜਾ ਰਹੇ ਯੋਗਦਾਨ ਬਾਰੇ ਕਾਫੀ ਮਤਭੇਦ ਹਨ। ਖਾਸ ਤੌਰ ਤੇ ਬਹਿਸ ਦਾ ਵਿਸ਼ਾ ਹੈ ਕਿ ਇਸ ਖੇਤਰ ਦੁਆਰਾ ਜੋ ਭੂਮਿਕਾ ਨਿਭਾਈ ਜਾ ਰਹੀ ਹੈ ਜਾਂ ਜਿੰਨਾ ਵੀ ਨਿਵੇਸ਼ ਹੋ ਰਿਹਾ ਹੈ, ਉਹ ਆਰਥਿਕ ਯੋਜਨਾਬੰਦੀ ਦੇ ਉਦੇਸ਼ ਪੂਰੇ ਕਰਨ ਵਿਚ ਕੁਝ ਹੱਦ ਤੱਕ ਕਾਮਯਾਬ ਨਹੀਂ ਹੋ ਰਿਹਾ ਤਾਂ ਇਸ ਦੇ ਕੀ ਕਾਰਨ ਹਨ। ਇਹੀ ਕੁਝ ਸੁਆਲ ਹਨ ਜਿੰਨਾ ਬਾਰੇ ਸੰਖੇਪ ਵਿਚ ਇਸ ਭਾਗ ਵਿਚ ਚਰਚਾ ਕੀਤੀ ਜਾਵੇਗੀ।

**2.5.6.1 ਕੁਸ਼ਲ ਭੂਮਿਕਾ ਦੇ ਮਾਪ ਦੰਡ ਅਤੇ ਕਾਰਗੁਜ਼ਾਰੀ (Criteria of Efficient Performance):** ਕਾਰਜ ਕੁਸ਼ਲਤਾ ਚੰਗੀ ਹੈ ਜਾਂ ਮਾੜੀ, ਇਸ ਬਾਰੇ ਸਪਸ਼ਟ ਸ਼ਬਦਾਂ ਵਿਚ ਕਹਿਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਹੈ ਕਿ ਇਸ ਦੇ ਮਾਪ ਦੰਡ ਰੱਖੇ ਜਾਣ ਜਾਂ ਇਓਂ ਕਹਿ ਲਓ ਕਿ ਉਹ ਕਿਹੜੇ

ਪਹਿਲੂ ਹਨ ਜਿਨ੍ਹਾਂ ਦੇ ਆਧਾਰ ਉਪਰ ਅਸੀਂ ਕਾਰਜਕੁਸ਼ਲਤਾ ਨੂੰ ਮਾਪਦੇ ਹਾਂ। ਕੁਸ਼ਲ ਭੂਮਿਕਾ ਦੇ ਮਾਪ ਦੰਡ ਜਾਂ ਸਿਧਾਂਤ ਹੇਠਾਂ ਲਿਖੇ ਹਨ :

(i) ਪ੍ਰਤੀਫਲ ਦੀ ਦਰ (Rate of Return)

(ii) ਯੋਗਤਾ ਅਤੇ ਸਾਧਨਾ ਦੀ ਸੁਯੋਗ ਵਰਤੋਂ (Utilisation of Capacity and Resource use)

(iii) ਆਰਥਿਕ ਵਿਕਾਸ ਅਤੇ ਮਨੁੱਖੀ ਸ਼ਕਤੀ ਦੀ ਯੋਜਨਾ (Economic Development and Manpower Planning)

(iv) ਆਯਾਤ-ਨਿਰਯਾਤ (Import-Export)

(v) ਆਰਥਿਕ ਵਿਕਾਸ ਦੇ ਉਦੇਸ਼ ਪੂਰੇ ਕਰਨੇ (Implementing Objectives for Development)

**(i) ਪ੍ਰਤੀਫਲ ਦੀ ਦਰ (Rate of Return) :** ਕੁਲ ਪੂੰਜੀ ਨਿਵੇਸ਼ ਜਿਸ ਵਿਚ ਹੁੰਡੀਆਂ, ਕਰਜ਼ਾ, ਕਾਰਜ਼ਸ਼ੀਲ ਪੂੰਜੀ ਆਦਿ ਸ਼ਾਮਲ ਹਨ, ਉਪਰ ਪ੍ਰਤੀਫਲ ਦੀ ਦਰ ਕਾਫੀ ਹੋਵੇ ਤਾਂ ਨਿਵੇਸ਼ ਪ੍ਰਤੀ ਭੂਮਿਕਾ ਚੰਗੀ ਸਮਝੀ ਜਾਂਦੀ ਹੈ ਦੂਜੇ ਪਾਸੇ ਇਹ ਵੀ ਮੰਨਿਆ ਜਾਂਦਾ ਹੈ ਕਿ ਜਿੱਥੇ ਨਿਵੇਸ਼ ਦੀ ਦਰ ਵੀ ਵੱਧਦੀ ਹੈ ਤਾਂ ਵਾਫਰ ਕੀਮਤ (surplus value) ਦਾ ਅਤੇ ਲਾਭਾਂ ਦਾ ਹੋਣਾ ਵੀ ਜ਼ਰੂਰੀ ਹੈ ਤਾਂ ਕਿ ਇਸ ਦਾ ਦੁਬਾਰਾ ਨਿਵੇਸ਼ ਕੀਤਾ ਜਾ ਸਕੇ। ਇਹ ਲਾਭ ਜਾਂ ਵਾਫਰ ਕੀਮਤਾਂ ਉਸ ਯੂਨਿਟ ਦੇ ਵਾਧੂ ਸਾਧਨ ਹੀ ਹੁੰਦੇ ਹਨ ਜਿਹੜੇ ਘੱਟ ਵਿਕਸਤਿ ਦੇਸ਼ਾਂ ਵਾਸਤੇ ਜ਼ਰੂਰੀ ਹਨ ਪਰ ਸਵਾਲ ਹੈ ਕਿ ਕੀ ਇਹ ਵਾਧੂ ਕੀਮਤਾਂ ਜਾਂ ਲਾਭ ਸਰਵਜਨਕ ਖੇਤਰਾਂ ਵਿਚ ਠੀਕ ਹਨ ਜਾਂ ਨਹੀਂ। ਨਿੱਜੀ ਖੇਤਰ ਵਿਚ ਨਿਵੇਸ਼ ਦਾ ਮੁੱਖ ਮੰਤਵ ਲਾਭ ਕਮਾਉਣਾ ਹੁੰਦਾ ਹੈ।ਸਾਰਵਜਨਕ ਖੇਤਰ ਵਿਚ ਮੁੱਖ ਉਦੇਸ਼ ਲੋਕ ਭਲਾਈ ਹੁੰਦਾ ਹੈ। ਇਸ ਤਰ੍ਹਾਂ ਪ੍ਰਤੀਫਲ ਦਾ ਵੱਧ ਤੋਂ ਵੱਧ ਹੋਣਾ ਦੋਹਾਂ ਵਿਚ ਹੀ ਹੈ ਪਰ ਸਾਰਵਜਨਕ ਖੇਤਰ ਵਿਚ ਸਿੱਧੇ ਅਤੇ ਅਸਿੱਧੇ ਵਰਤਮਾਨ ਅਤੇ ਭਵਿੱਖ, ਆਰਥਿਕ ਅਤੇ ਅਨਾਰਥਕ ਸਭ ਹੀ ਤਰ੍ਹਾਂ ਦੇ ਲਾਭਾ ਨੂੰ ਉਚਾਰਿਆ ਜਾਂਦਾ ਹੈ।

ਗਰੂਸਮੈਨ ਸਕੂਲ ਦੇ ਸਿਧਾਂਤ (Groosman's School of Thought) ਅਨੁਸਾਰ ਲਾਭ ਦਾ ਸਿਧਾਂਤ ਸੁਯੋਗਤਾ ਪਰਖਣ ਲਈ ਵਰਤਿਆਂ ਜਾਂਦਾ ਹੈ। ਇਹ ਦੇਖਣ ਵਾਸਤੇ ਕਿ ਕੀ ਸਾਧਨਾਂ ਨੂੰ ਪੂਰੀ ਸੁਯੋਗਤਾ ਨਾਲ ਵਰਤਿਆ ਜਾ ਰਿਹਾ ਹੈ ਕਿ ਨਹੀਂ। ਸਰਵਜਨਕ ਖੇਤਰ ਵਿਚ ਪ੍ਰਤੀਫਲ ਦੀ ਦਰ ਦਾ ਜ਼ਿਕਰ ਕੀਤਾ ਜਾਂਦਾ ਹੈ ਪਰ ਜ਼ਰੂਰੀ ਹੈ ਕਿ ਇਸ ਖੇਤਰ ਵਿਚ ਜਿੰਨੇ ਵੀ ਲਾਭ ਹੋਣ ਉਹ ਯੋਜਨਾ ਬੱਧ ਹੋਣ ਤਾਂ ਕਿ ਪਬਲਿਕ ਸਾਧਨਾਂ ਵਿਚ ਵਾਧਾ ਹੋ ਸਕੇ। ਪਲੈਨਿੰਗ ਕਮਿਸ਼ਨ ਨੇ ਵੀ ਮੰਨਿਆ ਹੈ ਕਿ ਆਮ ਲੋਕ-ਬੱਚਤਾਂ ਵਧਾਉਣ ਲਈ ਜਨਤਕ ਖੇਤਰ ਦਾ ਖਾਸ ਰੋਲ ਹੈ।

ਪਰ ਅੰਕੜਿਆਂ ਨੂੰ ਵਾਚਦੇ ਹੋਏ ਪਤਾ ਲੱਗਦਾ ਹੈ ਕਿ ਸਰਕਾਰੀ ਉੱਦਮਾਂ ਵਿਚ ਪ੍ਰਤੀਫਲ ਦੀ ਦਰ ਬਹੁਤ ਘੱਟ ਹੈ। ਇਹ ਤਕਰੀਬਨ ਨਾਕਾਰਾਤਮਕ (negative) ਹੀ ਰਹੀ ਹੈ। ਇਸ ਦੇ ਕਈ ਕਾਰਣ ਹਨ। ਇਕ ਤਾਂ ਇਹ ਹੈ ਕਿ ਜ਼ਿਆਦਾ ਨਿਵੇਸ਼ ਸਾਰਵਜਨਕ ਖੇਤਰ ਦੁਆਰਾ ਮੁੱਢਲੇ ਅਤੇ ਮਹੱਤਵਪੂਰਣ ਉਦਯੋਗਾਂ ਵਿਚ ਹੁੰਦਾ ਹੈ। ਇਸ ਪ੍ਰਕਾਰ ਦੇ ਉਦਯੋਗਾਂ ਵਿਚ ਅੰਤਰੀਵਕਾਲ (Gestation period) ਵੀ ਜ਼ਿਆਦਾ ਹੁੰਦਾ ਹੈ ਜਿਸ ਦੌਰਾਨ ਪ੍ਰੋਜੈਕਟ ਦੀ ਲਾਗਤ ਵੀ ਵੱਧ ਜਾਂਦੀ ਹੈ। ਦੂਜਾ ਕਾਰਣ ਹੈ ਕਿ ਕੁਝ ਉਦਯੋਗਾਂ ਵਿਚ ਯੋਗਤਾ ਦਾ ਵਾਧਾ ਕਿਸੇ ਖਾਸ ਸਟੇਜ ਤੋਂ ਬਾਅਦ ਹੀ ਕਰਨਾ ਹੁੰਦਾ ਹੈ। ਇਸ ਲਈ ਉਸ ਨਿਵੇਸ਼ ਤੋਂ ਲਾਭ ਵੀ ਉਸ ਸਮੇਂ ਬਾਅਦ ਹੀ ਹੋਣੇ ਸ਼ੁਰੂ ਹੁੰਦੇ ਹਨ। ਤੀਜਾ, ਜਿਵੇਂ ਅਸੀਂ ਜਾਣਦੇ ਹਾਂ ਕਿ ਇਥੇ ਨਿਵੇਸ਼ ਦਾ ਮੁੱਖ ਮੰਤਵ ਲਾਭ ਕਮਾਉਣਾ ਨਹੀਂ ਸਗੋਂ ਸਮਾਜਿਕ ਭਲਾਈ ਦਾ ਹੁੰਦਾ ਹੈ। ਇਸ ਲਈ ਲਾਭ ਵਧਾਉਣ ਵੱਲ ਜ਼ਿਆਦਾ ਧਿਆਨ ਨਹੀ ਦਿੱਤਾ ਜਾਂਦਾ। ਚੌਥਾ, ਇਨ੍ਹਾਂ ਉਦਯੋਗਾਂ ਦਾ ਮੁੱਖ ਮੰਤਵ

ਸਮਾਜ ਭਲਾਈ ਹੋਣ ਕਰਕੇ, ਸਮਾਜਿਕ ਲਾਗਤ (social cost) ਜ਼ਿਆਦਾ ਆਉਂਦੀ ਹੈ।ਸਮਾਜਿਕ ਲਾਗਤ ਵਿਚ ਮਕਾਨ ਉਸਾਰੀ, ਬਿਜਲੀ ਪਾਣੀ ਦੇ ਖਰਚੇ ਅਤੇ ਕਰਮਚਾਰੀਆਂ ਨੂੰ ਦੇਣ ਵਾਲੀਆਂ ਹੋਰ ਸਹੂਲਤਾਂ ਅਤੇ ਖਰਚੇ ਸ਼ਾਮਲ ਹੁੰਦੇ ਹਨ, ਅਤੇ ਪੰਜਵਾਂ ਸਾਰਵਜਨਕ ਖੇਤਰ ਵਿਚ ਕੀਮਤ ਨੀਤੀ (Price Policy) ਵੀ ਇਸ ਦੇ ਲਾਭ ਦੀ ਮਿਕਦਾਰ ਨੂੰ ਘਟਾਉਂਦੀ ਹੈ। ਇਸ ਖੇਤਰ ਅਧੀਨ ਪੈਦਾ ਹੋਣ ਵਾਲੀਆਂ ਕੁਝ ਵਸਤਾਂ ਦੀ ਕੀਮਤ ਨੂੰ ਜਾਣ ਬੁਝ ਕੇ ਨਿਸ਼ਚਿਤ ਕੀਤਾ ਜਾਂਦਾ ਹੈ, ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਸਰਵਜਨਕ ਖੇਤਰਾਂ ਦੀ ਘਾਟ ਵਾਲੀ ਵਿਵਸਥਾ ਇਨ੍ਹਾਂ ਦੇ ਸਰੂਪ ਕਰਕੇ ਹੈ ਤਾਂ ਵੀ ਜੇਕਰ ਸਾਧਨਾਂ ਨੂੰ ਉਨ੍ਹਾਂ ਦੀ ਪੂਰੀ ਯੋਗਤਾ ਅਨੁਸਾਰ ਵਰਤਿਆ ਜਾਵੇ ਅਤੇ ਨਜਾਇਜ਼ ਲੁਟ ਖਸੁੱਟ ਨਾ ਕੀਤੀ ਜਾਵੇ ਤਾਂ ਕਾਫੀ ਹੱਦ ਤੱਕ ਇਸ ਘਾਟੇ ਉਪਰ ਕਾਬੂ ਪਾਇਆ ਜਾ ਸਕਦਾ ਹੈ।

**(ii) ਯੋਗਤਾ ਅਤੇ ਸਾਧਨਾਂ ਦੀ ਵਰਤੋਂ (Utilisation of Capacity and Resource Use) :** ਦੂਜਾ ਸਿਧਾਂਤ ਅਸੀਂ ਸਾਧਨਾਂ ਦੀ ਵਰਤੋਂ ਦਾ ਲੈਂਦੇ ਹਾਂ, ਜਿਸ ਤੋਂ ਭਾਵ ਹੈ 100 ਪ੍ਰਤੀਸ਼ਤ ਵਰਤੋਂ ਉਨ੍ਹਾਂ ਹਾਲਤ ਵਿਚ ਉਦਯੋਗ ਪੂਰੀ ਸੁਯੋਗਤਾ ਨਾਲ ਕੰਮ ਕਰ ਰਿਹਾ ਹੁੰਦਾ ਹੈ। ਨਿਰਮਾਣ ਉਦਯੋਗਾਂ ਵਿਚ ਸਾਧਨਾਂ ਦੀ ਵਰਤੋਂ ਬਾਰੇ ਸਰਵਜਨਕ ਖੇਤਰ ਦੀ ਭੂਮਿਕਾ ਕਾਫ਼ੀ ਸੰਤੋਸ਼ਜਨਕ ਹੈ। ਪਰ ਆਮ ਤੌਰ ਤੇ ਹੋਰ ਖੇਤਰਾਂ ਵਿਚ ਇਸ ਦੀ ਪੁਜੀਸ਼ਨ ਠੀਕ ਨਹੀਂ। ਇਹ 50 ਤੋਂ 75 ਪ੍ਰਤੀਸ਼ਤ ਵਿਚਾਲੇ ਹੀ ਹੈ ਅਤੇ ਕਈ ਯੂਨਿਟਾਂ ਵਿਚ ਇਸ ਤੋਂ ਵੀ ਘੱਟ ਜਦੋਂ ਕਿ ਨਿੱਜੀ ਖੇਤਰ ਵਿਚ ਆਮ ਤੌਰ ਤੇ ਇਹ 100 ਪ੍ਰਤੀਸ਼ਤ ਹੁੰਦੀ ਹੈ।

**(iii) ਆਰਥਿਕ ਵਿਕਾਸ ਅਤੇ ਮਨੁੱਖੀ ਸ਼ਕਤੀ ਦੀ ਯੋਜਨਾ (Economic Development and Man Power Planning) :** ਦੇਸ਼ ਦੇ ਆਰਥਿਕ ਵਿਕਾਸ ਲਈ ਇਕ ਕਦਮ ਇਹ ਵੀ ਲੈਣਾ ਜ਼ਰੂਰੀ ਹੁੰਦਾ ਹੈ ਕਿ ਰੁਜ਼ਗਾਰ ਦੇ ਮੌਕੇ ਵੱਧ ਤੋਂ ਵੱਧ ਉਪਲਬਧ ਕੀਤੇ ਜਾਣ ਤਾਂ ਕਿ ਆਰਥਿਕ ਵਿਕਾਸ ਨਾਲ ਇਕ ਪਾਸੇ ਮਸ਼ੀਨਰੀ ਦੀ ਵਰਤੋਂ ਵੱਧ ਜਾਵੇ ਅਤੇ ਦੂਜੇ ਪਾਸੇ ਬੇਰੋਜ਼ਗਾਰੀ ਵਿਚ ਵਾਧਾ ਨਾ ਹੁੰਦਾ ਚਲਾ ਜਾਵੇ। ਇਕ ਯੋਜਨਾ ਬੱਧ ਆਰਥਿਕ ਵਿਕਾਸ ਲਈ ਇਹ ਜ਼ਰੂਰੀ ਵੀ ਹੈ। ਭਾਰਤ ਵਰਗੀ ਅਰਥ ਵਿਵਸਥਾ ਜਿੱਥੇ ਬੇਰੁਜ਼ਗਾਰੀ ਦਿਨੋ ਦਿਨ ਵੱਧ ਰਹੀ ਹੈ, ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾਣ।

1956 ਵਿਚ ਸਰਵਜਨਕ ਖੇਤਰ ਦੁਆਰਾ 52 ਲੱਖ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕੀਤਾ ਗਿਆ। 1992 ਵਿਚ ਇਹ ਨੰਬਰ ਵੱਧ ਕੇ 192.1 ਲੱਖ ਹੋ ਗਿਆ ਹੈ। ਸਾਰਵਜਨਕ ਖੇਤਰ ਦੁਆਰਾ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਗਿਣਤੀ ਅਨੁਸਾਰ ਹੀ ਮੱਤਵਪੂਰਨ ਨਹੀਂ ਸਗੋਂ ਕੁਆਲਟੀ ਦੇ ਪੱਖੋਂ ਵੀ ਬੇਹਤਰ ਹੈ। ਜਿਵੇਂ ਜਿਹੜੇ ਕਰਮਚਾਰੀ ਇਸ ਖੇਤਰ ਵਿਚ ਲਗੇ ਹੋਏ ਹਨ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸਿਹਤ ਸੇਵਾਵਾਂ, ਮਕਾਨ,ਰਿਟਾਇਰ ਹੋਣ ਤੇ ਬਾਅਦ ਪੈਨਸ਼ਨ ਅਤੇ ਬੋਨਸ ਆਦਿ ਦੀਆਂ ਸਹੂਲਤਾਂ ਹਨ ਜਿਹੜੀਆਂ ਰੁਜ਼ਗਾਰ ਦੇ ਨਾਲ ਨਾਲ ਕਰਮਚਾਰੀਆਂ ਨੂੰ ਦਿੱਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਸਰਕਾਰ ਬਿਮਾਰ ਯੂਨਿਟ (Sick Units) ਨੂੰ ਆਪਣੇ ਅਧਿਕਾਰ ਅਧੀਨ ਲੈ ਲੈਂਦੀ ਹੈ। ਇਹ ਸਾਰਾ ਨਿੱਜੀ ਖੇਤਰ ਵਿਚ ਨਹੀਂ ਹੁੰਦਾ।

**(iv) ਆਯਾਤ ਅਤੇ ਨਿਰਯਾਤ (Imports and Exports) :** ਸਾਧਨਾਂ ਦੀ ਵਰਤੋਂ ਇਸ ਢੰਗ ਨਾਲ ਹੋਣੀ ਚਾਹੀਦੀ ਹੈ ਕਿ ਇਹ ਉਤਪਾਦਨ ਵਿਚ ਵਾਧਾ ਕਰੇ। ਇਸ ਨਾਲ ਅੰਤਰ-ਰਾਸ਼ਟਰੀ ਵਪਾਰ ਵਿਚ ਬਰਾਮਦਾਂ ਦਾ ਹਿੱਸਾ ਵੱਧੇਗਾ। ਇਸ ਨਾਲ ਅਸੀਂ ਵਿਦੇਸ਼ੀ ਮੁਦਰਾ ਵੀ ਕਮਾ ਸਕਦੇ ਹਾਂ। ਇਸ ਲਈ ਜੇਕਰ ਸਰਵਜਨਕ ਖੇਤਰ ਦੇ ਰੋਲ ਨੂੰ ਜਾਣਨਾ ਹੋਵੇ ਤਾਂ ਅਸੀਂ ਦੇਖਾਂਗੇ ਕਿ ਇਸ ਵਿਚਾਲੇ ਉਦਯੋਗਾਂ ਦੁਆਰਾ ਤਿਆਰ ਮਾਲ ਕਿਸ ਮਾਤਰਾ ਵਿਚ ਬਾਹਰ ਭੇਜਿਆ ਜਾਂਦਾ ਹੈ ਜਾਂ ਅਰਥ ਵਿਵਸਥਾ ਨੂੰ ਆਤਮ ਨਿਰਭਰ ਬਣਾਉਣ ਵਿਚ ਇਸ ਦਾ ਕੀ ਯੋਗਦਾਨ ਹੈ।

ਆਯਾਤ ਪ੍ਰਤੀਸਥਾਪਨ (Import substitution) ਦੁਆਰਾ ਅੰਤਰ-ਰਾਸ਼ਟਰੀ ਪੱਧਰ ਉਪਰ ਇਸ ਖੇਤਰ ਦਾ ਦਰਾਮਦਾਂ ਘਟਾਉਣ ਅਤੇ ਬਰਾਮਦਾਂ ਵਧਾਉਣ ਵਿਚ ਕਾਫੀ ਯੋਗਦਾਨ ਰਿਹਾ ਹੈ। ਕਈ ਪ੍ਰਕਾਰ ਦੀਆਂ ਇੰਜਨੀਅਰਿੰਗ ਦੀਆਂ ਵਸਤਾਂ, ਧਾਤ, ਖਾਦੀ ਅਤੇ ਹੋਜ਼ਰੀ ਦਾ ਸਮਾਨ ਕਾਫੀ ਮਾਤਰਾ ਵਿਚ ਬਾਹਰ ਜਾਂਦਾ ਹੈ। ਜਿਸ ਖੇਤਰ ਦੁਆਰਾ ਵਿਦੇਸ਼ੀ ਵਪਾਰ ਨੂੰ ਉਤਸ਼ਾਹ ਕਰਨ ਲਈ ਕਈ ਕਾਰਪੋਰੇਸ਼ਨਾਂ ਵੀ ਹੋਂਦ ਵਿਚ ਆਈਆਂ ਹਨ ਜਿਵੇਂ ਸਟੈਂਟ ਟਰੇਡਿੰਗ ਕਾਰਪੋਰੇਸ਼ਨ, ਮਿਨਰਲ ਅਤੇ ਮੈਂਟਲ ਟਰੇਡਿੰਗ ਕਾਰਪੋਰੇਸ਼ਨ ਆਦਿ। ਇਨ੍ਹਾਂ ਕਾਰਪੋਰੇਸ਼ਨਾਂ ਦੁਆਰਾ ਅੰਤਰ-ਰਾਸ਼ਟਰੀ ਵਪਾਰ, ਨਿੱਜੀ ਖੇਤਰ ਦੇ ਬਾਜ਼ਾਰ ਦਾ ਵੀ ਕਾਫੀ ਹਿੱਸਾ ਏਜੰਸੀਆਂ ਦੁਆਰਾ ਹੋਣ ਲੱਗਦਾ ਹੈ।

**(v) ਆਰਥਿਕ ਵਿਕਾਸ ਦੇ ਉਦੇਸ਼ ਪੂਰੇ ਕਰਨੇ (mplementing Objectives for Development) :** ਭਾਰਤ ਦੀ ਆਰਥ ਵਿਵਵਸਥਾ ਦੇ ਯੋਜਨਾਬੱਧ ਆਰਥਿਕ ਵਿਕਾਸ ਦਾ ਮੁੱਖ ਉਦੇਸ਼ ਸਮਾਜ ਨੂੰ ਸਮਾਜਵਾਦੀ ਲੀਹਾਂ ਉਪਰ ਚਲਾਉਣਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਸਾਧਨਾਂ ਅਤੇ ਸ਼ਕਤੀਆਂ ਦੀ ਵਰਤੋਂ ਇਸ ਪ੍ਰਕਾਰ ਨਾਲ ਕੀਤੀ ਜਾਣੀ ਚਾਹੀਦੀ ਹੈ ਕਿ ਦੇਸ਼ ਅਨਾਜ ਅਤੇ ਤਕਨੀਕੀ ਪਖੋਂ ਆਤਮ ਨਿਰਭਰ ਹੋ ਸਕੇ। ਵਿਦੇਸ਼ੀ ਮੁਦਰਾ ਨੂੰ ਆਯਾਤ ਪ੍ਰਤਿਸਥਾਨ ਅਤੇ ਨਿਰਯਾਤ ਵਾਧੇ ਵਾਸਤੇ ਵਰਤਿਆ ਜਾਵੇ ਤਾਂ ਕਿ ਆਰਥਿਕ ਵਿਕਾਸ ਦਰ 5 ਪ੍ਰਤੀਸ਼ਤ ਸਾਲਾਨਾ ਤੋਂ ਵੱਧ ਸਕੇ।

ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਸਾਰਵਜਨਕ ਖੇਤਰ ਨੂੰ ਉਦਯੋਗਾਂ ਵਿਚ ਹੀ ਨਹੀਂ ਸਗੋਂ ਹਰ ਟਰਸ਼ਰੀ/ਅਲਾਇਡ ਖੇਤਰਾਂ ਵਿਚ ਵੀ ਵੱਧ ਮਹੱਤਵ ਦਿੱਤਾ ਗਿਆ ਹੈ। ਯੋਜਨਾਵਾਂ ਵਿਚ ਨਿਵੇਸ਼ ਬੱਜਟ ਦਾ ਬਹੁਤ ਪ੍ਰਤੀਸ਼ਤ ਸਾਰਵਜਨਕ ਖੇਤਰ ਦਾ ਹੀ ਹੈ। ਇਸ ਵਿਚ ਨਿਵੇਸ਼ ਕਰਨ ਨਾਲ ਜਿਹੜਾ ਮੁੱਢਲਾ ਉਦਯੋਗਿਕ ਢਾਂਚਾ ਖੜਾ ਹੋਇਆ ਹੈ, ਉਹ ਸ਼ਲਾਘਾਯੋਗ ਹੈ। ਇਸ ਨਾਲ ਨਿੱਜੀ ਖੇਤਰ ਦੇ ਨਿਵੇਸ਼ ਨੂੰ ਵੀ ਉਤਸ਼ਾਹ ਮਿਲਦਾ ਹੈ ਜਿਸ ਨਾਲ ਕੁਲ ਉਤਪਾਦਨ ਵਿਚ ਵਾਧਾ ਹੁੰਦਾ ਹੈ।

**2.5.7 ਸਰਵਜਨਕ ਖੇਤਰ ਨੂੰ ਆਉਂਦੀਆਂ ਮੁਸ਼ਕਲਾਂ :** ਸਰਵਜਨਕ ਖੇਤਰ ਦਾ ਆਰਥਿਕ ਵਿਕਾਸ ਵਿਚ ਕਾਫੀ ਮਹੱਤਵ ਹੈ ਪਰ ਫਿਰ ਵੀ ਕਾਰਜ ਕੁਸ਼ਲਤਾ ਸੰਤੋਸ਼ਜਨਕ ਨਹੀਂ। ਇਸ ਦੇ ਕਈ ਕਾਰਣ ਹਨ ਜਿਵੇਂ।

- ਪ੍ਰਾਜੈਕਟ ਪੂਰੇ ਕਰਨ ਵਿਚ ਦੇਰੀ
- ਸੇਵਾਵਾਂ ਉਪਰ ਵਾਧੂ ਪਰ ਜ਼ਰੂਰੀ ਖਰਚਾ
- ਵਾਧੂ ਪੂੰਜੀ ਦਾ ਲੱਗਣਾ
- ਵਾਧੂ ਰੁਜ਼ਗਾਰ
- ਅਕੁਸ਼ਲ ਪ੍ਰਬੰਧ
- ਮਜ਼ਦੂਰਾਂ ਨਾਲ ਸਬੰਧ
- ਕੀਮਤ ਨੀਤੀ

ਇਨ੍ਹਾਂ ਸਾਰੇ ਤੱਤਾਂ ਤੋਂ ਇਹੀ ਸਿੱਟਾਂ ਨਿਕਲਦਾ ਹੈ ਕਿ ਸਰਵਜਨਕ ਖੇਤਰ ਦੀ ਕਾਰਜਕੁਸ਼ਲਤਾ ਘੱਟ ਹੋਣ ਦੇ ਕੋਈ ਬਾਹਰੀ ਕਾਰਨ ਨਹੀਂ ਜਿਨ੍ਹਾਂ ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਜੇਕਰ ਅਸੀਂ ਇਸ ਖੇਤਰ ਦੀ ਕਾਰਜਕੁਸ਼ਲਤਾ ਨੂੰ ਵਧਾਉਣਾ ਹੈ ਤਾਂ ਕਮੀਆਂ ਨੂੰ ਪੂਰਾ ਕਰਦੇ ਹੋਏ ਇਸ ਦੇ ਰਸਤੇ ਵਿਚ ਆਉਂਦੀਆਂ ਰੁਕਾਵਟਾਂ ਤੇ ਕਾਬੂ ਕਰਨਾ ਹੋਵੇਗਾ।

ਇਸ ਕਿਸਮ ਦੀ ਕਾਰਜਕੁਸ਼ਲਤਾ ਨੂੰ ਵਧਾਉਣ ਵਾਸਤੇ ਜ਼ਰੂਰੀ ਹੈ ਕਿ ਸਾਧਨਾਂ ਦੀ ਦੁਰਵਰਤੋਂ ਬੰਦ ਕਰਕੇ ਉਨ੍ਹਾਂ ਦੀ ਪੂਰੀ ਤਰ੍ਹਾਂ ਸੁਯੋਗ ਵਰਤੋਂ ਹੋਵੇ, ਅਤੇ ਦੂਜੇ ਪ੍ਰਬੰਧ ਅਤੇ ਮਜ਼ਦੂਰਾਂ ਤੇ ਰਿਸ਼ਤੇ ਸੁਧਾਰਨ ਵੱਲ ਠੀਕ ਕਦਮ ਪੁੱਟੇ ਜਾਣ ਤਾਂ ਕਿ ਦੋਵਾਂ ਦੀ ਕਾਰਜਕੁਸ਼ਲਤਾ ਵਿਚ ਵਾਧਾ ਹੋਵੇ ਯੋਗਤਾ ਦੀ ਸੁਯੋਗ ਵਰਤੋਂ ਵਾਸਤੇ ਉਤਪਾਦਨ ਵਿਚ ਵਿਭਿੰਨਤਾ ਹੋਵੇ, ਬਰਾਮਦ ਦੀ ਮਿਕਦਾਰ ਵਧਾਈ ਜਾਵੇ ਅਤੇ ਇਸ

ਖੇਤਰ ਦੇ ਯੂਨਿਟਾਂ ਦੀਆਂ ਸਭ ਤਰ੍ਹਾਂ ਦੀਆਂ ਲੋੜਾਂ ਨੂੰ ਪੂਰਿਆ ਕੀਤਾ ਜਾਵੇ। ਇਸ ਤਰ੍ਹਾਂ ਜੇਕਰ ਮਾਲਕ-ਮਜ਼ਦੂਰ ਸਬੰਧਾਂ ਵਿਚ ਪਕਿਆਈ ਲਿਆਉਣੀ ਹੈ, ਇਹ ਰਿਸ਼ਤੇ ਸੁਧਾਰਨੇ ਹਨ ਤਾਂ ਉੱਦਮਾਂ ਨੂੰ ਕੰਮ ਕਰਨ ਦੇ ਵਧੇਰੇ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਇਹ ਜ਼ਰੂਰਤ ਮੁਤਾਬਿਕ ਮਜ਼ਦੂਰਾਂ ਦੀ ਮੰਗ ਕਰ ਸਕਣ ਅਤੇ ਤਕਨੀਕੀ ਤੌਰ ਤੇ ਮਾਹਿਰ ਮਜ਼ਦੂਰ ਲਗਾ ਸਕਣ। ਇਸ ਤਰ੍ਹਾਂ ਪ੍ਰਬੰਧਕਾਂ ਨੂੰ ਤਕਨੀਕੀ ਤੌਰ ਤੇ ਮਾਹਿਰ ਇੰਜੀਨੀਅਰ ਵੀ ਦੇਣੇ ਚਾਹੀਦੇ ਹਨ ਅਤੇ ਇਸ ਦੇ ਨਾਲ ਹੀ ਸਪੈਸ਼ਲ ਸਟਾਫ ਹੋਣਾ ਚਾਹੀਦਾ ਹੈ ਜਿਹੜਾ ਸਮੇਂ ਤੇ ਕੀਮਤ ਨੀਤੀ ਦੀ ਜਾਂਚ ਕਰੇ ਅਤੇ ਉਸ ਵਿਚ ਲਾਭ ਅਨੁਸਾਰ ਤਬਦੀਲੀ ਕਰੇ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਿੰਨੀਆਂ ਵੀ ਰਿਪੋਰਟਾਂ ਕੱਢੀਆਂ ਜਾਂਦੀਆਂ ਹਨ ਜਾਂ ਕਮੇਟੀਆਂ ਬਣਦੀਆਂ ਹਨ ਉਨ੍ਹਾਂ ਵਿਚ ਬਹੁਤੀਆਂ ਸਰਵਜਨਕ ਖੇਤਰ ਦੀ ਕਾਰਜਕੁਸ਼ਲਤਾ ਅਤੇ ਆਰਥਿਕ ਵਿਕਾਸ ਵਿਚ ਇਸ ਭੂਮਿਕਾ ਤੋਂ ਸੰਤੁਸ਼ਟ ਨਹੀਂ ਹਨ ਕਿਉਂਕਿ ਇਸ ਖੇਤਰ ਵਿਚ ਨਿਵੇਸ਼ ਤੋਂ ਪੂਰੀ ਤਰ੍ਹਾਂ ਜਾਇਜ਼ ਲਾਭ ਵੀ ਨਹੀਂ ਹੋ ਰਹੇ, ਜਿਸ ਦਾ ਨਤੀਜਾ ਹੁੰਦਾ ਹੈ ਘਾਟੇ ਦਾ ਪ੍ਰਤੀਫਲ। ਜਦੋਂ ਨਿੱਜੀ ਖੇਤਰ ਨਾਲ ਇਸ ਦਾ ਮੁਕਾਬਲਾ ਕੀਤਾ ਜਾਂਦਾ ਹੈ ਤਾਂ ਉਸ ਵੇਲੇ ਹੋਰ ਵੀ ਨਿਰਾਸ਼ਾ ਹੁੰਦੀ ਹੈ ਕਿ ਉਤਨੀ ਹੀ ਯੋਗਤਾ ਦੇ ਸਾਧਨਾਂ ਨਾਲ ਉਨ੍ਹਾਂ ਦੀ ਲਾਭ ਦੀ ਦਰ ਕਿਤੇ ਵਧੇਰੇ ਹੈ ਤੇ ਉਂਝ ਵੀ ਉਹ ਆਪਣੀ ਯੋਗਤਾ ਅਨੁਸਾਰ ਵਧੇਰੇ ਕੰਮ ਕਰਦੇ ਹਨ। ਪਰ ਸਾਨੂੰ ਇਥੇ ਇਹ ਯਾਦ ਰੱਖਣਾ ਪਵੇਗਾ ਕਿ ਸਰਵਜਨਕ ਖੇਤਰ ਵਿਚ ਜਿਹੜਾ ਨਿਵੇਸ਼ ਹੋ ਰਿਹਾ ਹੈ ਉਸ ਦਾ ਸਰੂਪ ਨਿੱਜੀ ਖੇਤਰ ਦੇ ਨਿਵੇਸ਼ ਨਾਲੋਂ ਵੱਖ ਹੈ। ਇਸ ਨਿਵੇਸ਼ ਦਾ ਉਦੇਸ਼ ਵੀ ਵੱਖ ਹੋਣ ਕਰਕੇ ਪ੍ਰਤੀਫਲ ਦੀ ਦਰ ਘੱਟ ਹੋ ਜਾਂਦੀ ਹੈ। ਇਸ ਦੇ ਨਾਲ ਹੀ ਸਰਵਜਨਕ ਖੇਤਰ ਦਾ ਨਿਵੇਸ਼ ਉਨ੍ਹਾਂ ਮੁੱਢਲੇ ਤੇ ਭਾਰੀ ਉਦਯੋਗਾਂ ਵਿਚ ਹੋਇਆ ਹੈ ਜਿੱਥੇ ਨਿੱਜੀ ਖੇਤਰ ਸਮਝਦਾ ਹੈ ਕਿ ਨਿਵੇਸ਼ ਕਰਨਾ ਅਸੰਭਵ ਹੈ ਜਾਂ ਜ਼ੋਖਮ ਭਰਪੂਰ ਹੈ। ਇਸ ਪ੍ਰਕਾਰ ਨਿਵੇਸ਼ ਵਿਚ ਪ੍ਰਾਜੈਕਟ ਪੂਰਾ ਕਰਨ ਦਾ ਸਮਾਂ ਵੀ ਕਾਫੀ ਜ਼ਿਆਦਾ ਹੁੰਦਾ ਹੈ, ਇਸ ਨਾਲ ਉਤਪਾਦਨ ਦੀ ਲਾਗਤ ਵਧਣ ਨੂੰ ਰੋਕਿਆ ਹੀ ਨਹੀਂ ਜਾ ਸਕਦਾ।

ਇਸ ਦੇ ਨਾਲ ਹੀ ਜੇਕਰ ਕੁਝ ਇਕ ਕਾਰਨਾਂ ਤੇ ਕਾਬੂ ਪਾ ਲਿਆ ਜਾਵੇ ਤਾਂ ਫਜ਼ੂਲ ਦੀ ਅਫਸਰਸ਼ਾਹੀ ਬੰਦ ਕਰ ਦਿੱਤੀ ਜਾਵੇ ਅਤੇ ਸਮਾਜਵਾਦੀ ਉਦੇਸ਼ਾਂ ਨੂੰ ਪੂਰਾ ਕਰਨ ਲਈ ਉਸੇ ਅਨੁਸਾਰ ਨਿਵੇਸ਼ ਕੀਤਾ ਜਾਵੇ ਤਾਂ ਜ਼ਰੂਰੀ ਨਹੀਂ ਕਿ ਇਸ ਖੇਤਰ ਦੇ ਰੱਖੇ ਉਦੇਸ਼ਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਪਰ ਨਵੀਂ ਉਦਯੋਗਿਕ ਨੀਤੀ (1991) ਅਨੁਸਾਰ ਹੁਣ ਆਰਥਿਕ ਵਿਕਾਸ ਦੇ ਉਦੇਸ਼ ਹੀ ਬਦਲ ਗਏ ਹਨ। ਜ਼ਿਆਦਾ ਝੁਕਾਅ ਨਿੱਜੀਕਰਣ ਵੱਲ ਨੂੰ ਹੈ। ਇਸ ਦਾ ਸਬੂਤ ਸਾਨੂੰ ਉਦਾਰਵਾਦੀ ਲਾਇੰਸੈਸਿੰਗ ਪ੍ਰਣਾਲੀ ਲਾਗੂ ਕਰਨ ਤੋਂ ਮਿਲਦਾ ਹੈ। ਇਸ ਨਾਲ ਛੋਟੇ ਉਦਮ ਕਰਤਾ ਮੁਕਾਬਲੇ ਵਿਚ ਖੜ੍ਹੇ ਨਹੀਂ ਹੋ ਸਕਣਗੇ। ਨਿੱਜੀਕਰਣ ਨਾਲ ਨਿੱਜੀ ਖੇਤਰ ਨੂੰ ਉਤਸ਼ਾਹ ਮਿਲੇਗਾ ਜਿਸ ਨਾਲ ਸਰਵਜਨਕ ਖੇਤਰ ਦੀ ਉਦਯੋਗਿਕ ਖੇਤਰ ਵਿਚ ਮਹੱਤਤਾ, ਯੋਗਦਾਨ ਅਤੇ ਭੂਮਿਕਾ ਉਪਰ ਮਾੜਾ ਅਸਰ ਪੈਣਾ ਸੁਭਾਵਕ ਹੀ ਹੈ।

## ਸਵੈ-ਅਭਿਆਸ ਲਈ ਪ੍ਰਸ਼ਨ

(ੳ) ਕੀ ਸਰਵਜਨਕ ਖੇਤਰ ਨੂੰ ਨਿਵੇਸ਼ ਤੋਂ ਹੋਣ ਵਾਲੀ ਪ੍ਰਤੀਫਲ ਦੀ ਦਰ ਬਾਰੇ ਸੁਚੇਤ ਹੋਣਾ ਚਾਹੀਦਾ ਹੈ? ਉਤਰ ਵਾਸਤੇ ਦਲੀਲਾਂ ਦਿਓ।

(ਅ) ਸਰਵਜਨਕ ਖੇਤਰ ਦੀ ਮਾੜੀ ਕਾਰਗੁਜ਼ਾਰੀ ਦੇ ਕੀ ਕਾਰਨ ਹਨ?

**2.5.8 ਸਾਰੰਸ਼ (Summary) :** ਪਾਠ ਅਸੀ ਸਰਵਜਨਕ ਖੇਤਰ ਦੇ ਵਿਕਾਸ, ਵਾਧਾ ਅਤੇ ਭੂਮਿਕਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਹੈ। ਵਿਕਾਸ ਜਾਂ ਵਾਧੇ ਤੋਂ ਭਾਵ ਹੈ ਕਿ ਉਦਯੋਗਿਕ ਨੀਤੀ ਵਿਚ ਅਤੇ ਪੰਜ ਸਾਲਾ ਯੋਜਨਾਵਾਂ ਦੌਰਾਨ ਸਰਵਜਨਕ ਖੇਤਰ ਦੁਆਰਾ ਨਿਵੇਸ਼ ਕਿੰਨੀ ਮਾਤਰਾ ਵਿਚ ਵੱਧਿਆ ਹੈ, ਇਸ ਦੁਆਰਾ ਚੱਲ ਰਹੇ ਉਦਯੋਗਾਂ ਦੀ ਗਿਣਤੀ ਵਿਚ ਕਿੰਨਾ ਕੁ ਵਾਧਾ ਹੋਇਆ ਹੈ ਅਤੇ ਜੇਕਰ ਸਾਰੇ ਉਦਯੋਗਾਂ ਨੂੰ ਮੁੱਖ ਰੂਪ ਵਿਚ 9 ਸ਼੍ਰੇਣੀਆਂ ਵਿਚ ਵੰਡ ਲਈਏ ਤਾਂ ਉਸ ਅਨੁਸਾਰ ਕਿਹੜੀ ਸ਼੍ਰੇਣੀ ਨੂੰ ਵੱਧ ਮਹੱਤਤਾ ਦਿੱਤੀ ਗਈ ਹੈ। ਜਦੋਂ ਅਸੀਂ ਸਰਵਜਨਕ ਖੇਤਰ ਦੀ ਭੂਮਿਕਾ ਦੀ ਗੱਲ ਕਰਦੇ ਹਾਂ ਅਸੀਂ ਇਸ ਦੁਆਰਾ ਆਰਥਿਕ ਵਿਕਾਸ ਵਿਚ ਪਾਏ ਯੋਗਦਾਨ ਬਾਰੇ ਵਿਆਖਿਆ ਹੁੰਦੀ ਹੈ।

ਭਾਵੇਂ ਸਰਵਜਨਕ ਖੇਤਰ ਦੁਆਰਾ ਆਰਥਿਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਗਈ ਹੈ, ਫਿਰ ਵੀ ਇਸ ਦੀ ਕਾਰਜਕੁਸ਼ਲਤਾ ਦੇ ਬਾਰੇ ਮਤਭੇਦ ਹਨ। ਕਾਰਜਕੁਸ਼ਲਤਾ ਨੂੰ ਮਾਪਣ ਦੇ ਜਿਹੜੇ ਮਾਪ ਦੰਡ ਨਿੱਜੀ ਖੇਤਰ ਵਾਸਤੇ ਹਨ ਉਹੀ ਮਾਪ ਦੰਡ ਅਸੀਂ ਸਰਵਜਨਕ ਖੇਤਰ ਵਾਸਤੇ ਨਹੀਂ ਅਪਣਾ ਸਕਦੇ। ਕਿਉਂਕਿ ਸਰਵਜਨਕ ਖੇਤਰ ਦੀ ਸਥਾਪਨਾ ਇਸ ਦੀ ਜ਼ਰੂਰਤ, ਇਸ ਦੇ ਉਦੇਸ਼ ਆਦਿ ਇਨ੍ਹਾਂ ਮਾਪ ਦੰਡਾਂ ਨਾਲ ਮੇਲ ਨਹੀਂ ਖਾਂਦੇ। ਇਸ ਵਾਸਤੇ ਸੁਝਾਓ ਦਿੱਤਾ ਜਾਂਦਾ ਹੈ ਕਿ ਜੇਕਰ ਕੁਝ ਬੁਨਿਆਦੀ ਕਾਰਨਾਂ ਕਰਕੇ ਸਰਵਜਨਕ ਖੇਤਰ ਦੀ ਕਾਰਗੁਜ਼ਾਰੀ ਮਾੜੀ ਹੈ ਤਾਂ ਇਸ ਦਾ ਹੱਲ ਇਹ ਨਹੀਂ ਕਿ ਇਨ੍ਹਾਂ ਅਦਾਰਿਆਂ ਨੂੰ ਬੰਦ ਹੀ ਕਰ ਦਿੱਤਾ ਜਾਵੇ ਤਾਂ ਅਧਨਿਵੇਸ਼ ਦੀ ਨੀਤੀ ਅਪਣਾ ਕੇ ਇਨ੍ਹਾਂ ਨੂੰ ਨਿੱਜੀ ਖੇਤਰ ਕੋਲ ਨਾ-ਮਾਤਰ ਕੀਮਤਾਂ/ਮੁੱਲਾਂ ਤੇ ਵੇ ਚ ਦਿੱਤਾ ਜਾਵੇ। ਸਗੋਂ ਪੂਰੀ ਤਨਦੇਹੀ ਨਾਲ ਇਸ ਦੀ ਘੱਟ ਕਾਰਜਕੁਸ਼ਲਤਾ ਦੇ ਕਾਰਨਾਂ ਨੂੰ ਸਮਝਦੇ ਹੋਏ ਇਨ੍ਹਾਂ ਨੂੰ ਸੁਧਾਰਨ ਦੀ ਜ਼ਰੂਰਤ ਹੈ। ਮਿਸ਼ਰਤ ਅਰਥ ਵਿਵਸਥਾ ਵਿਚ ਭਾਵੇਂ ਦੋਵੇਂ ਸਰਵਜਨਕ ਅਤੇ ਨਿੱਜੀ ਖੇ ਤਰ ਨਾਲੋਂ ਨਾਲ ਚਲਦੇ ਹਨ ਪਰ ਅਹਿਮ ਭੂਮਿਕਾ ਸਰਵਜਨਕ ਖੇਤਰ ਦੀ ਹੀ ਹੈ।

ਪੜ੍ਹਨਯੋਗ ਪੁਸਤਕਾਂ

(ਪਾਠ ਨੰ: 2.5 (ਅ) ਦੇ ਅੰਤ ਵਿਚ ਦਿੱਤੀਆਂ ਹਨ)

**ਪਾਠ ਨੰਬਰ :2.5 (ਅ)** **ਲੇਖਿਕਾ : ਡਾ. ਕੰਵਲਜੀਤ ਕੌਰ ਗਿੱਲ**

## II
## ਨਿੱਜੀ ਖੇਤਰ ਦਾ ਵਿਕਾਸ ਅਤੇ ਯੋਗਦਾਨ
## (Growth and Role of Private Sector)

*** ਰੂਪ ਰੇਖਾ**

**1.1. ਭੂਮਿਕਾ**
**1.2. ਨਿੱਜੀ ਖੇਤਰ ਦਾ ਭਾਵ**
**1.3. ਨਿੱਜੀ ਖੇਤਰ ਦਾ ਵਿਕਾਸ**
 **1.5.3.1. ਨਿੱਜੀ ਕਾਰਪੋਰੇਟ ਖੇਤਰ ਵਿਚ ਕੰਪਨੀਆਂ**
 **1.3.2. ਨਿੱਜੀ ਕਾਰਪੋਰੇਟ ਖੇਤਰ ਵਿਚ ਚੁਕਤਾ ਪੂੰਜੀ (Paid up Capital)**
**1.4. ਨਿੱਜੀ ਖੇਤਰ ਦਾ ਭਾਰਤੀ ਅਰਥ ਵਿਵਸਥਾ ਵਿਚ ਯੋਗਦਾਨ**
**1.5. ਨਿੱਜੀ ਖੇਤਰ ਦੀਆਂ ਔਕੜਾਂ ਜਾਂ ਸੀਮਾਵਾਂ**
**1.6. ਸਾਰੰਸ਼**
**1.7. ਪੜ੍ਹਨ ਯੋਗ ਪੁਸਤਕਾਂ**
**1.8. ਅਭਿਆਸ ਲਈ ਪ੍ਰਸ਼ਨ**
 **1.8.1. ਛੋਟੇ ਉਤਰਾਂ ਵਾਲੇ ਪ੍ਰਸ਼ਨ**
 **1.8.2. ਵੱਡੇ ਉਤਰਾਂ ਵਾਲੇ ਪ੍ਰਸ਼ਨ**

**1.1. ਭੂਮਿਕਾ :** ਆਜ਼ਾਦੀ ਤੋਂ ਪਹਿਲਾਂ ਤੱਕ ਜਿੰਨਾ ਵੀ ਉਦਯੋਗਿਕ ਵਿਕਾਸ ਹੋਇਆ ਉਸ ਵਿਚ ਜ਼ਿਆਦਾ ਰੋਲ ਨਿੱਜੀ ਖੇਤਰ ਦਾ ਹੀ ਸੀ। ਸਰਵਜਨਕ ਖੇਤਰ ਦੀ ਭੂਮਿਕਾ ਨਾ-ਮਾਤਰ ਹੀ ਸੀ। ਸਭ ਤੋਂ ਪਹਿਲਾਂ ਗੁਜਰਾਤੀ, ਹਿੰਦੂ ਅਤੇ ਪਾਰਸੀ ਜਿਹੜੇ ਈਰਾਨ ਤੋਂ ਭਾਰਤ ਵੱਲ ਆਏ ਸਨ ਉਨ੍ਹਾਂ ਨੇ ਉਦਯੋਗਿਕ ਵਿਕਾਸ ਵਾਸਤੇ ਕੁਝ ਮੁੱਢਲੇ ਕਦਮ ਚੁੱਕੇ। 1851 ਵਿਚ ਪਹਿਲੀ ਸੂਤੀ ਮਿਲ ਇਕ ਪਾਰਸੀ ਦੁਆਰਾ ਲਗਾਈ ਗਈ। ਇਸ ਤੋਂ ਬਾਅਦ ਸਰ ਜਮਸ਼ੇਦ ਜੀ ਟਾਟਾ ਦੁਆਰਾ ਤਿੰਨ ਹੋਰ ਸੂਤੀ ਕਪੜੇ ਦੀਆਂ ਮਿਲਾਂ ਲਗਾਈਆਂ ਗਈਆਂ। ਕੁਝ ਕੁ ਸਰਕਾਰੀ ਵਿਭਾਗ ਜਿਵੇਂ ਰੇਲਵੇ, ਡਾਕ ਤੇ ਤਾਰ ਆਦਿ ਨੂੰ ਛੱਡ ਕੇ ਲਗਭਗ ਸਾਰੇ ਕਾਰੋਬਾਰ ਨਿੱਜੀ ਖੇਤਰ ਅਧੀਨ ਹੀ ਸਨ ਪਰੰਤੂ ਆਜ਼ਾਦੀ ਤੋਂ ਬਾਅਦ ਸਰਵਜਨਕ ਖੇਤਰ ਦੀ ਭੂਮਿਕਾ ਨੂੰ ਸਮਝਦੇ ਹੋਏ ਨਿੱਜੀ ਖੇਤਰ ਦੇ ਵਿਕਾਸ ਵਾਸਤੇ ਠੋਸ ਕਦਮ ਚੁੱਕੇ ਗਏ। ਪਰ 50-55 ਸਾਲਾਂ ਦੇ ਅਰਸੇ ਦੌਰਾਨ ਨਿੱਜੀ ਖੇਤਰ ਦਾ ਫਿਰ ਵੀ ਵਿਸਥਾਰ ਹੋਇਆ ਹੈ ਅਤੇ ਕਈ ਖੇਤਰਾਂ ਵਿਚ ਇਸ ਖੇਤਰ ਦੀ ਸਰਵਜਨਕ ਖੇਤਰ ਦੇ ਮੁਕਾਬਲੇ ਦੇ ਕਾਰਗੁਜ਼ਾਰੀ ਵਧੀਆ ਹੈ।

ਇਸ ਪਾਠ ਵਿਚ ਨਿੱਜੀ ਖੇਤਰ ਦੇ ਵਿਕਾਸ ਅਤੇ ਇਸ ਦੀ ਆਰਥਿਕ ਵਿਕਾਸ ਵਿਚ ਭੂਮਿਕਾ ਜਾਂ ਯੋਗਦਾਨ ਬਾਰੇ ਜਾਣਕਾਰੀ ਹਾਸਲ ਕਰਾਂਗੇ।

**1.2. ਨਿੱਜੀ ਖੇਤਰ ਦਾ ਭਾਵ (Meaning of Private Sector) :** ਨਿੱਜੀ ਖੇਤਰ ਤੋਂ ਭਾਵ ਹੈ ਜਦੋਂ ਕਾਰੋਬਾਰ ਦੀ ਸਾਰੀ ਮਾਲਕੀ ਅਤੇ ਪ੍ਰਬੰਧ ਨਿੱਜੀ ਹੱਥਾਂ ਵਿਚ ਹੁੰਦਾ ਹੈ। ਇਸ ਹਾਲਤ ਵਿਚ ਕਾਰੋਬਾਰ ਨੂੰ ਚਲਾਉਣ ਦਾ ਮੁੱਖ ਮੰਤਵ ਅਧਿਕਤਮ ਲਾਭ ਕਮਾਉਣਾ ਹੁੰਦਾ ਹੈ। ਨਿੱਜੀ ਖੇਤਰ ਦਾ ਸੰਬੰਧ ਉਨ੍ਹਾਂ

ਸਾਰੇ ਵਿਅਕਤੀਗਤ ਜਾਂ ਕਾਰਪੋਰੇਟ ਅਦਾਰਿਆਂ ਭਾਵੇਂ ਉਹ ਘਰੇਲੂ ਹਨ ਜਾਂ ਵਿਦੇਸ਼ੀ, ਉਨ੍ਹਾਂ ਨਾਲ ਹੁੰਦਾ ਹੈ, ਜਿਹੜੇ ਕਿਸੇ ਵੀ ਪ੍ਰਕਾਰ ਦੇ ਉਤਪਾਦਨ ਦੇ ਕਾਰਜ ਵਿਚ ਲੱਗੇ ਹੁੰਦੇ ਹਨ। (Private sector or private enterprise refers to all types of individual or corporate enterprise, domestic or foreign, in any field of production activity)[1] ਪਰੰਤੂ ਆਧੁਨਿਕ ਸਮੇ ਵਿਚ ਨਿੱਜੀ ਖੇਤਰ ਦੀ ਪਰਿਭਸ਼ਾ ਵਿਚ ਥੋੜੀ ਜਿਹੀ ਤਬਦੀਲੀ ਹੋਈ ਹੈ। ਹੁਣ ਕਾਰਪੋਰੇਟ ਉਦਯੋਗਿਕ ਯੂਨਿਟਾਂ ਦੀ ਮਾਲਕੀ ਸ਼ੇਅਰ ਹੋਲਡਰਾਂ ਕੋਲ ਹੈ, ਜਿਨ੍ਹਾਂ ਦਾ ਪ੍ਰਬੰਧ ਚੰਗੇ ਸਿੱਖਿਅਤ ਅਤੇ ਪੇਸ਼ਾਵਰ ਮੈਨੇਜਰ ਕਰਦੇ ਹਨ। ਇਸ ਕਰਕੇ ਨਿੱਜੀ ਖੇਤਰ ਵਿਚ ਉਤਪਾਦਨ ਦਾ ਮੁੱਖ ਮਕਸਦ (ਉਦੇਸ਼) ਅਧਿਕਤਮ ਲਾਭ ਕਮਾਉਣਾ ਹੀ ਨਹੀਂ ਸਗੋਂ ਕਾਰੋਬਾਰ ਨਾਲ ਸੰਬੰਧਿਤ ਹੋਰ ਮਕਸਦ ਜਿਵੇਂ ਕਾਰੋਬਾਰ ਦਾ ਵਿਸਥਾਰ (expansion), ਵਿਕਾਸ (growth), ਨਿਰੰਤਰਤਾ ਅਤੇ ਸਥਿਰਤਾ (continuity and stability) ਆਦਿ ਵੀ ਹੋ ਗਿਆ ਹੈ।

**1.3. ਨਿੱਜੀ ਖੇਤਰਾਂ ਦਾ ਵਿਕਾਸ (Growth of Private Sector) :** ਭਾਰਤ ਦੀ ਅਰਥ-ਵਿਵਸਥਾ ਮਿਸ਼ਰਤ ਅਰਥ-ਵਿਵਸਥਾ ਹੈ। ਅਰਥਾਤ ਦੋਵੇਂ ਸਰਵਜਨਕ ਅਤੇ ਨਿੱਜੀ ਖੇਤਰ ਨਾਲੋ ਨਾਲ ਆਰਥਿਕ ਵਿਕਾਸ ਵਿਚ ਯੋਗਦਾਨ ਪਾ ਰਹੇ ਹਨ। ਜਿਸ ਪ੍ਰਕਾਰ ਨਾਲ ਸਰਵਜਨਕ ਖੇਤਰ ਦੀ ਮਹੱਤਤਾ ਨੂੰ ਸਮਝਦੇ ਹੋਏ, ਸਰਕਾਰੀ ਤੌਰ ਤੇ ਪਹਿਲਾਂ ਉਦਯੋਗਿਕ ਨੀਤੀ ਅਤੇ ਦੂਜਾ ਪੰਜ ਸਾਲਾਂ ਯੋਜਨਾਵਾਂ ਵਿਚ, ਇਸ ਦੇ ਖੇਤਰ ਨਿਰਧਾਰਤ ਕੀਤੇ ਗਏ ਇਸੇ ਪ੍ਰਕਾਰ ਨਿੱਜੀ ਖੇਤਰ ਦੀ ਮਹੱਤਤਾ ਨੂੰ ਵੀ ਅਖੋਂ ਪਰੋਖੇ ਨਹੀਂ ਕੀਤਾ ਗਿਆ। ਸਗੋਂ ਸਰਵਜਨਕ ਖੇਤਰ ਸਥਾਪਤ ਹੋਵੇਗਾ ਨਿੱਜੀ ਖੇਤਰ ਦੁਆਰਾ ਹੋਣ ਵਾਲਾ ਨਿਵੇਸ਼, ਨਿੱਜੀ ਖੇਤਰ ਦੇ ਸਾਧਨਾਂ ਦੀ ਸਹਾਇਤਾ ਵਾਸਤੇ, ਇਸ ਨਾਲ ਮੁਕਾਬਲਾ ਕਰਨ ਵਾਸਤੇ ਨਹੀਂ। (Investment by Public Sector will be for supplementing the resources of Private Sector and not to compete with it.)

ਉਦਯੋਗਿਕ ਨੀਤੀ 1948 ਅਤੇ ਫਿਰ 1956 ਵਿਚ ਸਰਵਜਨਕ ਅਤੇ ਨਿੱਜੀ ਖੇਤਰ ਦੇ ਅਧਿਕਾਰ ਅਧੀਨ ਆਉਂਦੇ ਖੇਤਰਾਂ ਬਾਰੇ ਸਪਸ਼ਟ ਕਰ ਦਿੱਤਾ ਗਿਆ ਕਿ :

- ਉਹ ਮਹੱਤਵਪੂਰਨ ਉਦਯੋਗ ਖੇਤਰ ਜਿਨ੍ਹਾਂ ਦੇ ਵਿਕਾਸ ਅਤੇ ਸ਼ੁਰੂ ਕਰਨ ਦੀ ਜ਼ਿੰਮੇਵਾਰੀ ਪੂਰਨ ਰੂਪ ਵਿਚ ਸਰਵਜਨਕ ਖੇਤਰ ਦੀ ਸੀ (exclusive responsibility of the state):
- ਉਹ ਉਦਯੋਗ ਖੇਤਰ ਜਿਨ੍ਹਾਂ ਦਾ ਰਾਸ਼ਟਰੀਕਰਨ ਕਰ ਲਿਆ ਜਾਣਾ ਸੀ (Progressively owned by the state) ਇਨ੍ਹਾਂ ਵਿਚ ਨਵਾਂ ਨਿਵੇਸ਼ ਕੇਵਲ ਸਰਵਜਨਕ ਖੇਤਰ ਦੁਆਰਾ ਹੀ ਹੋਣਾ ਸੀ, ਪਰ ਜਿੱਥੇ ਨਿੱਜੀ ਖੇਤਰ ਦੀ ਕਾਰਗੁਜ਼ਾਰੀ ਠੀਕ ਸੀ ਉਨ੍ਹਾਂ ਨੂੰ ਉਸ ਖੇਤਰ ਵਿਚ ਜਾਰੀ ਰਹਿਣ ਦੀ ਵੀ ਇਜਾਜ਼ਤ ਸੀ;
- ਬਾਕੀ ਬੱਚਦੇ ਖੇਤਰ ਜਿਹੜੇ ਅਨੁਸੂਚੀ ਏ (A) ਜਾਂ ਬੀ (B) ਵਿਚ ਨਹੀ ਸ਼ਾਮਲ ਹੋਏ, ਉਨ੍ਹਾਂ ਨੂੰ ਅਨੁਸੂਚੀ ਸੀ (C) ਵਿਚ ਰੱਖਿਆ ਗਿਆ ਅਤੇ ਇਨ੍ਹਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਨਿੱਜੀ ਖੇਤਰ ਨੂੰ ਪੂਰਨ ਰੂਪ ਵਿਚ ਸੌਂਪ ਦਿੱਤੀ ਗਈ।

ਇਸ ਦੇ ਨਾਲ ਇਹ ਵੀ ਸਪੱਸ਼ਟ ਕਰ ਦਿੱਤਾ ਗਿਆ ਕਿ ਇਹ ਅਨੁਸੂਚੀ ਵੰਡ 'ਪੱਥਰ ਤੇ ਲਕੀਰ' ਨਹੀਂ। ਕਿਸੇ ਖਾਸ ਢੁਕਵੇਂ ਸਮੇਂ ਤੇ ਨਿੱਜੀ ਖੇਤਰ ਉਨ੍ਹਾਂ ਵਸਤਾਂ ਦਾ ਉਤਪਾਦਨ ਕਰ ਸਕਦਾ ਹੈ ਜਿਹੜੇ A ਜਾਂ B ਅਨੁਸੂਚੀ ਵਿਚ ਹਨ। ਜਿਵੇਂ ਭਾਰੀ ਉਦਯੋਗਾਂ ਲਈ ਲੋੜੀਂਦੇ ਪੁਰਜ਼ਿਆਂ ਦੀ ਜ਼ਰੂਰਤ ਨਿੱਜੀ ਖੇਤਰ ਦੁਆਰਾ ਪੂਰੀ ਕੀਤੀ ਜਾ ਸਕਦੀ ਹੈ। ਉਧਰ ਨਿੱਜੀ, ਖੇਤਰ ਵੀ ਕਈ ਪ੍ਰਕਾਰ ਦੀ ਸਹਾਇਤਾ ਸਰਵਜਨਕ ਖੇਤਰ ਪਾਸੋ ਪ੍ਰਾਪਤ ਕਰ ਸਕਦਾ ਹੈ। ਅਸਲ ਵਿਚ ਸਰਕਾਰ ਦਾ ਮੁੱਖ ਮਕਸਦ ਭਾਵੇਂ

1. Datt and Sundharam - Indian Economy (ed.) 2003. p-214

ਆਰਥਿਕਤਾ ਨੂੰ ਸਮਾਜਵਾਦੀ ਲੀਹਾਂ ਉੱਪਰ ਚਲਾਉਣਾ ਸੀ ਪਰ ਫਿਰ ਵੀ ਮਿਸ਼ਰਤ ਅਰਥ ਵਿਵਸਥਾ ਦਾ ਢਾਂਚਾ ਅਪਣਾਉਂਦੇ ਹੋਏ ਦੋਵੇਂ ਖੇਤਰਾਂ ਨੂੰ ਹੀ ਇਕ ਦੂਜੇ ਦੇ ਪੂਰਕ ਵਜੋਂ ਵਿਚਰਣ ਦੀ ਇਜਾਜ਼ਤ ਦਿੱਤੀ ਗਈ।

**ਸਵੈ-ਅਭਿਆਸ ਲਈ ਪ੍ਰਸ਼ਨ**

(ੳ) ਨਿੱਜੀ ਖੇਤਰ ਤੋਂ ਕੀ ਭਾਵ ਹੈ? ਇਸ ਖੇਤਰ ਵਿਚ ਉਤਪਾਦਨ ਦਾ ਮੁੱਖ ਮਕਸਦ ਕੀ ਹੁੰਦਾ ਹੈ?

(ਅ) 1956 ਦੀ ਉਦਯੋਗਿਕ ਨੀਤੀ ਵਿਚ ਉਦਯੋਗਾਂ ਦੀ ਖੇਤਰੀ ਵੰਡ ਕਿਸ ਪ੍ਰਕਾਰ ਨਾਲ ਕੀਤੀ ਗਈ?

ਨਿੱਜੀ ਖੇਤਰ ਦੇ ਵਿਕਾਸ ਅਤੇ ਵਾਧੇ ਦਾ ਅੰਦਾਜ਼ਾ ਮੁੱਖ ਰੂਪ ਵਿਚ ਹੇਠਾਂ ਲਿਖੇ ਦੋ ਨੁਕਤਿਆਂ ਤੋਂ ਲਗਾਇਆ ਜਾ ਸਕਦਾ ਹੈ :

1*.3.1. ਪਹਿਲਾਂ- ਨਿੱਜੀ ਕਾਰਪੋਰੇਟ ਵਿੱਚਲੀਆਂ ਕੰਪਨੀਆਂ ;

1*.3.2. ਦੂਜਾ - ਇਨ੍ਹਾਂ ਕੰਪਨੀਆਂ ਵਿਚ ਕੁਲ ਚੁੱਕਤਾ ਪੂੰਜੀ (paid up capital) ਦੀ ਮਿਕਦਾਰ। ਇਸ ਨੂੰ ਹੇਠਾਂ ਦਿੱਤੀ ਤਾਲਿਕਾ ਵਿਚ ਦੋ ਭਾਗ ਹਨ (ੳ) ਅਤੇ (ਅ) ਵਿਚ ਵੰਡ ਕੇ ਲਿਖਿਆ ਗਿਆ ਹੈ :

ਤਾਲਿਕਾ - 1

ਭਾਰਤ ਵਿਚ ਨਿੱਜੀ ਕਾਰਪੋਰੇਟ ਖੇਤਰ ਦਾ ਵਾਧਾ

| (ੳ) | ਕੰਪਨੀਆਂ | 1957 | 1971 | 1991 | 2000 | 31 ਜਨਵਰੀ 2018 |
|---|---|---|---|---|---|---|
| (i) | ਸਰਕਾਰੀ | 74 | 314 | 1179 | 1257 | 528 |
| (ii) | ਗੈਰ-ਸਰਕਾਰੀ | 29,283 | 30,008 | 2,19,542 | 5,41,051 | 10,71,729 |
| | ਕੁੱਲ | 29,357 | 30,322 | 2,20,721 | 5,42,308 | 10,72,275 |

Source : Statistical Outline of India, quoted in Datt and Sundharam (ibid)

ਤਾਲਿਕਾ-1 ਤੋਂ ਨਿੱਜੀ ਕਾਰਪੋਰੇਟ ਖੇਤਰ ਵਿਚ ਸਰਕਾਰੀ ਅਤੇ ਗੈਰ-ਸਰਕਾਰੀ ਕੰਪਨੀਆਂ ਦੇ ਹੋਏ ਵਾਧੇ ਬਾਰੇ ਸਪਸ਼ਟ ਜਾਣਕਾਰੀ ਮਿਲਦੀ ਹੈ। ਤਾਲਿਕਾ ਦੇ 'ੳ' ਭਾਗ ਵਿਚ ਸਪਸ਼ਟ ਹੈ ਕਿ 1957 ਤੋਂ 2000 ਤੱਕ ਇਸ ਖੇਤਰ ਵਿਚਲੀਆਂ ਕੁਝ ਕੰਪਨੀਆਂ ਵਿਚ ਲਗਾਤਾਰ ਵਾਧਾ ਹੋਇਆ ਹੈ। ਸਰਕਾਰੀ ਕੰਪਨੀਆਂ ਦੀ ਗਿਣਤੀ 1957 ਵਿਚ 74 ਤੋਂ ਵੱਧ ਕੇ 1991 ਵਿਚ 1179 (15.9 ਗੁਣਾ ਵਾਧਾ) ਅਤੇ 2000 ਵਿਚ 1257 (16.98 ਗੁਣਾ ਵਾਧਾ) ਹੋ ਗਈ ਅਰਥਾਤ ਇਸ ਦੇ ਮੁਕਾਬਲੇ ਗੈਰ-ਸਰਕਾਰੀ ਕੰਪਨੀਆਂ ਦੀ

ਗਿਣਤੀ 29283 ਤੋਂ ਵੱਧ ਕੇ 1991 ਵਿਚ 219542 (7.5 ਗੁਣਾ ਵਾਧਾ) ਅਤੇ 2000 ਵਿਚ 541051 ਹੋ ਗਈ। ਪਰੰਤੂ ਜਿਥੇ ਤਕ ਇਨ੍ਹਾਂ ਕੰਪਨੀਆਂ ਦੁਆਰਾ ਚੁਕਤਾ ਪੂੰਜੀ (ਭਾਗ ਅ) ਦਾ ਸੁਆਲ ਹੈ ਇਸ ਵਿਚ ਗੈਰ-ਸਰਕਾਰੀ ਕੰਪਨੀਆਂ ਦੀ ਸਥਿਤੀ ਮਾੜੀ ਹੈ। ਸਗੋਂ ਇਸ ਦਾ ਹਿੱਸਾ ਕੁਲ ਚੁਕਤਾ ਪੂੰਜੀ ਵਿਚ 1957 ਵਿਚ 93.2 ਪ੍ਰਤੀਸ਼ਤ ਤੋਂ ਘੱਟ ਕੇ 1971 ਵਿਚ 54.2 ਪ੍ਰਤੀਸ਼ਤ ਅਤੇ 1991 ਦੌਰਾਨ 27.4 ਪ੍ਰਤੀਸ਼ਤ ਤੱਕ ਹੀ ਰਹਿ ਗਿਆ। ਇਸ ਤੋਂ ਬਾਅਦ ਆਰਥਿਕ ਨੀਤੀ ਵਿਚ ਤਬਦੀਲੀ ਆਉਣ ਕਾਰਨ ਅਤੇ ਯੋਜਨਾਕਾਰਾਂ ਦਾ ਨਿੱਜੀਕਰਣ ਵਾਲੀ ਨੀਤੀ ਵੱਲ ਝੁਕਾਓ ਵੱਧ ਜਾਣ ਕਾਰਨ ਇਸ ਖੇਤਰ ਦੀ ਸਥਿਤੀ ਵਿਚ ਸੁਧਾਰ ਹੋਇਆ। 2000 ਵਿਚ ਗੈਰ-ਸਰਕਾਰੀ ਕੰਪਨੀਆਂ ਦੀ ਚੁਕਤਾ ਪੂੰਜੀ ਦਾ ਹਿੱਸਾ 1991 ਦੇ ਮੁਕਾਬਲੇ ਵੱਧ ਕੇ 64.2 ਪ੍ਰਤੀਸ਼ਤ ਹੋ ਗਿਆ। ਇਸ ਦਾ ਉਲਟ ਸਰਕਾਰੀ ਕੰਪਨੀਆਂ ਦਾ ਹਿੱਸਾ 1991 ਦੇ ਵਿਚ 72.6 ਪ੍ਰਤੀਸ਼ਤ ਤੋਂ ਘੱਟ ਕੇ 2000 ਵਿਚ 35.8 ਪ੍ਰਤੀਸ਼ਤ ਰਹਿ ਗਿਆ ਸੀ।

ਨਿੱਜੀ ਖੇਤਰ ਵਿਚ ਕੰਪਨੀਆਂ ਦੇ ਵਿਕਾਸ ਅਤੇ ਚੁਕਤਾ ਪੂੰਜੀ ਦੀ ਸਥਿਤੀ ਤੋਂ ਸਪਸ਼ਟ ਹੈ ਕਿ 1957 ਤੋਂ 1991 ਤੱਕ ਭਾਵੇਂ ਕੰਪਨੀਆਂ ਦੀ ਗਿਣਤੀ ਵਧੇਰੇ ਹੈ ਪਰ ਚੁੱਕਤਾ ਪੂੰਜੀ ਦੀ ਸਥਿਤੀ ਵਿਚ ਕਾਫੀ ਨਿਖਾਰ ਆਇਆ। ਪਰੰਤੂ 1991 ਤੋਂ 2000 ਤੱਕ ਦੇ ਸਮੇਂ ਵਿਚ ਨਿੱਜੀ ਖੇਤਰ ਵਿਚ ਕੰਪਨੀਆਂ ਦੀ ਗਿਣਤੀ ਦੇ ਨਾਲ ਨਾਲ ਚੁੱਕਤਾ ਪੂੰਜੀ ਦੀ ਸਥਿਤੀ ਵੀ ਸੁਧਰ ਗਈ।

ਉੱਪਰ ਦਿੱਤੀ ਵਿਆਖਿਆ ਤੋਂ ਤੁਸੀਂ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਆਸਾਨੀ ਨਾਲ ਦੇ ਸਕਦੇ ਹੋ।

(ੳ) 1971 ਤੋਂ ਲੈਕੇ 2000 ਤੱਕ ਨਿੱਜੀ ਕਾਰਪੋਰੇਟ ਖੇਤਰ ਵਿਚ ਹੋਏ ਗੈਰ-ਸਰਕਾਰੀ ਕੰਪਨੀਆਂ ਦੇ ਵਾਧੇ ਬਾਰੇ ਤੁਸੀਂ ਕੀ ਜਾਣਦੇ ਹੋ?

(ਅ) ਨਿੱਜੀ ਕਾਰਪੋਰੇਟ ਖੇਤਰ ਵਿਚ ਪਿਛਲੇ ਦਹਾਕੇ (1991-2000) ਦੌਰਾਨ ਕੰਪਨੀਆਂ ਦੀ ਗਿਣਤੀ ਦੇ ਮੁਕਾਬਲੇ ਚੁਕਤਾ ਪੂੰਜੀ ਦੀ ਸਥਿਤੀ ਕੀ ਸੀ?

**1.4. ਨਿੱਜੀ ਖੇਤਰ ਦਾ ਭਾਰਤੀ ਅਰਥ ਵਿਵਸਥਾ ਵਿਚ ਯੋਗਦਾਨ (Role of Private Sector in India) :** ਭਾਵੇਂ ਪੰਜ ਸਾਲਾ ਯੋਜਨਾਵਾਂ ਵਿਚ ਸਰਵਜਨਕ ਖੇਤਰ ਨੂੰ ਅਹਿਮ ਦਰਜਾ ਦਿੱਤਾ ਗਿਆ ਹੈ ਪਰੰਤੂ ਫਿਰ ਵੀ ਨਿੱਜੀ ਖੇਤਰ ਨਾਲੋਂ ਨਾਲ ਚਲ੍ਹ ਰਿਹਾ ਹੈ। ਅਸਲ ਵਿਚ ਸਰਕਾਰ ਵਲੋਂ ਕਈ ਖੇਤਰਾਂ ਵਿਚ ਨਿੱਜੀ ਖੇਤਰ ਨੂੰ ਉਤਸ਼ਾਹਤ ਕਰਨ ਵਾਸਤੇ ਠੋਸ ਕਦਮ ਵੀ ਚੁੱਕੇ ਗਏ। ਸਰਕਾਰ ਦੁਆਰਾ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਆਦਿ ਦਾ ਵਿਕਾਸ ਕੀਤਾ ਗਿਆ, ਜਿਹੜਾ ਨਿੱਜੀ ਖੇਤਰ ਦੀ ਵਿੱਤੀ ਸਹਾਇਤਾ ਕਰਦਾ ਹੈ। ਇਸ ਤੋਂ ਇਲਾਵਾ ਸਰਕਾਰ ਦੁਆਰਾ ਸੰਰਚਨਾਤਮਕ ਸਹੂਲਤਾਂ, ਕੱਚੇ ਮਾਲ ਦੀ ਪੂਰਤੀ ਦਾ ਪ੍ਰਬੰਧ, ਤਕਨੀਕੀ ਵਿਕਾਸ ਵਿਚ ਸਹਾਇਤਾ ਆਦਿ ਕਈ ਖੇਤਰ ਨਿੱਜੀ ਖੇਤਰ ਦੇ ਵਿਕਾਸ

ਦੇ ਵਿਚ ਮਦਦਗਾਰ ਸਾਬਤ ਹੋ ਰਹੇ ਹਨ। ਭਾਵੇਂ ਸਰਕਾਰ ਦੁਆਰਾ ਨਿੱਜੀ ਖੇਤਰ ਦੇ ਨਿਯੰਤ੍ਰਣ ਅਤੇ ਕੰਟਰੋਲ ਵਾਸਤੇ ਲਾਇਸੈਂਸਿੰਗ ਨੀਤੀ ਅਤੇ ਏਕਾਧਿਕਾਰੀ ਕਾਰਵਾਈਆਂ ਰੋਕਣ ਵਾਸਤੇ ਕਾਨੂੰਨ ਵੀ ਹਨ ਪਰ ਫਿਰ ਵੀ ਸਰਵਜਨਕ ਖੇਤਰ ਦੇ ਨਾਲ ਨਾਲ ਨਿੱਜੀ ਖੇਤਰ ਵੀ ਆਰਥਿਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ। 1948 ਦੀ ਉਦਯੋਗਿਕ ਨੀਤੀ ਵਿਚ ਇਹ ਸਪਸ਼ਟ ਕੀਤਾ ਗਿਆ ਕਿ ਠੀਕ ਨਿਰਦੇਸ਼ਨ ਅਤੇ ਕਾਨੂੰਨ ਅਧੀਨ ਰਹਿੰਦੇ ਹੋਏ ਨਿੱਜੀ ਖੇਤਰ ਕਾਫ਼ੀ ਮਹੱਤਵਪੂਰਨ ਰੋਲ ਅਦਾ ਕਰ ਸਕਦਾ ਹੈ।(Private sector and enterprises, properly directed and regulated, have a significant role to play in the economy).

ਨਿੱਜੀ ਖੇਤਰ ਦੀ ਭੂਮਿਕਾ ਜਾਂ ਯੋਗਦਾਨ ਹੇਠਾਂ ਲਿਖੇ ਅਨੁਸਾਰ ਹੈ :

- ਨਿੱਜੀ ਖੇਤਰ ਅਤੇ ਉਦਯੋਗਿਕ ਵਿਕਾਸ
- ਨਿੱਜੀ ਖੇਤਰ ਅਤੇ ਖੇਤੀਬਾੜੀ/ਜਰਾਇਤੀ ਖੇਤਰ
- ਨਿੱਜੀ ਖੇਤਰ ਅਤੇ ਸੇਵਾਵਾਂ
- ਨਿੱਜੀ ਖੇਤਰ ਅਤੇ ਸੰਰਚਨਾਤਮਕ ਢਾਂਚਾ
- ਨਿੱਜੀ ਖੇਤਰ ਅਤੇ ਟਰੇਡਿੰਗ

ਹੁਣ ਅਸੀਂ ਇਨ੍ਹਾਂ ਸਾਰੇ ਖੇਤਰਾਂ ਬਾਰੇ ਵਿਸਥਾਰ ਸਹਿਤ ਵਰਨਣ ਕਰਾਂਗੇ।

**1.4.1.** ਨਿੱਜੀ ਖੇਤਰ ਦਾ ਉਦਯੋਗਿਕ ਵਿਕਾਸ ਵਿਚ ਯੋਗਦਾਨ : ਨਿੱਜੀ ਖੇਤਰ ਦਾ ਉਦਯੋਗਿਕ ਵਿਕਾਸ ਵਿਚ ਕਈ ਪ੍ਰਕਾਰ ਨਾਲ ਯੋਗਦਾਨ ਹੈ। ਜਿਵੇਂ :

ਉਪਭੋਗੀ ਵਸਤਾਂ ਅਤੇ ਮੱਧਵਰਤੀ ਵਸਤਾਂ (intermediate products) ਦੇ ਉਦਯੋਗ ਇਨ੍ਹਾਂ ਉਦਯੋਗਾਂ ਦੀ ਜ਼ਿੰਮੇਵਾਰੀ ਨਿੱਜੀ ਖੇਤਰ ਦੀ ਹੈ। ਇਨ੍ਹਾਂ ਉਦਯੋਗਾਂ ਵਿਚ ਭਾਰੀ ਉਦਯੋਗਾਂ ਦੇ ਮੁਕਾਬਲੇ ਤੇ ਪੂੰਜੀ ਨਿਵੇਸ਼ ਘੱਟ ਹੁੰਦਾ ਹੈ ਅਤੇ ਉਤਪਾਦਨ ਦਾ ਅੰਤਰੀਵ ਜਾਂ ਗਰਭਕਾਲ (gestation period) ਵੀ ਘੱਟ ਹੁੰਦਾ ਹੈ।

ਛੋਟੇ ਅਤੇ ਘਰੇਲੂ ਉਦਯੋਗ : ਛੋਟੇ ਅਤੇ ਘਰੇਲੂ ਉਦਯੋਗਾਂ ਦੀ ਮਾਲਕੀ ਅਤੇ ਪ੍ਰਬੰਧ ਸਾਰਾ ਹੀ ਨਿੱਜੀ ਖੇਤਰ ਕੋਲ ਹੈ। ਇਨ੍ਹਾਂ ਵਿਚ ਸਥਾਨਕ ਮਜ਼ਦੂਰ ਕੰਮ ਤੇ ਲਗਾਏ ਜਾਂਦੇ ਹਨ। 1994-95 ਦੇ ਅੰਕੜਿਆਂ ਅਨੁਸਾਰ ਨਿੱਜੀ ਖੇਤਰ ਦੇ ਅਧੀਨ ਛੋਟੇ ਅਤੇ ਘਰੇਲੂ ਉਦਯੋਗਾਂ ਦੇ 25.71 ਲੱਖ ਯੂਨਿਟਾਂ ਵਿਚ 146.5 ਲੱਖ ਮਜ਼ਦੂਰਾਂ ਨੂੰ ਰੁਜ਼ਗਾਰ ਪ੍ਰਾਪਤ ਸੀ ਅਤੇ ਇਨ੍ਹਾਂ ਦੁਆਰਾ 2,29,990 ਕਰੋੜ ਰੁਪਏ ਦਾ ਉਤਪਾਦਨ ਹੋ ਰਿਹਾ ਸੀ।

**1.4.2**. ਨਿੱਜੀ ਖੇਤਰ ਦਾ ਖੇਤੀਬਾੜੀ ਦੇ ਖੇਤਰ ਵਿਚ ਯੋਗਦਾਨ : ਨਿੱਜੀ ਖੇਤਰ ਦੀ ਖੇਤੀਬਾੜੀ ਅਤੇ ਇਸ ਨਾਲ ਸੰਬੰਧਤ ਕਿਤਿਆ ਉਪਰ ਪੂਰਨ ਮਾਲਕੀ ਹੈ। ਛੋਟੇ ਅਤੇ ਘਰੇਲੂ ਉਦਯੋਗਾਂ ਦੀ ਤਰ੍ਹਾਂ ਖੇਤੀਬਾੜੀ ਨਾਲ ਸੰਬੰਧਤ ਕਿੱਤੇ ਜਿਵੇਂ ਪਸ਼ੂ-ਪਾਲਣਾ, ਮੁਰਗੀ ਪਾਲਣਾ, ਡੇਅਰੀ ਆਦਿ ਦਾ ਕੰਮ ਸਾਰੇ ਹੀ ਨਿੱਜੀ ਖੇਤਰ ਦੁਆਰਾ ਚਲਾਏ ਜਾ ਰਹੇ ਹਨ। (owned and managed by private sector) ਭਾਵੇਂ ਇਸ ਦੁਆਰਾ ਉਤਪਾਦਿਤ ਵਸਤਾਂ, ਫਸਲਾਂ ਆਦਿ ਦੀ ਕੀਮਤ, ਖਰੀਦ-ਵੇਚ, ਮੰਡੀਆਂ ਆਦਿ ਦਾ ਪ੍ਰਬੰਧ, ਖੇਤੀਬਾੜੀ ਵਿਚ ਵਰਤੇ ਜਾਂਦੇ ਆਦਾਨ-ਖਾਦ, ਬਿਜਲੀ ਆਦਿ ਸਾਰਾ ਕੁੱਝ ਸਰਕਾਰੀ ਜ਼ਿੰਮੇਵਾਰੀ ਅਧੀਨ ਹੈ ਪਰ ਫਿਰ ਵੀ ਇਹ ਖੇਤਰ ਮੁੱਖ ਰੂਪ ਵਿਚ ਨਿੱਜੀ ਖੇਤਰ ਅਧੀਨ ਹੀ ਵਿਕਸਿਤ ਹੋ ਰਿਹਾ ਹੈ।

**1.4.3** ਨਿੱਜੀ ਖੇਤਰ ਦਾ ਸੇਵਾਵਾਂ ਵਿਚ ਯੋਗਦਾਨ : ਸੇਵਾਵਾਂ ਦੇ ਨਾਲ ਸੰਬੰਧਤ ਕਾਰਜ ਜਿਵੇਂ ਸਮੁਦਾਇ ਅਤੇ ਵਿਅਕਤੀਗਤ ਸੇਵਾਵਾਂ (community and personal services) ਪੇਸ਼ਾਵਰ ਸੇਵਾਵਾਂ, ਰਿਪੇਅਰਿੰਗ ਦੇ ਕੰਮ, ਘਰੇਲੂ ਸੇਵਾਵਾਂ, ਮੰਨੋਰੰਜਨ ਆਦਿ ਦੀਆਂ ਸੇਵਾਵਾਂ ਇਨ੍ਹਾਂ ਸਾਰੇ ਖਿਤਿਆਂ ਵਿਚ ਅਜੋਕੇ ਸਮੇਂ ਵਿਚ ਨਿੱਜੀ ਖੇਤਰ ਦੀ ਹੀ ਅਹਿਮ ਭੂਮਿਕਾ ਹੈ। ਨਿੱਜੀਕਰਣ ਤੋਂ ਬਾਅਦ ਪੇਸ਼ਾਵਰ (professional services) ਜ਼ਿਆਦਾ ਕਰਕੇ ਨਿੱਜੀ ਖੇਤਰ ਦੁਆਰਾ ਮੁਹੱਈਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰ

ਦੀ ਅਪਨਿਵੇਸ਼ ਦੀ ਨੀਤੀ ਅਤੇ ਹੋਰ ਸਰਕਾਰੀ ਅਦਾਰਿਆਂ ਵਿਚ ਨਵੇਂ ਰੁਜ਼ਗਾਰ ਨਾ ਦੇਣ ਦੀ ਨੀਤੀ ਕਾਰਨ ਇਹ ਸਾਰੇ ਕਾਰਜ ਹੁਣ ਨਿੱਜੀ ਖੇਤਰ ਦੁਆਰਾ ਨਿਭਾਏ ਜਾ ਰਹੇ ਹਨ।

**1.4.4.** ਨਿੱਜੀ ਖੇਤਰ ਅਤੇ ਟਰੇਡਿੰਗ ਜਾਂ ਵਪਾਰਕ ਗਤੀਵਿਧੀਆਂ : ਟਰੇਡਿੰਗ ਦਾ ਕੰਮ ਭਾਵੇਂ ਥੋਕ ਵਿਚ ਹੋਵੇ ਅਤੇ ਭਾਵੇਂ ਪਰਚੂਨ ਵਿਚ, ਇਹ ਨਿੱਜੀ ਕਾਰੋਬਾਰ ਵਿਚ ਜ਼ਿਆਦਾ ਵਧੀਆਂ ਢੰਗ ਨਾਲ ਕੀਤਾ ਜਾ ਸਕਦਾ ਹੈ। ਸਰਕਾਰ ਦੁਆਰਾ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਅਤੇ ਮਿਕਦਾਰ ਆਦਿ ਨਿਰਧਾਰਿਤ ਕਰ ਦਿੱਤੀ ਜਾਂਦੀ ਹੈ। ਉਸ ਤੋਂ ਬਾਅਦ ਵਸਤਾਂ ਦੇ ਵਿਤਰਣ ਦਾ ਕੰਮ ਨਿੱਜੀ ਅਤੇ ਵਿਅਕਤੀਗਤ ਤੌਰ ਤੇ ਕੀਤਾ ਜਾਂਦਾ ਹੈ। ਅੰਤਰਰਾਸ਼ਟਰੀ ਪੱਧਰ ਤੇ ਵਪਾਰਕ ਗਤੀਵਿਧੀਆਂ ਦਾ ਕੰਮ ਚਲਾਉਣ ਵਾਸਤੇ ਸਟੇਟ ਟਰੇਡਿੰਗ ਕਾਰਪੋਰੇਸ਼ਨ (STC) ਅਤੇ ਮਿਨਰਲ ਅਤੇ ਮੈਟਲ ਟਰੇਡਿੰਗ ਕਾਰਪੋਰੇਸ਼ਨ (MMTC) ਹਨ ਪਰ ਸਮੁੱਚੇ ਰੂਪ ਵਿਚ ਟਰੇਡਿੰਗ ਦਾ ਕੰਮ ਨਿੱਜੀ ਖੇਤਰ ਦੁਆਰਾ ਹੀ ਚਲਾਇਆ ਜਾ ਰਿਹਾ ਹੈ।

**1.4.5.** ਨਿੱਜੀ ਖੇਤਰ ਅਤੇ ਸੰਰਚਨਾਤਮਕ ਢਾਂਚਾ : ਮੁੱਖ ਰੂਪ ਵਿਚ ਸੰਰਚਨਾਤਮਕ ਢਾਂਚੇ ਦੀ ਉਸਾਰੀ ਦਾ ਕੰਮ ਸਰਵਜਨਕ ਖੇਤਰ ਦੁਆਰਾ ਹੀ ਨਿਭਾਇਆ ਜਾਂਦਾ ਹੈ। ਕਿਉਂਕਿ ਇਕ ਤਾਂ ਇਸ ਵਿਚ ਪੂੰਜੀ ਨਿਵੇਸ਼ ਦੀ ਮਾਤਰਾ ਦੀ ਬਹੁਤਾਤ ਹੈ, ਅੰਤਰੀਵਕਾਲ ਜ਼ਿਆਦਾ ਹੈ ਅਤੇ ਪ੍ਰਤੀਸ਼ਤ ਦੀ ਆਸ ਘੱਟ ਹੁੰਦੀ ਹੈ ਪਰ ਫਿਰ ਵੀ ਸਰਵਜਨਕ ਖੇਤਰ ਦੀ ਸਹਾਇਤਾ ਵਾਸਤੇ ਨਿੱਜੀ ਖੇਤਰ ਸੜਕਾਂ, ਟਰਾਂਸਪੋਰਟ ਆਦਿ ਵਿਚ ਨਿਵੇਸ਼ ਕਰਨ ਲੱਗਿਆ ਹੈ। 1991 ਦੀ ਨਵੀਂ ਆਰਥਿਕ ਨੀਤੀ ਅਤੇ ਦੇਸ਼ ਵਿਚ ਵਿਸ਼ਵੀਕਰਣ, ਉਦਾਰੀਕਰਣ ਲਾਗੂ ਹੋ ਜਾਣ ਕਾਰਨ ਹੁਣ ਹਵਾਈ ਜ਼ਹਾਜ, ਦੂਰ ਸੰਚਾਰ, ਟੈਲੀਫੋਨ, ਮੀਡੀਆਂ, ਖੁਲ ਨਿਰਮਾਣ ਅਤੇ ਹੋਰ ਵੱਡੇ ਵੱਡੇ ਭਵਨ-ਨਿਰਮਾਣ ਆਦਿ ਦੇ ਕੰਮਾਂ ਵਿਚ ਵੀ ਨਿੱਜੀ ਖੇਤਰ ਦੁਆਰਾ ਨਿਵੇਸ਼ ਹੋਣ ਲੱਗਿਆ ਹੈ। 2004-05 ਵਿਚ ਤਾਂ ਸਰਕਾਰ ਬਿਜਲੀ ਦੇ ਨਿਰਮਾਣ ਦਾ ਕੰਮ ਵੀ ਸਟੇਟ ਦੇ ਬੋਰਡਾਂ ਪਾਸੋਂ ਖੋਹ ਕੇ ਬਿਜਲੀ ਨਿਰਮਾਣ, ਵਿਤਰਣ ਅਤੇ ਟਰਾਂਸਮਿਸ਼ਨ ਦੇ ਕੰਮ ਨੂੰ ਨਿੱਜੀ ਹੱਥਾਂ ਵਿਚ ਲੈਣ ਬਾਰੇ ਵਿਚਾਰ ਬਣਾ ਲਿਆ ਸੀ ਪਰ ਬੋਰਡ ਵਿਚਲੇ ਮੁਲਾਜ਼ਮਾਂ ਵਲੋਂ ਵਿਰੋਧ ਹੋਣ ਕਾਰਨ ਇਸ ਕੰਮ ਨੂੰ ਵਿਚੇ ਹੀ ਰੋਕ ਦਿੱਤਾ ਗਿਆ।

**1.4.6.** ਨਿੱਜੀ ਖੇਤਰ ਦਾ ਸਮੁੱਚੇ 'ਆਰਥਿਕ ਵਿਕਾਸ ਵਿਚ ਯੋਗਦਾਨ : ਸਮੁੱਚੇ ਆਰਥਿਕ ਵਿਕਾਸ ਵਿਚ ਯੋਗਦਾਨ ਜਾਨਣ ਦੇ ਕਈ ਪਹਿਲੂ ਹਨ ਜਿਵੇਂ :

- ਰਾਸ਼ਟਰੀ ਆਮਦਨ ਵਿਚ ਯੋਗਦਾਨ
- ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨੇ
- ਸ਼ੁੱਧ ਘਰੇਲੂ ਉਤਪਾਦਨ ਵਿਚ ਹਿੱਸਾ

ਰਾਸ਼ਟਰੀ ਆਮਦਨ ਵਿਚ ਯੋਗਦਾਨ ਦੋ ਪ੍ਰਕਾਰ ਨਾਲ ਹੈ ਇਕ ਬੱਚਤਾਂ ਵਿਚ ਵਾਧਾ ਅਤੇ ਦੂਸਰਾ ਪੂੰਜੀ ਨਿਰਮਾਣ ਵਿਚ ਸਹੂਲਤਾਂ। ਇਸ ਬਾਰੇ ਅਸੀਂ ਪਿਛਲੇ ਪਾਠ ਵਿਚ ਚਰਚਾ ਕਰ ਆਏ ਹਾਂ। ਤਾਲਿਕਾ-4 ਵਿਚ 1950-51 ਤੋਂ 1999-2000 ਤੱਕ ਦੇ ਅੰਕੜੇ ਦੱਸਦੇ ਹਨ ਕਿ ਨਿੱਜੀਖੇਤਰ ਦਾ ਸਰਵਜਨਕ ਖੇਤਰ ਦੇ ਮੁਕਾਬਲੇ ਤੇ ਘਰੇਲੂ ਉਤਪਾਦ ਵਿਚ ਕਿੰਨਾਂ ਹਿੱਸਾ ਹੈ। (Share of private sector in G.D.P.) ਇਵੇਂ ਹੀ ਕੁਲ ਘਰੇਲੂ ਪੂੰਜੀ ਨਿਰਮਾਣ ਵਿਚ ਨਿੱਜੀ ਖੇਤਰ ਦਾ ਯੋਗਦਾਨ ਸਰਵਜਨਕ ਖੇਤਰ ਦੇ ਮੁਕਾਬਲੇ ਬਹੁਤ ਹੀ ਜ਼ਿਆਦਾ ਹੈ। ਇਸ ਨੂੰ ਤਾਲਿਕਾ ਨੰਬਰ 2 ਵਿਚ ਵਿਸਥਾਰ ਸਹਿਤ ਸਪਸ਼ਟ ਕੀਤਾ ਗਿਆ ਹੈ।

ਨਿੱਜੀ ਖੇਤਰ ਦੁਆਰਾ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਸੰਬੰਧੀ ਜਾਣਕਾਰੀ ਵੀ ਪਿਛਲੇ ਪਾਠ (5 ੳ) ਦੀ ਤਾਲਿਕਾ-3 ਵਿਚ ਪਹਿਲਾਂ ਹੀ ਦੇ ਦਿੱਤੀ ਗਈ ਹੈ।

ਨਿੱਜੀ ਖੇਤਰ ਦਾ ਜ਼ਿਆਦਾ ਹਿੱਸਾ ਖੇਤੀਬਾੜੀ, ਜੰਗਲਾਤ, ਮੱਛੀ-ਪਾਲਣ, ਛੋਟੇ ਅਤੇ ਘਰੇਲੂ ਉਦਯੋਗ, ਵਪਾਰਕ ਗਤੀਵਿਧੀਆਂ, ਭਵਨ ਨਿਰਮਾਣ ਅਤੇ ਆਵਾਜਾਈ ਵਿਚ ਹੈ।

ਜਦੋਂ ਸਮੁੱਚੀ ਅਰਥ ਵਿਵਸਥਾ ਨੂੰ 9 ਮੁੱਖ ਭਾਗਾਂ ਵਿਚ ਵੰਡ ਕੇ ਦੇਖਦੇ ਹਾਂ ਤਾਂ ਪਹਿਲੀ

ਸ੍ਰੇਣੀ agriculture, forestry and fishing ਵਿਚ ਨਿੱਜੀ ਖੇਤਰ ਦਾ ਸਭ ਤੋਂ ਜ਼ਿਆਦਾ ਹਿੱਸਾ ਹੈ। Mining and quarrying, electricity, gas and water, community, social and personal services, transport, storage and communication ਵਿਚ ਸਰਵਜਨਕ ਖੇਤਰ ਦਾ ਹਿੱਸਾ ਨਿੱਜੀ ਖੇਤਰ ਤੋਂ ਵੱਧ ਹੈ ਪਰ ਬਾਕੀ ਦੇ ਖਿਤਿਆਂ ਵਿਚ ਜਿਵੇਂ ਮੈਨੂੰਫੈਕਚਰਿੰਗ ਭਵਨ ਨਿਰਮਾਣ, ਵਪਾਰਕ ਗਤੀਵਿਧੀਆਂ ਅਤੇ ਫਾਈਨਾਂਸ, ਇਸ਼ੋਰੈਂਸ, ਰੀਅਲ ਐਸਟੇਟ ਅਤੇ ਕਾਰੋਬਾਰ ਨਾਲ ਸੰਬੰਧਿਤ ਸੇਵਾਵਾਂ ਵਿਚ ਨਿੱਜੀ ਖੇਤਰ ਮੁਹਰੀ ਭੂਮਿਕਾ ਨਿਭਾ ਰਿਹਾ ਹੈ।

**ਤਾਲਿਕਾ – 2**

**ਸਰਵਜਨਕ ਅਤੇ ਨਿੱਜੀ ਖੇਤਰ ਦਾ ਕੁਲ ਘਰੇਲੂ ਬਚਤਾਂ ਅਤੇ ਪੂੰਜੀ ਨਿਰਮਾਣ ਵਿਚ ਹਿੱਸਾ**

(Share of Public and Private Sector in Gross Domestic Savings and Gross Domestic Capital Formation)

| ਯੋਜਨਾ ਕਾਲ ਦੌਰਾਨ ਔਸਤ | | | ਕੁਲ ਘਰੇਲੂ ਉਤਪਾਦਨ ਦਾ ਪ੍ਰਤੀਸ਼ਤ (ਮੰਡੀ ਕੀਮਤਾਂ ਉੱਪਰ) | | |
|---|---|---|---|---|---|
| | | | ਸਰਵਜਨਕ ਖੇਤਰ | ਨਿਜੀ ਖੇਤਰ | ਕੁੱਲ |
| (ੳ) | ਕੁਲ ਘਰੇਲੂ ਬਚਤਾਂ | | | | |
| | ਪਹਿਲੀ ਪੰਜ ਸਾਲਾ ਯੋਜਨਾ | 1951–56 | 1.7 | 8.7 | 10.4 |
| | ਦੂਜੀ ਪੰਜ ਸਾਲਾ ਯੋਜਨਾ | 1956–61 | 2.0 | 10.4 | 12.4 |
| | ਤੀਜੀ ਪੰਜ ਸਾਲਾ ਯੋਜਨਾ | 1961–66 | 3.4 | 10.9 | 14.3 |
| | ਚੌਥੀ ਪੰਜ ਸਾਲਾ ਯੋਜਨਾ | 1969–74 | 3.0 | 14.4 | 17.4 |
| | ਪੰਜਵੀਂ ਪੰਜ ਸਾਲਾ ਯੋਜਨਾ | 1974–79 | 4.6 | 17.0 | 21.6 |
| | ਛੇਵੀਂ ਪੰਜ ਸਾਲਾ ਯੋਜਨਾ | 1980–85 | 3.6 | 16.5 | 20.1 |
| | ਸੱਤਵੀਂ ਪੰਜ ਸਾਲਾ ਯੋਜਨਾ | 1985–90 | 2.3 | 18.1 | 20.4 |
| | ਅੱਠਵੀਂ ਪੰਜ ਸਾਲਾ ਯੋਜਨਾ | 1992–97 | 1.4 | 21.9 | 23.3 |
| | | 2001–02 | –2.5 | 26.5 | 24 |
| | | 2009–10 | 2.1 | 31.6 | 33.7 |
| | | 2011–12 | 1.3 | 29.5 | 30.8 |
| (ਅ) | ਕੁਲ ਘਰੇਲੂ ਪੂੰਜੀ ਨਿਰਮਾਣ | | | | |
| | ਪਹਿਲੀ ਪੰਜ ਸਾਲਾ ਯੋਜਨਾ | 1951–56 | 3.5 | 7.2 | 10.7 |
| | ਦੂਜੀ ਪੰਜ ਸਾਲਾ ਯੋਜਨਾ | 1956–61 | 6.6 | 8.8 | 15.4 |
| | ਤੀਜੀ ਪੰਜ ਸਾਲਾ ਯੋਜਨਾ | 1961–66 | 8.4 | 8.3 | 16.7 |
| | ਚੌਥੀ ਪੰਜ ਸਾਲਾ ਯੋਜਨਾ | 1969–74 | 7.2 | 10.9 | 18.1 |
| | ਪੰਜਵੀਂ ਪੰਜ ਸਾਲਾ ਯੋਜਨਾ | 1974–79 | 9.5 | 11.7 | 21.2 |
| | ਛੇਵੀਂ ਪੰਜ ਸਾਲਾ ਯੋਜਨਾ | 1980–85 | 11.1 | 10.5 | 21.6 |
| | ਸੱਤਵੀਂ ਪੰਜ ਸਾਲਾ ਯੋਜਨਾ | 1985–90 | 10.7 | 12.1 | 22.8 |
| | ਅੱਠਵੀਂ ਪੰਜ ਸਾਲਾ ਯੋਜਨਾ | 1992–97 | 9.2 | 15.4 | 24.6 |
| | | 1997–98 | 1.1 | 24.1 | 25.2 |
| | (Base yr.1999-2000) | 2001–02 | 6.9 | 16.3 | 22.9 |
| | | 2011–12 | 7.9 | 24.9 | 35.4 |

ਸਰੋਤ : ਉੱਪਰ ਵਾਲਾ ਹੀ। (ibid)

ਨੋਟ : (ਇਸ ਪਾਠ ਵਿਚ ਸ਼ਾਮਲ ਕੀਤੀਆਂ ਸਾਰੀਆਂ ਤਾਲਿਕਾਵਾਂ Datt & Sundharam Indian Economy ਦੇ ਵੱਖ-ਵੱਖ ਐਡੀਸ਼ਨਜ਼ ਵਿਚੋਂ ਧੰਨਵਾਦ ਸਹਿਤ ਲਈਆਂ ਗਈਆਂ ਹਨ।)

**ਸਵੈ ਅਭਿਆਸ ਲਈ ਪ੍ਰਸ਼ਨ**

(ੳ) ਨਿੱਜੀ ਖੇਤਰ ਦਾ ਉਦਯੋਗਿਕ ਵਿਕਾਸ ਵਿਚ ਕੀ ਯੋਗਦਾਨ ਹੈ?

(ਅ) ਸੰਰਚਨਾਤਮਕ ਢਾਂਚੇ ਦੀ ਉਸਾਰੀ ਦਾ ਕੰਮ ਮੁੱਖ ਰੂਪ ਵਿਚ ਸਰਵਜਨਕ ਖੇਤਰ ਦੁਆਰਾ ਨਿਭਾਇਆ ਜਾਂਦਾ ਹੈ ਪਰ ਹੁਣ 1991 ਤੋਂ ਬਾਅਦ ਇਸ ਖੇਤਰ ਵਿਚ ਨਿੱਜੀ ਖੇਤਰ ਦਾ ਹਿੱਸਾ ਵੀ ਵੱਧ ਰਿਹਾ ਹੈ। ਇਸ ਦੇ ਕਾਰਨ ਸਪਸ਼ਟ ਕਰੋ।

**1.5. ਨਿੱਜੀ ਖੇਤਰ ਦੀਆਂ ਔਕੜਾਂ ਜਾਂ ਸੀਮਾਵਾਂ :** ਸਰਵਜਨਕ ਖੇਤਰ ਦੀ ਤਰ੍ਹਾਂ ਨਿੱਜੀ ਖੇਤਰ ਦੀ ਵੀ ਅਰਥ ਵਿਵਸਥਾ ਦੇ ਆਰਥਿਕ ਵਿਕਾਸ ਵਿਚ ਅਹਿਮ ਭੂਮਿਕਾ ਹੈ ਪਰੰਤੂ ਇਸ ਦੀਆਂ ਵੀ ਕੁਝ ਔਕੜਾਂ, ਮੁਸ਼ਕਲਾਂ ਹਨ ਜਿਹੜੀਆਂ ਸੀਮਾਵਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਨਿੱਜੀ ਖੇਤਰ ਦਾ ਆਧਾਰ ਅਧਿਕਤਮ ਲਾਭ ਕਮਾਉਣਾ ਹੈ। ਇਸ ਵਾਸਤੇ ਨਿੱਜੀ ਖੇਤਰ ਵਲੋਂ ਕਈ ਪ੍ਰਕਾਰ ਦੇ ਜਾਇਜ਼ ਅਤੇ ਨਜਾਇਜ਼ ਤਰੀਕਿਆਂ ਦੀ ਵਰਤੋਂ ਹੁੰਦੀ ਹੈ। ਇਹੀ ਆਧਾਰ ਜਾਂ ਮੰਤਵ ਨਿੱਜੀ ਖੇਤਰ ਦੇ ਵਿਕਾਸ ਵਿਚ ਰੁਕਾਵਟ ਬਣਦਾ ਹੈ। ਨਿੱਜੀ ਖੇਤਰ ਦੀਆਂ ਹੇਠਾਂ ਲਿਖੀਆਂ ਕੁਝ ਮਹੱਤਵਪੂਰਨ ਸੀਮਾਵਾਂ ਹਨ ਜੋ ਇਸ ਦੀਆਂ ਕਮਜ਼ੋਰੀਆਂ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਹਨ :

- ਉਪਭੋਗੀ ਵਸਤਾਂ ਅਤੇ ਮੱਧ ਵਰਤੀ ਵਸਤਾਂ ਦੇ ਉਦਯੋਗਾਂ ਵਿਚ ਨਿਵੇਸ਼ ਜਿਨ੍ਹਾਂ ਨੂੰ ਮੁਕਾਬਲਤਨ ਘੱਟ ਮਹੱਤਵ ਵਾਲੇ ਉਦਯੋਗ ਸਮਝਿਆ ਜਾਂਦਾ ਹੈ।
- ਇਜ਼ਾਰੇਦਾਰੀਆਂ ਦੀ ਹੋਂਦ ਅਤੇ ਸਿੱਟੇ ਵਜੋਂ ਆਰਥਿਕ ਸ਼ਕਤੀ ਦਾ ਕੇਂਦਰੀਕਰਣ ਹੋ ਜਾਣਾ।
- ਉਦਯੋਗਿਕ ਝਗੜੇ-ਹੜਤਾਲਾਂ ਅਤੇ ਤਾਲਾਬੰਦੀ।
- ਉਦਯੋਗਿਕ ਬਿਮਾਰੀਆਂ ਅਤੇ ਕੁਝ ਉਦਯੋਗਾਂ ਨੂੰ ਜਾਣ-ਬੁਝ ਕੇ ਘਾਟੇ ਵਿਚ ਜਾਂਦੇ ਹੋਏ ਦਿਖਾ ਕੇ ਉਨ੍ਹਾਂ ਨੂੰ ਬਿਮਾਰ ਯੂਨਿਟ ਘੋਸ਼ਿਤ ਕਰਨਾ।
- ਕਾਲੇ ਧਨ (Black Money) ਦੀ ਬਹੁਤਾਤ ਹੋ ਜਾਣ ਕਾਰਨ ਮੂਲ ਅਰਥ ਵਿਵਸਥਾ ਦੇ ਸਮਾਨੰਤਰ ਦੂਜੀ ਅਰਥ ਵਿਵਸਥਾ ਦਾ ਚਲਣਾ (Parallel Economy)

ਇਨ੍ਹਾਂ ਉਪਰ ਦੱਸੇ ਕਾਰਨਾ ਕਰਕੇ ਨਿੱਜੀ ਖੇਤਰ ਦਾ ਕਈ ਜੱਥੇਬੰਦੀਆਂ ਅਤੇ ਖੱਬੇ ਪੱਖੀ ਵਿਚਾਰਧਾਰਾ ਵਲੋਂ ਵਿਰੋਧ ਵੀ ਹੁੰਦਾ ਹੈ।

ਪਰੰਤੂ ਇਸ ਤੋਂ ਇਹ ਭਾਵ ਨਹੀਂ ਕਿ ਇਨ੍ਹਾਂ ਸੀਮਾਵਾਂ ਕਾਰਨ ਨਿੱਜੀ ਖੇਤਰ ਨੂੰ ਬਿਲਕੁਲ ਬੰਦ

ਕਰ ਦਿੱਤਾ ਜਾਵੇ। ਸਗੋਂ 1991 ਦੀ ਉਦਯੋਗਿਕ ਨੀਤੀ ਵਿਚ ਡੀ-ਰੈਗੂਲੇਸ਼ਨ ਅਤੇ ਡੀ-ਕੰਟਰੋਲ ਦੀ ਨੀਤੀ ਅਪਣਾਉਂਦੇ ਹੋਏ ਸਰਕਾਰ ਨੇ ਨਿੱਜੀ ਖੇਤਰ ਪ੍ਰਤੀ ਉਦਾਰੀਕਰਣ ਦਾ ਰਵੱਈਆਂ ਅਖਤਿਆਰ ਕੀਤਾ ਹੈ। ਸਰਵਜਨਕ ਖੇਤਰ ਦੇ ਅਧਿਕਾਰ ਖੇਤਰ ਨੂੰ ਹੋਰ ਸੁੰਗੇੜ ਕੇ ਨਿੱਜੀ ਖੇਤਰ ਨੂੰ ਵਿਸਤਰਿਤ ਕੀਤਾ ਹੈ। ਇਵੇਂ ਹੀ ਵਿਦੇਸ਼ੀ ਨਿਵੇਸ਼ ਅਤੇ ਤਕਨੀਕ ਦੇ ਖੁਲ੍ਹੇ ਆਮ ਉਦਯੋਗਾਂ ਵਿਚ ਨਿਵੇਸ਼ ਨੇ ਨਿੱਜੀ ਖੇਤਰ ਨੂੰ ਹੋਰ ਪ੍ਰਫੁਲਤ ਹੋਣ ਦਾ ਮੌਕਾ ਦਿੱਤਾ ਹੈ। ਇਸ ਤੋਂ ਇਲਾਵਾ MRTP Act ਦੀਆਂ ਸਾਰੀਆਂ ਵੱਡੀਆਂ ਕੰਪਨੀਆਂ ਦੇ ਸਾਧਨਾਂ ਦੀ ਸੀਮਾ ਉਪਰ ਲੱਗੀਆਂ ਸ਼ਰਤਾ ਹਟਾ ਦਿੱਤੀਆਂ ਹਨ। ਇਸ ਨਾਲ ਵੱਡੇ ਉਦਯੋਗਿਕ ਘਰਾਣਿਆਂ ਉਪਰ ਪੂੰਜੀ ਨਿਵੇਸ਼ ਜਾਂ ਸਾਧਨਾਂ ਦੀ ਕੋਈ ਸੀਮਾਂ ਨਹੀਂ ਰਹਿ ਗਈ।

ਪੰਜ ਸਾਲ ਯੋਜਨਾਵਾਂ ਵਿਚ ਕੁਲ ਨਿਵੇਸ਼ ਵਿਚ ਸਰਵਜਨਕ ਖੇਤਰ ਦਾ ਹਿੱਸਾ ਪਹਿਲੀਆਂ ਦੋ ਯੋਜਨਾਵਾਂ ਨੂੰ ਛੱਡ ਕੇ ਜ਼ਿਆਦਾ ਹੀ ਰਿਹਾ ਹੈ। ਪਰੰਤੂ ਛੇਵੀਂ ਪੰਜ ਸਾਲਾ ਯੋਜਨਾ ਤੋਂ ਬਾਅਦ ਨਿੱਜੀ ਖੇਤਰ ਦੇ ਨਿਵੇਸ਼ ਵਿਚ ਵੀ ਵਾਧਾ ਹੋਣਾ ਸ਼ੁਰੂ ਹੋ ਗਿਆ। ਸਤਵੀਂ ਪੰਜ ਸਾਲਾ ਯੋਜਨਾ (1985–90) ਦੌਰਾਨ ਕੁਲ ਖਰਚ ਦਾ 48.3 ਪ੍ਰਤੀਸ਼ਤ ਹਿੱਸਾ ਨਿੱਜੀ ਖੇਤਰ ਦਾ ਸੀ, ਜਿਹੜਾ ਅਠਵੀਂ ਯੋਜਨਾ (1992–97) ਦੌਰਾਨ ਵੱਧ ਕੇ 50.2 ਪ੍ਰਤੀਸ਼ਤ ਅਤੇ ਨੌਵੀਂ ਪੰਜ ਸਾਲਾ ਯੋਜਨਾ (1997–2002) ਦੌਰਾਨ 51.6 ਪ੍ਰਤੀਸ਼ਤ ਹੋ ਗਿਆ। ਦਸਵੀਂ ਪੰਜ ਸਾਲਾ ਯੋਜਨਾ (2002–2007) ਦੌਰਾਨ ਇਸੇ ਰੁਝਾਨ ਦੀ ਲੜੀ ਵਿਚ ਹੀ ਅਨੁਮਾਨ ਹੈ ਕਿ ਸਰਵਜਨਕ ਖੇਤਰ ਦਾ ਨਿਵੇਸ਼ ਵਿਚ ਹਿੱਸਾ 43 ਤੋਂ 45 ਪ੍ਰਤੀਸ਼ਤ ਹੀ ਰਹਿ ਜਾਵੇਗਾ, ਜਦੋਂ ਕਿ ਨਿੱਜੀ ਖੇਤਰ ਦਾ ਹਿੱਸਾ ਵੱਧ ਕੇ 55 ਤੋਂ 57 ਪ੍ਰਤੀਸ਼ਤ ਹੋ ਜਾਵੇਗਾ।

**1.6. ਸਾਰੰਸ਼ (Summary) :** ਪਾਠ ਦੇ ਇਸ ਭਾਗ ਵਿਚ ਨਿੱਜੀ ਖੇਤਰ ਦੇ ਵਿਕਾਸ ਅਤੇ ਵਾਧੇ ਬਾਰੇ ਚਰਚਾ ਕੀਤੀ ਗਈ ਸੀ। ਨਿੱਜੀ ਖੇਤਰ ਤੋਂ ਭਾਵ ਹੈ ਜਦੋਂ ਸਾਧਨਾਂ ਦੀ ਮਾਲਕੀ ਨਿੱਜੀ ਹੱਥਾਂ ਵਿਚ ਹੋਵੇ; ਅਤੇ ਉਤਪਾਦਨ ਦਾ ਮੁਖ ਮੰਤਵ ਲਾਭ ਕਮਾਉਣਾ ਹੋਵੇ। ਇਹ ਆਮ ਤੌਰ ਤੇ ਪੂੰਜੀਵਾਦੀ ਅਰਥ ਵਿਵਸਥਾ ਵਿਚ ਹੁੰਦਾ ਹੈ। ਜਿੱਥੇ ਇਕ ਜਮਾਤ (ਮਜ਼ਦੂਰ) ਦੂਜੀ ਜਮਾਤ (ਪੂੰਜੀਪਤੀ ਜਾ ਮਾਲਕ) ਦੁਆਰਾ ਲੁੱਟ-ਖਸੁੱਟ ਹੁੰਦੀ ਹੈ।

ਨਿੱਜੀ ਕਾਰਪੋਰੇਟ ਖੇਤਰ ਦਾ ਵਿਕਾਸ ਦਾ ਮੁੱਖ ਮੰਤਵ, ਮਿਸ਼ਰਤ ਅਰਥ ਵਿਵਸਥਾ ਵਿਚ ਦੋਵੇਂ ਸਰਵਜਨਕ ਅਤੇ ਨਿੱਜੀ ਖੇਤਰ ਪਾਸੋਂ ਆਰਥਿਕ ਵਿਕਾਸ ਵਿਚ ਸਹਿਯੋਗ ਲੈਣਾ ਸੀ। ਕੁਝ ਮਹੱਤਵਪੂਰਨ ਅਤੇ ਪੂੰਜੀ ਗਹਿਣ (Capital intensive) ਉਦਯੋਗ ਜਿੰਨ੍ਹਾਂ ਵਿਚ ਨਿੱਜੀ ਖੇਤਰ ਨਿਵੇਸ਼ ਕਰਨ ਤੋਂ ਗੁਰੇਜ਼ ਕਰਦਾ ਹੈ। ਉਨ੍ਹਾਂ ਖੇਤਰਾਂ ਦੀ ਜ਼ਿੰਮੇਵਾਰੀ ਸਰਵਜਨਕ ਖੇਤਰ ਨੂੰ ਸੌਂਪ ਕੇ ਬਾਕੀ ਉਪਭੋਗੀ ਵਸਤਾਂ ਅਤੇ ਮੱਧ ਵਰਤੀ ਵਸਤਾਂ ਦੇ ਉਦਯੋਗਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਨਿੱਜੀ ਖੇਤਰ ਨੂੰ ਸੌਂਪੀ ਜਾਵੇਗੀ।

ਉਦਯੋਗਿਕ ਨੀਤੀ ਵਿਚ ਖੇਤਰਾਂ ਦੀ ਸ਼੍ਰੇਣੀ ਵੰਡ ਕੀਤੀ ਗਈ ਅਤੇ ਨਾਲ ਹੀ ਪੰਜ ਸਾਲਾਂ ਯੋਜਨਾਵਾਂ ਵਿਚ ਕੁਝ ਨਿਵੇਸ਼ ਵਿਚ ਨਿੱਜੀ ਖੇਤਰ ਦੇ ਹਿੱਸੇ ਨੂੰ ਵੀ ਰੱਖਿਆ ਗਿਆ। ਸਮੇਂ ਦੇ ਬੀਤਣ ਨਾਲ ਨਿੱਜੀ ਖੇਤਰ ਦਾ ਵੀ ਸਰਵਜਨਕ ਖੇਤਰ ਵਾਂਗ ਵਿਕਾਸ ਹੋਇਆ, ਕੰਪਨੀਆਂ ਦੀ ਗਿਣਤੀ ਅਤੇ ਉਨ੍ਹਾਂ ਦੀ ਚੁਕਤਾ ਪੂੰਜੀ ਵਿਚ ਵਾਧਾ ਹੋਇਆ। ਉਦਯੋਗਿਕ ਖੇਤੀਬਾੜੀ, ਸੇਵਾਵਾਂ, ਵਪਾਰਕ ਗਤੀਵਿਧੀਆਂ ਆਦਿ ਵਿਚ ਨਿੱਜੀ ਖੇਤਰ ਦੀ ਅਹਿਮ ਭੂਮਿਕਾ ਹੈ ਪਰ 1991 ਤੋਂ ਬਾਅਦ ਦੀ ਉਦਯੋਗਿਕ ਨੀਤੀ ਅਤੇ ਨਵੀਂ ਆਰਥਿਕ ਨੀਤੀ ਲਾਗੂ ਹੋ ਜਾਣ ਤੋਂ ਬਾਅਦ ਭਾਰਤੀ ਅਰਥ ਵਿਵਸਥਾ ਵਿਚ ਉਦਾਰੀਕਰਣ ਅਤੇ ਨਿੱਜੀਕਰਣ ਦੀ ਨੀਤੀ ਅਪਣਾਈ ਗਈ। ਇਸ ਉਦਾਰੀਕਰਣ ਦੀ ਨੀਤੀ ਤਹਿਤ ਨਿੱਜੀ ਖੇਤਰ ਦੇ ਕੰਮ-ਕਾਜ ਨੂੰ ਨਿਯੰਤ੍ਰਿਤ ਕਰਨ ਵਾਸਤੇ ਬਣਾਏ ਕਾਨੂੰਨ ਅਤੇ ਪੂੰਜੀ ਸਾਧਨਾਂ ਉਪਰ ਲਗੀਆਂ ਰੋਕਾਂ ਆਦਿ ਵਿਚ ਪਹਿਲਾਂ ਢਿਲ ਦਿੱਤੀ ਗਈ ਅਤੇ ਬਾਅਦ ਵਿਚ ਇਨ੍ਹਾਂ ਨੂੰ ਪੂਰਨ ਰੂਪ ਵਿਚ ਸੁਤੰਤਰ ਕਰ ਦਿੱਤਾ। ਇਸ ਕਾਰਨ ਕੌਮੀ ਸੁਰੱਖਿਆ ਪਖੋਂ ਅਹਿਮ ਅਤੇ ਮਹੱਤਵਪੂਰਨ ਉਦਯੋਗਾਂ ਵਿਚ ਵੀ ਨਿੱਜੀ ਨਿਵੇਸ਼ ਹੋਣ

ਲੱਗਾ ਹੈ। ਇਥੋਂ ਤੱਕ ਕਿ ਸਮਾਜਿਕ ਪੱਖ ਤੋਂ ਅਹਿਮ ਮੁੱਢਲੇ ਖੇਤਰ – ਸਿਹਤ ਸੇਵਾਵਾਂ, ਸਿੱਖਿਆ, ਬਿਜਲੀ, ਪਾਣੀ ਆਦਿ ਵਿਚ ਵੀ ਨਿੱਜੀ ਖੇਤਰ ਦਾ ਹੀ ਬੋਲ-ਬਾਲਾ ਹੋ ਰਿਹਾ ਹੈ। ਇਹ ਸਾਰਾ ਕੁਝ ਪੰਜ ਸਾਲਾ ਯੋਜਨਾਵਾਂ ਦੇ ਮੁੱਢਲੇ ਉਦੇਸ਼ਾਂ ਤੋਂ ਭਾਰਤੀ ਅਰਥ ਵਿਵਸਥਾ ਨੂੰ ਦੂਰ ਲਿਜਾ ਰਿਹਾ ਹੈ। ਕਿਉਂਕਿ ਸਮਾਜਿਕ ਮੁਦਿਆਂ ਵਿਚ ਸਮਾਜਿਕ ਭਲਾਈ ਦਾ ਅਧਿਕਤਮ ਹੋਣਾ ਮੱਖ ਮੰਤਵ ਹੁੰਦਾ ਹੈ। ਜਦੋਂ ਕਿ ਨਿੱਜੀ ਨਿਵੇਸ਼ ਦਾ ਮੁੱਖ ਮੰਤਵ ਲਾਭ ਕਮਾਉਣਾ ਹੈ। ਇਸ ਲਈ ਜੇਕਰ ਮਿਸ਼ਰਤ ਅਰਥ ਵਿਵਸਥਾ ਵਿਚ ਰਹਿੰਦੇ ਹੋਏ ਭਾਰਤੀ ਅਰਥ ਵਿਵਸਥਾ ਨੂੰ ਠੀਕ ਸੇਧ ਉਪਰ ਚਲਾਉਣਾ ਹੈ, ਵਿਕਾਸ ਦੀ ਦਰ ਵਿਚ ਵਾਧਾ ਕਰਦੇ ਹੋਏ ਸਮਾਜਿਕ ਭਲਾਈ ਦੇ ਮੰਤਵ ਨੂੰ ਵੀ ਨਾਲੋ-ਨਾਲ ਚਲਾਉਣਾ ਹੈ, ਤਾਂ ਜੋ ਨਿੱਜੀ ਖੇਤਰ ਨੂੰ ਵੀ ਨਿਯੰਤ੍ਰਿਤ ਕਰਨਾ ਪਵੇਗਾ। ਪੂਰਨ ਆਜ਼ਾਦੀ ਤੋਂ ਭਾਵ 'ਪੂਰਨ ਤਾਨਾਸ਼ਾਹੀ' ਨਹੀਂ ਹੋਣਾ ਚਾਹੀਦਾ। (Complete freedom does not mean complete anarchy) ਕੰਮ ਕਾਜ ਦੀ ਰਫਤਾਰ ਵਿਚ ਸੇਧ ਦੇਣ ਵਾਸਤੇ ਕੀਤੇ ਨਾ ਕੀਤੇ ਲਗਾਉਣਾ ਹੀ ਪਵੇਗਾ।

**ਪਾਠ ਨੰਬਰ 13 (ੳ) ਅਤੇ 13 (ਅ)**

## 1.7. ਪੜ੍ਹਨ ਯੋਗ ਪੁਸਤਕਾਂ :

| | | | |
|---|---|---|---|
| 1. | Gaurav Datt & Ashwani Mahajan | : | Datt & Sundharam Indian Economy |
| 2. | Jagdish Prakash, Rao Nageshwar & Mata Badal Shukla | : | Administration of Public Enterprises |
| 3. | Government of India | : | Various Issues of Economic Survey |

## 1.8. ਅਭਿਆਸ ਲਈ ਪ੍ਰਸ਼ਨ

### 1.8.1. ਛੋਟੇ ਉੱਤਰ ਵਾਲੇ ਪ੍ਰਸ਼ਨ

1. 'ਸਰਵਜਨਕ ਖੇਤਰ' ਅਤੇ 'ਨਿੱਜੀ ਖੇਤਰ' ਤੋਂ ਕੀ ਭਾਵ ਹੈ?
2. ਸਰਵਜਨਕ ਖੇਤਰ ਦੇ ਉਦੇਸ਼ਾਂ ਬਾਰੇ ਤੁਸੀਂ ਕੀ ਜਾਣਦੇ ਹੋ?
3. ਸਰਵਜਨਕ ਖੇਤਰ ਦੇ ਕੇਂਦਰੀ ਉਦਯੋਗਾਂ ਵਿਚ ਨਿਵੇਸ਼ ਦਾ ਕੀ ਰੁਝਾਨ ਹੈ?
4. ਨਿੱਜੀ ਖੇਤਰ ਵਿਚ 'ਪੂੰਜੀ ਨਿਰਮਾਣ' ਦਾ ਯੋਜਨਾਕਾਲ ਦੌਰਾਨ ਕਿੰਨਾ ਹਿੱਸਾ ਰਿਹਾ ਹੈ?
5. ਨਿੱਜੀ ਖੇਤਰ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

### 1.8.2. ਵੱਡੇ ਉਤਰਾਂ ਵਾਲੇ ਪ੍ਰਸ਼ਨ

1. ਸਰਵਜਨਕ ਖੇਤਰ ਦੇ ਆਰਥਿਕ ਵਿਕਾਸ ਵਿਚ ਯੋਗਦਾਨ ਬਾਰੇ ਵਿਸਥਾਰ ਸਹਿਤ ਵਰਨਣ ਕਰੋ।
2. ਸਰਵਜਨਕ ਖੇਤਰ ਦੀ ਭੂਮਿਕਾ ਵਿਚ ਆਈ ਤਬਦੀਲੀ ਦੇ ਕਾਰਨਾਂ ਅਤੇ ਪ੍ਰਭਾਵ ਬਾਰੇ ਤੁਸੀਂ ਕੀ ਜਾਣਦੇ ਹੋ?

ਨੋਟ : 1. ਇਹ ਪਾਠ **D.E.C.** ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।
2. ਇਹ ਪਾਠ **SIM** ਵਿਚ ਲਿਖਿਆ ਗਿਆ ਹੈ।

Type Setting by : Distance Education,Punjabi University Patiala(21)